ਮਨੁੱਖੀ ਬਰਾਬਰਤਾ ਵਾਸਤੇ ਮੁੜ

# ਕੂਕਾ ਲਹਿਰ ਦਾ ਸੰਘਰਸ਼

## (1849 ਤੋਂ 1942 ਤੱਕ)




## ਗੁਰਦਾਸ ਸਿੰਘ 'ਘਾਰੂ'

Sri Satguru Jagjit Singh Ji Elibrary NamdhariElibrary@gmail.com



# *Sri Satguru Jagjit Singh Ji E-library*

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

## To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

# ਮਨੁੱਖੀ ਬਰਾਬਰਤਾ ਵਾਸਤੇ
# ਮੁੜ
# ਕੂਕਾ ਲਹਿਰ ਦਾ ਆਜ਼ਾਦੀ ਸੰਘਰਸ਼

## 1849 ਈ: ਤੋਂ ਲੈ ਕੇ 1942 ਈ: ਤੱਕ

ਲੇਖਕ
ਗੁਰਦਾਸ ਸਿੰਘ 'ਘਾਰੂ'

ਕ੍ਰਾਂਤੀਕਾਰੀ ਸਾਹਿਤ ਸਭਾ ਦੇ ਸਹਿਯੋਗ ਨਾਲ ਪ੍ਰਕਾਸ਼ਤ

Sri Satguru Jagjit Singh Ji Elibrary NamdhariElibrary@gmail.com

ਸਭ ਹੱਕ ਲੇਖਕ ਦੇ ਰਾਖਵੇਂ ਹਨ ।

ਪਹਿਲੀ ਵਾਰ : 1994

ਪ੍ਰਕਾਸ਼ਕ : ਦਰਸ਼ਨ ਸਿੰਘ ਨਾਹਰ
ਭੱਦਲਵੱਢ ਤਹਿਸੀਲ ਬਰਨਾਲਾ,
ਜ਼ਿਲ੍ਹਾ ਸੰਗਰੂਰ ।

ਛਾਪਕ : ਬੀ. ਡੀ. ਪ੍ਰਿੰਟਰਜ਼,
ਕੋਟ ਕਿਸ਼ਨ ਚੰਦ,
ਜਲੰਧਰ ।

ਮੁੱਲ : 25 ਰੁਪਏ

Sri Satguru Jagjit Singh Ji Elibrary NamdhariElibrary@gmail.com

# ਸਮਰਪਤ

ਬਾਬਾ ਭਗਤ ਸਿੰਘ ਜੀ 'ਘਾਰੂ' ਨੂੰ ਜਿਨ੍ਹਾਂ, ਆਪਣਾ ਸਾਰਾ ਜੀਵਨ ਕੂਕਾ ਲਹਿਰ ਦੇ ਸੰਘਰਸ਼ ਲੜਦਿਆਂ ਬਿਤਾਇਆ।

ਦੋਨ੍ਹਾਂ ਦੇ ਵੱਡੇ ਭਾਈ ਬਾਬਾ ਸਰਮੁਖ ਸਿੰਘ 'ਘਾਰੂ' ਜੀ ਨੇ ਆਜ਼ਾਦੀ ਸੰਗਰਾਮ ਦੇ ਰਣ ਵਿੱਚ ਨਿਸ਼ਕਾਮ ਸੇਵਾ ਕਰਦਿਆਂ ਮਨੁੱਖੀ ਆਜ਼ਾਦੀ ਦਾ ਜੀਵਨ ਬਿਤਾਉਣਾ ਦੱਸ ਗਏ ਹਨ।

**ਗੁਰਦਾਸ ਸਿੰਘ 'ਘਾਰੂ'**
ਸੰਤ ਨਗਰ, ਜ਼ਿਲ੍ਹਾ ਸਿਰਸਾ—125075

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com

ਬਾਬਾ ਰਾਮ ਸਿੰਘ ਜੀ ਸਾਹਿਬ ਦੀ ਚਲਾਈ ਮਰਿਯਾਦਾ, ਭਗਤੀ ਅਤੇ ਸ਼ਕਤੀ, ਦੇ ਰੂਪ ਵਿਚ, ਬਾਬਾ ਹਜ਼ਾਰਾ ਸਿੰਘ ਜੀ ਭੰਗੂ ਇਹਨਾਂ ਦੇ ਪਿਤਾ ਸ੍ਰ: ਘਸੀਟਾ ਸਿੰਘ ਜੀ, ਬਾਬਰ ਲਹਿਰ, ਦੇ ਮਹਾਨ ਜਥੇਦਾਰ ਹੋਏ ਹਨ। ਵਿਰਸੇ ਵਿਚੋਂ (ਗਿਆਨ) ਵਿਦਿਆ ਪ੍ਰਾਪਤ ਕਰਕੇ ਬਾਬਾ ਪ੍ਰਤਾਪ ਸਿੰਘ ਜੀ ਸਾਹਿਬ ਦੇ ਨੇੜੇ ਰਹਿ ਕੇ ਆਜ਼ਾਦੀ ਸੰਗਰਾਮ ਵਿਚ ਆਪਣਾ ਯੋਗਦਾਨ ਪਾਉਂਦੇ ਰਹੇ ਸਨ।



ਇਸ ਤੋਂ ਬਾਦ 1951-52 ਈ: ਨੂੰ ਆਪਣੀ ਨਿਜੀ ਜਾਇਦਾਦ ਨੂੰ ਕੂਕਾ ਲਹਿਰ ਦੀ ਏਕਤਾ ਕਾਇਮ ਕਰਨ ਵਾਸਤੇ, ਬਾਬਾ ਪ੍ਰਤਾਪ ਸਿੰਘ ਜੀ ਸਾਹਿਬ ਨੂੰ, ਬੇਨਤੀ ਕਰਦਿਆਂ ਆਖਿਆ, ਬੇਸ਼ਕ ਮੇਰੀ ਚੰਗੀ ਜ਼ਮੀਨ ਵੰਡ ਦਿਓ। ਮੈਨੂੰ ਮਾੜੀ ਜ਼ਮੀਨ ਦੇ ਦਿਓ। ਮੈਂ ਕੂਕਾ ਪੰਥ ਵਿਚ ਫੁਟ ਨਹੀਂ ਵੇਖਣੀ ਚਾਹੁੰਦਾ। ਬਾਬਾ ਹਜ਼ਾਰਾ ਸਿੰਘ ਜੀ 'ਭੰਗੂ', ਵਿਚ ਕੂਕਾ ਲਹਿਰ ਵਾਲਾ ਤਿਆਗ ਮੌਜੂਦ ਸੀ।

ਸ੍ਰ: ਘਸੀਟਾ ਸਿੰਘ ਜੀ ਦੇ ਪਿਤਾ ਸ੍ਰ: ਬਾਬਾ ਵਿਸਾਖਾ ਸਿੰਘ ਜੀ ਨੂੰ ਕੂਕਾ ਲਹਿਰ ਦੇ ਸਰਗਰਮ ਮੈਂਬਰ ਹੋਣ ਕਰਕੇ, ਅੰਗਰੇਜ਼ ਸਰਕਾਰ ਨੇ 1879 ਈ: ਤੋਂ ਲੈ ਕੇ 1917 ਈ: ਤਕ ਬਾਗੀ ਕਰਾਰ ਦੇਕੇ ਵਰੰਟ ਜਾਰੀ ਰਖੇ ਸਨ।

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com

# ਪੰਜਾਬ ਦੀ ਲੋਕ ਹਿਤੂ ਕ੍ਰਾਂਤੀਕਾਰੀ ਵਿਲੱਖਣਤਾ

ਪੰਜਾਬ ਦੀ ਕ੍ਰਾਂਤੀਕਾਰੀ ਮਨੁੱਖੀ ਬਰਾਬਰਤਾ ਬਾਰੇ ਅੱਠਵੀਂ-ਦੱਸਵੀਂ-ਚੌਧਵੀਂ ਅਤੇ ਪੰਦਰਵੀਂ ਸਦੀ ਤੋਂ ਲੈ ਕੇ ਸੂਫੀ ਫਕੀਰਾਂ ਸੰਤਾਂ ਭਗਤਾਂ ਗੁਰੂਆਂ ਪੀਰਾਂ ਮਨੁੱਖੀ ਸਭਿਆਚਾਰ ਸਮੇਂ ਦਰਦਵੰਦ ਪੀੜ ਦੀ ਆਵਾਜ਼ ਬੁਲੰਦ ਕਰਦਿਆਂ, ਮਨੁੱਖੀ ਸੁਖਮ ਸੋਹਜ ਉਸਾਰਣ ਦੇ ਹੱਕ ਵਿਚ, ਜੁਝਾਰੂ ਪੱਖ ਦਾ ਮਜ਼ਬੂਤੀ ਨਾਲ ਝੰਡਾ ਬੁਲੰਦ ਕਰਦਿਆਂ, ਪ੍ਰੇਰਨਾ ਸਰੋਤ ਨੂੰ ਮਜ਼ਬੂਤ ਕਰਨ ਵਾਸਤੇ ਬਹੁਤ ਵੱਡਾ ਉੱਦਮ ਕੀਤਾ ਗਿਆ।

(ਸੱਚ ਤਾਂ ਇਹ ਹੈ)

ਸੂਫੀ, ਫਕੀਰਾਂ, ਸੰਤਾਂ, ਮਹਾਤਮਾਂ, ਗੁਰੂ ਪੀਰਾਂ ਮਨੁੱਖੀ ਬਰਾਬਰਤਾ ਦੇ ਕਦ ਬਾਰੇ ਐਲਾਨ ਕਰਦਿਆਂ ਆਖਿਆ ਹੈ। (ਜੋ ਮਹਿਹਮੰਡੇ ਸੋਈ ਪਿੰਡੇ) ਲਿਖਦੇ ਹਨ ਜੋ ਬ੍ਰਹਿਮੰਡ ਹੈ। ਇਕ ਇਕ ਮਾਨੁਖ ਵਿਚ ਸਮਾਇਆ ਹੋਇਆ ਹੈ। ਸਾਨੂੰ ਮਹਾਨ ਮਾਰਗ ਦੱਸਣ ਦੀ ਮਹਾਨ ਵਿਉਂਤਬੰਦੀ ਕੀਤੀ ਹੈ। ਮਨੁੱਖੀ ਸੋਚ ਨੂੰ ਉਡਣ ਵਾਸਤੇ ਏਨੇ ਤੇਜ਼ ਖੰਭ ਲਾ ਦਿੱਤੇ ਹਨ। ਮਨੁੱਖੀ ਗਿਆਨ ਦੇ ਆਕਾਸ਼ ਵਿਚ ਉਡਣ ਲਗ ਗਿਆ ਹੈ। ਮਨੁੱਖ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਪਰਤੱਖ ਦੇਖ ਰਿਹਾ ਹੈ। ਫੇਰ ਕਿਉਂ ਆਪਣੇ ਗਿਆਨ ਦੇ ਸੋਮਿਆਂ ਨੂੰ ਬੰਦ ਕਰਕੇ ਮਾਰੂ ਜਬਰ ਵੱਲ ਵਧਦਾ ਜਾ ਰਿਹਾ ਹੈ। ਮਨੁੱਖੀ ਖ਼ੂਨ ਡੋਲ੍ਹ ਕੇ ਕਿਉਂ ਪਵਿੱਤਰ ਗਿਆਨ ਨੂੰ ਨਸ਼ਟ ਕਰ ਰਿਹਾ ਹੈ। ਨਿਜੀ ਮਾਲਕੀ ਦਾ ਪਸਾਰਾ ਕਰਨ ਖਾਤਰ ਕਿਉਂ ਉਲਝ ਗਿਆ ਹੈ। ਮਨੁੱਖ ਨੇ ਮਾਲਕੀ ਬਨਾਉਣ ਵਾਸਤੇ ਜ਼ਹਿਰੀਲੇ ਹਥਿਆਰ ਬਣਾਉਣ ਲਗ ਗਿਆ ਹੈ। ਜਾਨਦਾਰ ਪੰਛਿੰਦਿਆਂ ਨੂੰ ਕੁਦਰਤੀ ਪ੍ਰਕਿਰਤੀ ਨੂੰ ਖਤਮ ਕਰਕੇ ਨਾਲ ਆਪ ਵੀ ਭਸਮ ਹੋਣਾ ਚਾਹੁੰਦਾ ਹੈ।

ਮਨੁੱਖ ਨੂੰ ਕੁਦਰਤ ਦੇ ਦਿੱਤੇ ਗਿਆਨ ਨਾਲ ਸੋਚਣਾ ਚਾਹੀਦਾ ਹੈ। ਮੈਨੂੰ ਨਾਸ਼ਕਾਰੀ ਨਹੀਂ ਬਣਨਾ ਚਾਹੀਦਾ। ਕੁਦਰਤੀ ਨਿਯਮਾਂ ਮੁਤਾਬਿਕ ਬਿਨਾਸ਼ਕਾਰੀ ਬਣਨਾ ਚਾਹੀਦਾ ਹੈ। ਜਦੋਂ ਸੂਫੀ ਫਕੀਰਾਂ, ਗੁਰੂਆਂ, ਪੀਰਾਂ ਅਤੇ ਨਬੀਆਂ ਸਾਂਝੀਵਾਲਤਾ ਦਾ ਨਾਅਰਾ ਬੁਲੰਦ ਕੀਤਾ ਹੈ। ਨਿਜੀ ਮਾਲਕੀ ਬਣਾਉਣ ਵਾਸਤੇ ਮਰਨਾ ਭੁਲਾ ਦਿੱਤਾ ਹੈ। ਮਨੁੱਖੀ ਗਿਆਨ ਦੇ ਬੂਹੇ ਬੰਦ ਕਰਕੇ ਹਨੇਰੇ ਵਿਚ ਕੀਮਤੀ ਜੀਵਨ ਨੂੰ ਡੂੰਘੀ ਦਲਦਲ ਵਿਚ ਡੁਬੋਣ ਤੁਰਿਆ ਹੋਇਆ ਹੈ। ਇਹ ਵੀ ਜਾਣਦਾ ਹੈ। ਮੈਂ ਜਦੋਂ ਮਰਨਾ ਹੈ ਕੁਝ ਨਾਲ ਨਹੀਂ ਲੈ ਕੇ ਜਾਣਾ। ਫੇਰ ਕਿਉਂ ਨਿਜੀ ਮਾਲਕੀ ਬਣਾਉਣ ਵਾਸਤੇ ਖ਼ੂਨ ਦੀਆਂ ਨਦੀਆਂ ਵਗਾ ਰਿਹਾ ਹੈ। ਅੱਗੇ ਨੂੰ ਹੋਰ ਵੀ ਵਗਾਉਣੀਆਂ ਚਾਹੁੰਦਾ ਹੈ। ਕਿਉਂ ਨਹੀਂ ਆਪਣੇ ਭਾਈ ਨੂੰ ਬਰਾਬਰ ਦੇਖਣਾ ਚਾਹੁੰਦਾ। ਮਨੁੱਖ ਮਰ ਗਿਆ ਤਾਂ ਖ਼ੂਨ ਵਹਾ ਕੇ ਇਕੱਠਾ ਕੀਤਾ ਗਿਆ ਸਾਰਾ ਸਰਮਾਇਆ ਕੀ ਨਾਲ ਲੈ ਕੇ ਜਾਵੇਗਾ।

ਪ੍ਰਕਿਰਤੀ ਮੁਤਾਬਿਕ ਜਦੋਂ ਮਨੁੱਖ ਨੂੰ ਖੁਦ ਪਤਾ ਹੈ ਅਤੇ ਆਪਣੀ ਹੋਂਦ ਨੂੰ ਵੀ ਸਮਝਦਾ ਹੈ। ਨਿਜੀ ਮਾਲਕੀ ਵਾਸਤੇ ਰਾਤ ਦਿਨ ਦੌੜਦਾ ਹੈ। ਅੰਤ ਹਫ ਕੇ ਖ਼ਤਮ ਹੋ ਜਾਂਦਾ ਹੈ। ਵੇਲਾ



Sri Satguru Jagjit Singh Ji Elibrary NamdhariElibrary@gmail.com

ਖੁਭਾਣ ਤੋਂ ਬਾਅਦ ਫੇਰ ਕਿਵੇਂ ਸਾਂਝੀਵਾਲਤਾ ਦੇ ਕਾਫਲਿਆਂ ਨੂੰ ਕਿਵੇਂ ਲਾਮਬੰਦ ਕਰੇਗਾ ? ਜ਼ਿੰਦਗੀ ਦਾ ਸਫਰ ਅਧੂਰਾ ਰਹਿ ਜਾਵੇਗਾ। ਮਨੁੱਖੀ ਕਦਰਾਂ, ਕੀਮਤਾਂ ਤੋਂ ਦੂਰ ਭਟਕਦਾ ਰਹੇਗਾ। ਨਿਜੀ ਮਾਲਕੀ ਦੀਆਂ ਘੁੰਮਣ ਘੇਰੀਆਂ ਵਿਚ ਪੈ ਕੇ, ਗੁਰੂਆਂ ਦੇ ਸਾਂਝੀਵਾਲਤਾ ਦੇ ਮਾਰਗ ਨੂੰ ਭੁੱਲ ਗਿਆ ਹੈ।

ਮਨੁੱਖੀ ਜੀਵਨ ਦਾ ਫੇਰ ਹੀ ਕੋਈ ਅਰਥ ਬਣ ਸਕਦਾ ਹੈ। ਸੂਫੀ ਫਕੀਰਾਂ ਦੇ ਗੁਰੂਆਂ, ਪੀਰਾਂ ਦੇ ਦੱਸੇ ਮਾਰਗ ਵਿਚ ਵਧਦਾ ਜਾਏ। ਜੋ ਮਨੁੱਖੀ ਹਿੱਤਾਂ ਬਾਰੇ ਸਹਿਤ ਗੁਰਬਾਣੀ, ਦੁਨੀਆਂ ਦੇ ਹਰ ਮਨੁੱਖ ਵਾਸਤੇ ਲਿਖੀ ਗਈ ਹੈ। ਹਰ ਵਿਦਵਾਨ ਬਣਨ ਵਾਸਤੇ ਪਹਿਲਾਂ ਆਪਣੀ ਚੇਤਨਾ ਪੈਦਾ ਕਰਦੀ ਹੈ। ਇਹ ਮਨੁੱਖੀ ਕੰਮ ਦਾ ਮਹਾਨ ਸਾਹਿਤ ਰਚਿਆ ਗਿਆ ਹੈ। ਸਾਂਝੀਵਾਲਤਾ ਵਿਚ ਯੋਗਦਾਨ ਪਾਉਣ ਤੋਂ ਬਾਅਦ ਅੰਤ ਸਮੇਂ ਪਛਤਾਣਾ ਨਹੀਂ ਹੁੰਦਾ। ਉਸਦੀ ਕਲਪਨਾ ਦਾ ਕੇਂਦਰ ਮਜਬੂਤ ਰਹਿੰਦਾ ਹੈ। ਕਣਕ ਖਾ ਕੇ ਗੰਦੀ ਕੀਤੀ ਹੋਈ ਦਾ ਪਛਤਾਵਾ ਸੂਖਮ ਆਤਮਾ ਨੂੰ ਪਰੇਸ਼ਾਨ ਨਹੀਂ ਕਰਦਾ।

ਮਹਾਤਮਾ ਬੁੱਧ ਵਰਗੇ ਮਹਾਨ ਮਨੁੱਖ ਬਣਨ ਦੇ ਵਿਦਿਆਰਥੀ ਜੀਵਨ ਦੇ ਮਹਾਂ ਵਿਦਿਆਲਿਆਂ ਵਿਚ, ਆਪਣੀ ਸੋਚ ਨੂੰ ਮਨੁੱਖੀ ਬਰਾਬਰਤਾ ਦੇ ਸਿਧਾਂਤ ਨਾਲ ਪਰਚੰਡ ਕਰਕੇ ਬਰਾਬਰਤਾ ਦੇ ਜੀਵਨ ਦਾ ਸਾਹਿਤ ਲਿਖਿਆ। ਅੱਗੇ ਜਾ ਕੇ ਭਿਖਸ਼ੂ ਪ੍ਰਚਾਰਕਾਂ ਨੇ ਨਿਜੀ ਮਾਲਕੀ ਦਾ ਮਖੌਟਾ ਪਾ ਕੇ ਮਨੁੱਖੀ ਬਰਾਬਰਤਾ ਦੇ ਸਾਹਿਤ ਨੂੰ ਪਿਛਾੜ ਦਿੱਤਾ। ਮਹਾਤਮਾ ਬੁੱਧ ਦਾ ਇਹ ਸਾਹਿਤ ਜਦੋਂ ਏਸ਼ੀਆ ਦੀਆਂ ਹੱਦਾਂ ਪਾਰ ਕਰ ਗਿਆ ਸੀ। ਭਿਖਸ਼ੂਆਂ ਵਿਚ ਨਿਜੀ ਮਾਲਕੀ ਦਾ ਭੂਤ ਜਾਗ ਉਠਿਆ। ਨਿਜੀ ਮਾਲਕੀ ਨੇ ਬੁੱਧ ਦਾ ਲਿਖਿਆ ਸਿਧਾਂਤ ਧੁੰਦਲਾ ਕਰ ਦਿੱਤਾ। ਮਹਾਤਮਾ ਬੁੱਧ ਜੀ ਦਾ ਲਿਖਿਆ ਸਿਧਾਂਤ ਰੂਸ, ਚੀਨ, ਜਪਾਨ, ਵੀਅਤਨਾਮ, ਕੋਰੀਆ, ਇੰਡੋਨੇਸ਼ੀਆ, ਬ੍ਰਹਮਾ, ਨੇਪਾਲ, ਥਾਈਲੈਂਡ, ਚਿਲੀ, ਅਰਮਾਨੀਆਂ, ਭਾਵ ਦੁਨੀਆ ਦੇ ਹੋਰ ਵੀ ਦੇਸ਼ਾਂ ਵਿਚ ਮਨੁੱਖੀ ਹਿਤਾਂ ਵੱਲ ਅੱਗੇ ਵਧਦਾ ਜਾ ਰਿਹਾ ਹੈ।

ਵਾਰ-ਵਾਰ ਜ਼ਰਵਾਣੇ ਲੋਕਾਂ ਨੇ ਮਨੁੱਖੀ ਏਕਤਾ ਤੋੜਨ ਵਾਸਤੇ ਸਾਂਝੇ ਕੰਮ ਦੇ ਸਾਹਿਤ ਉਤੇ ਹਮਲੇ ਕੀਤੇ ਗਏ। ਆਪਣੇ ਖਰੀਦੇ ਹੋਏ ਲੇਖਕਾਂ ਰਾਹੀਂ ਮਨੁੱਖੀ ਕਲਾ ਨੂੰ ਕਰਾਮਾਤਾਂ ਵਿਚ ਬਦਲ ਕੇ ਮਨੁੱਖੀ ਕਲਾ ਦਾ ਲੋਕ ਪੱਖੀ ਰੂਪ ਵਿਗਾੜ ਕੇ ਕਰਾਮਾਤਾਂ ਵਿਚ ਬਦਲਦੇ ਰਹੇ ਸਨ। ਫਿਰ ਸਾਂਝੀਵਾਲਤਾ ਦਾ ਸਾਹਿਤ ਗੁਰੂਆਂ ਦੀਆਂ ਮਹਾਨ ਕੁਰਬਾਨੀਆਂ ਨੇ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿਚ ਬਚਾ ਕੇ ਰਖਿਆ ਹੈ। ਇਸ ਲੋਕ ਪੱਖੀ ਸਾਹਿਤ ਨੂੰ ਬਚਾਉਣ ਵਾਸਤੇ ਗੁਰੂਆਂ ਨੇ ਆਪਣੇ ਸਾਥੀਆਂ ਸਮੇਤ ਅਨੇਕਾਂ ਹੀ ਸ਼ਹਾਦਤਾਂ ਦਿੱਤੀਆਂ। ਆਪੋ ਆਪਣੇ ਪ੍ਰੀਵਾਰਾਂ ਦੀ ਖ਼ੂਨ ਦੀ ਸਿਆਹੀ ਨਾਲ ਲਿਖਿਆ ਹੋਇਆ ਆਮ ਲੋਕਾਂ ਦਾ ਸਾਹਿਤ ਮੰਨਿਆ ਗਿਆ ਹੈ। ਅੱਗੇ ਜਾ ਕੇ ਗੁਰੂ ਅਰਜਨ ਦੇਵ ਜੀ ਸਾਹਿਬ ਨੇ ਸੂਫੀ ਫਕੀਰਾਂ ਦੇ ਸਿਧਾਂਤਕ ਸਾਹਿਤ ਨੂੰ ਮੰਜ਼ਲਾਂ ਮਾਰ ਕੇ ਇਕੱਠਾ ਕੀਤਾ ਗਿਆ। ਬਾਬਾ ਨਾਮਦੇਵ ਜੀ, ਬਾਬਾ ਪੀਪਾ ਜੀ, ਬਾਬਾ ਫਰੀਦ ਜੀ, ਬਾਬਾ ਰਵਿਦਾਸ ਜੀ, ਭਗਤ ਕਬੀਰ ਜੀ, ਬਾਬਾ ਸੈਨ ਜੀ, ਬਾਬਾ ਧੰਨਾ ਜੀ, ਬਾਬਾ ਤਿਰਲੋਚਨ ਜੀ, ਹੋਰ ਅਨੇਕਾਂ ਸੂਫੀ ਫਕੀਰਾਂ ਨੇ ਲੋਕ ਪੱਖੀ ਛੂਤ ਛਾਤ ਖਿਲਾਫ ਲਿਖਿਆ ਸਾਹਿਤ ਇਕੱਤਰ ਕਰਕੇ ਉਸਨੂੰ ਗੁਰਬਾਣੀ ਦਾ ਰੂਪ ਦਿੱਤਾ ਗਿਆ। ਇਸ ਨੂੰ ਸੁਰੱਖਿਅਤ ਰੱਖਣ ਵਾਸਤੇ ਗੁਰੂ ਗ੍ਰੰਥ ਸਾਹਿਬ ਜੀ ਦੀ 1425 ਸਫੇ ਦੀ ਜਿਲਦ ਬੰਨਕੇ ਇਸ ਦੀ ਰਾਖੀ ਕਰਨ ਵਾਸਤੇ ਮਨੁੱਖੀ ਬਰਾਬਰਤਾ ਦੇ

ਮੋਹਰ ਲਾ ਦਿੱਤੀ ਗਈ। ਇਸ ਨੂੰ ਕੋਈ ਜਬਰ ਆਪਣੀ ਮਰਜ਼ੀ ਮੁਤਾਬਿਕ ਬਦਲ ਨਾ ਸਕੇ। ਇਹ ਮਨੁੱਖੀ ਸਾਹਿਤ ਗੁਰਬਾਣੀ ਦੇ ਰੂਪ ਵਿਚ ਸਾਰੀ ਦੁਨੀਆਂ ਦੇ ਮਨੁੱਖਾਂ ਦਾ ਸਿਧਾਂਤ ਬਣਾਇਆ ਗਿਆ।

ਪੰਜਾਬ ਦੇ ਮਹਾਨ ਯੋਧਿਆਂ ਨੇ ਬਾਬਾ ਰਾਮ ਸਿੰਘ ਜੀ ਦੀ ਅਗਵਾਈ ਹੇਠ ਕੂਕਾ ਲਹਿਰ ਨੇ ਆਜ਼ਾਦੀ ਲੈਣ ਵਾਸਤੇ ਸੰਘਰਸ਼ 1849 ਈ: ਤੋਂ ਸ਼ੁਰੂ ਕਰ ਦਿੱਤਾ ਸੀ। ਬਾਬਾ ਰਾਮ ਸਿੰਘ ਜੀ ਸਾਹਿਬ ਆਪਣੇ ਦੇਸ਼ ਨੂੰ ਗੁਲਾਮ ਹੋਇਆ ਨਹੀਂ ਸੀ ਵੇਖ ਸਕਦੇ। ਅੰਗਰੇਜ਼ ਸਾਮਰਾਜ ਨੂੰ ਇਹ ਸਿੱਖ ਕੌਮ ਦੀ ਪਹਿਲੀ ਲਲਕਾਰ ਸੀ (ਉਂਝ ਤਾਂ ਪਹਿਲਾਂ ਵੀ ਪੰਜਾਬੀ ਦੇਸ਼ ਦੀ ਬੁੱਕਲ ਵਿਚ ਸਾਂਝੀਵਾਲਤਾ ਦੀ ਲਹਿਰ ਮਨੁੱਖੀ ਬਰਾਬਰਤਾ ਕਰਨ ਬਾਰੇ ਚਲ ਰਹੀ ਸੀ। ਆਜ਼ਾਦ ਹੋਣ ਵਾਸਤੇ ਬਾਬਾ ਰਾਮ ਸਿੰਘ ਜੀ ਸਾਹਿਬ ਜੀ ਨੇ ਆਪਣੇ ਸਾਥੀਆਂ ਦੇ ਸਹਿਯੋਗ ਨਾਲ ਆਮ ਲੋਕਾਂ ਦੇ ਦਿਲਾਂ ਦਿਮਾਗਾਂ ਦੇ ਵਿਚ ਸਿੱਖ ਹੋਣ ਦੇ ਨਾਲ-ਨਾਲ ਦੇਸ਼ ਪਿਆਰ ਵੀ ਰੰਗ ਚਾੜ੍ਹ ਦਿੱਤਾ। ਤੋਪਾਂ ਦੀ ਗੜਗੂੰਜ ਤੋਂ ਨਾ ਡਰਨ ਵਾਲਾ ਪੰਜਾਬੀ ਬਹਾਦਰਾਂ ਦਾ ਕਾਫਲਾ ਤਿਆਰ ਕਰ ਲਿਆ ਗਿਆ ਸੀ। ਸਾਂਝੀਵਾਲਤਾ ਦਾ ਅੰਮ੍ਰਿਤ ਛਕਾ ਕੇ ਸ੍ਰ: ਵਰਿਆਮ ਸਿੰਘ ਦੇ ਹੱਥ ਡਿਪਟੀ ਕਮਿਸ਼ਨਰ ਦੀ ਦਾਹੜੀ ਵਿਚ ਐਸੇ ਮਜਬੂਤ ਪਏ ਸਨ ਕਿ ਅੰਗਰੇਜ਼ ਸਰਕਾਰ ਦੀਆਂ ਜੜ੍ਹਾਂ ਖੋਖਲੀਆਂ ਕਰ ਦਿੱਤੀਆਂ ਸਨ। ਬੇਸ਼ੱਕ ਲੰਬੀ ਦਾਹੜੀ ਵਿਚ ਹੀ ਹੱਥ ਫਸ ਕੇ ਰਹਿ ਗਏ ਸਨ।

ਅੱਗੇ ਗੁਰਦਾਸ ਘਾਰੂ ਜੀ ਨੇ ਵਿਸਥਾਰ ਨਾਲ ਵੇਰਵਾ ਕਰਦਿਆਂ, ਬਾਬਾ ਰਾਮ ਸਿੰਘ ਜੀ ਸਾਹਿਬ ਦੇ ਕ੍ਰਾਂਤੀਕਾਰੀ ਪ੍ਰੋਗਰਾਮ ਦੀ ਵਿਆਖਿਆ ਕੀਤੀ ਹੈ। ਆਪ ਨੂੰ ਅੱਗੇ ਪੜ੍ਹਨ ਵਾਸਤੇ ਹੱਥ ਵਾਲੀ ਕਿਤਾਬ ਵਿਚ ਪੜ੍ਹਨ ਵਾਸਤੇ ਅੱਗੇ ਮਿਲੇਗੀ।

ਘਾਰੂ ਪ੍ਰੀਵਾਰ ਨੂੰ ਕ੍ਰਾਂਤੀਕਾਰੀ ਕਿਣਕੇ ਸਿੱਖ ਲਹਿਰਾਂ ਤੋਂ ਉਦਾਸੀ ਸਾਧੂਆਂ ਤੋਂ ਅਤੇ ਕੂਕਾ ਲਹਿਰ ਦੇ ਵਿਰਸੇ ਵਿਚੋਂ ਮਿਲੇ ਹਨ। ਸ੍ਰ: ਮੇਹਰ ਸਿੰਘ ਜੀ ਚੰਗੇ ਵਿਦਵਾਨ ਸਿੱਖ ਸਨ। ਉਹਨਾਂ ਦੇ ਚਾਚਾ ਜੀ ਕੂਕਾ ਭਗਤ ਸਿੰਘ ਜੀ ਘਾਰੂ ਅਤੇ ਪਿਤਾ ਸਰਮੁਖ ਸਿੰਘ ਜੀ ਦੋਵੇਂ ਭਾਈ ਆਜ਼ਾਦੀ ਸੰਗਰਾਮੀਏ ਸਨ। ਇਕ ਕੂਕਾ ਲਹਿਰ ਦਾ ਦੂਸਰਾ ਰਿਆਸਤੀ ਪ੍ਰਜਮੰਡਲ ਦਾ ਮੈਂਬਰ ਸੀ। ਇਸ ਕਰਕੇ ਆਪਣੇ ਚਾਚਾ ਜੀ ਤੋਂ ਅਤੇ ਪਿਤਾ ਜੀ ਤੋਂ ਲੋਕ ਸੇਵਾ ਸਮਝਦੇ ਹੋਏ ਆਪ ਵੀ ਆਜ਼ਾਦੀ ਸੰਗਰਾਮ ਦੇ ਮੈਂਬਰ ਬਣ ਗਏ ਸਨ।

ਜਦੋਂ ਫਿਰਕਾਪ੍ਰਸਤੀ ਦਾ 1947 ਈ: ਨੂੰ ਘੱਲੂਘਾਰਾ ਆਇਆ, ਪੰਜਾਬ ਦਾ ਹਿੱਸਾ ਪੱਛਮੀ ਪਾਕਿਸਤਾਨ ਬਣ ਗਿਆ। ਨਿਜੀ ਮਾਲਕੀਆਂ ਦੀ ਤਲਵਾਰ ਚਲੀ। ਘੁਗ ਵਸਦੇ ਲੋਕ ਪੰਜਾਬ ਦੇ ਆਪਣੀਆਂ ਹੀ ਇੱਜ਼ਤਾਂ ਦੀ ਹੋਲੀ ਖੇਡਣ ਲੱਗੇ। ਪੰਜਾਬ ਦੇ ਨਹਿਰਾਂ, ਦਰਿਆਵਾਂ ਵਿਚ ਮਨੁੱਖ ਦੇ ਅੱਗੇ ਤਰਲੇ ਕਰਦੇ ਸਾਂਝੇ ਵਿਹੜਿਆਂ ਵਿਚ ਉਪਰਥਲੀ, ਮਾਸੂਮ ਬੱਚਿਆਂ, ਬੁਢਿਆਂ ਦੀਆਂ ਲਾਸ਼ਾਂ ਦੇ ਢੇਰ ਲਗਣੇ ਸ਼ੁਰੂ ਹੋ ਗਏ ਸਨ। ਇਸ ਉਜਾੜੇ ਨੇ ਸ੍ਰ: ਮੇਹਰ ਸਿੰਘ ਜੀ ਦੀ ਸੂਖਮ ਆਤਮਾ ਨੂੰ ਕੁਮਲਾ ਦਿੱਤਾ। ਇਸ ਦੁਖ ਨੇ ਆਤਮਾ ਨੂੰ ਬੀਮਾਰ ਕਰ ਦਿੱਤਾ। ਆਖ਼ਰੀ ਦਮ ਤਕ ਇਸ ਰੋਗ ਤੋਂ ਖਹਿੜਾ ਨਾ ਛੁਡਾ ਸਕੇ। ਮਨੁੱਖੀ ਪੀੜ ਨੇ ਡੂੰਘੇ ਘਾ ਬਣਾ ਦਿੱਤੇ ਸਨ। ਇਹਨਾਂ ਜ਼ਖਮਾਂ ਤੇ ਮਲ੍ਹਮ ਪੱਟੀ ਲਾਉਣ ਵਾਸਤੇ ਸੰਤ ਗੁਲਾਬ ਸਿੰਘ ਜੀ ਦੀ ਉਪਮਾ ਸੁਣਕੇ ਪਿੰਡ ਸੰਤ ਨਗਰ 1953 ਈ: ਨੂੰ ਸ੍ਰ: ਬਖਸ਼ੀਸ਼ ਸਿੰਘ ਜੀ ਸਪੁੱਤਰ ਸ੍ਰ: ਗੁਲਾਬ ਸਿੰਘ ਜੀ ਦੇ

ਘਰ ਦੀ ਆ ਸ਼ਰਨ ਲਈ। ਲਗਾਤਾਰ ਤਿੰਨ ਸਾਲ ਫਿਰਕੇਪ੍ਰਸਤੀ ਦੇ ਉਜੜੇ ਹੋਏ ਲੋਕਾਂ ਨਾਲ ਦੁਖ ਸੁਖ ਸਾਂਝੇ ਕਰਦੇ ਹੋਏ ਨਵੰਬਰ 1956 ਈ: ਨੂੰ ਚਲ ਵਸੇ ਸਨ। ਬਾਕੀ ਪ੍ਰੀਵਾਰ ਨੇ ਸੰਤ ਨਗਰ ਨੂੰ ਹੀ ਆਪਣਾ ਨਵਾਂ ਪਿੰਡ ਮੰਨ ਲਿਆ ਸੀ।

ਘਾਰੂ ਪ੍ਰੀਵਾਰ ਇਸ ਤੋਂ ਪਹਿਲਾਂ ਪਿੰਡ ਰਾਏਸਰ ਤਹਿਸੀਲ ਬਰਨਾਲਾ ਜ਼ਿਲ੍ਹਾ ਸੰਗਰੂਰ (ਪੰਜਾਬ) ਦੇ ਰਹਿਣ ਵਾਲੇ ਸਨ। ਉਥੇ ਬਾਗਬਾਨੀ ਫਲਦਾਰ ਬੂਟਿਆਂ ਦੀ ਕਾਸ਼ਤ ਕਰਦੇ ਸਨ। ਮਾਤਾ ਧੰਨ ਕੌਰ ਨੂੰ ਆਮ ਕਰਕੇ ਲੋਕ ਮਾਲਣੇ ਆਖ ਕੇ ਬੁਲਾਉਂਦੇ ਸਨ। ਸਾਰੀ ਕਬੀਲਦਾਰੀ ਦਾ ਬੋਝ ਮਾਤਾ ਜੀ ਉਪਰ ਆ ਗਿਆ ਸੀ। ਮਾਤਾ ਜੀ ਸਖਤ ਸੁਭਾਅ ਦੇ ਹੁੰਦਿਆਂ ਵੀ ਪਿਆਰ ਦੇਣਾ ਜਾਣਦੇ ਸਨ। ਆਪਣੇ ਪੁੱਤਰਾਂ ਨੂੰ ਆਪਣੀ ਨਿਗਰਾਨੀ ਹੇਠਾਂ ਚੰਗੇ ਨਾਗਰਿਕ ਬਣਾਉਣਾ ਚਾਹੁੰਦੇ ਸਨ। ਮਾਤਾ ਜੀ ਦੇ ਚਾਰੇ ਪੁੱਤਰ ਸਾਹਿਤਕਾਰ ਹੋ ਨਿਬੜੇ। ਹਥਲੀ ਕਿਤਾਬ ਦੇ ਲੇਖਕ ਗੁਰਦਾਸ ਸਿੰਘ ਜੀ ਘਾਰੂ ਹਨ। ਉਹਨਾਂ ਦੇ ਛੋਟੇ ਭਾਈ ਸ੍ਰ: ਪ੍ਰਕਾਸ਼ ਸਿੰਘ ਜੀ ਰਾਏਸਰੀ ਸੰਤ ਰਾਮ ਜੀ ਉਦਾਸੀ ਸ੍ਰ: ਗੁਰਦੇਵ ਸਿੰਘ ਜੀ ਕੋਇਲ ਸਾਹਿਤਕਾਰਾਂ ਦੇ ਪਿੜ ਵਿਚ ਸਾਹਿਤਕਾਰ ਗਾਇਕਾਂ ਦੇ ਮੈਦਾਨ ਵਿਚ ਗਾਇਕ ਬਣ ਗਏ ਸਨ।

ਨਾਮਧਾਰੀ ਸਾਹਿਤ ਸਭਾ ਸੰਤ ਨਗਰ ਦੇ ਮੁੱਢਲੇ ਸਾਥੀ ਸੰਤ ਰਾਮ ਜੀ ਉਦਾਸੀ ਸ੍ਰ: ਪ੍ਰਕਾਸ਼ ਸਿੰਘ ਜੀ ਰਾਏਸਰੀ, ਸ੍ਰ: ਜਸਵੰਤ ਸਿੰਘ ਜੀ ਜੋਸ਼, ਮਾਸਟਰ ਅਮਰੀਕ ਸਿੰਘ ਜੀ, ਡਾ: ਨਰਿੰਜਣ ਸਿੰਘ, ਪ੍ਰੀਤਮ ਸਿੰਘ ਜੀ ਕਵੀ, ਰਛਪਾਲ ਸਿੰਘ ਜੀ ਪੰਨੂ, ਜੋਗਿੰਦਰ ਸਿੰਘ ਮੁਕਤਾ ਆਦਿ। ਸ੍ਰ: ਤਰਨ ਸਿੰਘ ਜੀ ਵਹਿਮੀ, ਸ੍ਰ: ਬਿਸ਼ਨ ਸਿੰਘ ਜੀ ਹਿਸਟੋਰੀਅਨ ਦੀ ਸਰਪ੍ਰਸਤੀ ਹੇਠ ਅਧਿਆਤਮਵਾਦੀ ਅਤੇ ਲੋਕ ਪੱਖੀ ਕਵੀ ਦਰਬਾਰ ਕਰਨੇ ਆਰੰਭ ਕੀਤੇ ਸਨ।

ਮੇਰਾ ਲਿਖਣ ਦਾ ਭਾਵ ਹੈ ਪਿੰਡ ਸੰਤ ਨਗਰ ਤੋਂ ਹੀ ਘਾਰੂ ਪ੍ਰੀਵਾਰ ਨੇ ਹੀ ਲਿਖਣਾ ਸ਼ੁਰੂ ਕੀਤਾ ਸੀ। ਉਦਾਸੀ ਜੀ ਨੇ ਵੀ ਇਸੇ ਪਿੰਡ ਤੋਂ ਲਿਖਣਾ ਸ਼ੁਰੂ ਕੀਤਾ ਸੀ। ਸੰਤ ਰਾਮ ਸਿੰਘ ਜੀ ਪੰਜਾਬ ਵਿਚ ਅਧਿਆਪਕ ਦੀ ਸੇਵਾ ਕਰਦੇ ਸਨ। 1961-62 ਈ: ਮਜਬੂਰਨ ਸੰਤ ਰਾਮ ਉਦਾਸੀ ਨੇ ਮੁੜ ਰਾਏਸਰ ਆਪਣੀ ਰਿਹਾਇਸ਼ ਕਰ ਲਈ ਸੀ। ਅੱਜ ਪੰਜਾਬ ਦੇ ਸਾਹਿਤਕਾਰ ਉਹਨਾਂ ਦੀ ਯਾਦ ਵਿਚ ਇਕੱਤਰ ਹੋ ਕੇ 6 ਨਵੰਬਰ 1986 ਈ: ਤੋਂ ਲੈ ਕੇ ਵੱਖ-ਵੱਖ ਸਾਹਿਤ ਸਭਾਵਾਂ, ਤੇ ਧੜੀਆਂ ਸਿਆਸੀ ਪਾਰਟੀਆਂ, ਉਸ ਦੀ ਕਵਿਤਾ ਉਤੇ ਗੋਸ਼ਟੀਆਂ ਕਰਕੇ ਮੇਲੇ ਮਨਾਏ ਜਾਂਦੇ ਹਨ। ਉਪਰੋਕਤ ਤਥਾਂ ਤੋਂ ਪਹਿਲਾਂ ਉਦਾਸੀ ਜੀ ਦਾ ਪਿੰਡ ਸੰਤ ਨਗਰ ਹੀ ਬਣਦਾ ਹੈ। ਦੂਸਰਾ ਪਿੰਡ ਰਾਏਸਰ ਉਸਦਾ ਜੱਦੀ ਪਿੰਡ ਹੈ।

ਗੁਰਦਾਸ ਸਿੰਘ ਘਾਰੂ, ਪ੍ਰਕਾਸ਼ ਸਿੰਘ ਰਾਏਸਰੀ ਅਜੇ ਵੀ ਪਿੰਡ ਸੰਤ ਨਗਰ ਦੇ ਵਸਨੀਕ ਹਨ। ਗੁਰਦੇਵ ਸਿੰਘ ਕੋਇਲ ਜਲੰਧਰ (ਪੰਜਾਬ) ਵਿਚ ਰਹਿੰਦਾ ਹੈ ਤੇ ਬਿਜਲੀ ਬੋਰਡ ਵਿਚ (ਨੌਕਰੀ) ਕਰਦਾ ਹੈ। ਸਾਹਿਤ ਪ੍ਰੋਗਰਾਮਾਂ ਵਿਚ ਸਰੋਤਿਆਂ ਦੀ ਸੇਵਾ ਆਪਣੀ ਮਿੱਠੀ ਆਵਾਜ਼ ਰਾਹੀਂ ਕਰਦਾ ਹੈ। ਗੁਰਦਾਸ ਸਿੰਘ ਜੀ ਘਾਰੂ ਲੇਖਕ ਹੋਣ ਦੇ ਨਾਲ-ਨਾਲ ਸੰਤ ਨਗਰ ਦੀ ਨੰਬਰਦਾਰੀ ਦੀ ਵੀ ਸੇਵਾ ਕਰਦਾ ਹੈ।

ਸਿੱਖ ਲਹਿਰ ਦੇ ਮੁੱਦਿਆਂ ਨੂੰ ਮਨੁੱਖੀ ਜੀਵਨ ਵਿਚ ਢਾਲਣ ਵਾਸਤੇ ਅਤੇ ਦਲਿਤ ਵਰਗ

Sri Satguru Jagjit Singh Ji Elibrary NamdhariElibrary@gmail.com

ਨੂੰ ਪ੍ਰੇਰਨਾ ਦਿੰਦਾ ਹੋਇਆ ਮੰਜ਼ਲ ਵੱਲ ਨੂੰ ਵੱਧ ਰਿਹਾ ਹੈ। ਹਥਲੀ ਕਿਤਾਬ ਕ੍ਰਾਂਤੀਕਾਰੀ ਸਾਹਿਤ ਸਭਾ ਦਾ ਹੁਕਮ ਮੰਨ ਕੇ ਪੰਜਾਬੀ ਕੌਮ ਦੇ ਮੁੱਦੇ ਇਕੱਤਰ ਕੀੜੇ ਹਨ। ਆਪ ਜੀ ਨੂੰ ਕ੍ਰਾਂਤੀਕਾਰੀ ਘੋਲਾਂ ਤੋਂ ਜਾਣੂ ਹੋਣ ਵਾਸਤੇ ਘਾਰੂ ਜੀ ਦਾ ਯਤਨ ਹੈ। ਸਿੱਖ ਲਹਿਰਾਂ ਦੇ ਇਨਕਲਾਬੀ ਮੁੱਦੇ ਪਾਠਕਾਂ ਦੇ ਹੱਥਾਂ ਤਕ ਪੁਚਾਉਣਾ। ਪੰਜਾਬੀ ਕੌਮ ਦਾ ਜੁਝਾਰੂ ਅਤੇ ਜੋਰੂ ਅਖਾੜੇ ਤਕ ਲੈ ਜਾਣਾ ਲੇਖਕ ਦੀ ਆਪੋ ਆਪਣੀ ਵਿਲੱਖਣਤਾ ਹੁੰਦੀ ਹੈ। ਲੇਖਕਾਂ ਨੇ ਹੀ ਸੂਖਮ ਅਤੇ ਸੋਹਜ ਸਾਂਝੀਵਾਲਤਾ ਦੀ ਜੋਤ ਜਗਾਈ ਰੱਖਣੀ ਹੈ।

**ਦਰਸ਼ਨ ਸਿੰਘ 'ਨਾਹਰ'**
ਪਿੰਡ ਤੇ ਡਾਕਘਰ ਭੱਦਲਵੱਢ
ਤਹਿ: ਬਰਨਾਲਾ, ਸੰਗਰੂਰ।

Sri Satguru Jagjit Singh Ji Elibrary NamdhariElibrary@gmail.com

# ਮੁੱਖ-ਬੰਧ

1. ਪੰਜਾਬੀ ਸਿੱਖ ਲਹਿਰ ਦੀ ਉਮਰ, ਬੇਸ਼ੱਕ ਦੂਸਰੀਆਂ ਧਾਰਮਿਕ ਲਹਿਰਾਂ ਨਾਲੋਂ ਬਹੁਤ ਘੱਟ ਹੈ। ਸਿੱਖ ਕੌਮ ਨੇ ਮਨੁੱਖੀ ਹਿੱਤਾਂ ਦੀਆਂ ਬਹੁਤ ਵੱਡੀਆਂ-ਵੱਡੀਆਂ ਮੱਲ੍ਹਾਂ ਮਾਰੀਆਂ ਹਨ। ਵੱਡੇ-ਵੱਡੇ ਜਬਰਾਂ ਦੇ ਭਾਰਤ ਦੇਸ਼ ਵਿਚ ਪੈਰ ਨਹੀਂ ਲੱਗਣ ਦਿੱਤੇ। ਮਹਿਮੂਦ ਗਜ਼ਨਵੀਂ ਦੇ ਮੁਗਲੇ-ਆਜ਼ਮ ਜਿਹੇ ਬਹਾਦਰਾਂ ਦੇ ਵੀ ਕੰਨ ਫੜਾ ਰੱਖੇ ਸਨ। ਅਬਦਾਲੀ ਹਰੇਕ ਹਮਲੇ ਸਮੇਂ ਬਾਬਰ ਸਿੱਖ ਗੁਰੀਲਿਆਂ ਤੋਂ ਮਾਰ ਖਾ ਕੇ ਮੁੜਦਾ ਰਿਹਾ। ਅੰਗਰੇਜ ਨੇ ਦੱਖਣੀ ਅਤੇ ਪੂਰਬੀ ਭਾਰਤ ਉਤੇ 200 ਸਾਲ ਆਪਣੀ ਜਕੜ ਕਾਇਮ ਰੱਖੀ। ਜਦੋਂ ਪੰਜਾਬ ਵਿਚ 1849 ਈਸਵੀ ਨੂੰ ਪੈਰ ਧਰਿਆ, ਸਿੱਖ ਲਹਿਰ ਨੇ 1857 ਈਸਵੀ ਨੂੰ ਗ਼ਦਰ ਨਾਮ ਦੀ ਬਗ਼ਾਵਤ ਕਰ ਦਿੱਤੀ ਗਈ। ਭਾਵ, ਉਪਰੋਕਤ ਜਬਰਾਂ ਨੇ ਸਿੱਖ ਲਹਿਰਾਂ ਤੋਂ ਬਹੁਤ ਮਾਰ ਖਾਧੀ।

2. ਸਿੱਖ ਕੌਮ ਜਦੋਂ ਵੀ ਗੁਰੂ ਨਾਨਕ ਸਾਹਿਬ ਦੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਚਲਾਈ ਹੋਈ ਸਾਂਝੀਵਾਲਤਾ ਤੋਂ ਪਿੱਠ ਫੇਰ ਨਿਜੀ ਮਾਲਕੀ ਵੱਲ ਮੂੰਹ ਕਰਦੀ ਹੈ, ਫੇਰ ਸਿੱਖ ਲਹਿਰਾਂ ਦੀ ਵੀਰਤਾ ਕਮਜ਼ੋਰ ਹੋਣੀ ਸ਼ੁਰੂ ਹੋ ਜਾਂਦੀ ਹੈ। ਜਦੋਂ ਆਪ ਰਾਜੇ ਅਤੇ ਸਰਦਾਰ ਬਨਣ ਦੀ ਲਾਲਸਾ ਵਿਚ ਆ ਜਾਂਦੇ ਹਨ, ਨਿਜੀ ਮਾਲਕੀ ਵਾਸਤੇ ਮਾੜੇ ਉਤੇ ਜ਼ੁਲਮ ਕਰਨਾ ਸ਼ੁਰੂ ਕਰ ਦਿੰਦੇ ਸਨ। ਫਿਰ ਸਿੱਖ, ਸਿੱਖੀ ਦੀ ਉਲੰਘਣਾ ਕਰਦਾ ਹੋਇਆ ਆਪਣੀ ਕਰਨੀ ਵਿਚ ਡੰਗਟਾ ਪਾ ਬਹਿੰਦਾ ਹੈ। ਮਨੁੱਖੀ ਹੱਕਾਂ ਉਤੇ ਆਪਣਾ ਘੇਰਾ ਵਗਲਦਾ, ਉਸ ਘੇਰੇ ਵਿਚ ਆਪ ਫਸ ਕੇ ਸੜ ਮਰਦਾ ਹੈ। ਗੁਰੂਆਂ ਵਲੋਂ ਮਨੁੱਖਾਂ ਰੇਕਾਂ ਦਾ ਬੋਲ-ਬਾਲਾ ਬਿਲਕੁਲ ਮੁਰਦਾ ਹੋ ਜਾਂਦਾ ਹੈ। ਸਿੱਖ ਦੀ ਸਾਰੀ ਸ਼ਕਤੀ ਖ਼ਤਮ ਹੋ ਜਾਂਦੀ ਹੈ। ਤੁਰਦਾ-ਫਿਰਦਾ ਪਿੰਜਰ ਹੀ ਨਜ਼ਰ ਆਉਂਦਾ ਹੈ। ਮਨੁੱਖੀ ਹਿੱਤ ਆਮ ਲੋਕਾਂ ਵਿਚ ਵਰਤਾਉਣੇ ਹੁੰਦੇ ਹਨ ਕਿਉਂਕਿ ਸਿੱਖ ਕਬਜ਼ਾ ਨਹੀਂ ਕਰਦਾ। ਗੁਰੂਆਂ ਦੇ ਹੁਕਮ ਮੁਤਾਬਿਕ ਮਨੁੱਖੀ ਬਰਾਬਰਤਾ ਲਈ ਪਹਿਰੇਦਾਰ ਦਾ ਕੰਮ ਕਰਦਾ ਹੈ। ਮਨੁੱਖੀ ਹਿੱਤਾਂ ਤੇ ਕਬਜ਼ਾ ਕਰਨ ਨਾਲ ਤਾਂ ਇਕ ਮੁਰਦਾ ਮਿੱਟੀ ਦਾ ਢੇਰ ਬਣ ਕੇ ਰਹਿ ਜਾਂਦਾ ਹੈ।

3. ਜਿਵੇਂ ਮਹਾਰਾਜਾ ਰਣਜੀਤ ਸਿੰਘ ਨੇ ਆਪਣੀ ਨਿਜੀ ਮਾਲਕੀ ਖ਼ਾਤਰ ਗੁਰੂ ਨਾਨਕ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਚਲਾਈ ਹੋਈ ਸਾਂਝੀਵਾਲਤਾ ਨੂੰ ਪਿੱਠ ਦਿਖਾ ਦਿੱਤੀ ਗਈ ਸੀ। ਸਿੱਖ ਲਹਿਰ ਦੀਆਂ ਕੁਰਬਾਨੀਆਂ ਨੂੰ ਛਿੱਕੇ ਟੰਗ ਕੇ ਸਿੱਖ ਲਹਿਰ ਦੀਆਂ ਮੱਲ੍ਹਾਂ ਮਾਰੀਆਂ ਨੂੰ, ਆਪਣੀ ਨਿਜੀ ਮਾਲਕੀ ਬਣਾ ਲਈ ਸੀ। ਅੰਗਰੇਜ਼ ਦੁਸ਼ਮਣ ਨਾਲ ਸ੍ਰੀ ਅੰਮ੍ਰਿਤਸਰ ਦੇ ਅਸਥਾਨ ਉਤੇ 1809 ਈਸਵੀ ਨੂੰ ਸਤਲੁਜ ਦਰਿਆ ਨੂੰ ਆਪਣੀ ਹੋਂਦ ਮੰਨ ਕੇ, ਮਹਾਂ ਪੰਜਾਬ ਨੂੰ ਆਪਣੇ ਘੇਰੇ ਤੋਂ ਬਾਹਰ ਕਰ ਦਿੱਤਾ ਗਿਆ ਸੀ। ਸਿੱਖ ਲਹਿਰਾਂ ਨਾਲ ਵਾਰੀ-ਵਾਰੀ ਵਿਸ਼ਵਾਸਘਾਤ ਕਰਦਾ ਰਿਹਾ। ਅੰਗਰੇਜ਼ ਸਰਕਾਰ ਨੂੰ, ਮਨੁੱਖੀ ਹਿੱਤਾਂ ਨੂੰ ਲੁਟਣ ਵਾਸਤੇ ਖੁਲ੍ਹੀ ਛੁੱਟੀ ਦੇ ਦਿੱਤੀ ਗਈ ਸੀ। ਆਪਣੇ ਰਾਜ-ਭਾਗ ਦੇ ਮੁੱਖਤਿਆਰ ਕੁਰੱਪਟ ਨੀਤੀਵਾਨ ਡੋਗਰਿਆਂ ਨੂੰ ਬਣਾ ਦਿੱਤਾ ਗਿਆ। ਆਮ



Sri Satguru Jagjit Singh Ji Elibrary NamdhariElibrary@gmail.com

ਸਾਂਝੀਵਾਲਤਾ ਦੀ ਪੰਜਾਬੀ ਕੌਮ ਨੂੰ ਅੰਗਰੇਜ਼ ਸਾਮਰਾਜ ਦੇ ਗੁਲਾਮ ਬਣਾ ਦਿੱਤਾ ਗਿਆ। ਇਕ ਸਾਂਝੀਵਾਲਤਾ ਦੀ ਥਾਂ ਮੁੜ ਅੰਗਰੇਜ਼ ਸਾਮਰਾਜ ਦੇ ਗੁਲਾਮ ਬਣਾ ਦਿੱਤਾ ਗਿਆ।

4. ਬਾਬਾ ਰਾਮ ਸਿੰਘ ਜੀ ਸਾਹਿਬ ਨੇ ਗੁਰੂਆਂ ਦੀ ਸਾਂਝੀਵਾਲਤਾ ਦਾ ਬੀੜਾ ਚੁਕਿਆ। ਪੰਜਾਬੀ ਕੌਮ ਮੁੜ ਸੁਰਜੀਤ ਹੋਣ ਲੱਗੀ। ਸਾਂਝੀਵਾਲਤਾ ਵਾਸਤੇ ਪੰਜਾਬੀ ਕੌਮ ਮੁੜ ਮੈਦਾਨ ਵਿਚ ਆਉਣੀ ਸ਼ੁਰੂ ਹੋਈ। ਬਾਬਾ ਜੀ ਨੇ ਸਾਂਝੀਵਾਲਤਾ ਦਾ ਜੈ-ਕਾਰਾ ਛੱਡਦਿਆਂ 1857 ਈਸਵੀ ਨੂੰ ਆਪਣਾ ਦੇਸ਼ ਭਾਰਤ ਆਜ਼ਾਦ ਕਰਾਉਣ ਵਾਸਤੇ 'ਗਦਰ' ਨਾਮ ਦੀ ਪੰਜਾਬ ਵਿਚ ਬਗਾਵਤ ਕਰ ਦਿੱਤੀ ਗਈ। ਇਸ ਗਦਰ ਵਿਚ ਪੰਜਾਬੀਆਂ ਨੂੰ ਬਹੁਤ ਹੀ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ। ਕੁਝ ਪੰਜਾਬੀ ਜੋਧਿਆਂ ਨਾਲ ਰਲ ਕੇ ਬਾਬਾ ਰਾਮ ਸਿੰਘ ਸਾਹਿਬ ਨੇ ਪ੍ਰੋਗਰਾਮ ਉਲੀਕਿਆ। ਬਾਬਾ ਜੀ ਨੇ ਸਾਥੀਆਂ ਸਮੇਤ 1858 ਈਸਵੀ ਨੂੰ ਕੂਕਾ ਲਹਿਰ ਦੀ ਸਿਰਜਣਾ ਕਰ ਦਿੱਤੀ ਗਈ। ਇਸ ਸਿੱਖ ਲਹਿਰ ਦਾ ਨਾਂ ਕੂਕਾ ਲਹਿਰ ਰੱਖਿਆ ਗਿਆ। ਇਸ ਕੂਕਾ ਲਹਿਰ ਨੇ ਭਾਰਤ ਦੇਸ ਆਜ਼ਾਦ ਕਰਵਾਉਣ ਵਾਸਤੇ 1857 ਈਸਵੀ ਤੋਂ ਲੈ ਕੇ 1947 ਈਸਵੀ ਤਕ ਆਪਣਾ ਸੰਘਰਸ਼ ਲਗਾਤਾਰ ਜਾਰੀ ਰੱਖਿਆ। 100 ਸਾਲ ਤਕ ਕੂਕਾ ਲਹਿਰ ਕੁਰਬਾਨੀਆਂ ਨਿਸ਼ਕਾਮ ਕਰਦੀ ਰਹੀ। ਪੀੜ੍ਹੀ ਦਰ ਪੀੜ੍ਹੀ ਸੰਘਰਸ਼ ਜਾਰੀ ਰੱਖਿਆ ਗਿਆ। ਆਮ ਲੋਕ ਆਜ਼ਾਦੀ ਸੰਘਰਸ਼ ਸਮੇਂ ਕੁਰਬਾਨੀਆਂ ਦਿੰਦੇ ਰਹੇ। ਹੱਥ ਵਾਲੀ ਕਿਤਾਬ ਵਿਚ ਮੈਂ ਉਨ੍ਹਾਂ ਮਹਾਨ ਪੰਜਾਬੀ ਕਿਰਤੀਆਂ ਦੀ ਲਿਸਟ ਦਰਸਾਈ ਹੈ। ਜਿਨ੍ਹਾਂ ਨੇ ਆਜ਼ਾਦੀ ਸੰਗਰਾਮ ਵਾਸਤੇ ਨਿਸ਼ਕਾਮ ਅਮਰ ਸ਼ਹੀਦੀਆਂ ਪ੍ਰਾਪਤ ਕੀਤੀਆਂ ਹਨ। ਅੱਗੇ ਕੁਝ ਸੰਗ੍ਰਾਮੀਆਂ ਦੇ ਪਿੰਡ ਦੇ ਨਾਂ ਵੀ ਲਿਖੇ ਗਏ ਹਨ।

5. ਮੈਂ 1947 ਤੋਂ ਬਾਅਦ ਕੂਕਾ ਲਹਿਰ ਦੇ ਲੰਬੇ ਸੰਘਰਸ਼ ਬਾਰੇ ਸੋਚਦਾ ਰਿਹਾ ਅਤੇ ਡਿੱਕ-ਡੋਲੇ ਖਾਂਦਾ ਰਿਹਾ। ਮੈਂ ਸੋਚਦਾ ਰਹਿੰਦਾ ਕਿ ਜਾਂ ਤਾਂ ਸਾਡੇ ਦੇਸ਼ ਵਿਚ ਆਜ਼ਾਦੀ ਆਈ ਹੀ ਨਹੀਂ ਤੇ ਜਾਂ ਅਧੂਰੀ ਆਜ਼ਾਦੀ ਮਿਲੀ ਹੈ। ਸਰਮਾਏਦਾਰਾਂ ਦੇ ਹੱਥਾਂ ਵਿਚ ਰਾਜਨੀਤੀ ਦੀ ਵਾਗਡੋਰ ਆ ਜਾ ਜਾਣ ਕਰਕੇ, ਕੁਰਬਾਨੀਆਂ ਕਰਨ ਵਾਲੀ ਪੰਜਾਬੀ ਕੌਮ ਨੂੰ ਨਜ਼ਰ-ਅੰਦਾਜ਼ ਕਰ ਦਿੱਤਾ ਗਿਆ ਹੈ। ਕਿਉਂਕਿ ਕੁਰਬਾਨੀਆਂ ਕਰਨ ਵਾਲਿਆਂ ਮਜ਼ਦੂਰਾਂ, ਕਿਰਤੀਆਂ ਨੂੰ ਹੀ ਤੰਗੀਆਂ ਦਾ ਸਾਹਮਣਾ ਕਰਨਾ ਪਿਆ। ਜਿਹੜਾ ਕਿ ਕੂਕਾ ਲਹਿਰ ਦੇ ਸੰਗ੍ਰਾਮੀਆਂ ਨੂੰ ਜਰਾਇਮ-ਪੇਸ਼ਾ ਕਰਾਰ ਦਿੱਤਾ ਗਿਆ।

6. ਕੂਕਾ ਲਹਿਰ ਦੇ ਇਤਿਹਾਸ ਨੂੰ ਖ਼ਤਮ ਕਰਨ ਲਈ ਮੁੱਖ ਜ਼ਿੰਮੇਂਦਾਰੀਆਂ ਸਰਮਾਏਦਾਰਾਂ ਨੇ ਤੇ ਜਾਗੀਰਦਾਰਾਂ ਨੇ ਰਾਜਨੀਤਕ ਜਨੂੰਨੀ ਲੀਡਰਾਂ ਨੇ ਭਾਵ ਕੁਰੱਪਟ ਜੁੰਡਲੀ ਨੇ ਫੈਸਲਾ ਕਰ ਲਿਆ। ਕਿਉਂਕਿ ਕੂਕਾ ਲਹਿਰ ਜਨੂੰਨੀ ਦੇ ਖਿਲਾਫ਼ ਸੋਚ ਪਿੱਛੇ ਕੰਮ ਕਰਦੀ ਸੀ। ਸਿੱਧੇ-ਅਸਿੱਧੇ ਰੂਪ ਵਿਚ ਆਮ ਬੁੱਧੀਜੀਵੀਆਂ ਨੂੰ ਪਤਾ ਹੈ ਕਿ ਕਿਥੇ ਤਕ ਸਿੱਖ ਲਹਿਰਾਂ ਦਾ, ਅਤੇ ਕੂਕਾ ਲਹਿਰ ਦੇ ਵਾਰਸਾਂ ਦਾ ਰਹਿਣਾ-ਸਹਿਣਾ ਹੈ। ਕੁਰੱਪਟ ਨੀਤੀ ਦੀ ਲੀਡਰਸ਼ਿਪ, ਸਿੱਖ ਲਹਿਰ ਨੂੰ ਪਾੜ ਕੇ ਆਪਣੀਆਂ ਗੱਦੀਆਂ ਕਾਇਮ ਰੱਖਣਾ ਚਾਹੁੰਦੀ ਸੀ। ਕੂਕਾ ਲਹਿਰ ਦੀਆਂ ਕੁਰਬਾਨੀਆਂ ਦਾ ਸੁਨਹਿਰੀ ਇਤਿਹਾਸ ਖ਼ਤਮ ਕਰਨਾ ਚਾਹੁੰਦੀ ਸੀ। ਚਾਹੇ ਪੰਜਾਬ ਹੈ, ਚਾਹੇ ਹਰਿਆਣਾ ਜਾਂ ਦਿੱਲੀ ਦੇ ਇਤਿਹਾਸ ਦੀਆਂ ਕੁਰਬਾਨੀਆਂ ਦਾ ਇਤਿਹਾਸ ਹੈ। ਪਤਾ ਨਹੀਂ ਭਾਈ, ਭਾਈ ਦੇ ਗਿਰੇਂ

ਹੁੰਦਿਆਂ, ਕੁਰੱਪਟ ਲੀਡਰਸ਼ਿਪ ਵਿਚ, ਕਿਉਂ ਦੀਰਘਾ ਦੇਨੀ ਵਿਕਾਸ ਕਰ ਗਈ ਅਤੇ ਪੰਜਾਬੀਆਂ ਵਿਚ ਇਹਨਾਂ ਲੀਡਰ ਲੋਕਾਂ ਨੇ ਵਿਰਕਾਪ੍ਰਸਤੀ ਦਾ ਰੋਲ ਕਰਨਾ ਕਿਉਂ ਆਰੰਭ ਕਰ ਦਿੱਤਾ।

7. ਧਾਰਮਿਕ ਲੀਡਰਾਂ ਨੂੰ ਅਤੇ ਸਰਮਾਏਦਾਰਾਂ ਨੂੰ ਆਮ ਲੋਕਾਂ ਦੀ ਰੋਟੀ ਅਤੇ ਕਿਸਮਤ ਵੰਡਣ ਖ਼ਾਤਰ, ਇਨ੍ਹਾਂ ਸ਼ੈਤਾਨ ਲੋਕਾਂ ਦੇ ਹੱਥਾਂ ਵਿਚ ਤਰਾਜ਼ੂ ਫੜਾ ਦਿਤਾ ਹੈ। ਜਦੋਂ ਕਿ ਇਹ ਹੱਕ ਵੱਧ ਕੁਰਬਾਨੀਆਂ ਕਰਨ ਵਾਲੀਆਂ ਕੌਮਾਂ ਦੇ ਹੱਥ ਹੁੰਦਾ ਹੈ। ਇਨ੍ਹਾਂ ਲੋਕਾਂ ਨੇ ਕੁਰਬਾਨੀਆਂ ਤਾਂ ਕੀ ਕਰਨੀਆਂ ਸਨ, ਕੁਰਬਾਨੀਆਂ ਦਾ ਨਾਂ ਤਕ ਨਹੀਂ ਜਾਣਦੇ। ਇਨ੍ਹਾਂ ਹੱਥਾਂ ਵਿਚ ਕਦੋਂ ਤਕ ਭਾਰਤ ਆਜ਼ਾਦ ਰਹੇਗਾ।

8. ਭਾਰਤ ਦੇਸ਼ ਨੂੰ ਮੁੜ ਗੁਲਾਮ ਕਰਨ ਵਾਸਤੇ ਆਧਾਰ ਪੈਦਾ ਕੀਤੇ ਜਾ ਰਹੇ ਹਨ। ਜਦੋਂ ਵੱਡਾ ਦੇਸ਼, ਛੋਟੇ ਦੇਸ਼ ਉਤੇ ਹਮਲਾ ਕਰਦਾ ਹੈ, ਜਿੱਤ ਵੱਧ ਕੁਰਬਾਨੀਆਂ ਕਰਨ ਵਾਲੀ ਛੋਟੀ ਕੌਮ ਦੀ ਹੁੰਦੀ ਹੈ। ਜਦੋਂ ਛੋਟੀ ਕੌਮ ਤੇ ਵੱਡੀ ਕੌਮ ਹਮਲਾ ਕਰਦੀ ਹੈ ਜਾਂ ਕਹਿ ਲਵੋ ਜ਼ੁਲਮ ਕਰਦੀ ਹੈ। ਵਡੀਆਂ ਕੌਮਾਂ ਆਪਣੀ ਸਰਦਾਰੀ ਗੁਆ ਬਹਿੰਦੀਆਂ ਹਨ। ਛੋਟੀਆਂ ਕੌਮਾਂ ਆਪਣੀਆਂ ਕੁਰਬਾਨੀਆਂ ਦੇ ਬਲ-ਬੂਤੇ ਸਰਦਾਰੀ ਕਾਇਮ ਕਰ ਲੈਂਦੀਆਂ ਹਨ। ਬਹੁਤਾ ਚਿਰ ਵੱਡੇ ਤੋਂ ਵੱਡਾ ਜਾਬਰ ਵੀ ਕਿਸੇ ਛੋਟੀ ਕੌਮ ਨੂੰ ਦਬਾ ਕੇ ਨਹੀਂ ਰੱਖ ਸਕਦਾ।

9. ਮੈਂ ਹੱਥਲੀ ਕਿਤਾਬ 1934 ਈਸਵੀ ਤੋਂ ਲੈ ਕੇ ਕੂਕਾ ਲਹਿਰ ਬਾਰੇ ਲਿਖਣਾ ਚਾਹੁੰਦਾ ਸੀ। ਕਿਉਂਕਿ ਬਾਬਾ ਭਗਤ ਸਿੰਘ ਅਨੁਸਾਰ 'ਘਾਰੂ' ਜੀ ਨੇ ਮੈਨੂੰ ਆਖ਼ਰੀ ਹਦਾਇਤ ਕੀਤੀ, "ਕਿ ਪੁੱਤਰ 'ਘਾਰੂ' ਜੀ, ਕੂਕਾ ਲਹਿਰ ਬਾਰੇ ਕੋਈ ਕਿਤਾਬ ਜ਼ਰੂਰ ਲਿਖੀਂ" ਇਹ ਤੇਰੀ ਲਿਖੀ ਕਿਤਾਬ ਸੂਖਮ ਆਤਮਾ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।" ਕੂਕਾ ਲਹਿਰ ਦੇ ਅਮਰ ਸ਼ਹੀਦ, ਗੁਰੂ ਨਾਨਕ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਚਲਾਈ ਹੋਈ ਸਾਂਝੀਵਾਲਤਾ ਦੀ ਲਹਿਰ ਨੂੰ ਹੋਰ ਅੱਗੇ ਤੋਰਨ ਵਾਸਤੇ ਯੋਗਦਾਨ ਪਾਉਣਾ ਹੈ। ਮੈਂ ਆਪਣੇ ਹੰਝੂਆਂ ਨਾਲ ਸੁਆਗਤ ਕਰਦਿਆਂ ਸਤਿ ਬਚਨ ਕਹਿ ਦਿੱਤਾ ਸੀ।

10. ਮੈਂ ਉਨ੍ਹਾਂ ਦਿਨਾਂ ਵਿਚ ਆਪਣੇ ਆਪ ਲਈ ਹੈਰਾਨ ਸਾਂ ਕਿ ਮੈਂ ਕੋਈ ਕ੍ਰਾਂਤੀਕਾਰੀ ਲੇਖਕ ਬਣ ਜਾਵਾਂਗਾ। ਬਾਬਾ ਜੀ ਨੂੰ ਸਤਿ-ਬਚਨ ਇਸ ਕਰਕੇ ਕਹਿ ਦਿੱਤਾ ਸੀ ਕਿ ਉਹ ਸਾਡੇ ਕੋਲੋਂ ਸਦਾ ਲਈ ਜਾ ਰਹੇ ਹਨ। ਇਸ ਮਹਾਨ ਸ਼ਕਤੀ ਅੱਗੇ ਮੈਂ ਜਵਾਬ ਨਾ ਕਰਾਂ। ਬਾਬਾ ਜੀ ਨੇ ਅਮਰ ਸ਼ਹੀਦਾਂ ਦੀਆਂ ਕਹਾਣੀਆਂ ਸੁਣ-ਸੁਣਾ ਕੇ ਮੇਰੀ ਬਿਰਤੀ ਸ਼ਹੀਦਾਂ ਦੇ ਚਰਨਾਂ ਵਿਚ ਜੋੜ ਦਿੱਤੀ ਸੀ। ਇੰਨਾ ਲੰਬਾ ਸਮਾਂ ਇਸ ਕਰਕੇ ਲੰਘ ਗਿਆ ਕਿ ਮੇਰੀਆਂ ਮਜਬੂਰੀਆਂ ਜਿਉਂ ਦੀਆਂ ਤਿਉਂ ਹਨ। ਆਓ ਮੈਂ ਆਪਣੀ ਸੋਚ ਬਾਰੇ ਜਾਣਕਾਰੀ ਕਰਵਾਉਂਦਾ ਹਾਂ।

11. ਮੈਂ ਛੋਟੀ ਉਮਰੇ ਕੱਚੀ ਸੋਚ ਦਾ ਆਪਣੇ ਬਾਬਾ ਭਗਤ ਸਿੰਘ ਤੇ ਬਾਬਾ ਸਰਮੁਖ ਸਿੰਘ 'ਘਾਰੂ' ਜੀ ਦਾ ਲਾਡਲਾ ਪੋਤਰਾ ਸਾਂ। ਮੇਰੇ ਦੋ ਬਾਬੇ ਆਜ਼ਾਦੀ ਸੰਗਰਾਮੀਏ ਸਨ। ਮੇਰਾ ਛੋਟਾ ਬਾਬਾ ਭਗਤ ਸਿੰਘ ਕੂਕਾ ਲਹਿਰ ਦਾ ਪੈਰੋਕਾਰ ਸੀ। ਨਾਮਧਾਰੀ ਮਰਯਾਦਾ ਕਾਇਮ ਰੱਖਦੇ ਸਨ। ਵੱਡੇ ਬਾਬਾ ਜੀ ਸਰਮੁੱਖ ਸਿੰਘ ਜੀ ਨੇ ਕਾਂਗਰਸੀ ਸੰਗਰਾਮੀਆਂ ਨਾਲ ਜੁੜ ਕੇ ਆਜ਼ਾਦੀ ਲਹਿਰ ਵਿਚ ਆਪਣਾ ਯੋਗਦਾਨ ਪਾ ਰਹੇ ਸਨ। ਵੱਡੇ ਬਾਬਾ ਜੀ, ਸਰਮੁੱਖ ਸਿੰਘ ਜੀ ਸਾਰੇ ਪਰਿਵਾਰ ਦੇ ਬਣੇ ਲੰਗਰ ਵਿਚੋਂ ਪ੍ਰਸ਼ਾਦਾ ਛਕ ਲੈਂਦੇ ਸਨ। ਕਦੇ-ਕਦੇ ਮੈਨੂੰ ਵੀ ਨਾਲ ਹੀ ਪ੍ਰਸ਼ਾਦਾ ਛਕਾ

Sri Satguru Jagjit Singh Ji Elibrary NamdhariElibrary@gmail.com

ਲਿਆ ਕਰਦੇ ਸਨ। ਬਾਬਾ ਜੀ ਭਗਤ ਸਿੰਘ ਨਾਮਧਾਰੀ ਮਰਯਾਦਾ ਕਾਇਮ ਰੱਖਦੇ ਹੋਏ ਆਪਣਾ ਪ੍ਰਸ਼ਾਦਾ ਆਪ ਤਿਆਰ ਕਰਕੇ ਛਕਦੇ ਸਨ। ਲੰਗਰ ਤਿਆਰ ਕਰਨ ਸਮੇਂ ਮੈਨੂੰ ਨੇੜੇ ਨਾ ਹੋਣ ਦਿੰਦੇ। ਕਈ ਵਾਰ ਮੇਰੇ ਨੁਕੀਆਂ ਵੀ ਸਨ। ਪਿਆਰ ਮੇਰੇ ਨਾਲ ਏਨਾ ਕਰਦੇ ਸਨ ਕਿ ਦੂਰ-ਨੇੜੇ ਜਾਂਦੇ ਸਮੇਂ ਘਰ ਪਰਤਦਿਆਂ ਮੇਰੇ ਲਈ ਚੀਜੀ ਜ਼ਰੂਰ ਲਿਆਉਂਦੇ ਸਨ। ਜਦੋਂ ਮੈਂ ਬਾਬਾ ਜੀ ਨੂੰ ਦੂਰੋਂ ਆਉਂਦਿਆਂ ਦੇਖਦਾ, ਮੈਂ ਸਾਰੇ ਜ਼ੋਰ ਨਾਲ ਭੱਜ ਕੇ ਬਾਬਾ ਜੀ ਦੇ ਚਰਨਾਂ ਤੇ ਹੱਥ ਰੱਖ ਕੇ ਸਤਿ ਸ੍ਰੀ ਅਕਾਲ ਬੁਲਾਉਂਦਾ। ਮੈਨੂੰ ਬੁੱਕਲ ਵਿਚ ਲੈਂਦਿਆਂ ਆਖਦੇ, ਮੈਂ ਆਪਣੇ ਬੱਚੂ ਵਾਸਤੇ ਚੀਜੀ ਲਿਆਇਆ ਹਾਂ। ਚਰਨੀਂ ਹੱਥ ਲਾਉਣਾ ਮੇਰੀ ਮਾਤਾ ਜੀ ਨੇ ਸਿਖਾਇਆ ਸੀ। ਮੈਂ ਸਾਰੀ ਉਮਰ ਆਪ ਤੋਂ ਵੱਡਿਆਂ ਦਾ ਸੁਆਗਤ ਚਰਨੀਂ ਹੱਥ ਲਾ ਕੇ ਹੀ ਕੀਤਾ।

12. ਬਾਬਾ ਭਗਤ ਸਿੰਘ ਜੀ ਮੈਨੂੰ ਕੂਕਾ ਲਹਿਰ ਦੀਆਂ ਲੰਮੀਆਂ-ਲੰਮੀਆਂ ਕਹਾਣੀਆਂ ਸੁਣਾਉਂਦੇ ਸਨ। ਉਸ ਸਮੇਂ ਅੱਖਾਂ ਦੀਆਂ ਚਿੱਟੀਆਂ ਭਿਮਣੀਆਂ ਵਿਚੋਂ ਪਰਲ-ਪਰਲ ਅੱਥਰੂ ਬਹਿ ਤੁਰਦੇ ਸਨ। ਫਿਰ ਕਿੰਨਾ-ਕਿੰਨਾ ਚਿਰ ਨਾ ਬੋਲਦੇ। ਮੈਂ ਆਪਣੀਆਂ ਦੋਵੇਂ ਬਾਹਾਂ ਗਲੇ ਵਿਚ ਪਾ ਕੇ ਬੋਲਦਾ, "ਕਿ ਬਾਬਾ ਜੀ ਤੁਸੀਂ ਕਹਾਣੀ ਕਿਉਂ ਨਹੀਂ ਸੁਣਾਉਂਦੇ, ਚੁੱਪ ਕਿਉਂ ਹੋ ਗਏ ?" ਕਹਾਣੀ ਸੁਣਨ ਵਾਸਤੇ ਜ਼ਿੱਦ ਕਰਦਾ। ਫਿਰ ਬਾਬਾ ਜੀ ਕਹਿੰਦੇ ਕਿ ਪੁੱਤਰ ਇਹ ਕਹਾਣੀ ਕੱਲ੍ਹ ਰਾਤ ਨੂੰ ਯਾਦ ਕਰ ਕਰ ਕੇ ਸੁਣਾਵਾਂਗਾ। ਹੁਣ ਮੈਨੂੰ ਯਾਦ ਨਹੀਂ ਆਉਂਦੀ। ਮੈਂ ਫਿਰ ਤਰਲਾ ਕਰਕੇ ਆਖਦਾ ਕਿ ਬਾਬਾ ਜੀ ਹੁਣ ਤਾਂ ਤੁਸੀਂ ਸੁਣਾਉਂਦੇ ਸਾਨੂੰ, ਹੁਣ ਕਿਉਂ ਭੁੱਲ ਗਏ ? ਤਾਂ ਬਾਬਾ ਜੀ ਆਖਦੇ ਪੁੱਤਰ ਮੈਂ ਬੁੱਢਾ ਜੋ ਹੋ ਗਿਆ ਹਾਂ। ਹਾਂ, ਹਾਂ—ਬੋਟੇ ਬੁੱਢਿਆਂ ਨੂੰ ਯਾਦ ਭੁੱਲ ਜਾਂਦੀ ਹੈ। ਮੈਨੂੰ ਫਿਰ ਸੁਣਾਉਣ ਵਾਸਤੇ ਮਜਬੂਰ ਕਰਦੇ ਰਹਿੰਦੇ। ਵੱਡੇ ਬਾਬਾ ਜੀ ਵੀ ਮੈਨੂੰ ਕਹਾਣੀਆਂ ਸੁਣਾਉਂਦੇ। ਇਸੇ ਤਰ੍ਹਾਂ ਕੂਕਾ ਲਹਿਰ ਬਾਬੇ ਮੈਨੂੰ ਵਿਰਸੇ ਵਿਚੋਂ ਤੱਥ ਮਿਲੇ।

13. ਜਦ ਮੇਰੀ ਰਾਜਨੀਤਕ ਸੋਚ ਬਣੀ, ਮੈਂ ਅਤੇ ਮੇਰਾ ਦੋਸਤ ਕਰਤਾਰ ਸਿੰਘ "ਨਿਧੜਕ', ਸ੍ਰ: ਨਛੱਤਰ ਸਿੰਘ 'ਸਾਦ' ਦੀ ਵਰਕਰੀ ਕਰਦੇ ਸਾਂ। ਵਰਕਰੀ ਕਰਦਿਆਂ 'ਸਾਦ' ਸਾਹਿਬ ਤੋਂ ਕੂਕਾ ਲਹਿਰ ਦੇ ਤੱਥ ਨੋਟ ਕਰਵਾ ਦਿੰਦੇ। ਮੈਂ ਜ਼ਿੰਦਗੀ ਦੇ ਮਾਰਗ ਵਿਚ ਸਾਥੀਆਂ ਸਮੇਤ ਅੱਗੇ ਵਧਦਾ ਗਿਆ। ਸਿੱਖਣ ਦੀ ਭਾਵਨਾ ਬਾਬਾ ਜੀ ਪਾਸੋਂ ਮੈਂ ਪਹਿਲਾ ਹੀ ਪ੍ਰਾਪਤ ਕਰ ਲਈ ਸੀ।

14. ਮੈਂ 1934 ਈਸਵੀ ਤੋਂ ਲੈ ਕੇ ਬਾਬਾ ਭਗਤ ਸਿੰਘ 'ਘਾਰੂ' ਜੀ ਦੀ ਸਿੱਖਿਆ ਅਨੁਸਾਰ 1965 ਈਸਵੀ ਤਕ ਨਾਮਧਾਰੀ ਸਿੱਖ ਸਜਿਆ ਰਿਹਾ। ਮੈਨੂੰ ਇਸ ਦਰਮਿਆਨ ਨਾਮਧਾਰੀ ਮੁਖਤਿਆਰਾਂ ਤੋਂ ਕੂਕਾ ਲਹਿਰ ਨੂੰ ਸੀਮਤ ਘੇਰੇ ਵਿਚ ਰੱਖਦਿਆਂ ਅਤੇ ਮਨ-ਮੱਤ ਕਰਦਿਆਂ, ਕਿੰਤੂ ਹੁੰਦਾ ਰਿਹਾ। ਛੂਤ-ਛਾਤ ਦਾ ਤਰੀਕਾ ਬਹੁਤ ਹੀ ਗਲਤ ਲੱਗਾ। ਅਸੀਂ ਮਜ਼ਹਬੀ ਸਿੱਖ ਨਾਮਧਾਰੀ ਹੁੰਦੇ ਹੋਏ ਮੁਖਤਿਆਰਾਂ ਦੂਰ-ਦੂਰ ਕਰਵਾਉਂਦੇ ਰਹੇ। ਜਿਹੜੇ ਲੋਕ ਮਾਸ, ਸ਼ਰਾਬ ਖਾਂਦੇ ਪੀਂਦੇ ਸਨ। ਕੁਝ ਦਿਨਾਂ ਵਾਸਤੇ ਸੋਧ ਰੱਖ ਕੇ ਲੰਗਰ ਵਿਚ ਕੰਮ ਕਰਦੇ ਸਨ। ਲੰਗਰ ਪਕਾਉਂਦੇ ਤੇ ਵਰਤਾਉਂਦੇ ਸਨ। ਪਰ ਸਾਨੂੰ ਦੂਰ-ਦੂਰ ਕਰਦੇ ਰਹਿੰਦੇ ਸਨ।

15. ਮੈਂ ਆਪਣਾ ਦਾਇਰਾ ਸੁੰਗੜਦਾ ਦੇਖ ਕੇ 1965 ਈਸਵੀ ਨੂੰ ਸੀ.ਪੀ.ਆਈ. ਕੰਮਿਨਿਸਟ ਪਾਰਟੀ ਦਾ ਮੈਂਬਰ ਬਣ ਗਿਆ। ਕੁਝ ਯੋਗਦਾਨ ਸਮਾਜ ਵਿਚ ਪਾਉਣ ਲਈ

Sri Satguru Jagjit Singh Ji Elibrary NamdhariElibrary@gmail.com

ਤਹੱਈਆ ਕਰ ਲਿਆ। ਮੈਂ ਮਾਰਕਸ ਫਿਲਾਸਫੀ ਦਾ ਅਧਿਐਨ ਲਗਾਤਾਰ ਕਰਦਾ ਰਿਹਾ। ਜ਼ਿਲ੍ਹਾ ਸੈਕਟਰੀ ਬਲਦੇਵ ਬਖਸ਼ੀ ਦੀਆਂ ਸਮਾਜਿਕ ਗਤੀਵਿਧੀਆਂ 'ਮਾਰਕਸ' ਫਿਲਾਸਫੀ ਨਾਲ ਮੇਲ ਖਾਂਦੀਆਂ ਨਾ ਦੇਖ ਕੇ ਮੈਂ ਜਰ ਨਾ ਸਕਿਆ। ਮੈਂ ਮੈਂਬਰਸ਼ਿਪ ਤੋਂ ਅਸਤੀਫਾ ਦੇ ਦਿੱਤਾ। ਮੈਨੂੰ 'ਬਖਸ਼ੀ' ਦੀ ਨੀਤੀ ਸਰਮਾਇਦਾਰੀ ਝੋਲੀ ਚੁੱਕ ਜਾਪੀ। ਜਦੋਂ ਮੈਂ ਉਸ ਦੀਆਂ ਗਤੀ-ਵਿਧੀਆਂ ਤੇ ਕਿੰਤੂ ਕਰਦਾ, ਮੇਰੇ ਮਗਰ ਰੁੱਸੇ ਨਾਮਧਾਰੀ (ਨਾਨ ਪੋਲਿਟੀਕਲ) ਨੌਜਵਾਨਾਂ ਪਾ ਦਿੰਦਾ। ਜਦੋਂ ਮੈਂ ਮਾਰਕਸ ਦੇ ਸਿਧਾਂਤ ਨਾਲ ਜੋੜ ਕੇ ਕਿਸੇ ਮੀਟਿੰਗ ਵਿਚ ਕੂਕਾ ਲਹਿਰ ਨੂੰ ਇਨਕਲਾਬੀ ਆਖਦਾ ਤਾਂ ਜਿਹੜੇ ਨਾਮਧਾਰੀਆਂ ਤੋਂ ਰੁੱਸ ਕੇ ਕਾਮਰੇਡ ਬਣੇ ਸਨ ਉਨ੍ਹਾਂ ਤੋਂ ਬਚਣਾ ਔਖਾ ਹੋ ਜਾਂਦਾ। ਅਖ਼ੀਰ ਮੈਨੂੰ ਇੰਜ ਲੱਗਦਾ ਕਿ ਇਹ ਲੋਕ ਬਾਬਾ ਭਗਤ ਸਿੰਘ ਜੀ ਨੂੰ ਝੂਠਾ ਆਖਦੇ ਹੋਣ। ਮੈਨੂੰ ਇਸ ਕਰਕੇ ਸੀ.ਪੀ.ਆਈ. ਦੀ ਮੈਂਬਰਸ਼ਿਪ ਤੋਂ ਅਸਤੀਫਾ ਦੇਣਾ ਪਿਆ ਸੀ। ਮੈਂ ਉਨ੍ਹਾਂ ਦਿਨਾਂ ਵਿਚ ਆਪਣੇ ਆਪ ਨੂੰ ਘਟੀਆ ਮਹਿਸੂਸ ਕਰਦਾ ਰਿਹਾ। ਮੇਰੀ ਸੋਚ ਮਾਰਕਸ ਦੇ ਸਿਧਾਂਤ ਨਾਲ ਜੁੜੀ ਰਹੀ।

16. ਇਸ ਤੋਂ ਬਾਅਦ ਮੈਂ ਕ੍ਰਾਂਤੀਕਾਰੀ ਲੇਖਕ ਸਭਾ ਨਾਲ ਜੁੜ ਗਿਆ। ਮੀਟਿੰਗਾਂ, ਗੋਸ਼ਟੀਆਂ ਵਿਚ ਲਗਾਤਾਰ ਹਿੱਸਾ ਲੈਂਦਾ ਰਿਹਾ। ਕ੍ਰਾਂਤੀਕਾਰੀ ਸਾਹਿਤ ਸਭਾ ਪੰਜਾਬ ਨੇ ਮੈਨੂੰ 1989 ਦੀਸਵੀ ਨੂੰ ਸਰਬ-ਸੰਮਤੀ ਨਾਲ ਕ੍ਰਾਂਤੀਕਾਰੀ ਸਾਹਿਤ ਸਭਾ ਪੰਜਾਬ, ਦਾ ਸੂਬਾ ਕਮੇਟੀ ਦਾ ਮੈਂਬਰ ਚੁਣ ਲਿਆ। ਮੈਂ ਲਗਾਤਾਰ ਕ੍ਰਾਂਤੀਕਾਰੀ ਸਾਹਿਤ ਸਭਾ ਨਾਲ ਆਪਣਾ ਸੰਪਰਕ ਜਾਰੀ ਰੱਖਦਿਆਂ ਕੂਕਾ ਲਹਿਰ ਬਾਰੇ, ਬੱਬਰ ਅਕਾਲੀ ਲਹਿਰ ਬਾਰੇ ਹੋਰਨਾਂ ਆਜ਼ਾਦੀ ਸੰਗ-ਰਾਮੀਆਂ ਦੀ ਲਹਿਰ ਬਾਰੇ ਗੋਸ਼ਟੀਆਂ ਹੁੰਦੀਆਂ ਰਹੀਆਂ। ਮੈਂ ਪੰਜਾਬੀ ਕੌਮ ਦੇ ਤੱਥ ਨੋਟ ਕਰਦਾ ਹੋਇਆ ਜੀਵਨ ਮਾਰਗ ਵਿਚ ਅੱਗੇ ਵਧਦਾ ਰਿਹਾ।

17. ਕੂਕਾ ਲਹਿਰ ਬਾਰੇ ਅਤੇ ਆਜ਼ਾਦੀ ਸੰਗਰਾਮ ਦੇ ਇਤਿਹਾਸਕ ਕ੍ਰਾਂਤੀਕਾਰੀ ਤੱਥ ਇਸ ਹੱਥਲੀ ਕਿਤਾਬ ਵਿਚ ਮੈਂ ਆਪਣੀ ਯੋਗਤਾ ਮੁਤਾਬਿਕ ਇਕੱਤਰ ਕੀਤੇ ਹਨ। ਮੈਂ ਸਾਥੀ ਅਮਰ ਭਾਰਤੀ ਜੀ, ਐਸ.ਐਸ. ਮਨਧੀਰ ਜੀ, ਪ੍ਰੀਤਮ ਸਿੰਘ ਕਵੀ ਅਤੇ ਸਨੇਹੀ ਸਾਹਿਬ ਦੀਆਂ ਲਿਖਤਾਂ ਵਿਚੋਂ ਵੀ ਕੁਝ ਕ੍ਰਾਂਤੀਕਾਰੀ ਤੱਥ ਇਕੱਤਰ ਕੀਤੇ ਹਨ। ਮੇਰੀ ਸੋਚ ਮੇਰੇ ਬੀਤੇ ਦੀ ਆਲੋਚਨਾ ਕਰਦੀ ਰਹੀ। ਅਜਿਹਾ ਨਾ ਹੋਵੇ ਕਿ ਮੈਂ ਆਪਣੇ ਬਾਬਾ ਜੀ ਦੇ ਹੁਕਮ ਨੂੰ ਭੁੱਲ ਨਾ ਜਾਵਾਂ। ਇਹ ਜੱਦੋ-ਜਹਿਦ ਮੇਰੀ ਜ਼ਿੰਦਗੀ ਨਾਲ ਅੱਗੇ ਹੀ ਅੱਗੇ ਵਧਦਾ ਰਿਹਾ। ਮੈਂ ਸਾਰੀ ਉਮਰ ਇਸ ਕਿੰਤੂ ਤੋਂ ਆਜ਼ਾਦ ਨਾ ਹੋ ਸਕਿਆ। ਮੇਰੀਆਂ ਮਜਬੂਰੀਆਂ ਵਿਚ ਵਾਧਾ ਹੁੰਦਾ ਰਿਹਾ।

18. ਮੈਨੂੰ ਇਸ ਕਿਤਾਬ ਨੂੰ ਲਿਖਣ ਲਈ ਬਹੁਤ ਬੁੱਧੀਜੀਵੀਆਂ ਨੇ ਉਤਸਾਹਿਤ ਕੀਤਾ। 'ਮੁਕਤਾ' ਪਰਿਵਾਰ, ਹਰਦੇਵ ਸਿੰਘ ਸੰਧੂ, ਡਾ: ਰਣਜੀਤ ਸਿੰਘ, ਡਾ: ਰਣਜੀਤ ਸਿੰਘ, ਸ੍ਰ: ਜੋ ਸਿੰਘ ਸੰਧੂ ਪਰਿਵਾਰ, ਕਾਮਰੇਡ ਗੁਰਮੀਤ ਸਿੰਘ, ਸਰਦਾਰ ਕਰਤਾਰ ਸਿੰਘ, ਜਗਦੀਸ਼ ਸਿੰਘ 'ਨਾਥ' ਪਰਿਵਾਰ, ਜਥੇਦਾਰ ਹਰਨਾਮ ਸਿੰਘ 'ਧੱਕੇਸ਼ਾਹੀਆਂ' ਦੇ ਸਮੁੱਚੇ ਪਰਿਵਾਰ ਨੇ ਆਖਿਆ "ਘਾਰੂ ਜੀ ਸਾਡੀ ਆਉਣ ਵਾਲੀ ਨਵੀਂ ਪੀੜੀ ਸਾਡੇ ਬਜ਼ੁਰਗਾਂ ਦੇ ਵਿਰਸੇ ਨੂੰ ਭੁਲਦੀ ਜਾ ਰਹੀ ਹੈ। ਜਿਹੜੀਆਂ ਕੌਮਾਂ ਆਪਣੇ ਵਿਰਸੇ ਨੂੰ ਜਿਊਂਦਾ ਰੱਖਦੀਆਂ ਹਨ ਉਹ ਕੌਮਾਂ ਜਿਊਂਦੀਆਂ ਰਹਿੰਦੀਆਂ ਹਨ।"

**19. ਮੈਂ ਆਪਣੀ ਯੋਗਤਾ ਮੁਤਾਬਿਕ ਕੂਕਾ ਲਹਿਰ ਦਾ ਸੰਗਰਾਮ ਸੰਖੇਪ ਰੂਪ ਵਿਚ ਲਿਖ ਕੇ ਕਿਤਾਬ ਦਾ ਰੂਪ ਦਿੰਦਾ ਹੋਇਆ ਖੁਸ਼ੀ ਮਹਿਸੂਸ ਕਰਦਾ ਹਾਂ।**

**ਪੂਜਨੀਕ ਅਜ਼ਾਦੀ ਘੁਲਾਟੀਏ ਬਾਬਾ ਭਗਤ ਸਿੰਘ 'ਘਾਰੂ' ਜੀ ਨੂੰ ਅਤੇ ਬਾਬਾ ਸਰਮੁੱਖ ਸਿੰਘ 'ਘਾਰੂ' ਜੀ ਨੂੰ ਸਮਰਪੱਤ ਕਰਦਾ ਹੋਇਆ ਖੁਸ਼ੀ ਮਹਿਸੂਸ ਕਰਦਾ ਹਾਂ। ਮੇਰਾ ਆਪਣਾ ਫਰਜ਼ ਹੌਲਾ ਹੋ ਗਿਆ ਜਾਪਦਾ ਹੈ।**

**—ਗੁਰਦਾਸ ਸਿੰਘ 'ਘਾਰੂ'**
**ਪਿੰਡ ਤੇ ਡਾਕਘਰ—ਜੱਗ ਮਾਲੇਰਾ (ਸੰਤ ਨਗਰ)**
**ਸਿਰਸਾ—125075 (ਹਰਿਆਣਾ)**

**10-6-92**

# ਧਰਮ ਮਨੁੱਖ ਨੂੰ ਮਨੁੱਖੀ ਬਰਾਬਰਤਾ ਸਿਖਾਉਂਦਾ ਹੈ

1. ਗੁਰੂ ਨਾਨਕ ਸਾਹਿਬ ਮਨੁੱਖੀ ਸਾਂਝੀਵਾਲਤਾ ਦਾ ਉਪਦੇਸ਼ ਕਰਦੇ ਆਖਦੇ ਹਨ—

"ਏਕ ਨੂਰ ਤੇ ਸਭ ਜਗੁ ਉਪਜਿਆ।
ਕੌਣ ਭਲੇ, ਕੌਣ ਮੰਦੇ।"

ਅੱਗੇ ਹੋਰ ਆਖਦੇ ਹਨ—

"ਏਕੁ ਪਿਤਾ ਏਕਸ ਕੇ ਹਮ ਬਾਰਿਕ।"

ਸੋਚਿਆ ਜਾਵੇ ਤਾਂ ਸਮੁੱਚੀ ਪੰਜਾਬੀ ਕੌਮ ਨੇ 1849 ਈਸਵੀ ਤਕ ਹਿੰਦੂ, ਮੁਸਲਮਾਨ ਸਿੱਖ, ਇਸਾਈਆਂ ਨੇ ਉਪਰੋਕਤ ਤੁਕਾਂ ਉੱਤੇ ਅਮਲ ਕਰਕੇ, ਪੰਜਾਬੀ ਕੌਮ ਦੇ ਹਿੱਤਾਂ ਵਾਸਤੇ ਆਪਣਾ ਏਕਾ ਕਾਇਮ ਰੱਖਿਆ। ਗੁਰੂ ਨਾਨਕ ਸਾਹਿਬ ਦਾ ਮਨੁੱਖੀ ਸਿਧਾਂਤ ਵਿਕਾਸ ਕਰਦਾ ਕਰਦਾ ਭਵਿੱਖ ਵੱਲ ਵਧਦਾ ਗਿਆ। ਚਾਰੇ ਧਰਮਾਂ ਨੂੰ ਮੰਨਣ ਵਾਲੇ ਲੋਕ, ਜ਼ੁਲਮ-ਜਬਰ ਦੇ ਖ਼ਿਲਾਫ਼ ਲਗਾਤਾਰ ਲੜਦੇ ਰਹੇ ਸਨ। 1857 ਈਸਵੀ ਦਾ ਗ਼ਦਰ ਕਰਨ ਸਮੇਂ ਤਕ ਹਿੰਦੁਸਤਾਨ ਦੇ ਭਵਿੱਖ ਨੂੰ ਉਸਾਰਨ ਵਾਸਤੇ ਪੰਜਾਬੀ ਕੌਮ ਨੇ ਇਹਨਾਂ ਵਿਚੋਂ ਲੜਨ ਦਾ ਸਬੂਤ ਮਿਲਦਾ ਹੈ। ਪੰਜਾਬੀ ਲੋਕ ਭਾਰਤ ਦੇ ਭਵਿੱਖ ਨੂੰ ਉਸਾਰਨ ਲਈ ਯੋਗਦਾਨ ਪਾਉਂਦੇ ਰਹੇ। ਗੁਰੂ ਨਾਨਕ ਦੇ ਸਿਧਾਂਤ ਨੂੰ ਮੰਨਣ ਵਾਲੇ ਮਨੁੱਖੀ ਬਰਾਬਰਤਾ ਵਾਸਤੇ ਨਿਸ਼ਕਾਮ ਜ਼ੁਲਮ ਦੇ ਖ਼ਿਲਾਫ਼ ਲੜਦੇ ਰਹਿਣਗੇ।

2. ਆਪਣੇ ਦੇਸ਼ ਦੇ ਹਿੱਤਾਂ ਨੂੰ ਸਮਝਦੀ ਹੋਈ ਪੰਜਾਬੀ ਕੌਮ ਨੇ ਕਿਰਤੀ ਵਰਗ ਦੇ ਮੋਢਿਆਂ ਉੱਤੇ ਉਦੋਂ ਵੀ ਪੰਜਾਲੀ ਰੱਖੀ ਹੋਈ ਸੀ। ਮਾਤ-ਭਾਸ਼ਾ ਨੂੰ ਸਮਝਦਿਆਂ ਏਕਾ ਕਰਕੇ ਜ਼ਾਲਮ ਦੀ ਤਲਵਾਰ ਨੂੰ ਖੁੰਢਿਆਂ ਕਰਦੇ ਸਨ। ਸਰਮਾਏਦਾਰ ਰਜਵਾੜੇ ਵੱਖ-ਵੱਖ ਧਰਮਾਂ ਦੇ ਨਾਂ ਵਰਤ ਕੇ ਉਦੋਂ ਵੀ ਫ਼ਿਰਕਾ-ਪ੍ਰਸਤੀ ਦੀਆਂ ਤਲਵਾਰਾਂ ਆਮ ਲੋਕਾਂ ਦੇ ਹੱਥਾਂ ਵਿਚ ਫੜਾ ਕੇ ਆਪਣੀ ਨਿੱਜੀ ਮਾਲਕੀ ਵਾਸਤੇ ਮਨੁੱਖੀ ਜਾਨਾਂ ਦਾ ਘਾਣ ਕਰਨ ਦਾ ਰੋਲ ਕਰਦੇ ਸਨ। ਨਿੱਜੀ ਮਾਲਕੀ ਨੇ ਅੱਜ ਵੀ ਪੰਜਾਬੀ ਕੌਮ ਦੀ ਦਿਸ਼ਾ ਵਿਗਾੜ ਦਿੱਤੀ ਹੈ। ਧਰਮਾਂ ਨੂੰ ਫ਼ਿਰਕਾ-ਪ੍ਰਸਤੀ ਨਸ਼ਟ ਕਰ ਰਹੀ ਹੈ।

3. ਬੀਤੇ ਸਮੇਂ ਗੁਰੂ ਨਾਨਕ ਸਾਹਿਬ ਦੇ ਉਪਰੋਕਤ ਸ਼ਬਦ ਪੰਜਾਬੀ ਕੌਮ ਦੇ ਕੰਨਾਂ 'ਚ ਗੂੰਜਦੇ ਰਹਿੰਦੇ ਸਨ। ਵਿਦਵਾਨ ਲੋਕ ਪੰਗਤ ਅਤੇ ਸੰਗਤ ਬਾਰੇ ਖੋਜ ਕਰਦੇ ਸਨ। ਉਹਨਾਂ ਦਿਨਾ ਵਿਚ ਪੰਜਾਬੀ ਕੌਮ ਦੇ ਏਕੇ ਤੋਂ ਵੱਡੇ-ਵੱਡੇ ਜੰਗਬਾਜ਼ ਕੰਬਦੇ ਸਨ। ਬਰਤਾਨੀਆ ਸਰਕਾਰ ਪੂਰਾ 100 ਸਾਲ ਪੰਜਾਬੀ ਕੌਮ ਤੋਂ ਡਰਦੀ ਰਹੀ। ਸਰਦਾਰ ਰਣਜੀਤ ਸਿੰਘ ਨੇ 1809 ਨੂੰ ਅੰਗਰੇਜ਼ ਸਰਕਾਰ ਨਾਲ ਸਮਝੌਤਾ ਕਰਕੇ ਡਰ ਦੂਰ ਕਰ ਦਿੱਤਾ ਸੀ।

4. ਪੂਰਬੀ ਹਿੰਦ 'ਚ ਬਰਤਾਨੀਆ ਸਰਕਾਰ ਨੇ 200 ਸਾਲ ਰਾਜ ਕੀਤਾ। ਪੰਜਾਬੀ ਕੌਮ ਨੇ ਅੰਗਰੇਜ਼ ਸਰਕਾਰ ਨੂੰ 100 ਸਾਲ ਪੰਜਾਬ ਉੱਤੇ ਰਾਜ ਪੂਰਾ ਨਹੀਂ ਕਰਨ ਦਿੱਤਾ। ਅੰਗਰੇਜ਼



Sri Satguru Jagjit Singh Ji Elibrary NamdhariElibrary@gmail.com

ਸਾਮਰਾਜੀਆਂ ਨੂੰ 3 ਸਾਲ ਪਹਿਲਾਂ ਹੀ ਭਜਾ ਦਿੱਤਾ। ਕਿਉਂਕਿ ਇੱਥੇ ਗੁਰੂ ਨਾਨਕ ਸਾਹਿਬ ਦੀ ਚਲਾਈ ਹੋਈ ਸਾਂਝੀਵਾਲਤਾ ਦੀ ਸ਼ਕਤੀ ਦਾ ਸਿਧਾਂਤ ਲਾਗੂ ਹੋ ਚੁਕਿਆ ਸੀ। ਗੁਰੂਆਂ ਦਾ ਸਿਧਾਂਤ ਮਨੁੱਖੀ ਬਰਾਬਰਤਾ ਦਾ ਸਿਧਾਂਤ ਮੰਨਿਆ ਜਾਂਦਾ ਹੈ।

5. ਬਰਤਾਨੀਆ ਸਰਕਾਰ ਨੇ ਪੰਜਾਬੀ ਕੌਮ ਦੇ ਸੂਰਮਿਆਂ ਤੇ ਬਹਾਦਰਾਂ ਨੂੰ ਜਿੱਤ ਕੇ ਪੰਜਾਬ ਦਾ ਰਾਜ ਕਾਇਮ ਨਹੀਂ ਸੀ ਕੀਤਾ। ਸਗੋਂ ਦੇਸ਼-ਧਰੋਹੀ ਡੋਗਰਿਆਂ ਨੂੰ ਖ਼ਰੀਦ ਕੇ ਮੁੜ ਬੇਈਮਾਨੀ ਨਾਲ ਕਬਜ਼ਾ ਕੀਤਾ ਸੀ। ਰਾਜਾ ਧਿਆਨ ਸਿੰਘ ਯੂ. ਪੀ. ਦੇ ਡੋਗਰੇ ਸਨ। ਇਹਨਾਂ ਨੇ ਆਪਣੇ-ਆਪ ਨਾਲ ਅਤੇ ਪੰਜਾਬ ਨਾਲ ਗ਼ਦਾਰੀ ਕੀਤੀ ਸੀ। ਅੰਗਰੇਜ਼ ਸਰਕਾਰ ਨੇ ਪੰਜਾਬ ਉੱਤੇ 1849 ਈਸਵੀ ਨੂੰ ਕਬਜ਼ਾ ਕੀਤਾ ਸੀ।

6. ਪੰਜਾਬ ਉੱਤੇ ਕਬਜ਼ਾ ਕਰਦਿਆਂ ਸਾਰ ਹੀ ਬਰਤਾਨੀਆ, ਲੰਡਨ ਸਰਕਾਰ ਨੇ 1853 ਈਸਵੀ ਨੂੰ ਫਿਰਕਾ-ਪ੍ਰਸਤੀ ਦਾ ਬਿਲ ਪਾਸ ਕਰਕੇ ਲਾਹੌਰ ਹੈੱਡ-ਕੁਆਟਰ ਨੂੰ ਭੇਜ ਦਿੱਤਾ ਸੀ। ਇਸ ਬਿਲ ਰਾਹੀਂ ਧਰਮਾਂ ਦੇ ਪੁਜਾਰੀਆਂ ਰਾਹੀਂ ਆਪਣੇ ਖ਼ਰੀਦੇ ਝੋਲੀ-ਚੁੱਕਾਂ ਰਾਹੀਂ, ਦੇਸ਼-ਗ਼ਦਾਰਾਂ ਰਾਹੀਂ ਛੇਤੀ ਤੋਂ ਛੇਤੀ ਇਸ ਬਿੱਲ ਨੂੰ ਲਾਗੂ ਕਰਨਾ ਬਹੁਤ ਜ਼ਰੂਰੀ ਸੀ। ਗੁਰੂਆਂ ਦੇ ਮਨੁੱਖੀ ਸਿਧਾਂਤ ਨੂੰ ਕਰਾਮਾਤਾਂ ਵਿਚ ਬਦਲਣਾ ਸੀ। ਗੁਰੂਆਂ ਦੀ ਵਿਚਾਰਧਾਰਾ ਨੂੰ ਗੈਬੀ ਸ਼ਕਤੀ ਵਿਚ ਬਦਲਣਾ ਸੀ। ਪੰਜਾਬੀ ਕੌਮ ਦੇ ਜੁਝਾਰੂ ਕਲਚਰ ਨੂੰ ਬਦਲਣਾ ਸੀ। ਹਿੰਦੀ ਲੇਖਕ ਵੱਧ ਖ਼ਰੀਦੇ ਗਏ ਸਨ। ਪੰਜਾਬੀ ਲੇਖਕ ਘੱਟ। ਪੰਜਾਬੀ ਲੇਖਕ ਗੁਰਬਾਣੀ ਆਖ ਕੇ ਰਾਖੀ ਵੀ ਕਰਦੇ ਸਨ। ਉਰਦੂ ਕਲਚਰ ਬਹੁਤ ਲੰਬਾ-ਚੌੜਾ ਸੀ। ਇਸਨੂੰ ਵੀ ਲੋੜ ਅਨੁਸਾਰ ਵਰਤਿਆ ਗਿਆ ਸੀ ਅਤੇ ਗੈਬੀ ਕਰਾਮਾਤਾਂ ਦਾ ਰੂਪ ਦਿੱਤਾ ਗਿਆ ਸੀ।

7. ਰਾਜ ਕਰਦੀਆਂ ਸਰਕਾਰਾਂ ਤੋਂ ਪੰਜਾਬੀ ਕੌਮ ਦਾ ਕਲਚਰ ਕਿਸੇ ਨਾ ਕਿਸੇ ਰੂਪ 'ਚ ਬਚਦਾ ਹੀ ਰਿਹਾ। ਪੰਜਾਬੀ ਕਲਚਰ ਦੀ ਹੋਂਦ ਸਾਂਝੀਵਾਲਤਾ ਸਿਖਾਉਂਦੀ ਹੈ। ਕਲਚਰ ਹੀ ਕੌਮਾਂ ਦੀ ਜਾਨ ਹੁੰਦੀ ਹੈ। ਇਸ ਕਰਕੇ ਰਾਜ ਕਰਨ ਵਾਲੀਆਂ ਸਰਕਾਰਾਂ ਕਲਚਰ ਨੂੰ ਖ਼ਤਮ ਕਰਨਾ ਆਪਣੀ ਜਿੱਤ ਸਮਝਦੀਆਂ ਹਨ। ਖ਼ਾਲਸਾ ਲਹਿਰ ਕਲਚਰ ਦੇ ਗਿਆਨ ਮੁਤਾਬਿਕ ਜਿੱਤ ਹਾਸਲ ਕਰਦੀ ਰਹੀ। ਸਾਂਝੀ ਮਨੁੱਖੀ ਬਰਾਬਰਤਾ ਦਾ ਚਿੰਨ੍ਹ ਬਣ ਗਈ ਹੈ।

ਖਾਲਸਾ ਲਹਿਰ ਤੋਂ ਬਾਅਦ ਕੂਕਾ ਲਹਿਰ ਦਾ ਮਨੁੱਖੀ ਬਰਾਬਰਤਾ ਦਾ ਮੁੜ ਆਜ਼ਾਦੀ ਸੰਘਰਸ਼ ਲਗਾਤਾਰ 100 ਸਾਲ ਦੇ ਲਗਭਗ ਚਲਦਾ ਰਿਹਾ। ਹੇਠਲੀ ਕਿਤਾਬ ਅੰਦਰ ਦਰਜ ਕੀਤਾ ਗਿਆਨ ਆਪ ਕੂਕਾ ਲਹਿਰ ਦੇ ਸੰਘਰਸ਼ ਬਾਰੇ ਜਾਣਕਾਰੀ ਪ੍ਰਾਪਤ ਕਰੋ।

ਲੇਖਕ—ਗੁਰਦਾਸ ਸਿੰਘ 'ਘਾਰੂ'
V.P.O- ਜੱਗ ਮਾਲੇਰਾ—ਸੰਤ ਨਗਰ
ਸਿਰਸਾ—125675 (ਹਰਿਆਣਾ)

Sri Satguru Jagjit Singh Ji Elibrary NamdhariElibrary@gmail.com

ਕਾਂਡ—1

# ਮਲੇਰਕੋਟਲਾ ਕੂਕਾ ਲਹਿਰ ਦੀਆਂ ਅਮਰ ਸ਼ਹੀਦੀਆਂ

ਮਲੇਰਕੋਟਲੇ ਦੇ ਰੱਕੜ-ਕੱਲਰ ਵਿਚ 17 ਜਨਵਰੀ 1872 ਈਸਵੀ ਨੂੰ ਅੰਗਰੇਜ਼ ਆਪਣੇ ਸਰਕਾਰੀ ਅਮਲੇ ਨਾਲ ਪਟਿਆਲੇ ਤੋਂ ਆਈਆਂ 7 ਤੋਪਾਂ ਬੀੜ ਰਹੇ ਸਨ। ਇਸ ਤੋਂ ਥੋੜ੍ਹੀ ਦੂਰ ਪੂਰਬ ਦੀ ਤਰਫ ਫਾਂਸੀਆਂ ਦੇ ਖੰਭੇ ਗੱਡੇ ਜਾ ਰਹੇ ਸਨ। ਇਉਂ ਜਾਪਦਾ ਸੀ ਜਿਵੇਂ ਪਹਿਲਾਂ ਤੋਪਾਂ ਚਲਾਈਆਂ ਜਾਣਗੀਆਂ। ਜਦੋਂ ਤੋਪਾਂ ਦੇ ਗੋਲੇ ਮੁੱਕ ਗਏ ਫਿਰ ਫਾਂਸੀਆਂ ਦਿੱਤੀਆਂ ਜਾਣਗੀਆਂ। ਇਹ ਤਾਂ ਡਿਪਟੀ ਕਮਿਸ਼ਨਰ ਦੀ ਆਪਣੀ ਮਰਜ਼ੀ ਸੀ। ਚਾਹੇ ਤੋਪਾਂ ਚਲਾ ਕੇ ਚਾਹੇ ਫਾਂਸੀ ਦੇ ਕੇ ਬਾਗੀ ਲੋਕਾਂ ਨੂੰ ਸਜ਼ਾ ਦੇਵੇ ਜਾਂ ਫੌਰੀ ਤੋਪਾਂ ਨਾਲ ਉੱਡਾ ਕੇ ਅਮਰ ਸ਼ਹੀਦ ਕਰ ਦੇਵੇ। ਪੁਲਿਸ ਦੀਆਂ ਕਈ ਟੋਲੀਆਂ ਬੜੀ ਚੌਕਸੀ ਨਾਲ ਇਧਰ-ਉੱਧਰ ਪਹਿਰਾ ਦੇ ਰਹੀਆਂ ਸਨ। ਦੇਖਣ ਵਾਲੇ ਇਕ-ਦੂਸਰੇ ਤੋਂ ਪੁੱਛ-ਪੜਤਾਲ ਕਰ ਰਹੇ ਸਨ। ਆਖ ਰਹੇ ਸਨ ਕਿ ਪਤਾ ਨਹੀਂ ਅੱਜ ਇੱਥੇ ਕੀ ਵਾਪਰੇਗਾ? ਖ਼ੁਦਾ ਖ਼ੈਰ ਕਰੇ। ਅੰਗਰੇਜ਼ ਸਰਕਾਰ ਨਵਾਂ ਹੀ ਕੋਈ ਕਾਰਾ ਕਰ ਰਹੀ ਹੈ। ਹਿੰਦੂ-ਮੁਸਲਮਾਨਾਂ ਵਿਚ ਦਹਿਸ਼ਤ ਫੈਲੀ ਹੋਈ ਸੀ।

ਅਜੇ ਸਵੇਰ ਦੇ 6 ਹੀ ਵਜੇ ਸਨ। ਚਾਰ-ਚੁਫੇਰੇ ਪੁਲਿਸ ਅਤੇ ਨੀਮ ਫੌਜੀ ਦੋੜੇ ਫਿਰ ਰਹੇ ਸਨ। ਅਜੇ ਰਜਾਈਆਂ ਦੀ ਨਿੱਘੀਆਂ ਬੁੱਕਲਾਂ ਵਿਚੋਂ ਕੋਈ-ਕੋਈ ਬਾਹਰ ਨਿਕਲਿਆ ਸੀ। ਅਜੇ ਬਜ਼ਾਰਾਂ ਗਲੀਆਂ ਵਿਚ ਹਨੇਰਾ ਰਾਤ ਵਾਂਗੂ ਪਸਰਿਆ ਹੋਇਆ ਸੀ। ਪੂਰਾ ਚਾਨਣ ਹੋਣ ਵਿਚ ਅਜੇ ਦੇਰ ਜਾਪਦੀ ਸੀ। ਸ਼ਹਿਰ ਵਿਚ ਡੌਂਡੀ ਪਿਟਵਾਈ ਜਾ ਰਹੀ। ਡੌਂਡੀ ਵਾਲਾ ਹਲਕਾਰਾ ਆਖ ਰਿਹਾ ਸੀ ਆਓ ਦੇਖੋ ਲੋਕੋ! ਅੰਗਰੇਜ਼ ਸਰਕਾਰ ਦੇ ਕਾਨੂੰਨ ਦੀ ਉਲੰਘਣਾ ਕਰਨ ਵਾਲੇ ਕੂਕਾ ਲਹਿਰ ਦੇ ਬਾਗੀਆਂ ਨੂੰ ਅੱਜ ਤੋਪਾਂ ਨਾਲ ਉਡਾਇਆ ਜਾਵੇਗਾ। ਸ਼ਹਿਰ ਦੇ ਚੜ੍ਹਦੇ ਪਾਸੇ ਰੱਕੜ ਵਿਚ ਬਾਗੀਆਂ ਨੂੰ ਉਡਾਇਆ ਜਾਂਦਾ ਹੈ। ਆਪ ਛੇਤੀ ਤੋਂ ਛੇਤੀ ਸ਼ਹਿਰ ਦੇ ਪੂਰਬ ਵਲ ਕੱਲਰਾਂ ਵਿਚ ਪਹੁੰਚੋ। ਅੰਗਰੇਜ਼ ਸਰਕਾਰ ਅੱਜ ਦੁੱਧੋਂ ਪਾਣੀ ਛਾਣੇਗੀ।

ਦੂਸਰੇ ਪਾਸੇ ਘੋੜਿਆਂ ਵਾਲੀ ਪੁਲੀਸ ਆਮ ਲੋਕਾਂ ਨੂੰ ਡੰਡੇ ਮਾਰ ਕੇ ਆਖ ਰਹੀ ਸੀ। ਤੁਹਾਡੇ ਹਲਾਲ-ਖੋਰਾਂ ਨੂੰ ਕੂਕਿਆਂ ਨੇ ਕਤਲ ਕਰ ਦਿੱਤਾ ਹੈ। ਸਰਕਾਰ ਉਨ੍ਹਾਂ ਬਾਗੀ ਕੂਕਿਆਂ ਨੂੰ ਤੁਹਾਡੀਆਂ ਅੱਖਾਂ ਸਾਹਮਣੇ ਸਜ਼ਾ ਦੇਵੇਗੀ। ਮੁਸਲਮਾਨਾਂ ਦੀ ਇਮਦਾਦ ਕਰ ਰਹੀ ਹੈ। ਆਪ ਸਭ ਲੋਕ ਉਸ ਕੱਲਰ ਵਿਚ ਪਹੁੰਚ ਜਾਵੋ।

ਇਹ ਸੁਣ ਕੇ ਆਮ ਲੋਕ ਥਰ-ਥਰ ਕੰਬ ਰਹੇ ਸਨ। ਆਖ ਰਹੇ ਸਨ—ਐ—ਅੱਲਾ-ਪਾਕ-ਖ਼ੁਦਾ ਤੂੰ ਰਹਿਮ ਕਰੀਂ। ਅੰਗਰੇਜ਼ ਸਰਕਾਰ ਤਾਂ ਬਹੁਤ ਬੁਰੀ ਕਰਨ ਤੇ ਆ ਗਈ ਹੈ। ਅੱਜ ਸਿੱਖਾਂ



Sri Satguru Jagjit Singh Ji Elibrary NamdhariElibrary@gmail.com

ਦੀ ਵਾਰੀ ਕੱਲ੍ਹ ਨੂੰ ਹਿੰਦੂਆਂ ਦੀ ਤੇ ਇਸ ਤੋਂ ਬਾਅਦ ਮੁਸਲਮਾਨਾਂ ਦੀ ਵਾਰੀ ਵੀ ਆ ਜਾਵੇਗੀ। ਸਾਰੇ ਭਾਰਤ ਨੂੰ ਅੰਗਰੇਜ਼ ਇਸਾਈ ਬਣਾਵੇਗਾ। ਰਾਜ ਕਰਨ ਵਾਸਤੇ ਇਥੇ ਆਪਣੀ ਕੌਮ ਬਨਾਉਣੀ ਚਾਹੁੰਦਾ ਹੈ। ਇਸ ਚਾਲ-ਬਾਜ਼ ਅੰਗਰੇਜ਼ ਨੇ ਭਾਰਤ-ਵਰਸ਼ ਵਿਚੋਂ ਪਹਿਲਾਂ ਮੁਗ਼ਲਾਂ ਰਾਜ ਖ਼ਤਮ ਕੀਤਾ ਹੈ। ਫਿਰ ਸਿੱਖਾਂ ਦਾ। ਹੁਣ ਸਿੱਖਾਂ ਦੀ ਤਾਕਤ ਕਮਜ਼ੋਰ ਕਰਨ ਲੱਗਿਆ ਹੈ। ਇਸ ਜ਼ਾਲਮ ਨੇ ਪੰਜਾਬ ਤੇ 1849 ਈਸਵੀ ਨੂੰ ਰਾਜ ਕਰਨਾ ਸ਼ੁਰੂ ਕੀਤਾ ਹੈ। ਹੁਣ ਤਾਂ ਇਸ ਨੇ ਕਹਿਰ ਦੀਆਂ ਚੁੱਕ ਲਈਆਂ ਹਨ। ਸਾਰੇ ਭਾਰਤ ਦਾ ਸਰਮਾਇਆ ਇੰਗਲੈਂਡ ਲੈ ਜਾਵੇਗਾ। ਮੁਗ਼ਲਾਂ ਨੇ ਤਾਂ ਆਪਣੇ ਰਾਜ-ਕਾਲ ਸਮੇਂ ਭਾਰਤ ਦੀ ਰਾਖੀ ਕਰਦਿਆਂ ਬਾਹਰਲੇ ਲੁਟੇਰਿਆਂ ਨੂੰ ਸਾਡੇ ਦੇਸ਼ ਵੱਲ ਅੱਖ ਪੁੱਟ ਕੇ ਝਾਕਣ ਨਹੀਂ ਦਿੱਤਾ। ਸਾਡੇ ਧਰਮਾਂ ਨੂੰ ਫਿਰਕਿਆਂ ਵਿਚ ਵੰਡ ਕੇ ਭਾਰਤ ਦੇਸ਼ ਨੂੰ ਲੁੱਟਣਾ ਚਾਹੁੰਦਾ ਹੈ।

ਕੋਲ ਖੜ੍ਹੇ ਬੁਧੀਜੀਵੀਆਂ ਨੇ ਆਖਿਆ ਸਾਡੇ ਲੋਕ ਵੀ ਤਾਂ ਥੋੜ੍ਹੇ ਜਿਹੇ ਲਾਲਚ ਨਾਲ ਦੇਸ਼ ਦੇ ਗ਼ਦਾਰ ਬਣ ਜਾਂਦੇ ਹਨ। ਆਪਣੇ ਹੀ ਧਰਮ ਨੂੰ ਚੰਗਾ ਸਮਝਦੇ ਹਨ। ਇਹਨਾਂ ਨੂੰ ਇਹ ਵੀ ਗਿਆਨ ਨਹੀਂ ਕਿ ਮਨੁੱਖੀ ਧਰਮ ਇਕ ਸਾਂਝਾ ਧਰਮ ਹੈ। ਉਹ ਧਰਮ ਕੀ ਹੈ ਜਿਹੜਾ ਮਨੁੱਖੀ ਹਿੱਤਾਂ ਨੂੰ ਵੱਖ-ਵੱਖ ਵੰਡ ਕੇ ਸਾਂਝੀਵਾਲਤਾ ਦਾ ਧਰਮ ਖ਼ਰਾਬ ਕਰ ਦਿੰਦਾ ਹੈ। ਸਰਮਾਏਦਾਰ ਲੋਕ ਸਾਂਝੀਵਾਲਤਾ ਦੇ ਧਰਮ ਨੂੰ ਭੰਗ ਕਰਨ ਵਾਸਤੇ ਇਕ ਤੋਂ ਦੂਸਰਾ ਧਰਮ ਉਸਾਰਦੇ ਹਨ। ਦੇਸ਼ ਦੇ ਏਕੇ ਨੂੰ ਖੇਰੂੰ-ਖੇਰੂੰ ਕਰਨ ਖ਼ਾਤਰ ਕਈ ਅਡੰਬਰ ਰਚੇ ਜਾਂਦੇ ਹਨ। ਮਨੁੱਖੀ ਧਰਮ ਦਾ ਭਵਿੱਖ ਉਲਝ ਜਾਂਦਾ ਹੈ। ਗੁਰੂ ਨਾਨਕ ਸਾਹਿਬ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਮਨੁੱਖੀ ਸਾਂਝੀਵਾਲਤਾ ਦੀ ਭਗਤੀ ਅਤੇ ਸ਼ਕਤੀ ਦਾ ਪ੍ਰਚਾਰ ਕੀਤਾ ਸੀ। ਇਸ ਲਹਿਰ ਨੇ ਨਿਸ਼ਕਾਮ ਸੇਵਾ ਕਰਨੀ ਮਨੁੱਖੀ ਹਿੱਤਾਂ ਨੂੰ ਬਰਾਬਰ ਕਰਨ ਦਾ ਬੀੜਾ ਚੁੱਕਿਆ ਸੀ। ਪਰ ਸ: ਰਣਜੀਤ ਸਿੰਘ ਸਾਂਝੀਵਾਲਤਾ ਨਾਲ ਗ਼ਦਾਰੀ ਕਰਦਾ ਹੋਇਆ ਨਿੱਜੀ ਮਾਲਕੀ ਵੱਲ ਵਧ ਗਿਆ। ਸਾਂਝੀਵਾਲਤਾ ਦੀ ਲਹਿਰ ਖੜੋਤ ਵਿਚ ਆ ਗਈ। ਸਮੁੱਚਾ ਭਾਰਤ ਦੇਸ਼ ਗੁਲਾਮ ਹੋ ਗਿਆ। ਸਾਡੀ ਫੁੱਟ ਦੇ ਕਾਰਨ ਅੰਗਰੇਜ਼ ਭਾਰਤ ਤੇ ਰਾਜ ਕਰ ਰਿਹਾ ਹੈ। ਰਣਜੀਤ ਸਿੰਘ ਦੀ ਨਿੱਜੀ ਮਾਲਕੀ ਨੇ ਉੱਕਾ ਹੀ ਮੱਤ ਮਾਰ ਦਿੱਤੀ ਸੀ।

ਦੂਸਰਾ ਬੁੱਧੀਜੀਵੀ ਨੇ ਆਖਿਆ ਭਾਈ ਤੁਸੀਂ ਠੀਕ ਆਖ ਰਹੇ ਹੋ। ਸਾਂਝੀਵਾਲਤਾ ਦੇ ਵੱਡੇ-ਵੱਡੇ ਜਹਾਦਰਾਂ ਨੂੰ ਨਿੱਜੀ-ਮਾਲਕੀ ਨੇ ਮਰਵਾਇਆ। ਸਿੱਖ ਗੁਰੀਲੇ ਤਾਂ ਅਹਿਮਦ ਸ਼ਾਹ ਅਬਦਾਲੀ ਦੀ ਫੌਜ ਦੀ ਮੱਤ ਮਾਰ ਦਿੰਦੇ ਸਨ। ਸਿੱਖ ਨਿਸ਼ਕਾਮ ਗੁਰੀਲਾ ਰੋਲ ਕਰਦੇ ਹੋਏ ਸਾਂਝੀਵਾਲਤਾ ਵਾਸਤੇ ਲੜਦੇ ਰਹੇ ਸਨ। ਸਿਖ ਹੀ ਸਨ ਜੋ ਸਾਰੇ ਭਾਰਤ ਦੇਸ਼ ਦੀ ਮਨੁੱਖਤਾ ਵਾਸਤੇ ਸ਼ਹੀਦੀਆਂ ਪਾਉਂਦੇ ਰਹੇ ਬਾਕੀ ਤਾਂ ਬੇਇਤਫ਼ਾਕੀ ਦਾ ਨਤੀਜਾ ਭੁਗਤ ਰਹੇ ਹਨ। ਜਿੰਨਾ ਚਿਰ ਏਕਾ ਨਹੀਂ ਕਰਦੇ ਉੱਨਾ ਚਿਰ ਭੁਗਤਣਗੇ, ਫਿਰ ਭੁਗਤੀ ਜਾਣ।

ਰਿਆਸਤੀ ਰਜਵਾੜਿਆਂ ਦਾ ਤਾਂ ਪਹਿਲਾਂ ਹੀ ਪ੍ਰਜਾ ਪ੍ਰਤੀ ਬੁਰਾ ਹਾਲ ਸੀ। ਹੁਣ ਤਾਂ ਇਨ੍ਹਾਂ ਨੂੰ ਅੰਗਰੇਜ਼ ਸਰਕਾਰ ਦੀ ਬਹੁਤ ਵੱਡੀ ਸ਼ਹਿ ਮਿਲ ਰਹੀ ਹੈ। ਹੁਣ ਤਾਂ ਜ਼ਰੂਰ ਚੰਮ ਦੀਆਂ ਚਲਾਉਣਗੇ।

ਰਿਆਸਤ ਮਲੇਰਕੋਟਲੇ ਅਤੇ ਪਟਿਆਲੇ ਦੀਆਂ ਫੌਜਾਂ ਵਿਚ ਕੂਕਾ ਲਹਿਰ ਦੇ ਯੋਧੇ ਸੂਰਮੇ ਆਪਣੀ ਹਸਤੀ ਵਿਚ ਸ਼ਬਦ ਪੜ੍ਹਦੇ ਜੈਕਾਰੇ ਤੇ ਜੈਕਾਰਾ ਛਡਦੇ ਆਪਣੀ ਧੀਮੀ ਚਾਲ ਨਾਲ ਤੁਰੇ

Sri Satguru Jagjit Singh Ji Elibrary NamdhariElibrary@gmail.com

ਜਾ ਰਹੇ ਸਨ। ਤਿੰਨੋ ਪਾਸੇਂ ਲੋਡ ਕਰੀਆਂ ਰਾਈਫਲਾਂ ਨਾਲ ਫੌਜ ਦੇ ਪਹਿਰੇ ਕੂਕੇ ਵਾਸੀ ਅੱਗੇ ਵਧਦੇ ਜਾ ਰਹੇ ਸਨ। ਪੁਲੀਸ ਅਤੇ ਫੌਜ ਨੇ ਬੜੀ ਚੋਕਸੀ ਨਾਲ ਰਾਈਫਲਾਂ ਦੇ ਟਾਈਗਰ ਵਿਚ ਉਂਗਲਾਂ ਪਾਈਆਂ ਹੋਈਆਂ ਸਨ।

ਮਾਤਾ ਖੇਮ ਕੌਰ, ਮਾਤਾ ਇੰਦਰ ਕੌਰ, ਮਾਤਾ ਰਾਇ ਕੌਰ ਨਾਲ ਦੋ ਨਬਾਲਗੀ ਬੱਚੇ ਵੀ ਸਨ। ਸਭ ਤੋਂ ਅੱਗੇ ਜੈਕਾਰੇ ਬੁਲਾ ਰਹੀਆਂ ਸਨ। ਮਗਰ ਆਉਂਦਾ ਸਿੱਖ ਜਥਾ ਜੋ ਬੋਲੇ, ਸੋ ਨਿਹਾਲ, ਸਤਿ ਸ੍ਰੀ ਅਕਾਲ ਦੇ ਜੈਕਾਰਾ ਬੁਲਾਉਂਦਾ ਅੱਗੇ ਵਧ ਰਿਹਾ ਸੀ। ਕਾਫਲੇ ਤੋਂ ਦੋ ਕਦਮ ਅੱਗੇ ਤੁਰੇ ਜਾਂਦੇ ਦੋਨੋਂ ਬੱਚੇ ਬਾਹਾਂ ਉੱਪਰ ਚੁੱਕ ਕੇ ਜੈਕਾਰੇ ਬੁਲਾਉਂਦੇ ਤੁਰੇ ਜਾ ਰਹੇ ਸਨ। ਬੱਚੇ ਅਤੇ ਮਾਈਆਂ ਕਾਫਲੇ ਦੀ ਅਗਵਾਈ ਕਰ ਰਹੀਆਂ ਸਨ। ਉਸ ਸ਼ਹੀਦੀ ਰੱਕੜ ਵੱਲ ਨੂੰ ਧੀਮੀ ਚਾਲ ਤੁਰੇ ਜਾ ਰਹੇ ਸਨ। ਜਿਥੇ ਕੂਕਾ ਬਾਗ਼ੀਆਂ ਨੂੰ ਸਜ਼ਾ ਦੇਣ ਵਾਸਤੇ ਤੋਪਾਂ ਅਤੇ ਫਾਂਸੀਆ ਗੱਡੀਆਂ ਗਈਆਂ ਸਨ।

ਦੇਖਣ ਵਾਲੇ ਮਰਦ ਔਰਤਾਂ ਉਪਰ ਅਕਾਸ਼ ਵੱਲ ਸਿਰ ਚੁੱਕ ਕੇ ਅਤੇ ਦੋਨੋਂ ਹੱਥ ਅੱਡ ਕੇ ਇਸ ਜਥੇ ਤੇ ਰਹਿਮ ਵਾਸਤੇ ਭੀਖ ਮੰਗ ਰਹੇ ਸਨ ਤੇ ਆਖ ਰਹੇ ਸਨ "ਤੂੰ ਕਿੰਨਾ ਬੇਤਰਸ ਹੈਂ, ਅੰਗਰੇਜ਼ ਸਾਨੂੰ ਵਸਦੇ-ਰਸਦਿਆਂ ਨੂੰ ਇਕ ਦੂਜੇ ਦੇ ਵੈਰੀ ਬਣਾ ਰਿਹਾ ਹੈ। ਇਹ ਹੀਰਿਆਂ ਵਰਗੇ ਨੌਜਵਾਨ ਅਤੇ ਔਰਤਾਂ ਅਤੇ ਬੱਚੇ ਦੇਸ਼ ਦਾ ਭਵਿੱਖ ਹਨ। ਇਹ ਕਿਉਂ ਖ਼ਤਮ ਕਰਨ ਵਾਸਤੇ ਰੱਕੜ ਵਿਚ ਲੈ ਜਾ ਰਿਹਾ ਹੈ। ਇਹ ਹੀਰਿਆਂ ਵਰਗੇ ਨੌਜਵਾਨ, ਔਰਤਾਂ ਅਤੇ ਬੱਚੇ ਮਿੱਟੀ ਵਿਚ ਮਿਲਾ ਦੇਵੇਗਾ।

ਔਰਤਾਂ ਆਪਣੇ ਦੋਨੋਂ ਹੱਥ ਮਲਦੀਆਂ ਆਖ ਰਹੀਆਂ ਸਨ। ਇਨ੍ਹਾਂ ਨੌਜਵਾਨ ਸਿੱਖਾਂ ਦੀਆਂ ਮਾਵਾਂ ਨੂੰ ਕਿਵੇਂ ਸਬਰ ਆਵੇਗਾ। ਰੱਖੜੀ ਬੰਨ੍ਹਣ ਸਮੇਂ ਭੈਣਾਂ ਨੂੰ ਆਪਣੇ ਵੀਰ ਜ਼ਰੂਰ ਯਾਦ ਆਉਣਗੇ। ਬੁਢੇਪੇ ਵਿਚ ਮਾਂ-ਬਾਪ ਦੀ ਢੰਗੋਰੀ ਕੌਣ ਫੜੇਗਾ। ਆਖ਼ਰੀ ਦਿਨਾਂ ਵਿਚ ਇਨ੍ਹਾਂ ਦੇ ਮਾਂ-ਬਾਪ ਨੂੰ ਕੌਣ ਸਹਾਰਾ ਦੇਵੇਗਾ। ਅਤੇ ਕੌਣ ਮਰੇ ਹੋਏ ਮਾਂ-ਬਾਪ ਦੀ ਅਰਥੀ ਨੂੰ ਮੋਢਾ ਲਾਏਗਾ। ਰੰਡੀਆਂ ਔਰਤਾਂ ਭਾਵੇਂ ਕਿੰਨੀਆਂ ਹੀ ਪਵਿੱਤਰ ਹੋਣ, ਸਮਾਜ ਤਾਂ ਇਨ੍ਹਾਂ ਦੀਆਂ ਔਰਤਾਂ ਤੇ ਗੰਦ ਹੀ ਸੁਟੇਗਾ। ਐ-ਖ਼ੁਦਾ ਇਸ ਬਦੇਸ਼ੀ ਅੰਗਰੇਜ਼ ਦੀ ਜੜ੍ਹ ਪੁੱਟ ਦੇ। ਨਹੀਂ ਤਾਂ ਸਾਡੇ ਦੇਸ਼ ਨੂੰ ਤਬਾਹ ਕਰ ਦੇਵੇਗਾ। ਅੰਗਰੇਜ਼ ਚਲਾ ਜਾਏ ਤਾਂ ਹਿੰਦੂ, ਸਿੱਖ, ਮੁਸਲਮਾਨ ਭਾਈ ਭਾਈ ਬਣ ਜਾਣਗੇ। ਅੰਗਰੇਜ਼ ਨੇ ਤਾਂ ਵੱਖ-ਵੱਖਰੇ ਧਰਮਾਂ ਤੇ ਕੰਟਰੋਲ ਕਰ ਕੇ ਹਿੰਦੂ, ਸਿੱਖ ਅਤੇ ਮੁਸਲਮਾਨਾਂ ਨੂੰ ਆਪੋ ਵਿਚ ਦੁਸ਼ਮਣ ਬਣਾ ਦਿੱਤਾ ਹੈ। ਜਦੋਂ ਦਾ ਅੰਗਰੇਜ਼ ਰਾਜ ਆਇਆ ਹੈ। ਰੋਜ਼ ਕੋਈ ਨਾ ਕੋਈ ਵਾਰਦਾਤ ਨਵੀਂ ਹੁੰਦੀ ਹੈ। ਸਰਕਾਰ ਪਹਿਲਾਂ ਸਿੱਖਾਂ ਨੂੰ ਖ਼ਤਮ ਕਰੇਗੀ। ਫਿਰ ਮੁਸਲਮਾਨਾਂ ਦੀ ਵਾਰੀ ਆ ਜਾਏਗੀ। ਹਿੰਦੂ ਤਾਂ ਵਿਚਾਰੇ ਖ਼ਤਮ ਹੋਏ-ਹਵਾਏ ਹਨ। ਅਸਲ ਤਾਂ ਅੰਗਰੇਜ਼ ਸਾਰੇ ਭਾਰਤ ਨੂੰ ਇਸਾਈ ਬਣਾ ਕੇ ਸਦੀਵੀ ਜਕੜ ਬਣਾਈ ਰੱਖਣਾ ਚਾਹੁੰਦਾ ਹੈ।

ਕੋਲ ਖੜੀ ਗੱਲਾਂ ਸੁਣਦੀ ਦੂਸਰੀ ਸਿਆਣੀ ਔਰਤ ਬੋਲੀ ਭੈਣਾਂ ਮੁਸਲਮਾਨਾਂ ਨੂੰ ਵੀ ਕੁਝ ਸੋਚਣਾ ਚਾਹੀਦਾ ਹੈ। ਗਊਆਂ ਦੁੱਧ ਦਿੰਦੀਆਂ ਹਨ। ਗਊ ਦੇ ਜਾਏ ਬਲਦਾਂ ਨਾਲ ਖੇਤੀ ਕਰਦੇ ਹਾਂ। ਸਾਨੂੰ ਦੁੱਧ ਅਤੇ ਗਊ ਦੇ ਜਾਇਆਂ ਦੇ ਸਹਾਰੇ ਹੀ ਮਿਲਦੀ ਹੈ। ਇਨ੍ਹਾਂ ਨੂੰ ਮਾਰਨ ਦੀ ਬਜਾਏ ਸਾਨੂੰ ਆਦਰ ਕਰਨਾ ਚਾਹੀਦਾ ਹੈ। ਇਹ ਬੇਕਾਰ ਗਊਆਂ ਨੂੰ ਪਹਿਲਾਂ ਵੀ ਤਾਂ ਚੋਰੀ-ਛੁਪੇ ਮਾਰ

Sri Satguru Jagjit Singh Ji Elibrary NamdhariElibrary@gmail.com

ਹੀ ਲੈਂਦੇ ਸਨ। ਹੁਣ ਤਾਂ ਸ਼ਰੇਆਮ ਅੰਗਰੇਜ਼ ਸਰਕਾਰ ਖ਼ੁਦ ਬੁਚੜਖਾਨੇ ਬਨਾਉਣ ਦੇ ਲਾਇਸੈਂਸ ਦੇ ਰਹੀ ਹੈ। ਫਿਰ ਗਊਆਂ ਜਾਂ ਗਊਆਂ ਦੇ ਜਾਏ ਵਧਣਗੇ ਜਾਂ ਘਟਣਗੇ। ਜਦੋਂ ਸਾਡੇ ਦੇਸ਼-ਵਾਸੀਆਂ ਦੀ ਰੋਟੀ ਖੇਤਾਂ ਵਿਚ ਹੈ। ਫਿਰ ਬੈਲਾਂ ਤੋਂ ਬਗੈਰ ਖੇਤਾਂ ਵਿਚ ਰੋਟੀ ਕਿਵੇਂ ਕਮਾਵਾਂਗੇ? ਗਊਆਂ ਸਾਡੇ ਬੱਚਿਆਂ ਲਈ ਦੁੱਧ ਦਿੰਦੀਆਂ ਹਨ। ਸਰਕਾਰ ਨੇ ਤਾਂ ਸਾਨੂੰ ਕਮਜ਼ੋਰ ਕਰਨ ਦੀ ਨੀਤੀ ਬਣਾਈ ਹੈ। ਸਾਨੂੰ ਗਰੀਬ ਕਰਕੇ ਭੁੱਖੇ ਮਾਰ ਦੇਣਾ ਚਾਹੁੰਦੀ ਹੈ। ਇਸ ਜਾਇ-ਖਾਣੀ ਸਰਕਾਰ ਨੇ ਤਾਂ ਇਸੇ ਲਈ ਗਊਆਂ ਨੂੰ ਮਾਰਨ ਵਾਸਤੇ ਬੁੱਚੜਖਾਨੇ ਖੋਲ੍ਹੇ ਹਨ। ਅੰਗਰੇਜ਼ ਸਭ ਤੋਂ ਪਹਿਲਾਂ ਪੰਜਾਬ ਨੂੰ ਕਮਜ਼ੋਰ ਕਰਨਾ ਚਾਹੁੰਦਾ ਹੈ। ਆਖਦਾ ਹੈ ਪੰਜਾਬ ਦੇ ਲੋਕ ਮੇਰੀਆਂ ਭੇਡਾਂ ਬੱਕਰੀਆਂ ਬਣ ਜਾਣ। ਅੰਗਰੇਜ਼ ਪੰਜਾਬੀਆਂ ਤੋਂ ਅਤੇ ਬੰਗਾਲੀਆਂ ਤੋਂ, ਮਰਹੱਟਿਆਂ ਤੋਂ ਵੀ ਡਰਦਾ ਹੈ। ਇਸ ਨੇ ਪਾੜੋ ਅਤੇ ਰਾਜ ਕਰੋ ਵਾਲੀ ਨੀਤੀ ਘੜ ਲਈ ਹੈ। ਅਗਰ ਇਥੇ ਵੈਰ ਵਿਰੋਧ ਵਧ ਜਾਏ ਤਾਂ ਮੈਂ ਆਪਣੀ ਮਨ ਮਰਜ਼ੀ ਕਰਦਾ ਰਹਾਂ।

ਫੌਜ ਅਤੇ ਪੁਲੀਸ ਦੇ ਘੇਰੇ ਵਿਚ ਕੂਕਾ ਲਹਿਰ ਦੇ ਬਹਾਦਰ ਜੈਕਾਰੇ ਤੇ ਜੈਕਾਰਾ ਛੱਡਦੇ ਜਾ ਰਹੇ ਸਨ। ਕਿਸੇ ਦੇ ਵੀ ਚਿਹਰੇ ਤੇ ਪਲੱਤਣ ਨਹੀਂ ਸੀ ਦਿਸਦੀ। ਜੋਸ਼ ਨਾਲ ਲਾਲ ਸੂਹੇ ਚਿਹਰੇ ਚਮਕਦੇ ਦਿਸ ਰਹੇ ਸਨ। ਸ਼ਬਦ ਪੜ੍ਹਦੇ ਆਖ ਰਹੇ ਸਨ—

"ਯਾਰੜੇ ਦਾ ਸਾਨੂੰ ਸੱਥਰ ਚੰਗਾ, ਭੱਠ ਖੇੜਿਆਂ ਦਾ ਰਹਿਣਾ।"
ਸੂਲ੍ਹ ਸੁਰਾਹੀ ਖੰਜਰ ਪਿਆਲਾ, ਵਿੰਗ ਕਸਾਈਆਂ ਦੇ ਸਹਿਣਾ।

ਇਹ ਕੂਕਾਂ ਪੜ੍ਹਦੇ ਅੱਗੇ ਵਧ ਰਹੇ ਸਨ। ਜਿਵੇਂ-ਜਿਵੇਂ ਸੂਰਜ ਦੀਆਂ ਕਿਰਨਾਂ ਉਪਰ ਨੂੰ ਆ ਰਹੀਆਂ ਸਨ। ਉਸੇ ਤਰ੍ਹਾਂ ਕੂਕਾ ਲਹਿਰ ਦਾ ਜਥਾ ਅੱਗੇ ਹੀ ਅੱਗੇ ਵਧ ਰਿਹਾ ਸੀ। ਸੁਨਿਹਰੀ ਕਿਰਨਾਂ ਦੇਸ਼ ਭਗਤਾਂ ਦਾ ਸੁਆਗਤ ਕਰਨ ਵਾਸਤੇ ਧਰਤੀ ਦੀ ਨੁੱਕਰ ਵਿਚੋਂ ਉੱਠ ਅਮਰ ਹੋਣ ਵਾਸਤੇ ਹਾਰ ਪਾਉਣ ਆ ਰਹੀਆਂ ਸਨ। ਜਿਵੇਂ ਆਖਦੀਆਂ ਹੋਣ ਦੇਸ਼ ਦੇ ਬਹਾਦਰ ਯੋਧਿਓ ਆਪ ਦੀਆਂ ਕੁਰਬਾਨੀਆਂ ਸਫ਼ਲ ਜ਼ਰੂਰ ਹੋਣਗੀਆਂ।

ਸਰ੍ਹੋਂ ਦੀਆਂ ਸੁਨਹਿਰੀ ਗੰਦਲਾਂ ਹੇਠਾਂ ਨੂੰ ਲੁਕ ਰਹੀਆਂ ਸਨ। ਜਿਵੇਂ ਆਖਦੀਆਂ ਹੋਣ ਤੁਸੀਂ ਧੰਨ ਹੋ ਆਪਣੀਆਂ ਨੌਜਵਾਨੀਆਂ ਨੂੰ ਦੇਸ਼ ਦੇ ਹਿੱਤਾਂ ਖ਼ਾਤਰ ਲੇਖੇ ਲਾਉਣ ਚੱਲੇ ਹੋ। ਤੁਸੀਂ ਤਾਂ ਆਮ ਲੋਕਾਂ ਦੇ ਹਿਰਦਿਆਂ ਤੇ ਰਾਜ ਕਰਨ ਚੱਲੇ ਹੋ। ਤੁਸੀਂ ਰਹਿੰਦੀ-ਦੁਨੀਆਂ ਤੱਕ ਨੌਜਵਾਨ ਹੀ ਦਿਸਦੇ ਰਹੋਗੇ। ਜਿਵੇਂ ਝੁਕ-ਝੁਕ ਸਿਜਦਾ ਕਰਦੀਆਂ ਆਪਣੇ ਸੁਨੈਹਰੀ ਫੁੱਲਾਂ ਵਿਚੋਂ ਤਰੇਲ ਦੇ ਹੰਝੂ ਕੇਰਦੀਆਂ ਦਿਖਾਈ ਦੇ ਰਹੀਆਂ। ਆਖ ਰਹੀਆਂ ਹੋਣ ਸਾਡੇ ਸੁਨੈਹਿਰੀ ਫੁੱਲਾਂ ਦੀ ਫਲ੍ਹੀਂ ਬਣ ਜਾਂਦੀ ਹੈ। ਸਾਡੇ ਫੁੱਲਾਂ ਦੇ ਸੁਹੱਪਣ ਨੂੰ ਕਿਸੇ ਨੇ ਯਾਦ ਨਹੀਂ ਕਰਨਾ। ਅਮਰ ਸ਼ਹੀਦੋ ਸਾਡੀ ਨਮਸ਼ਕਾਰ ਲੈਂਦੇ ਜਾਓ।

ਕੂਕਾ ਲਹਿਰ ਦੇ ਯੋਧੇ ਤੋਪਾਂ ਬੀੜੀਆਂ ਦੇਖ ਕੇ ਜੈਕਾਰੇ ਤੇ ਜੈਕਾਰਾ ਬੁਲਾ ਰਹੇ ਸਨ। ਥੋੜ੍ਹੀ ਦੂਰ ਫਾਂਸੀ ਦੇ ਖੰਭੇ ਗੱਡੇ ਹੋਏ ਦਿਖਾਈ ਦੇ ਰਹੇ ਸਨ। ਫਾਂਸੀਆਂ ਨੂੰ ਦੇਖ ਕੇ ਕੂਕੇ ਛਲਾਂਗਾਂ ਮਾਰ ਰਹੇ ਸਨ। ਇਹ ਅਮਰ-ਸ਼ਹੀਦੀਆਂ ਪਾਉਣ ਵਾਲਾ ਜਥਾ 125 ਦਾ ਸੀ। ਤਿੰਨ ਔਰਤਾਂ ਦੋ ਬੱਚੇ ਨਬਾਲਗ ਸਨ। ਇਕ ਦੀ ਉਮਰ 10 ਸਾਲ, ਦੂਸਰੇ ਦੀ 13 ਸਾਲ ਦੀ ਉਮਰ ਅਜੇ ਪੂਰੀ ਨਹੀਂ ਸੀ ਹੋਈ। ਜਦੋਂ ਮਾਈਆਂ ਆਖਦੀਆਂ ਜੋ ਬੋਲੇ—ਸੋ ਨਿਹਾਲ, ਮਗਰ ਸਾਰਾ ਜਥਾ ਆਖਦਾ

ਸਤਿ ਸ੍ਰੀ ਅਕਾਲ। ਇਹ ਜੈਕਾਰਾ ਧਰਤੀ ਅਕਾਸ਼ ਨੂੰ ਕੰਬਣੀ ਚਾੜ੍ਹ ਕੇ ਠਾਂ-ਠਾਂ ਕਰਦੀਆਂ ਅਵਾਜ਼ਾਂ ਕਈ ਮੀਲਾਂ ਤੱਕ ਖਿੰਡ ਜਾਂਦੀਆਂ ਸਨ। ਬਹੁਤ ਦੂਰ ਜਾ ਕੇ ਅਕਾਲ-ਅਕਾਲ ਦੀਆਂ ਅਵਾਜ਼ਾਂ ਸੁਣਾਈ ਦਿੰਦੀਆਂ ਸਨ।

ਕੂਕਾ ਲਹਿਰ ਦੇ ਜੈਕਾਰਿਆਂ ਤੋਂ ਡਰਦਾ ਇਕ ਬਹੁਤ ਵੱਡਾ ਕਰਗਾਂ ਵਿਚੋਂ ਗਿਰਝਾਂ ਦਾ ਟੋਲਾ ਉਡ ਕੇ ਅਕਾਸ਼ ਵੱਲ ਨੂੰ ਭਾਉਂਦਾ ਹੋਇਆ ਦੱਖਣ ਵੱਲ ਚਲਿਆ ਗਿਆ। ਉਹ ਗਿਰਝਾਂ ਇਉਂ ਉਡੀਆਂ ਜਿਵੇਂ ਕਿਸੇ ਨੇ ਉਨ੍ਹਾਂ ਉਤੇ ਗੋਲੀ ਦਾਗ਼ ਦਿੱਤੀ ਹੋਵੇ। ਉਨ੍ਹਾਂ ਗਿਰਝਾਂ ਦਾ ਝੁੰਡ ਬਹੁਤ ਦੂਰ ਉੱਡ ਕੇ ਚਲਾ ਗਿਆ।

ਕੂਕਾ ਲਹਿਰ ਦੇ ਆਗੂ ਸ੍ਰ: ਹੀਰਾ ਸਿੰਘ ਜੀ, ਸ੍ਰ: ਲਹਿਣਾ ਸਿੰਘ ਜੀ ਸ਼ਹੀਦੀ ਜਥੇ ਦੀ ਅਗਵਾਈ ਕਰ ਰਹੇ ਸਨ। ਸ: ਹੀਰਾ ਸਿੰਘ ਨੇ ਲਹਿਰ ਦੇ ਅਸੂਲਾਂ ਬਾਰੇ ਜਾਣਕਾਰੀ ਦਿੰਦਿਆਂ ਆਖਿਆ। ਸੰਤ ਖਾਲਸਾ ਜੀ ਆਪਣਾ ਦੇਸ਼ ਆਜ਼ਾਦ ਕਰਾਉਣ ਵਾਸਤੇ ਜਾ ਰਹੇ ਹਾਂ। ਇਸ ਫਰੰਗੀ ਨੂੰ ਭਾਰਤ ਦੇਸ਼ ਵਿਚੋਂ ਕੱਢ ਕੇ ਦਮ ਲੈਣਾ ਹੈ। ਬੇਸ਼ੱਕ ਸਾਨੂੰ ਵਾਰੀ-ਵਾਰੀ ਜਨਮ ਲੈਣਾ ਪਵੇ।

ਇਸ ਰੱਕੜ-ਕੱਲਰ ਨੂੰ ਅਸੀਂ ਆਪਣੇ ਖ਼ੂਨ ਨਾਲ ਸਿੰਜਣਾ ਹੈ। ਕਿਉਂਕਿ ਇਸ ਬਦੇਸ਼ੀ ਸਰਕਾਰ ਨੂੰ ਸਾਡੇ ਮਨੁੱਖੀ ਹਿੱਤਾਂ ਨਾਲ ਕੋਈ ਵਾਸਤਾ ਨਹੀਂ ਹੈ। ਸਾਨੂੰ ਗਰੀਬ ਅਤੇ ਕਮਜ਼ੋਰ ਕਰਨ ਖ਼ਾਤਰ ਗੁਰੂਆਂ ਦੇ ਪੰਜਾਬ ਵਿਚ ਗਊ ਘਾਤ ਕਰਨ ਖ਼ਾਤਰ ਸਾਡੀ ਪੰਜਾਬੀ ਕੌਮ ਵਿਚੋਂ ਕੁਝ ਮੁਸਲਮਾਨ ਗੁੰਡਿਆਂ ਨੂੰ ਖ਼ਰੀਦ ਕੇ ਬਹੁਤ ਵੱਡੇ-ਵੱਡੇ ਸ਼ਹਿਰਾਂ ਵਿਚ ਗਊਆਂ ਮਾਰਨ ਦੇ ਲਾਇਸੰਸ ਅਤੇ ਗ੍ਰਾਂਟਾਂ ਦੇ ਰਿਹਾ ਹੈ। ਗਊਆਂ ਮਰਵਾ ਕੇ ਇਸ ਫਰੰਗੀ ਨੇ ਸਾਡੇ ਬੱਚੇ-ਬੱਚੀਆਂ ਦੇ ਮੂੰਹ ਵਿਚੋਂ ਦੁੱਧ ਖੋਹ ਲੈਣਾ ਹੈ। ਗਊਆਂ ਮਾਰ ਕੇ ਬੈਲ ਵੀ ਖੋਹ ਲੈਣੇ ਹਨ। ਇਥੇ ਹੀ ਬੱਸ ਨਹੀਂ ਹਿੰਦੂ, ਸਿੱਖ, ਮੁਸਲਮਾਨ ਨੂੰ ਸਮੁੱਚੀ ਪੰਜਾਬੀ ਕੌਮ ਨੂੰ ਇਕ ਦੂਸਰੇ ਦਾ ਵੈਰੀ ਬਣਾ ਰਿਹਾ ਹੈ।

ਫਿਰ ਅਸੀਂ ਗਊਆਂ ਅਤੇ ਬੈਲਾਂ ਤੋਂ ਬਿਨਾਂ ਕਿਵੇਂ ਜਿਉਂਦੇ ਰਹਿ ਸਕਦੇ ਹਾਂ। ਫਿਰ ਰੋਟੀ ਕਿਵੇਂ ਕਮਾਵਾਂਗੇ। ਫਿਰ ਅਸੀਂ ਭੁੱਖੇ ਨਾ ਮਰਾਂਗੇ। ਇਸ ਅੰਗਰੇਜ਼ ਫਰੰਗੀ ਨਾਲ ਲੜ ਕੇ ਮਰਨਾ, ਗੁਰੂਆਂ ਦੇ ਅਸੂਲਾਂ ਮੁਤਾਬਕ ਮਰਨਾ ਸਾਡਾ ਹੱਕ ਹੈ। ਕਿਸੇ ਦੀ ਨਿੱਜੀ ਮਾਲਕੀ ਖੋਹਣ ਵਾਸਤੇ ਲੜ ਕੇ ਮਰਨਾ ਪਾਪ ਹੁੰਦਾ ਹੈ। ਸਾਂਝੀਵਾਲਤਾ ਅਤੇ ਮਨੁੱਖੀ ਹਿੱਤਾਂ ਵਾਸਤੇ ਮਰਨਾ ਸਾਡਾ ਧਰਮ ਬਣਦਾ ਹੈ।

ਇਹ ਅੰਗਰੇਜ਼ ਵੱਖ-ਵੱਖ ਬਰਾਦਰੀਆਂ ਨੂੰ ਪਾੜ ਕੇ ਲੜਾ ਰਿਹਾ ਹੈ। ਸਿਰਫ ਸਾਡਾ ਏਕਾ ਕਮਜ਼ੋਰ ਕਰਨ ਵਾਸਤੇ ਡਰਾਮਾ-ਬਾਜ਼ੀ ਖੇਲ ਰਿਹਾ ਹੈ। ਇਕ ਦੂਸਰੀ ਕੌਮ ਨਾਲ ਲੜਾ ਕੇ ਸਾਨੂੰ ਖ਼ਤਮ ਕਰੇਗਾ। ਸਾਡੇ ਭਾਰਤ ਦੇਸ਼ ਵਿਚ ਮਨੁੱਖ ਵਿਰੋਧੀ ਗਤੀ-ਵਿਧੀਆਂ ਤੇਜ਼ ਕਰੇਗਾ। ਭਾਰਤ ਦੇਸ਼ ਦਾ ਸਾਰਾ ਸਰਮਾਇਆ ਲੰਦਨ ਲੈ ਜਾਵੇਗਾ। ਖਾਲਸਾ ਵਕਤ ਬਹੁਤ ਥੋੜ੍ਹਾ ਹੈ। ਮੈਂ ਆਪ ਨੂੰ ਇਕੋ ਬੇਨਤੀ ਕਰਨੀ ਬਹੁਤ ਜ਼ਰੂਰੀ ਸਮਝਦਾ ਹਾਂ।

ਖਾਲਸਾ ਜੀ ਤੋਪਾਂ ਅਤੇ ਫਾਂਸੀਆਂ ਸਾਡੇ ਸਾਹਮਣੇ ਹਨ। ਜਦੋਂ ਤੋਪਾਂ ਦੇ ਗੋਲੇ ਮੁੱਕ ਗਏ। ਤਾਂ ਬਾਕੀ ਰਹਿੰਦੇ ਦੇਸ਼-ਭਗਤਾਂ ਨੂੰ ਫਾਂਸੀ ਲਟਕਾਇਆ ਜਾਵੇਗਾ। ਕਿਉਂਕਿ ਅਸੀਂ ਗੁਰੂਆਂ ਦਾ ਅੰਮ੍ਰਿਤ ਛਕਿਆ ਹੈ। ਬਾਬਾ ਰਾਮ ਸਿੰਘ ਜੀ ਨੇ ਗੁਰੂ ਨਾਨਕ ਸਾਹਿਬ ਦੀ ਤੇ ਗੁਰੂ ਗੋਬਿੰਦ ਸਿੰਘ ਜੀ ਦੀ ਸਾਂਝੀਵਾਲਤਾ ਦੀ ਚਲਾਈ ਹੋਈ ਲਹਿਰ ਨੂੰ ਮਨੁੱਖੀ ਬਰਾਬਰਤਾ ਦੀ ਮਿਸਾਲ ਵਿਚ ਅਸੀਂ

Sri Satguru Jagjit Singh Ji Elibrary NamdhariElibrary@gmail.com

ਆਪਣਾਂ ਖ਼ੂਨ ਨਿਚੋੜ ਕੇ ਪਾਉਣਾਂ ਵੈ। ਇਸ ਲਹਿਰ ਦੀ ਮਿਸ਼ਾਲ ਨੂੰ ਜਗਦਾ ਰੱਖਣਾ ਹੈ। ਭਾਵ ਖ਼ੂਨ ਪਾ ਕੇ ਲਹਿਰ ਦੀ ਜੋਤ ਨੂੰ ਜਗਦਾ ਰੱਖਣਾ ਹੈ। ਸਾਡੇ ਦੇਸ਼ ਵਾਸੀਆਂ ਨੂੰ ਸਾਂਝੀਵਾਲਤਾ ਦਾ ਮਾਰਗ ਦਿਸਦਾ ਰਹੇ। ਕਿਤੇ ਮਨੁੱਖੀ ਬਰਾਬਰਤਾ ਦਾ ਮਾਰਗ ਭੁੱਲ ਨਾ ਜਾਣ।

ਸਾਨੂੰ ਖੁਸ਼ੀ ਹੈ ਕਿ ਬਾਬਾ ਰਾਮ ਸਿੰਘ ਜੀ ਅਜ਼ਾਦੀ ਸੰਗ੍ਰਾਮ ਦੀ ਅਗਵਾਈ ਕਰਦੇ ਹੋਏ ਗੁਰੂਆਂ ਦੀ ਚਲਾਈ ਹੋਈ ਸਾਂਝੀਵਾਲਤਾ ਦੀ ਲਹਿਰ ਨੂੰ ਆਪਣੇ ਖ਼ੂਨ ਨਾਲ ਸਿੰਜ ਕੇ ਹਰੀ ਰੱਖਣੀ ਹੈ। ਅਸੀਂ ਇਸ ਹਰਿਆਵਲ ਸਦਕਾ ਬਦੇਸ਼ੀ ਨੂੰ ਆਪਣੀ ਧਰਤੀ ਤੋਂ ਬਾਹਰ ਕੱਢਣਾ ਹੈ। ਅੰਗ-ਰੇਜ਼ ਦਾ ਸ਼ੋਸਲ ਬਾਈਕਾਟ ਕਰਨਾ ਬਹੁਤ ਜ਼ਰੂਰੀ ਹੈ।

ਮੈਂ ਆਪ ਨੂੰ, ਆਉਣ ਵਾਲੀ ਨਵੀਂ ਪੀੜੀ ਨੂੰ, ਭਾਵ ਦੇਸ਼ ਵਾਸੀਆਂ ਨੂੰ ਬੇਨਤੀ ਕਰਦਾ ਹਾਂ। ਕੁਰਬਾਨੀਆਂ ਦੇ ਪਿੜ ਵਿਚ ਆਉਣੋਂ ਨਾ ਡਰਿਓ। ਅੰਗਰੇਜ਼ ਬਿਲਕੁਲ ਅਕਲਹੀਣ ਹੈ। ਜਿਵੇਂ ਜਿਵੇਂ ਦੇਸ਼ ਵਾਸੀਆਂ ਤੇ ਤਸ਼ੱਦਦ ਕਰੇਗਾ। ਉਸੇ ਤਰ੍ਹਾਂ ਹੀ ਅੰਗਰੇਜ਼ ਦੀਆਂ ਭਾਰਤ ਵਿਚ ਜੜ੍ਹਾਂ ਖੋਖਲੀਆਂ ਹੁੰਦੀਆਂ ਜਾਣਗੀਆਂ।

ਸਰਦਾਰ ਹੀਰਾ ਸਿੰਘ ਦੀ ਤਕਰੀਰ ਸੁਣ ਕੇ ਕੂਕਾ ਲਹਿਰ ਦੇ ਸਾਰੇ ਜੱਥੇ ਵਿੱਚ, ਸ਼ਹੀਦ ਹੋਣ ਲਈ ਬੇਸ਼ੁਮਾਰ ਵਿਸ਼ਵਾਸ਼ ਭਰਿਆ ਬਲ ਪੈਦਾ ਹੋ ਗਿਆ ਸੀ। ਸਾਰਾ ਸ਼ਹੀਦੀ ਜੱਥਾ ਜੋਸ਼ ਚ ਹੋ ਕੇ ਜੈਕਾਰਾ ਛੱਡ ਰਿਹਾ ਸੀ। ਇਸ ਲੈਕਚਰ ਨੂੰ ਸੁਣ ਕੇ ਰੱਕੜ ਦੀ ਮਿੱਟੀ ਵਿੱਚ ਵੀ ਜੋਸ਼ ਭਰ ਆਇਆ ਸੀ। ਇਨ੍ਹਾਂ ਸ਼ਬਦਾਂ ਨੇ ਸੰਗ੍ਰਾਮੀਆਂ ਵਾਸਤੇ ਅਮਰ ਪਦਵੀਆਂ ਵਰਦਾਨ ਕਰ ਦਿੱਤੀਆਂ ਸਨ।

ਸਰਦਾਰ ਹੀਰਾ ਸਿੰਘ ਨੇ ਅਕਾਲ ਪੁਰਖ ਦੇ ਚਰਨਾਂ ਵਿਚ ਅੰਤਮ ਅਰਦਾਸ ਕਰ ਕੇ ਤੋਪ ਦੇ ਸਾਹਮਣੇ ਜਾ ਕੇ ਆਪਣੀ ਛਾਤੀ ਫੁਲਾ ਕੇ ਲਲਕਾਰਦਿਆਂ ਡਿਪਟੀ-ਕਮਿਸ਼ਨਰ ਨੂੰ ਆਖਣ ਲੱਗਿਆ ਚਲਾ ਉਇ ਬਿਲਿਆ ਆਪਣੀ ਤੋਪ, ਤੇਰੀ ਤੋਪ ਮੇਰੇ ਦੇਸ਼ ਦੇ ਬਹਾਦਰਾਂ ਨੂੰ ਖ਼ਤਮ ਨਹੀਂ ਕਰ ਸਕਦੀ। ਮੇਰੇ ਦੇਸ਼ ਦੇ ਬਹਾਦਰ ਤੇਰੀ ਤੋਪ ਦੇ ਗੋਲੇ ਵਾਰੀ ਵਾਰੀ ਠੰਡੇ ਕਰਨਗੇ। ਤੂੰ ਮੇਰੇ ਦੇਸ਼ ਭਗਤਾਂ ਨੂੰ ਖ਼ਤਮ ਨਹੀਂ ਕਰ ਸਕਦਾ। ਸ: ਹੀਰਾ ਸਿੰਘ ਤੇ ਚਲਣ ਵਾਲੀ ਤੋਪ ਤਿੰਨ ਵਾਰੀ ਪਲੀਤਾ ਚੱਟ ਗਈ। ਡਿਪਟੀ ਕਮਿਸ਼ਨਰ ਇਸ ਗੱਲ ਤੋਂ ਘਬਰਾ ਗਿਆ। ਤੋਪ ਚਾਲਕ ਸਿਪਾਹੀ ਨੂੰ ਬਲੱਡੀ-ਫੂਲ-2 ਆਖਦਾ ਕੋਲ ਚਲਾ ਗਿਆ। ਧਮਕੀਆਂ ਦੇਣ ਲੱਗਾ। ਸ: ਹੀਰਾ ਸਿੰਘ ਨੇ ਡਿਪਟੀ-ਕਮਿਸ਼-ਨਰ ਨੂੰ ਲਲਕਾਰਿਆ ਤੇ ਆਖਿਆ ਓਇ ਬਿੱਲੀਆ ਵਰੰਗੀਆ ਤੇਰਾ ਕਾਨੂੰਨ ਝੂਠਾ ਹੋ ਗਿਆ ਹੈ। ਮੈਂ ਅਕਾਲ ਪੁਰਖ ਦੇ ਚਰਨਾਂ ਵਿੱਚ ਅਰਦਾਸ ਅਮਰ ਸ਼ਹੀਦੀ ਪਾਉਣ ਵਾਸਤੇ ਕੀਤੀ ਹੈ। ਚਲਾ ਹੁਣ ਤੋਪ ਚੌਥੀ ਵਾਰੀ ਕਿਤੇ ਮੇਰੀ ਕੀਤੀ ਅਰਦਾਸ ਵਿਰਥਾ ਨਾ ਜਾਇ। ਇਹ ਤਾਂ ਇਸ ਕਰਕੇ ਤੋਪ ਨਹੀਂ ਚੱਲੀ ਤੂੰ ਆਪਣੇ ਬਣਾਏ ਹੋਏ ਕਾਨੂੰਨ ਤੇ ਕਿੰਨਾ-ਕੁ ਪਾਬੰਦ ਹੈ। ਤੂੰ ਆਪੇ ਹੀ ਕਾਨੂੰਨ ਬਣਾਇਆ ਹੈ। ਮੈਂ ਤਿੰਨ ਵਾਰ ਬਚ ਗਿਆ ਹਾਂ। ਤੇਰੇ ਕੋਲ ਮੈਨੂੰ ਮਾਫ਼ ਕਰਨ ਦਾ ਕਾਨੂੰਨ ਹੈ। ਪਰ ਤੂੰ ਝੂਠਾ ਹੈ। ਇਸ ਸ਼ਹੀਦੀ ਜੱਥੇ ਨੂੰ ਬਰੀ ਨਹੀਂ ਕਰ ਸਕਦਾ। ਸਿੱਖ ਦੀ ਅਰਦਾਸ ਵਿਰਥੀ ਨਹੀਂ ਜਾਂਦੀ ਚਲਾ ਹੁਣ ਤੋਪ ਚੱਲੇਗੀ। ਤੂੰ ਆਪਣੇ ਬਣਾਏ ਗਏ ਕਾਨੂੰਨ ਤੇ ਪਾਬੰਦ ਨਹੀਂ ਰਿਹਾ।

ਤੋਪਚੀ ਨੇ ਪਲੀਤਾ ਚੌਥੀ ਵਾਰ ਫਿਰ ਲਾਇਆ। ਤੋਪ ਵਿਚੋਂ ਗੋਲਾ ਗੜ-ਚੜਾਂਦਾ ਨਿਕ-ਲਿਆ। ਸ: ਹੀਰਾ ਸਿੰਘ ਜੀ ਦੇ ਗੋਲਾ ਸਿੱਧਾ ਛਾਤੀ ਵਿੱਚ ਵੱਜਿਆ। ਸਾਰੇ ਸਰੀਰ ਨੂੰ ਗੋਲਾ ਅਕਾਸ਼ ਵਿਚ ਉਠਾ ਲੈ ਗਿਆ। ਸਰੀਰ ਦਾ ਟੋਟਾਂ-ਟੋਟਾ ਹੋ ਕੇ ਧਰਤੀ ਉਤੇ ਆ ਵਰਸਿਆ। ਸਿੱਖ

ਜੈਕਾਰੇ ਤੇ ਜੈਕਾਰਾ ਬੁਲਾ ਰਹੇ ਸਨ। ਇੱਕ-ਦੂਸਰੇ ਨਾਲੋਂ ਪਹਿਲਾਂ ਤੋਪ ਅੱਗੇ ਹੋਣ ਲਈ ਕਾਹਲ ਕਰ ਰਹੇ ਸਨ। ਪਰ ਹਥਕੜੀਆਂ ਲੱਗੀਆਂ ਹੋਣ ਕਰਕੇ ਮਜਬੂਰ ਸਨ। ਜਿਸ ਦਾ ਨਾਂ ਬੋਲਿਆ ਜਾਂਦਾ ਉਸ ਦੀ ਹੀ ਹੱਥਕੜੀ ਖੋਹਲੀ ਜਾਂਦੀ ਸੀ। ਉਹ ਸਿੱਖ ਛਲਾਂਗਾਂ ਮਾਰਦਾ ਜੈਕਾਰਾ ਛੱਡਦਾ ਤੋਪ ਦੇ ਨਿਸ਼ਾਨੇ ਅੱਗੇ ਹੋ ਜਾਂਦਾ ਸੀ। ਤੋਪ ਸਰੀਰ ਤੂੰਬਾ-2 ਕਰਕੇ ਕੱਲਰ-ਰੱਕੜ ਵਿੱਚ ਖ਼ੂਨ-ਸਿੰਜਦਾ ਮੀਂਹ ਵਰਸਾ ਦਿੰਦੀ ਸੀ। ਸਿੱਖਾਂ ਦੇ ਹੌਸਲੇ ਬੁਲੰਦ ਦੇਖ ਕੇ ਫੌਜ, ਪੁਲੀਸ ਦੀਆਂ ਅਤੇ ਦੁੱਖੀ ਦਿਲਾਂ ਦੀਆਂ ਅੱਖਾਂ ਅੱਡੀਆਂ ਰਹਿ ਜਾਂਦੀਆਂ ਸਨ। ਤੋਪਾਂ ਦੀ ਅਵਾਜ਼ ਨੇ ਸਭ ਦੇ ਕੰਨ ਬੋਲੇ ਕਰ ਦਿੱਤੇ ਸਨ। ਕੰਨਾਂ ਵਿਚੋਂ ਛਾਂ-ਛਾਂ ਦੀਆਂ ਅਵਾਜ਼ਾਂ ਆ ਰਹੀਆਂ ਸਨ। ਸਭਨਾਂ ਦੇ ਸਰੀਰ ਕੰਬ ਰਹੇ ਸਨ।

ਸ: ਲੈਹਿਣਾ ਸਿੰਘ ਨੇ ਕਿਹਾ, ਗੋਲਾ ਸਿੱਧਾ ਹਿੱਕ ਵਿੱਚ ਮਾਰੀਂ। ਤੇਰੀ ਤੋਪ ਮਿੱਸ ਨਾ ਹੋ ਜਾਏ। ਮੇਰੇ ਸਾਥੀ ਮੇਰੀ ਉਡੀਕ ਕਰ ਰਹੇ ਹਨ। ਜਦੋਂ ਤੋਪ ਚਲਦੀ ਸਿੱਖ ਜੈਕਾਰੇ ਤੇ ਜੈਕਾਰਾ ਬੁਲਾਈ ਜਾਂਦੇ। ਵਾਰੀ-ਵਾਰੀ ਨਾਂ ਬੋਲਦੇ ਗਏ ਤੋਪ ਚਲਦੀ ਗਈ ਸਿੱਖ ਸੂਰਮੇ ਸ਼ਹੀਦੀਆਂ ਪ੍ਰਾਪਤ ਕਰਦੇ ਗਏ। ਹਰ ਇਕ ਅਮਰ ਸ਼ਹੀਦ ਦੇ ਸਰੀਰ ਦਾ ਪੁਰਜਾ-ਪੁਰਜਾ ਹੁੰਦਾ ਗਿਆ।

ਕੱਲਰ ਵਿੱਚ ਲਾਲ ਮੋਹਲੇ ਧਾਰ ਖ਼ੂਨ ਦੀ ਬਾਰਸ਼ ਹੋ ਰਹੀ ਸੀ। ਤੋਪਾਂ ਦੇ ਧੂੰਏਂ ਨੇ ਦਿਨ ਨੂੰ ਰਾਤ ਵਿੱਚ ਬਦਲ ਦਿੱਤਾ ਸੀ। ਅੱਜ ਮਲੇਰਕੋਟਲਾ ਵਾਸੀ ਹਿੰਦੂ-ਮੁਸਲਮਾਨਾਂ ਨੇ ਕਿਸੇ ਘਰ ਨੇ ਵੀ ਰੋਟੀ ਨਹੀਂ ਸੀ ਪਕਾਈ। ਖਾਧੀਆਂ ਤਾਂ ਕਿਥੇ ਸਨ। ਬੱਚੇ ਭੁੱਖ ਨਾਲ ਵਿਲਕ ਰਹੇ ਸਨ।

ਕੂਕਾ ਲਹਿਰ ਦੇ ਮਹਾਨ ਬਹਾਦਰ 72 ਯਧੇ ਤੋਪਾਂ ਨਾਲ ਉਡਾਏ ਗਏ। 16 ਕੂਕਿਆਂ ਨੂੰ ਰੇਸ਼ਮੀ ਰੱਸਿਆਂ ਨਾਲ ਫਾਂਸੀ ਲਟਕਾ ਦਿੱਤਾ ਗਿਆ। ਸ: ਹਰਨਾਮ ਸਿੰਘ ਦੀ ਉਮਰ 13 ਸਾਲ, ਸ: ਬਿਸ਼ਨ ਸਿੰਘ ਦੀ ਉਮਰ 10 ਸਾਲ ਇਹ ਦੋਨੋਂ ਬੱਚੇ ਤਲਵਾਰ ਨਾਲ ਸ਼ਹੀਦ ਕੀਤੇ ਗਏ ਸਨ। ਇਹ ਦੋਨੋਂ ਅਮਰ ਸ਼ਹੀਦੀਆਂ ਪਾ ਗਏ। ਚਾਰ ਕੂਕੇ ਜਿਹੜੇ ਮਲੌਦ ਘੇਰੇ ਗਏ ਸਨ, ਉਨ੍ਹਾਂ ਕਾਲੇ ਪਾਣੀ ਉਮਰ ਕੈਦ ਕਰਕੇ ਭੇਜਿਆ। ਤਿੰਨ ਮਾਈਆਂ, ਬੇਬੇ ਰਾਇ ਕੌਰ, ਖੇਮ ਕੌਰ, ਅਤੇ ਇੰਦਰ ਕੌਰ ਵਾਰੀ ਵਾਰੀ ਤੋਪਾਂ ਸਾਹਮਣੇ ਹੁੰਦੀਆਂ ਰਹੀਆਂ ਸਨ। ਡਿਪਟੀ ਕਮਿਸ਼ਨਰ ਨੇ ਤਿੰਨਾਂ ਤੇ ਫਾਇਰ ਕਰਨ ਦਾ ਹੁਕਮ ਨਾ ਦਿੱਤਾ। ਸਗੋਂ ਦੂਰ ਲੈ ਜਾ ਕੇ ਦਰੱਖਤਾਂ ਨਾਲ ਬੰਨ ਛੱਡਿਆ। 78 ਕੂਕੇ ਪਿੰਡਾਂ ਵਿਚੋਂ ਫੜ ਕੇ ਕਾਲੇ ਪਾਣੀਆਂ ਦੀ ਕੈਦ ਭੇਜੇ ਗਏ। ਜਿਵੇਂ ਜਿਵੇਂ ਕੂਕਾ ਲਹਿਰ ਦੇ ਸੰਗਰਾਮੀਆਂ ਦਾ ਪਤਾ ਲੱਗਦਾ ਗਿਆ ਜ਼ਮੀਨਾਂ ਕੁਰਕ ਹੁੰਦੀਆਂ ਰਹੀਆਂ, ਫਾਂਸੀਆਂ ਲੱਗਦੀਆਂ ਰਹੀਆਂ।

ਇਸ ਸਮੇਂ ਬਾਬਾ ਰਾਮ ਸਿੰਘ ਜੀ ਸਿਆੜ ਪਿੰਡ ਬੈਠੇ ਤੋਪਾਂ ਦਾ ਖੜਾਕ ਸੁਣਦੇ ਰਹੇ। ਗੁਰੂ ਚਰਨਾਂ ਨਾਲ ਲਿਵ ਲੱਗੀ ਆਖ ਰਹੇ ਸਨ। ਗੁਰੂ ਨਾਨਕ ਸਾਹਿਬ ਜੀ, ਗੁਰੂ ਗੋਬਿੰਦ ਸਿੰਘ ਸਰਬੰਸ ਦਾਨੀ ਜੀ ਮਹਾਰਾਜ ਤੇਰੀ ਸਾਂਝੀਵਾਲਤਾ ਦੇ ਬੂਟੇ ਨੂੰ ਅਸੀਂ ਸੁਕਣ ਨਹੀਂ ਦਿਆਂਗੇ। ਸਾਨੂੰ ਮੂਹਲੇਧਾਰ, ਖ਼ੂਨ ਦਾ ਮੀਂਹ ਵਰਸਾਉਣ ਲਈ ਬਲ ਬਖਸ਼ ਦਿਉ ਅਸੀਂ ਤੇਰੇ ਹੁਕਮ ਨੂੰ ਸਿਰ-ਮੱਥੇ ਮੰਨਦੇ ਰਹੀਏ। ਅਸੀਂ ਆਪ ਦੀ ਸਾਂਝੀਵਾਲਤਾ ਦੀ ਲਹਿਰ, ਆਜ਼ਾਦੀ ਸੰਗਰਾਮ ਵਾਸਤੇ ਤੁਰੇ ਹਾਂ। ਅਸੀਂ ਖੁਸ਼ੀ ਖੁਸ਼ੀ ਇਸ ਮਾਰਗ ਉਤੇ ਤੁਰੇ ਜਾਈਏ। ਐ-ਅਕਾਲ-ਪੁਰਖ, ਸਾਨੂੰ ਸੁ-ਮੱਤ ਅਤੇ ਬਲ ਬਖਸ਼। ਅਸੀਂ ਤੇਰੇ ਪਵਿੱਤਰ ਪੰਜ ਦਰਿਆਵਾਂ ਦੇ ਪਾਣੀ ਨੂੰ ਗੰਧਲਾ ਨਾ ਹੋਣ ਦੇਈਏ। ਅਸੀਂ ਇਸ ਪੌਣ ਪਾਣੀ ਨੂੰ ਵਰਤ ਕੇ ਖੂਬ ਜਵਾਨੀਆਂ ਮਾਣੀਆਂ ਹਨ। ਇਸਦਾ ਮੁੱਲ ਤਾਰਨ ਵਾਸਤੇ ਸਾਨੂੰ ਬਲ ਬਖਸ਼ ਦੇਵੀਂ। ਅਸੀਂ ਜਿਉਣ ਖ਼ਾਤਰ ਕਿਸੇ ਅੱਗੇ ਹੱਥ ਨਾ ਅੱਡੀਏ। ਤੁਹਾਡੇ ਦੱਸੇ ਮਾਰਗ ਉਪਰ ਮੰਜ਼ਲਾਂ ਸਫਲ ਕਰਦੇ ਜਾਈਏ। ਸਾਡੀ ਆਜ਼ਾਦੀ ਵਿੱਚ ਲਾਜ ਰੱਖੀ। ਸਾਡੇ ਸਿਦਕ ਦੇ ਥੰਮ ਡੋਲ ਜਾਣ। ਮੇਰੀ ਆਪ ਦੇ ਚਰਨਾਂ ਵਿੱਚ ਅਕਾਲ ਪੁਰਖ ਇਹੋ ਅਰਦਾਸ ਹੈ।

Sri Satguru Jagjit Singh Ji Elibrary NamdhariElibrary@gmail.com

## ਕਾਂਡ—2
# ਸੰਖੇਪ ਨੋਟ

ਪਾਠਕ ਜੀ-ਬਾਬਾ ਰਾਮ ਸਿੰਘ ਜੀ ਬਾਰੇ ਆਪਾਂ ਅਗਲੇ ਸਫਿਆਂ ਵਿੱਚ ਜਾਣਕਾਰੀ ਕਰਾਂਗੇ। ਇਥੇ ਮਲੇਰਕੋਟਲੇ ਦੇ ਕੱਲਰ ਵਿੱਚ ਜਿਨ੍ਹਾਂ ਨੇ ਅਮਰ-ਸ਼ਹੀਦੀਆਂ ਪ੍ਰਾਪਤ ਕੀਤੀਆਂ ਹਨ। ਪਹਿਲਾਂ ਉਨ੍ਹਾਂ ਬਾਰੇ ਸੰਖੇਪ ਵਿੱਚ ਜਾਣਕਾਰੀ ਕਰਦੇ ਹਾਂ।

1. ਸ੍ਰੀ ਭੈਣੀ ਸਾਹਿਬ ਕੂਕਾ ਲਹਿਰ ਦੀ ਐਗਜੈਕਟਿਵ ਕਮੇਟੀ ਦੀ ਮੀਟਿੰਗ 26 ਜਨਵਰੀ 1871 ਈਸਵੀ ਨੂੰ 12 ਸੂਬਿਆਂ ਦੀ, ਬਾਬਾ ਰਾਮ ਸਿੰਘ ਜੀ ਦੀ ਮੌਜੂਦਗੀ ਵਿੱਚ ਹੋਈ। ਏਜੰਡਾ ਬੁੱਚੜਖਾਨੇ ਬੰਦ ਕਰਵਾਉਣ ਲਈ ਰੱਖਿਆ ਗਿਆ। ਬਹੁਤ ਸੋਚ-ਵਿਚਾਰ ਤੋਂ ਬਾਅਦ, ਖੱਟੇ ਪਿੰਡ ਦੇ ਹੋਲੇ-ਮਹੱਲੇ ਤੋਂ ਬਾਅਦ ਬੁੱਚੜਖਾਨਿਆਂ ਤੇ ਗੁਰੀਲੇ ਹਮਲੇ ਕਰਨ ਦਾ ਪ੍ਰੋਗਰਾਮ ਉਲੀਕਿਆ ਗਿਆ। ਵੱਖ-ਵੱਖ ਹਮਲੇ ਕਰਨ ਬਾਰੇ 4 ਜ਼ਿਲ੍ਹੇ ਚੁਣੇ ਗਏ। 1. ਅੰਮ੍ਰਿਤਸਰ, 2. ਰਾਏਕੋਟ, 3. ਫਿਰੋਜ਼ਪੁਰ, 4. ਹਿਸਾਰ। ਪਹਿਲਾਂ ਗੁਰੀਲਾ ਹਮਲਾ ਸ੍ਰੀ ਅੰਮ੍ਰਿਤਸਰ 14-15 ਜੂਨ 1871 ਈਸਵੀ ਨੂੰ ਕੀਤਾ। ਦੂਸਰਾ ਹਮਲਾ 15 ਜੁਲਾਈ 1871 ਨੂੰ ਰਾਏਕੋਟ ਕੀਤਾ। ਇਹ ਦੋਵੇਂ ਹਮਲੇ ਬਹੁਤ ਜ਼ਬਰਦਸਤ ਹਮਲੇ ਸਨ। ਸਰਕਾਰ ਨੂੰ ਹੱਥਾਂ ਪੈਰਾਂ ਦੀ ਪੈ ਗਈ ਸੀ। ਫਿਰੋਜ਼ਪੁਰ ਅਤੇ ਹਿਸਾਰ ਵਾਲੇ ਬੁੱਚੜਖਾਨੇ, ਅੰਮ੍ਰਿਤਸਰ ਅਤੇ ਰਾਇਕੋਟ ਦੀ ਦਹਿਸ਼ਤ ਨਾਲ ਬੰਦ ਹੋ ਗਏ ਸਨ। ਇਹ ਗੁਰੀਲੇ ਹਮਲੇ ਕਰਕੇ ਕਮਾਂਡੋ ਜੱਥੇ ਫਰਾਰ ਹੋ ਗਏ ਸਨ।

2. ਸਰਕਾਰ ਇਨ੍ਹਾਂ ਹਮਲਿਆਂ ਦਾ ਪਤਾ ਲਾਉਣ ਲਈ ਬੇਦੋਸ਼ਿਆਂ ਨੂੰ ਫੜ ਕੇ ਤਸੀਹੇ ਦੇਣੇ ਸ਼ੁਰੂ ਕਰ ਦਿੱਤੇ ਸਨ। ਬਾਬਾ ਰਾਮ ਸਿੰਘ ਜੀ ਸਾਹਿਬ ਨੇ ਕੂਕਾ ਲਹਿਰ ਦੇ ਕਮਾਂਡੋ ਜੱਥਿਆਂ ਨੂੰ ਆਖਿਆ ਆਪਣੇ ਐਕਸ਼ਨਾਂ ਦੇ ਆਪ ਜਿਮੇਂਦਾਰ ਬਣ ਜਾਉ। ਉਨ੍ਹਾਂ ਐਕਸ਼ਨਾਂ ਦਾ ਹਲਫੀਆ ਬਿਆਨ ਦੇ ਕੇ ਬੇਦੋਸ਼ੇ ਲੋਕਾਂ ਨੂੰ ਛੁਡਾਉਣਾ ਚਾਹੀਦਾ ਹੈ। ਐਕਸ਼ਨ ਕਰਨੇ ਹਨ ਤਾਂ ਕੂਕਾ ਲਹਿਰ ਦੇ ਰੂਪ ਵਿੱਚ ਆ ਕੇ ਕਰੋ। ਕੂਕਾ ਲਹਿਰ ਬਹੁਤ ਤਸ਼ੱਦਦ ਸਹਿ ਸਕਦੀ ਹੈ। ਅਮਰ ਸ਼ਹੀਦੀਆਂ ਪਾਉਣ ਤੋਂ ਨਾ ਡਰੋ। ਸ਼ਹੀਦੀਆਂ ਪਾਉਣ ਨਾਲ ਕੂਕਾ-ਲਹਿਰ ਅਤੇ ਆਪ ਦੀਆਂ ਸ਼ਹੀਦੀਆਂ ਅਮਰ ਹੋ ਜਾਣਗੀਆਂ। ਬਾਬਾ ਜੀ ਬੇਦੋਸ਼ਿਆਂ ਤੇ ਜਬਰ ਤਸ਼ੱਦਦ ਹੁੰਦਾ ਨਾ ਜਰ ਸਕੇ। ਗੁਰੀਲੇ ਹਮਲੇ ਕਰਨੇ ਬੰਦ ਕਰ ਦਿੱਤੇ ਸਨ। ਭਾਈ ਲਹਿਣਾ ਸਿੰਘ ਅੰਮ੍ਰਿਤਸਰ ਕਮਾਂਡੋ ਜੱਥਾ, ਭਾਈ ਮਸਤਾਨ ਸਿੰਘ ਪਿਥੋ ਤੇ ਰਤਨ ਸਿੰਘ ਨਾਈਵਾਲਾ ਰਾਇਕੋਟ ਕਮਾਂਡੋ ਜੱਥਾ ਹਲਫੀਆ ਬਿਆਨ ਦੇ ਕੇ ਅਮਰ ਸ਼ਹੀਦੀਆਂ ਪਾ ਗਏ ਸਨ।

3. ਕਈ ਲੇਖਕਾਂ ਨੇ ਲਿਖਿਆ ਹੈ ਕਿ ਕੂਕਾ ਲਹਿਰ ਨੇ ਅਰਦਾਸ ਸੋਧ ਕੇ ਸ੍ਰੀ ਭੈਣੀ ਸਹਿਬ ਤੋਂ ਮਲੇਰਕੋਟਲਾ ਬੁੱਚੜਖਾਨਿਆਂ ਨੂੰ ਸ਼ਹੀਦੀ ਜੱਥਾ 13 ਜਨਵਰੀ 1872 ਈਸਵੀ ਨੂੰ ਤੋਰਿਆ। ਕਈ ਲੇਖਕ ਲਿਖਦੇ ਹਨ ਕਿ ਬਾਬਾ ਰਾਮ ਸਿੰਘ ਜੀ ਸਹਿਬ ਨੇ ਜ਼ਿਲ੍ਹਾ ਲੁਧਿਆਣਾ ਦੇ ਡਿਪਟੀ



Sri Satguru Jagjit Singh Ji Elibrary NamdhariElibrary@gmail.com

ਕਮਿਸ਼ਨਰ ਨੂੰ ਬੰਦਾ ਭੇਜ ਕੇ ਆਖਿਆ ਸੀ ਕੂਕਾ ਲਹਿਰ ਮੈਥੋਂ ਬਾਗ਼ੀ ਹੋ ਗਈ ਹੈ। ਮਸਤਾਨੇ ਹੋ ਗਏ ਹਨ। ਕਮਲੇ ਹੋ ਗਏ ਹਨ। ਸਰਕਾਰ ਇਨ੍ਹਾਂ ਮਸਤਾਨਿਆਂ ਤੇ ਕਾਬੂ ਪਾਵੇ। ਇਉਂ ਲਿਖਣ ਵਾਲੇ ਲੇਖਕ ਕ੍ਰਾਂਤੀਕਾਰੀ ਪੰਜਾਬੀ ਕੌਮ ਦੇ ਇਤਿਹਾਸ ਨੂੰ ਹਾਸੋਹੀਣਾ ਬਨਾਉਣ ਵਿੱਚ ਰੋਲ ਕਰਦੇ ਹਨ। ਕੂਕਿਆਂ ਨੂੰ ਬਾਬਾ ਜੀ ਹੋਰ ਸਬਰ ਕਰਨ ਲਈ ਤਾਂ ਆਖ ਸਕਦੇ ਸਨ। ਬਾਬਾ ਜੀ ਸਹਿਬ ਅੰਗਰੇਜ਼ੀ ਸਰਕਾਰ ਨੂੰ ਬਿਲਕੁਲ ਨਹੀਂ ਸੀ ਦੱਸ ਸਕਦੇ। ਅਗਰ ਕਿਸੇ ਹੋਰ ਬੰਦੇ ਨੇ ਵੀ ਦੱਸਿਆ ਹੁੰਦਾ ਤਾਂ ਬਾਗ਼ੀ ਹੋਏ ਕੂਕਿਆਂ ਨੂੰ ਜ਼ਰੂਰ ਸਰਕਾਰ ਘੇਰਾ-ਘੱਤ ਕੇ ਗ੍ਰਿਫ਼ਤਾਰ ਕਰਦੀ। ਚਾਰ ਦਿਨ ਚੁੱਪ ਕਰਕੇ ਬੈਠਣ ਵਾਲੀ ਅੰਗਰੇਜ਼ ਸਰਕਾਰ ਨਹੀਂ ਸੀ। ਇਹ ਤੱਥ ਜ਼ਿਆਦਾ ਠੀਕ ਨਹੀਂ ਹਨ।

4. ਮਲੌਦ ਵਾਲਾ ਸ: ਦਲ ਸਿੰਘ ਕੂਕਾ ਲਹਿਰ ਨੂੰ ਹਥਿਆਰ ਦੇਣੋਂ ਮੁੱਕਰ ਗਿਆ। ਉਥੋਂ ਮਲੌਦ ਲੜਾਈ ਸ਼ੁਰੂ ਹੋ ਗਈ। ਦਲ ਸਿੰਘ ਦਾ ਮੋਢਾ ਕੱਟਿਆ ਗਿਆ। ਉਸ ਨੇ ਭੱਜ ਕੇ ਅੰਦਰ ਵੜ ਕੇ ਜਾਨ ਬਚਾਈ। ਚਾਰ ਵਲੰਟੀਅਰ ਸਿੰਘ ਘੇਰੇ ਵਿੱਚ ਆ ਗਏ। ਇਨ੍ਹਾਂ ਨੂੰ ਕੱਟੜ ਕਰ ਕੇ ਅੰਗਰੇਜ਼ ਸਰਕਾਰ ਨੂੰ ਫੜਾ ਦਿੱਤਾ ਗਿਆ। ਇਨ੍ਹਾਂ ਸਿੰਘਾਂ ਨੂੰ ਕਾਲੇ ਪਾਣੀਆਂ ਦੀ ਉਮਰ ਕੈਦ ਕਰ ਦਿੱਤੀ ਗਈ। ਇਨ੍ਹਾਂ ਦੇ ਨਾਂ ਇਸ ਪ੍ਰਕਾਰ ਸਨ। 1. ਸ: ਭਗਵਾਨ ਸਿੰਘ, 2. ਸ: ਗਿਆਨ ਸਿੰਘ ਜੀ, 3. ਸ: ਬੰਮਣ ਸਿੰਘ 4. ਸ: ਮੇਹਰ ਸਿੰਘ ਹੰਡਿਆਇਆ, ਬਰਨਾਲੇ ਦੇ ਵਸਨੀਕ ਸਨ। ਮਲੌਦ ਵਾਲੇ ਦਲ ਸਿੰਘ ਨੇ ਅੰਗਰੇਜ਼ ਸਰਕਾਰ ਨੂੰ ਸੀ. ਆਈ. ਡੀ. ਮਲੇਰਕੋਟਲਾ ਦੀ ਵੀ ਕੀਤੀ ਸੀ। ਰਿਆਸਤ ਪਟਿਆਲਾ ਤੇ ਮਲੇਰਕੋਟਲਾ ਦੇ ਪੁਲੀਸ ਅਧਿਕਾਰੀ ਤੇ ਫੌਜੀਆਂ ਨੇ ਰੜ੍ਹ ਪਿੰਡ, ਵਿਸ਼-ਵਾਸ ਦੇ ਘੇਰੇ ਵਿੱਚ ਲੈ ਕੇ ਜੈਮਲ ਸਿੰਘ ਅਤੇ ਉੱਤਮ ਸਿੰਘ ਨੇ ਸ਼ੇਰਪੁਰ ਥਾਣੇ ਵਿੱਚ ਗ੍ਰਿਫ਼ਤਾਰ ਕਰਵਾਏ ਸਨ।

5. ਮਲੇਰਕੋਟਲੇ ਦਾ ਬੁੱਚੜਖਾਨਾ ਤੋੜ ਕੇ ਕੋਤਵਾਲੀ ਦੇ ਸਾਹਮਣੇ ਕਈ ਘੰਟੇ ਸਿੱਧੀ ਲੜਾਈ ਹੁੰਦੀ ਰਹੀ ਸੀ। ਕੂਕਾ ਲਹਿਰ ਦੇ ਬਹਾਦਰਾਂ ਨੇ ਕੋਤਵਾਲ ਅਹਿਮਦ ਖ਼ਾਂ ਨੂੰ 7 ਸਿਪਾਹੀਆਂ ਸਮੇਤ ਮਾਰ ਦਿੱਤਾ ਗਿਆ ਸੀ। ਕੁਝ ਕੂਕੇ ਵੀ ਜ਼ਖਮੀ ਹੋ ਗਏ ਸਨ। 2 ਅਮਰ ਸ਼ਹੀਦੀਆਂ ਪਾ ਗਏ ਸਨ। ਅਖ਼ੀਰ ਲੜਦੇ ਲੜਾਉਂਦੇ ਪਿੰਡ ਰੜ੍ਹ ਵਲ ਕੂਚ ਪਏ ਸਨ। ਪਿੰਡ ਝੂਦਨ ਦੇ ਜੋੜ੍ਹ ਤੇ ਸਮੁੰਦ ਖਾਨ ਆਪਣੇ ਸਿਪਾਹੀਆਂ ਸਮੇਤ ਸ: ਹੀਰਾ ਸਿੰਘ ਨੂੰ ਜਾ ਲਲਕਾਰਿਆ। ਅੱਗੋਂ ਸ: ਹੀਰਾ ਸਿੰਘ ਕੋਲ ਢਾਲ ਨਹੀਂ ਸੀ। ਤੇ ਉਸਦਾ ਖੱਬਾ ਗੁੱਟ ਕੱਟਿਆ ਗਿਆ। ਸ: ਹੀਰਾ ਸਿੰਘ ਨੇ ਐਸੀ ਫੁਰਤੀ ਨਾਲ ਵਾਰ ਕੀਤਾ। ਸਮੁੰਦ-ਖਾਨ ਦਾ ਸਿਰ ਧਰਤੀ ਤੇ ਆ ਡਿੱਗਾ। ਦੂਸਰੇ ਪਾਸੇ ਸ: ਲਹਿਣਾ ਸਿੰਘ ਜੱਥੇ ਦੀ ਅਗਵਾਈ ਕਰਦਾ ਸੀ। ਪੁਲੀਸ ਦੇ ਸਿਪਾਹੀ ਹਾਰ ਕੇ ਮਲੇਰਕੋਟਲੇ ਨੂੰ ਮੁੜ ਗਏ ਸਨ। ਇਹ ਕਮਾਂਡੋ ਜੱਥਾ ਪਿੰਡ ਰੜ੍ਹ ਪਹੁੰਚ ਗਿਆ। ਉਥੇ ਸਾਂਝੀ ਜਗ੍ਹਾ ਵਿੱਚ ਲੰਗਰ ਤਿਆਰ ਕੀਤਾ ਗਿਆ। ਸ: ਹੀਰਾ ਸਿੰਘ ਨੇ ਤੇਲ ਕਾੜ੍ਹ ਕੇ ਆਪਣਾ ਗੁੱਟ ਤਲ ਲਿਆ ਸੀ। ਇਸ ਕਮਾਂਡੋ ਜੱਥੇ ਵਿੱਚ ਕੋਈ ਭੀ ਭਗੌੜਾ ਨਹੀਂ ਸੀ ਹੋਇਆ। ਆਉਣ ਵਾਲੇ ਸੰਕਟ ਦਾ ਸਭ ਨੂੰ ਪਤਾ ਸੀ। ਇਕ ਦੂਜੇ ਦਾ ਸਾਥ ਛੱਡਣਾ ਨਹੀਂ ਸਨ ਚਾਹੁੰਦੇ। ਮਨੁੱਖੀ ਸਾਂਝੀਵਾਲਤਾ ਵਾਸਤੇ ਕੀਤੇ ਅਰਦਾਸੇ ਦੀ ਮੰਗ ਨੂੰ ਆਪੋ-ਆਪਣੇ ਪ੍ਰਣ ਪੂਰੇ ਕਰਕੇ ਵੀ ਅਮਰ ਹੋ ਜਾਣਾ ਚਾਹੁੰਦੇ ਸਨ।

6. ਸ: ਵਰਿਆਮ ਸਿੰਘ ਮਹਿਰਾਜ ਦੀ ਮਿਸਾਲ ਸਾਡੇ ਸਾਹਮਣੇ ਆਉਂਦੀ ਹੈ। ਆਪਣਾ ਕੌਲ ਪੂਰਾ ਕਰਨ ਵਾਸਤੇ ਇੱਟਾਂ ਦਾਂ ਚਬੂਤਰਾ ਬਣਾ ਕੇ ਖਲੋ ਗਿਆ। ਡਿਪਟੀ ਕਮਿਸ਼ਨਰ

Sri Satguru Jagjit Singh Ji Elibrary NamdhariElibrary@gmail.com

ਲੁਧਿਆਣਾ ਨੂੰ ਆਖਿਆ, ਚਲਾ ਓਇ-ਬਿੱਲਿਆ ਤੋਪ। ਮੇਰਾ ਸਾਥ ਦੂਰ ਜਾਂਦਾ ਹੈ। ਹੁਣ ਮੈਂ ਤੇਰੀ ਤੋਪ ਦਾ ਹਾਣੀ ਬਣ ਗਿਆ ਹਾਂ। ਤੈਨੂੰ ਭੁਲੇਖਾ ਨਾ ਰਹੇ। ਮੇਰਾ ਕੱਦ ਪੂਰਾ ਹੈ। ਮੈਂ ਆਪਣੇ ਸਾਥੀਆਂ ਦਾ ਸਾਥ ਨਹੀਂ ਛੱਡਣਾ। ਛੇਤੀ ਕਰ ਮੈਂ ਆਪਣੇ ਖ਼ੂਨ ਦਾ ਮੀਂਹ ਵਰਸਾ ਕੇ ਦੇਸ਼-ਭਗਤੀ ਦੇ ਬੂਟੇ ਨੂੰ ਸਿੰਜਣਾ ਹੈ। ਮੇਰੇ ਖ਼ੂਨ ਦੇ ਫੁਹਾਰਿਆਂ ਨੇ ਇਸ ਕੱਲਰ-ਰੱਕੜ ਨੇ ਵੀ ਲਾਲ ਰੰਗ ਕਰਨਾ ਹੈ। ਇਹ ਰੱਕੜ ਦੇਸ਼-ਭਗਤਾਂ ਨੂੰ ਰੋਸ਼ਨੀ ਕਰਦਾ ਰਹੇਗਾ। ਉਸ ਰੋਸ਼ਨੀ ਨੇ ਤੇਰੇ ਵਰਗੇ ਬਿੱਲੀਆਂ ਅੱਖਾਂ ਵਾਲਿਆਂ ਨੂੰ ਫਰੋਲ-ਫਰੋਲ ਕੇ ਭਾਰਤ ਦੇਸ਼ ਵਿਚੋਂ ਕੱਢ ਦੇਣਾ ਹੈ। ਅਖ਼ੀਰ ਤੋਪ ਚਲ ਗਈ। ਤੋਪ ਦਾ ਗੋਲਾ ਸ: ਵਰਿਆਮ ਸਿੰਘ ਦੇ ਸਰੀਰ ਨੂੰ ਅਸਮਾਨ ਵਿਚ ਉਡਾ ਲੈ ਗਿਆ। ਰੂੰ ਦੇ ਗੋੜ੍ਹਿਆਂ ਵਾਂਗ ਕੱਲਰ ਵਿਚ ਖਿੱਲਰ ਗਿਆ।

ਨੋਟ—ਸ: ਵਰਿਆਮ ਸਿੰਘ ਨੂੰ ਰਿਆਸਤ ਪਟਿਆਲਾ ਵਲੋਂ ਛੱਡ ਦੇਣ ਦੀ ਸਿਫਾਰਸ਼ ਹੋ ਗਈ ਸ਼ੀ। ਡਿਪਟੀ ਕਮਿਸ਼ਨਰ ਨੇ ਆਖਿਆ ਵਰਿਆਮ ਸਿੰਘ, "ਤੁਮ ਪੀਛੇ ਹਟ ਜਾਓ, ਆਪ ਤੋਪ ਕੇ ਨਿਸ਼ਾਨੇ ਮੇਂ ਨਹੀਂ ਆਤੇ, ਆਪ ਕਾ ਉਰਾਈ ਕਮ ਹੈ।"

7. ਇਥੇ ਹੀ ਬੱਸ ਨਹੀਂ ਅੱਗੇ ਹੋਰ ਚਲਦੇ ਹਾਂ। ਡਿਪਟੀ ਕਮਿਸ਼ਨਰ 'ਕਾਮਨ' ਦੀ ਮੇਮ ਨੇ ਕਿਹਾ ਸਾਹਿਬ ਦੇਖੋ ਕਿਨ੍ਹਾਂ ਸੋਹਣਾ ਬੱਚਾ ਹੈ। ਇਸ ਨੂੰ ਨਾਬਾਲਗ ਜਾਣ ਕੇ ਛੱਡ ਦਿਓ। 'ਕਾਮਨ' ਨੇ ਆਖਿਆ, ਇਹ ਬੱਚਾ ਆਖ ਦੇਵੇ ਕਿ ਮੈਂ ਕੂਕਾ ਲਹਿਰ ਛੱਡੀ। ਫਿਰ ਇਸ ਦੀ ਜਾਨ ਬਖਸ਼ੀ ਜਾ ਸਕਦੀ ਹੈ। ਮੇਮ ਨੇ ਸ: ਬਿਸ਼ਨ ਸਿੰਘ ਨੂੰ ਆਪਣੇ ਕੋਲ ਬੁਲਾ ਕੇ ਆਖਿਆ, ਦੇਖ ਪੁੱਤਰ ਤੇਰੀ ਉਮਰ ਅਜੇ 10 ਸਾਲ ਦੀ ਹੈ। ਤੂੰ ਆਖ ਦੇ ਮੈਂ ਕੂਕਾ ਲਹਿਰ ਛੱਡੀ। ਸ: ਬਿਸ਼ਨ ਸਿੰਘ ਨੂੰ ਗੁੱਸਾ ਤਾਂ ਬਹੁਤ ਆਇਆ ਕਿ ਉਸ ਦੇ ਮੂੰਹ ਤੇ ਜ਼ੋਰ ਦਾ ਥੱਪੜ ਮਾਰੇ। ਪਰ ਪੁੱਤਰ ਸ਼ਬਦ ਮੇਮ ਦੇ ਮੂੰਹੋਂ ਸੁਣਿਆ ਸੀ। ਸਰਦਾਰ ਜੀ ਨੇ ਆਖਿਆ ਮਾਤਾ ਜੀ ਇਹ ਗੱਲ ਮੈਂ ਸਾਹਿਬ ਦੇ ਕੰਨ ਵਿਚ ਆਖਾਂਗਾ। ਮੇਮ ਸਾਹਿਬ ਕੋਲ ਲੈ ਆਈ। ਸ: ਬਿਸ਼ਨ ਸਿੰਘ ਨੇ ਆਪਣੇ ਦੋਨੋਂ ਹੱਥ ਸਾਹਿਬ ਦੀ ਲੰਬੀ ਦਾੜ੍ਹੀ ਨੂੰ ਪਾ ਲਏ। ਝਟਕਾ ਮਾਰਦਿਆਂ ਆਖਿਆ, ਓਇ ਬਿੱਲਿਆ ਫੇਰ ਕਹੇਂਗਾ ਕੂਕਾ ਲਹਿਰ ਛੱਡਣ ਲਈ। ਦੋਵੇਂ ਹੱਥ ਜਮੂਰ ਬਣ ਗਏ ਸਨ। ਉਪਰੋਂ ਜ਼ੋਰ ਦੀ ਚਲਾਈ ਤਲਵਾਰ ਦੋਵੇਂ ਹੱਥ ਕੱਟ ਦਿੱਤੇ। ਹੱਥ ਦਾੜ੍ਹੀ ਵਿਚ ਹੀ ਫਸੇ ਰਹੇ। ਸਿਰ ਕਲਮ ਹੋ ਗਿਆ ਸੀ। ਛੋਟੀ ਉਮਰ ਵਿਚ ਅਮਰ ਸ਼ਹੀਦੀ ਪਾ ਗਿਆ ਸੀ। ਅਗਲੀ ਕਤਾਰ ਵਿਚ ਖਲੋ ਕੇ ਪੰਜਾਬੀ ਕੌਮ ਨੂੰ ਦੁਨੀਆਂ ਦੇ ਇਤਿਹਾਸ ਦੀ ਕਤਾਰ ਵਿਚ ਲੈ ਗਿਆ। ਸਰਦਾਰ ਹਰਨਾਮ ਸਿੰਘ ਜੀ 13 ਸਾਲ ਦੀ ਉਮਰ ਦਾ ਨਾਬਾਲਗ ਸੀ। ਉਸੇ ਤਲਵਾਰ ਨੇ ਉਸ ਨੂੰ ਵੀ ਅਮਰ ਸ਼ਹੀਦ ਕਰ ਦਿੱਤਾ। ਖ਼ੂਨ ਵਗਦਾ ਰਿਹਾ। ਉਸ ਕੱਲਰ ਨੂੰ ਸਿੰਜਦਾ ਰਿਹਾ। ਰੱਕੜ ਨੂੰ ਮਨੁੱਖੀ-ਸਾਂਝੀਵਾਲਤਾ ਬਰਾਬਰਤਾ ਦੀ ਵਾਰਤਾ ਸੁਣਾਉਂਦਾ ਰਿਹਾ। ਇਹ ਬਾਬਾ ਰਾਮ ਸਿੰਘ ਜੀ ਦਾ ਸਖਾਂਦਰੂ ਬੱਚਾ 13 ਸਾਲ ਦੀ ਉਮਰ ਵਿਚ ਹੀ ਅਮਰ ਹੋ ਗਿਆ।

8. ਇਥੇ ਲੇਖਕਾਂ ਦੇ ਵੱਖ-ਵੱਖ ਵਿਚਾਰ ਹਨ। ਕਈ ਲੇਖਕ ਲਿਖਦੇ ਹੋਏ ਪਾਠਕਾਂ ਨੂੰ ਦੱਸਦੇ ਹਨ। ਦੂਸਰੇ ਦਿਨ 16 ਕੂਕਾ ਲਹਿਰ ਦੇ ਕਮਾਂਡੋ ਫਾਂਸੀ ਲਟਕਾਏ ਗਏ ਸਨ। ਕਈ ਲੇਖਕਾਂ ਦੀ ਰਾਇ ਹੈ ਕਿ ਸਾਰੇ ਇਕੋ ਦਿਨ ਹੀ ਫਾਂਸੀ ਲਟਕਾਏ ਗਏ ਤੇ ਤੋਪਾਂ ਨਾਲ ਉਡਾਏ ਗਏ ਸਨ। ਕਿਉਂਕਿ ਅੰਬਾਲਾ ਕਮਿਸ਼ਨਰ ਕੁਝ ਕੂ ਨੂੰ ਛੱਡਣਾ ਚਾਹੁੰਦਾ ਸੀ। ਡਿਪਟੀ ਕਮਿਸ਼ਨਰ 'ਕਾਮਨ'

Sri Satguru Jagjit Singh Ji Elibrary NamdhariElibrary@gmail.com

ਲੁਧਿਆਣਾ ਕੂਕਾ ਲਹਿਰ ਨੂੰ ਖ਼ਤਮ ਕਰਨਾ ਚਾਹੁੰਦਾ ਸੀ । 'ਕਾਮਨ' ਅੰਬਾਲਾ ਕਮਿਸ਼ਨਰ ਆਉਣ ਤੋਂ ਪਹਿਲਾਂ ਇਕ ਦਿਨ ਵਿਚ ਹੀ ਕੂਕਾ ਲਹਿਰ ਦੇ ਦੇਸ਼-ਭਗਤਾਂ ਨੂੰ ਤੋਪਾਂ ਨਾਲ ਉਡਾ ਦਿੱਤਾ ਤੇ 16 ਦੇਸ਼-ਭਗਤਾਂ ਨੂੰ ਫਾਂਸੀ ਲਟਕਾ ਦਿੱਤਾ ਸੀ । ਦੋ ਛੋਟੀ ਉਮਰ ਦੇ ਨਾਬਾਲਗ ਬੱਚਿਆਂ ਨੂੰ ਤਲਵਾਰ ਨਾਲ ਸ਼ਹੀਦ ਕੀਤਾ ਸੀ । ਤਿੰਨ ਮਾਈਆਂ ਨੂੰ ਦੂਰ ਕਿਸੇ ਜੰਗਲ ਵਿਚ ਛੱਡ ਦਿੱਤਾ ਸੀ । ਮੇਰੀ ਆਪਣੀ ਰਾਇ ਹੈ ਕਿ ਸ਼ਹੀਦ ਤਾਂ ਸਾਰੇ ਹੀ ਕੀਤੇ ਗਏ । ਇਕ ਦਿਨ ਵਿਚ ਜਾਂ ਦੋ ਦਿਨਾਂ ਵਿਚ ਕੀਤੇ । ਕੂਕਾ ਲਹਿਰ ਦੇ ਅਜ਼ਾਦੀ ਸੰਗ੍ਰਾਮੀਆਂ ਨੂੰ ਇਕ ਨੂੰ ਵੀ ਨਹੀਂ ਬਖਸ਼ਿਆ । ਸਾਰਿਆਂ ਨੂੰ ਹੀ ਬਿਨਾਂ ਮੁਕੱਦਮਾ ਚਲਾਏ ਸ਼ਹੀਦ ਕਰ ਦਿੱਤਾ ਸੀ ।

9. ਇਸ ਅੰਗਰੇਜ਼ ਸਰਕਾਰ ਦੀ ਸਾਜ਼ਿਸ਼ ਦੇ ਖ਼ਿਲਾਫ ਕੂਕਾ ਲਹਿਰ ਦੇ ਬਹਾਦਰਾਂ ਨੇ ਗਊਆਂ ਛੁਡਾਉਣ ਖ਼ਾਤਰ ਜਾ ਹਮਲਾ ਬੋਲਿਆ । 125 ਗਊਆਂ ਛੁਡਾ ਖੇਤਾਂ ਵਿਚ ਭਜਾ ਦਿੱਤੀਆਂ ਸਨ । ਬੁੱਚੜਾਂ ਨੂੰ ਸਜ਼ਾ ਦੇਕੇ ਜਮ-ਪੁਰੀ ਪਹੁੰਚਾ ਦਿੱਤਾ । ਮਲੇਰਕੋਟਲੇ ਦੀ ਪੁਲੀਸ ਅਤੇ ਫੌਜ ਨਾਲ ਲੜਦੇ ਹੋਏ ਪਿੰਡ ਰੜ੍ਹ ਪਹੁੰਚ ਗਏ ਸਨ । ਕੋਈ ਵੀ ਕੂਕਾ ਆਪਣੀ ਜਾਨ ਬਚਾਉਣ ਲਈ ਭਗੌੜਾ ਨਾ ਹੋਇਆ । ਪਿੰਡ ਦੀ ਸਾਂਝੀ ਜਗ੍ਹਾ ਵਿਚ ਜਾ ਡੇਰੇ ਲਾਏ ਸਨ । ਸ: ਹੀਰਾ ਸਿੰਘ ਤੇ ਲਹਿਣਾ ਸਿੰਘ ਆਮ ਲੋਕਾਂ ਨੂੰ ਅੰਗਰੇਜ਼ ਸਰਕਾਰ ਦੀ ਗੁਲਾਮੀ ਤੋਂ ਅਜ਼ਾਦ ਹੋਣ ਵਾਸਤੇ ਕਈ ਦਲੀਲਾਂ ਦੇ ਰਹੇ ਸਨ ।

10. ਜੈਮਲ ਸਿੰਘ ਤੇ ਉੱਤਮ ਸਿੰਘ ਨੇ ਬੜੇ ਪਿਆਰ ਨਾਲ ਅਰਜ਼ ਕਰਦਿਆਂ ਆਖਿਆ ਖ਼ਾਲਸਾ ਜੀ ਪਹਿਲਾਂ ਲੰਗਰ ਕਰੋ ਅਤੇ ਛਕੋ । ਫਿਰ ਤੁਸੀਂ ਸਾਡੇ ਨਾਲ ਸ਼ੇਰਪੁਰ ਚਲੋ । ਉਥੇ ਆਪ ਦਾ ਇਲਾਜ ਵੀ ਕਰਵਾਇਆ ਜਾਏਗਾ ਅਤੇ ਹਥਿਆਰ ਵੀ ਦਿਆਂਗੇ । ਇਹ ਸੰਘਰਸ਼ ਲੜਨ ਦੇ ਅਸੀਂ ਹੱਕ ਵਿਚ ਹਾਂ । ਬਾਕੀ ਅਸੀਂ ਆਪ ਦੇ ਵਿਚਾਰਾਂ ਨੂੰ ਸਤਿ ਮੰਨਦੇ ਹਾਂ । ਅੰਗਰੇਜ਼ ਨੇ ਪੰਜਾਬੀ ਕੌਮ ਨੂੰ ਜ਼ਰੂਰ ਭੁਖਿਆਂ ਮਾਰਨਾ ਹੈ । ਪੰਜਾਬ ਨੂੰ ਗਰੀਬ ਤੋਂ ਗਰੀਬ ਕਰਨਾ ਹੈ । ਪੰਜਾਬ ਨੂੰ ਆਜ਼ਾਦ ਕਰਵਾਉਣ ਲਈ ਅੰਗਰੇਜ਼ ਸਰਕਾਰ ਨਾਲ ਸੰਘਰਸ਼ ਕਰਨਾ ਪਵੇਗਾ । ਇਹ ਗੁਰੂਆਂ ਦੀ ਧਰਤੀ ਹੈ । ਇਸ ਨੂੰ ਗੁਲਾਮ ਨਹੀਂ ਕਰ ਸਕਦਾ । ਅਸੀਂ ਆਪ ਦੀ ਪੂਰੀ ਮਦਦ ਕਰਾਂਗੇ ।

11. ਸ੍ਰ: ਹੀਰਾ ਸਿੰਘ ਨੇ ਉਤਮ ਸਿੰਘ ਤੇ ਜੈਮਲ ਸਿੰਘ ਨੂੰ ਆਖਿਆ ਸਾਨੂੰ ਕਿਸੇ ਤੇ ਪ੍ਰਤੀਤ ਨਹੀਂ ਰਹੀ । ਇਸ ਤੋਂ ਪਹਿਲਾਂ ਸ: ਦਲ ਸਿੰਘ ਮਲੌਦ ਵਾਲੇ ਨੇ ਵਿਸ਼ਵਾਸਘਾਤ ਕੀਤਾ ਹੈ । ਸਾਨੂੰ ਧੋਖਾ ਦਿੱਤਾ ਹੈ । ਹਥਿਆਰ ਦੇਣੋਂ ਮੁਕਰ ਗਿਆ । ਜੱਥਾ ਦਲ ਸਿੰਘ ਤੇ ਵਿਸ਼ਵਾਸ ਕਰ ਕੇ ਅਕਾਲ ਪੁਰਖ ਦੇ ਚਰਨਾਂ ਵਿਚ ਅਰਦਾਸ ਕਰ ਚੁਕਿਆ ਸੀ । ਅਰਦਾਸ ਕਰਕੇ ਸਿੱਖ ਦਾ ਪਿਛੇ ਹੱਟਣਾ ਧਰਮ ਅਤੇ ਕਰਮ ਨਹੀਂ ਹੈ । ਇਹ ਹਥਿਆਰਬੰਦ ਹਮਲਾ ਹੁੰਦਾ ਤਾਂ ਇਸ ਦੀ ਰੂਪ-ਰੇਖਾ ਕੁਝ ਹੋਰ ਹੋਣੀ ਸੀ ।

ਸ੍ਰ: ਜੈਮਲ ਸਿੰਘ ਜੀ ਅਤੇ ਉੱਤਮ ਸਿੰਘ ਜੀ ਹੁਣ ਸਾਨੂੰ ਹਥਿਆਰਾਂ ਦੀ ਲੋੜ ਹੈ । ਸਾਨੂੰ ਕਿਸੇ ਨਾਲ ਵੈਰ ਨਹੀਂ । ਅੰਗਰੇਜ਼ ਸਰਕਾਰ ਦੇ ਕਾਨੂੰਨ ਨਾਲ ਜ਼ਰੂਰ ਵੈਰ ਹੈ । ਅਸੀਂ ਸਿਰਫ਼ ਦੱਸ ਰਹੇ ਹਾਂ ਕਿ ਤੇਰਾ ਇਹ ਕਾਨੂੰਨ ਤੇਰੀਆਂ ਜੜ੍ਹਾਂ ਪੋਲੀਆਂ ਕਰ ਦੇਵੇਗਾ । ਅਸੀਂ ਵੀ ਅੰਗਰੇਜ਼ਾਂ ਦੀਆਂ ਜੜ੍ਹਾਂ ਕੱਟਣ ਵਾਸਤੇ ਮਨੁੱਖੀ ਸੋਚ ਤਿੱਖੀ ਕਰ ਰਹੇ ਹਾਂ । ਅਸੀਂ ਆਪਣਾ ਕੰਮ ਕਰ ਚੁੱਕੇ ਹਾਂ । ਸਾਡੇ ਮਗਰ ਭਾਰਤ ਦੇਸ਼ ਦੇ ਹੋਰ ਲੋਕ ਵੀ ਸੋਚ ਰਹੇ ਹਨ ਕਿ ਅੰਗਰੇਜ਼ ਤੋਂ ਅਸੀਂ ਕਿਵੇਂ ਅਜ਼ਾਦ ਹੋਣਾ ਹੈ । ਸ੍ਰ: ਹੀਰਾ ਸਿੰਘ ਦੇ ਵਿਚਾਰ ਸੁਣ ਕੇ ਸਬ-ਇੰਸਪੈਕਟਰ ਜੈਮਲ ਸਿੰਘ ਅੜ

Sri Satguru Jagjit Singh Ji Elibrary NamdhariElibrary@gmail.com

ਊੱਤਮ ਸਿੰਘ ਨੇ ਆਖਿਆ। ਸ: ਹੀਰਾ ਸਿੰਘ ਜੀ ਅਸੀਂ ਆਪ ਦੀ ਇਮਾਨਦਾਰੀ ਨਾਲ ਮਦਦ ਕਰਾਂਗੇ। ਅਸੀਂ ਕੌੜੀ ਹੋ ਕੇ ਮਰੀਏ ਜੇ ਆਪ ਜਿਹੇ ਦੇਸ਼-ਭਗਤਾਂ ਨਾਲ ਗਦਾਰੀ ਕਰੀਏ। ਅਸੀਂ ਆਪ ਨੂੰ ਸ਼ੇਰਪੁਰ ਲਿਜਾ ਕੇ ਮਲ੍ਹਮ-ਪੱਟੀ ਕਰਾਂਗੇ। ਤੁਸੀਂ ਸਾਡੇ ਨਾਲ ਜ਼ਰੂਰ ਚਲੋ। ਸਾਨੂੰ ਸੇਵਾ ਕਰਨ ਦਾ ਮੌਕਾ ਦਿਉ। ਸ: ਹੀਰਾ ਸਿੰਘ ਨੇ ਆਖਿਆ ਤੁਸੀਂ ਸਾਨੂੰ ਗੁਰੂ ਗੋਬਿੰਦ ਸਿੰਘ ਦੀ ਜਾਮਨੀ ਦਿੱਤੀ ਹੈ, ਅਸੀਂ ਤੁਹਾਡੇ ਨਾਲ ਜ਼ਰੂਰ ਜਾਵਾਂਗੇ। ਤੁਸੀਂ ਜਾਣੋ ਤੁਹਾਡਾ ਧਰਮ ਜਾਣੇ। ਮੈਂ ਸਭ ਕੁਝ ਜਾਣਦਾ ਹੋਇਆ ਵੀ ਗੁਰੂਆਂ ਦੀ ਸਾਂਝੀਵਾਲਤਾ ਨੂੰ ਤੇਜ਼ ਕਰਨ ਵਾਸਤੇ ਜ਼ਰੂਰ ਆਪ ਦੇ ਨਾਲ ਚਲਾਂਗਾ। ਜਿਥੇ ਤੁਸੀਂ ਲੈ ਕੇ ਜਾਣਾ ਹੈ। ਲੈ ਚਲੋ। ਅਸੀਂ ਇਹ ਵੀ ਆਪਣਾ ਫਰਜ਼ ਸਮਝਦੇ ਹਾਂ। ਸਾਨੂੰ ਮਰਨ ਜੰਮਣ ਦਾ ਕੋਈ ਫਿਕਰ ਨਹੀਂ। ਸਿਰਫ ਜ਼ਾਲਮ ਦੇ ਰਾਜ ਨੂੰ ਖ਼ਤਮ ਕਰਨਾ ਹੈ। ਹਰ ਕੁਰਬਾਨੀ ਕਰਨ ਲਈ ਅਸੀਂ ਪ੍ਰਣ ਕਰ ਚੁੱਕੇ ਹਾਂ।

ਕੂਕਾ ਲਹਿਰ ਇਹ ਮੰਨ ਕੇ ਚਲੀ ਹੈ। ਅੰਗਰੇਜ਼ ਦੇ ਖਿਲਾਫ ਹਰੇਕ ਭਾਰਤ ਵਾਸੀ ਦੇ ਮਨ ਅੰਦਰ ਨਫ਼ਰਤ ਪੈਦਾ ਹੋ ਜਾਵੇ। ਇਕ ਇਨਕਲਾਬੀ ਲਹਿਰ ਦੀ ਨੀਂਹ ਰੱਖੀ ਜਾਏ ਜਿਹੜੀ ਗੁਰੂ ਨਾਨਕ ਸਾਹਿਬ ਨੇ ਅਤੇ ਗੁਰੂ ਗੋਬਿੰਦ ਸਿੰਘ ਜੀ ਸਾਹਿਬ ਨੇ ਸਾਂਝੀਵਾਲਤਾ ਦੀ ਲਹਿਰ ਚਲਾਈ ਅਤੇ ਮਨੁੱਖੀ ਹਿੱਤਾਂ ਨੂੰ ਬਰਾਬਰ ਕਰਨ ਵਾਸਤੇ ਨਿਸ਼ਕਾਮ ਸੇਵਾ ਕਰਨ ਦਾ ਹੁਕਮ ਦਿੱਤਾ ਹੈ। ਅਸੀਂ ਤਾਂ ਸਾਂਝੀਵਾਲਤਾ ਨੂੰ ਅੱਗੇ ਤੋਰਨਾ ਹੈ। ਸਾਨੂੰ ਬਹੁਤ ਭਰਮਾਉਣ ਦੀ ਲੋੜ ਨਹੀਂ ਹੈ।

ਕੂਕਾ ਲਹਿਰ ਦਾ ਸਾਰਾ ਜੱਥਾ ਸ਼ੇਰਪੁਰ ਨੂੰ ਜਾਣ ਵਾਸਤੇ ਤਿਆਰ ਹੋ ਗਿਆ। ਜਿਹੜੇ ਸਿੱਖ ਜ਼ਿਆਦਾ ਫਟੜ ਸਨ ਉਹਨਾਂ ਨੂੰ ਗੱਡਿਆਂ ਤੇ ਬੈਠਾ ਕੇ ਤੁਰ ਪਏ ਸਨ। ਰੜ੍ਹ ਪਿੰਡ ਤੇ ਸ਼ੇਰਪੁਰ ਬਹੁਤੀ ਦੂਰ ਨਹੀਂ ਸੀ। ਛੇਤੀ ਹੀ ਪਹੁੰਚ ਗਏ। ਇਸ ਤੋਂ ਪਹਿਲਾਂ ਪਟਿਆਲਾ ਅਤੇ ਮਲੇਰਕੋਟਲੇ ਦੀਆਂ ਫੌਜਾਂ ਸ਼ੇਰਪੁਰ ਪਹੁੰਚ ਗਈਆਂ ਸਨ।

ਨੀਮ ਫੌਜੀਆਂ ਨੇ ਕੂਕਾ ਲਹਿਰ ਦੇ ਸਿੱਖਾਂ ਨੂੰ 10-10, 15-15 ਕਰ ਕੇ ਵੱਖ-ਵੱਖ ਕੋਠੜੀਆਂ ਵਿਚ ਬੰਦ ਕਰ ਦਿੱਤਾ ਸੀ। ਸ਼ੇਰਪੁਰ ਥਾਣੇ ਵਿਚ ਦਫਾ 302 ਅਧੀਨ 16 ਫਰਵਰੀ 1872 ਈਸਵੀ ਨੂੰ ਹੇਠ ਲਿਖੇ ਕੂਕਾ ਲਹਿਰ ਦੇ ਬਹਾਦਰਾਂ ਦੇ ਨਾਂ ਦਰਜ ਕੀਤੇ ਗਏ।

(1) ਸ: ਹੀਰਾ ਸਿੰਘ ਜੀ ਸਕਰੌਂਦੀ (ਗਰੇਆਲ), (2) ਸ: ਲੈਹਣਾ ਸਿੰਘ ਜੀ ਸਕਰੌਂਦੀ ਮਜ਼ਬੀ ਸਿੱਖ (ਸ: ਹੀਰਾ ਸਿੰਘ ਜੀ ਦਾ ਸੀਰੀ), (3) ਸ: ਅਨੂਪ ਸਿੰਘ ਜੀ ਸਕਰੌਂਦੀ, (4) ਸ: ਮਿੱਤ ਸਿੰਘ ਜੀ ਸਕਰੌਂਦੀ-ਮਜ਼ਬੀ ਸਿੱਖ, (5) ਸ: ਕਟਾਰ ਸਿੰਘ ਜੀ ਧਨੌਲਾ ਮਜ਼ਬੀ ਸਿੱਖ, (6) ਸ: ਪ੍ਰੇਮਾ ਸਿੰਘ ਜੀ ਗੁਰੂ ਧਰ, (7) ਸ: ਧਿਆਨ ਸਿੰਘ ਜੀ ਦਲਵੂਹਾ, (8) ਸ: ਰਤਨ ਸਿੰਘ ਜੀ ਦਲਵੂਹਾ, (9) ਸ: ਭੂਮ ਸਿੰਘ ਜੀ ਦਿਆਲਗੜ੍ਹ, (10) ਸ: ਅਤਰ ਸਿੰਘ ਜੀ ਦਿਆਲਗੜ੍ਹ, (11) ਸ: ਹਰਨਾਮ ਸਿੰਘ ਜੀ ਗਿੱਲ, (12) ਸ: ਗੁਜਰ ਸਿੰਘ ਜੀ ਹਰੀਪੁਰਾ। ਇਹ ਸਾਰੇ ਕੂਕਾ ਲਹਿਰ ਨਾਲ ਜੁੜੇ ਬਹਾਦਰ ਯੋਧੇ ਰਿਆਸਤ ਨਾਭਾ ਦੇ ਰਹਿਣ ਵਾਲੇ ਸਨ। (13) ਸ: ਨੰਦ ਸਿੰਘ ਜੀ ਹੰਡਿਆਇਆ, (14) ਸ: ਧਿਆਨ ਸਿੰਘ ਯੋਗਾ। (15) ਸ: ਜਵਾਹਰ ਸਿੰਘ ਯੋਗਾ। (16) ਸ: ਸਾਧਾ ਸਿੰਘ ਜੀ ਯੋਗਾ। (17) ਸ: ਕਾਹਲਾ ਸਿੰਘ ਜੀ ਦਿਆਲਪੁਰਾ, ਕੋਟਲਾ। (18) ਸ: ਸੁਜਾਨ ਸਿੰਘ ਜੀ ਫਲੇੜਾ। (19) ਸ: ਵਰਿਆਮ ਸਿੰਘ ਜੀ ਜੰਮੂ। (20) ਸ: ਵੀਰ ਸਿੰਘ ਜੀ ਜੰਮੂ। (21) ਸ: ਨਰਾਇਣ ਸਿੰਘ ਜੀ ਰੰਗੀਆਂ (ਰਵਦਾਸੀਆ ਸਿੱਖ)। (22) ਸ:

ਲੱਖਾ ਸਿੰਘ ਜੀ ਬਰਨਾਲਾ। (23) ਸੂ: ਬ੍ਰਹਮ ਸਿੰਘ ਜੀ ਬਰਨਾਲਾ। (25) ਸੂ: ਰਤਨ ਸਿੰਘ ਜੀ ਬਰਨਾਲਾ। (25) ਸੂ: ਹਰਨਾਮ ਸਿੰਘ ਜੀ ਧਮੋਟ (26) ਸੂ: ਸਾਧਾ ਸਿੰਘ ਜੀ ਰੜ੍ਹ। (27) ਸੂ: ਨਰਾਇਣ ਸਿੰਘ ਜੀ ਰੜ੍ਹ। (28) ਸੂ: ਅਤਰ ਸਿੰਘ ਜੀ ਰੜ੍ਹ। (29) ਸੂ: ਬਿਸ਼ਨ ਸਿੰਘ ਜੀ ਰੜ੍ਹ (30) ਸੂ: ਹੀਰਾ ਸਿੰਘ ਜੀ ਰੜ੍ਹ)। (31) ਸੂ: ਗੁਰਦਿੱਤ ਜੀ ਰੜ੍ਹ। (32) ਸੂ: ਹਰਨਾਮ ਸਿੰਘ ਜੀ ਰੜ੍ਹ। (33) ਸੂ: ਭਗਤ ਸਿੰਘ ਜੀ ਕਾਂਜਲਾ। (34) ਸੂ: ਜੈਮਲ ਸਿੰਘ ਜੀ ਕਾਂਜਲਾ। (35) ਸੂ: ਸ਼ੇਰ ਸਿੰਘ ਦੀਵਾ।

ਉਪਰੋਕਤ ਕੂਕਾ ਲਹਿਰ ਦੇ ਦੇਸ਼ ਭਗਤ ਅਮਰ ਸ਼ਹੀਦ ਪਟਿਆਲਾ ਰਿਆਸਤ ਵਿਚ ਰਹਿਣ ਵਾਲੇ ਸਨ। ਇਨ੍ਹਾਂ ਰਿਆਸਤੀ ਆਮ ਲੋਕਾਂ ਨੇ ਆਪਣਾ ਬਜ਼ੁਰਗਾਂ ਦਾ ਬਦਲਾ ਲੈਣ ਖ਼ਾਤਰ 1908-9 ਈਸਵੀ ਨੂੰ ਰਿਆਸਤੀ ਪ੍ਰਜਾ-ਮੰਡਲ ਦੀ ਜਥੇਬੰਦੀ ਕਾਇਮ ਕਰਕੇ ਆਜ਼ਾਦੀ ਸੰਗਰਾਮ ਵਿਚ ਬਹੁਤ ਹੀ ਯੋਗਦਾਨ ਪਾਇਆ ਸੀ।

(35) ਸੂ: ਗੁਰਮੁੱਖ ਸਿੰਘ ਜੀ ਫਰਵਾਹੀ, ਨੰਬਰਦਾਰ। (37) ਸੂ: ਰੂਪ ਸਿੰਘ ਜੀ ਫਰਵਾਹੀ। (38) ਸੂ: ਖੜਕ ਸਿੰਘ ਜੀ ਫਰਵਾਹੀ। (39) ਸੂ: ਬੇਲਾ ਸਿੰਘ ਫਰਵਾਹੀ। (40) ਸੂ: ਨਰਾਇਣ ਸਿੰਘ ਜੀ ਚੂੰਘਾਂ। (41) ਸੂ: ਧਿਆਨ ਸਿੰਘ ਜੀ ਚੱਕ-ਕੂਕਿਆਂ ਵਾਲਾ।

ਉਪਰੋਕਤ ਮਹਾਨ ਵਿਰਾਇਦਿਆਂ ਵਾਲੇ ਕੂਕਾ ਲਹਿਰ ਦੇ ਯੋਧੇ ਰਿਆਸਤ ਮਲੇਰਕੋਟਲਾ ਦੇ ਰਹਿਣ ਵਾਲੇ ਸਨ। ਆਪਣੀ ਯੋਗਤਾ ਅਨੁਸਾਰ ਨਵੀਂ ਪੀੜੀ ਨੇ ਵੀ ਆਜ਼ਾਦੀ ਸੰਗਰਾਮ ਵਿਚ ਹਿੱਸਾ ਪਾਇਆ।

(42) ਸੂ: ਅਤਰ ਸਿੰਘ ਜੀ ਵਾਲੀਆ (ਰਵਦਾਸੀਆ ਸਿੱਖ)। (43) ਸੂ: ਅਲਬੇਲ ਸਿੰਘ ਜੀ ਵਾਲੀਆਂ। (44) ਸੂ: ਫਤਹਿ ਸਿੰਘ ਜੀ ਵਾਲੀਆ। (45) ਸੂ: ਖੜਗ ਸਿੰਘ ਜੀ ਗੱਗੜ-ਪੁਰ। (47) ਸੂ: ਪ੍ਰੇਮ ਸਿੰਘ ਜੀ ਗੱਗੜ-ਪੁਰ (ਮਜ਼੍ਹਬੀ ਸਿੱਖ)। (47) ਸੂ: ਹਰਨਾਮ ਸਿੰਘ ਜੀ ਮੰਡੀ।

ਉਪਰੋਕਤ ਕੂਕਾ ਲਹਿਰ ਦੇ ਸਾਥੀ ਰਿਆਸਤ ਸੰਗਰੂਰ ਦੇ ਰਹਿਣ ਵਾਲੇ ਸਨ। ਇਨ੍ਹਾਂ ਦੀ ਨਵੀਂ ਪੀੜੀ ਨੇ ਵੀ ਆਜ਼ਾਦੀ ਸੰਗਰਾਮ ਵਿਚ ਆਪਣਾ ਯੋਗਦਾਨ ਪਾਇਆ।

(48) ਸੂ: ਮੱਘਰ ਸਿੰਘ ਮਹਿਰਾਜ। (49) ਸੂ: ਅਵਤਾਰ ਸਿੰਘ ਜੀ ਮਹਿਰਾਜ। (50) ਸੂ: ਯੋਧ ਸਿੰਘ ਜੀ ਮਹਿਰਾਜ। (51) ਸੂ: ਵਰਿਆਮ ਸਿੰਘ ਜੀ ਮਹਿਰਾਜ। (52) ਸੂ: ਨਿਧਾਨ ਸਿੰਘ ਜੀ ਸਾਦਕ। (53) ਸੂ: ਹਰਨਾਮ ਸਿੰਘ ਜੀ ਸਾਦਕ। (54) ਸੂ: ਜਗਤ ਸਿੰਘ ਜੀ ਜੰਗੀਆਣਾ।

ਉਪਰੋਕਤ ਬਹਾਦਰ ਵੀਰ ਜ਼ਿਲ੍ਹਾ ਫਿਰੋਜ਼ਪੁਰ ਦੇ ਰਹਿਣ ਵਾਲੇ ਸਨ। ਕੂਕਾ ਲਹਿਰ ਕ੍ਰਿਤੀ ਵਰਗ ਦੀ ਹੀ ਦੇਣ ਸੀ। ਸਿੱਖਾਂ ਨੂੰ ਨਿਸ਼ਕਾਮ ਸੇਵਾ ਕਰਨ ਦਾ ਗਿਆਨ ਪ੍ਰਾਪਤ ਸੀ।

(55) ਸੂ: ਉੱਤਮ ਸਿੰਘ ਜੀ ਰੁੜਕਾ। (56) ਸੂ: ਚਤਰ ਸਿੰਘ ਜੀ ਰੁੜਕਾ। (57) ਸੂ: ਸੁਹੇਲ ਸਿੰਘ ਜੀ ਲਹਿਰਾ। (58) ਸੂ: ਦੇਵਾ ਸਿੰਘ ਜੀ ਲੋਹਗੜ੍ਹ। (59) ਸੂ: ਮਹਾਂ ਸਿੰਘ ਜੀ ਚਾਉ। (60) ਸੂ: ਹਜ਼ਾਰਾ ਸਿੰਘ ਜੀ ਚਾਉ। (61) ਸੂ: ਵੀਰ ਸਿੰਘ ਜੀ ਚਾਉ। (ਰਵਦਾਸੀਆ

ਸਿੱਖ)। (62) ਸੂ: ਪ੍ਰੇਮ ਸਿੰਘ ਜੀ ਪੀਰ ਦਾ ਕੋਟ। (63) ਸੂ: ਕਾਹਨ ਸਿੰਘ ਜੀ ਸੰਗੋਵਾਲ। (64) ਸੂ: ਜੀਵਨ ਸਿੰਘ ਜੀ ਵੱਲ੍ਹੋ। (65) ਸੂ: ਮੀਂਹਾ ਸਿੰਘ ਜੀ ਲਤਾਲਾ। (66) ਸੂ: ਗੁਰਮੁੱਖ ਸਿੰਘ ਜੀ ਲਤਾਲਾ। (67) ਸੂ: ਨੱਥਾ ਸਿੰਘ ਜੀ ਰੱਬੋਂ। (68) ਸੂ: ਵਜ਼ੀਰ ਸਿੰਘ ਰੱਬੋਂ। (69) ਸੂ: ਸੋਭਾ ਸਿੰਘ ਜੀ ਰੱਬੋਂ। (70) ਸੂ: ਸੇਵਾ ਸਿੰਘ ਜੀ ਰੱਬੋਂ। (71) ਸੁਜਾਨ ਸਿੰਘ ਜੀ ਰੱਬੋਂ। (72) ਸੂ: ਵੇਲ੍ਹਾ ਸਿੰਘ ਜੀ ਰੱਬੋਂ।

ਉਪਰ ਲਿਖੇ ਕੂਕਾ ਲਹਿਰ ਦੇ ਸੰਗਰਾਮੀਏ ਜਿਲ੍ਹਾ ਲੁਧਿਆਣਾ ਦੇ ਰਹਿਣ ਵਾਲੇ ਸਨ। ਇਨ੍ਹਾਂ ਦੀ ਯੋਗਤਾ ਬਹੁਤ ਵੱਡੀ ਮੰਨੀ ਜਾਂਦੀ ਹੈ। ਆਜ਼ਾਦੀ ਸੰਗਰਾਮੀ ਪੁਲਾਂਘਾਂ ਭਰਦੇ ਅੱਗੇ ਵੱਧਦੇ ਰਹੇ (73) ਬਾਬਾ ਹਾਕਮ ਸਿੰਘ ਜੀ ਭਬਾਲ ਜ਼ਿਲ੍ਹਾ ਅੰਮ੍ਰਿਤਸਰ ਦੇ ਰਹਿਣ ਵਾਲੇ ਸਨ। ਇਹ ਮਾਝੇ ਵਿਚ ਕਾਫੀ ਪ੍ਰਚਾਰ ਕਰਦੇ ਰਹੇ ਸਨ।

ਮਲੇਰਕੋਟਲਾ ਕਾਂਡ ਵਿਚ ਫਾਂਸੀ ਲਾ ਕੇ ਸ਼ਹੀਦ ਕੀਤੇ ਗਏ ਸਿੱਖਾਂ ਦੀ ਲਿਸਟ :— (1) ਅਲਵੇਲ ਸਿੰਘ ਵਾਲੀਆ ਰਿਆਸਤ ਪਟਿਆਲਾ (ਰਮਦਾਸੀਆ ਸਿੱਖ)। (2) ਸੂ: ਰੂੜ ਸਿੰਘ ਮਾਲ੍ਹ-ਮਾਜਰਾ ਰਿਆਸਤ ਪਟਿਆਲਾ। (3) ਸੂ: ਅਨੂਪ ਸਿੰਘ ਜੀ ਸਕਰੌਂਦੀ ਰਿਆਸਤ ਪਟਿਆਲਾ। (4) ਸੂ: ਭਗਤ ਸਿੰਘ ਜੀ ਕਾਂਝਲਾ ਰਿਆਸਤ ਪਟਿਆਲਾ। (5) ਸੂ: ਸੰਮਾ ਸਿੰਘ ਜੀ ਯੋਗਾ ਰਿਆਸਤ ਪਟਿਆਲਾ। (6) ਸੂ: ਜਵਾਹਰ ਸਿੰਘ ਵਾਲੀਆ ਰਿਆਸਤ ਪਟਿਆਲਾ। (7) ਸੂ: ਕੇਸਰ ਸਿੰਘ ਜੀ ਪਿਥੋ, ਰਿਆਸਤ ਨਾਭਾ। 8. ਸੂ: ਹੀਰਾ ਸਿੰਘ ਜੀ ਪਿਥੋ ਰਿਆਸਤ ਨਾਭਾ। (9) ਸੂ: ਸੋਭਾ ਸਿੰਘ ਬਲਬੂਹਾ ਰਿਆਸਤ ਨਾਭਾ। (10) ਸੂ: ਸੇਵਾ ਸਿੰਘ ਰੱਬੋਂ ਜ਼ਿਲ੍ਹਾ ਲੁਧਿਆਣਾ। (11) ਸੂ: ਸੋਭਾ ਸਿੰਘ ਰੱਬੋਂ ਜਿਲ੍ਹਾ ਲੁਧਿਆਣਾ। (12) ਸੂ: ਵਰਿਆਮ ਸਿੰਘ ਝੁੰਨਾ ਰਿਆਸਤ ਮਲੇਰਕੋਟਲਾ। (13) ਸੂ: ਬਹਾਦਰ ਸਿੰਘ ਜੀ ਮਹਿਰਾਜ ਰਿਆਸਤ ਫਿਰੋਜ਼ਪੁਰ। (14) ਸੂ: ਸੁਜਾਨ ਸਿੰਘ ਰੱਬੋਂ ਜ਼ਿਲ੍ਹਾ ਲੁਧਿਆਣਾ। (15) ਸੂ: ਹਾਕਮ ਸਿੰਘ ਜੀ ਭਬਾਲ ਜ਼ਿਲ੍ਹਾ ਅੰਮ੍ਰਿਤਸਰ। (16) ਸੂ: ਬੇਲਾ ਸਿੰਘ ਜੀ ਰੱਬੋਂ ਜ਼ਿਲ੍ਹਾ ਲੁਧਿਆਣਾ।

ਉਪਰੋਕਤ ਦੇਸ਼ ਭਗਤਾਂ ਨੂੰ ਫਾਂਸੀ ਲਟਕਾ ਕੇ ਅੰਗਰੇਜ਼ ਸਰਕਾਰ ਨੇ ਆਪਣੀ ਹਾਉਮੈ ਦੀ ਅੱਗ ਠੰਡੀ ਕੀਤੀ ਅਤੇ ਪੰਜਾਬੀ ਕੌਮ ਦੀ ਅੱਗ ਹੋਰ ਤੇਜ਼ ਕੀਤੀ।

ਸੂ: ਬਿਸ਼ਨ ਸਿੰਘ ਜੀ, ਉਮਰ 10 ਸਾਲ ਤੇ ਸੂ: ਹਰਨਾਮ ਸਿੰਘ ਜੀ ਉਮਰ 13 ਸਾਲ ਨੂੰ ਤਲਵਾਰ ਨਾਲ ਸ਼ਹੀਦ ਕੀਤਾ ਗਿਆ।

ਨੋਟ—ਇਨ੍ਹਾਂ ਅਮਰ ਸ਼ਹੀਦਾਂ ਦੀ ਲਿਸਟ ਸੰਤ ਇੰਦਰ ਸਿੰਘ 'ਚੱਕਰਵਰਤੀ' ਦੀ ਲਿਖਤ ਵਿਚੋਂ ਧੰਨਵਾਦ ਸਹਿਤ ਲਈ ਗਈ ਹੈ।

## ਨੋਟ—ਅਮਰ ਸ਼ਹੀਦ ਹੋਣ ਵਾਲੀ ਇਕ ਹੋਰ ਟੋਲੀ

ਬਰਤਾਨੀਆ ਸਰਕਾਰ ਨੇ ਪਿੰਡਾਂ ਵਿਚੋਂ ਕੂਕਾ ਲਹਿਰ ਦੇ ਮੈਂਬਰਾਂ ਨੂੰ ਚੁਣ-ਚੁਣ ਕੇ ਛਾਪੇ ਮਾਰ-ਮਾਰ ਕੇ 30 ਮਾਰਚ 1872 ਈ: ਤੋਂ ਲੈ ਕੇ ਗ੍ਰਿਫਤਾਰ ਕਰਨੇ ਸ਼ੁਰੂ ਕਰ ਦਿੱਤੇ ਸਨ। 17 ਦਸੰਬਰ 1872 ਈ: ਨੂੰ ਅੱਠ ਦੇਸ਼ ਭਗਤਾਂ ਨੂੰ ਫਾਂਸੀ ਲਟਕਾ ਦਿੱਤਾ ਸੀ ਅਤੇ ਛੇ ਦੇਸ਼ ਭਗਤਾਂ ਨੂੰ ਕਾਲੇ ਪਾਣੀਆਂ ਦੀ ਸਜ਼ਾ ਦੇ ਕੇ ਮਰਗੋਈ ਟਾਪੂ ਦੀ ਸਖਤ ਸਜ਼ਾ ਦਿੱਤੀ ਸੀ। ਜੇਲ੍ਹ ਭੁਗਤਦੇ

ਅਮਰ ਸ਼ਹੀਦੀਆਂ ਪਾ ਗਏ ਸਨ । ਚਾਰ ਸਾਥੀਆਂ ਨੂੰ ਪੰਜ-ਪੰਜ ਸਾਲ ਦੀ ਕੈਦ ਨਾਲ ਜ਼ਮੀਨ ਭਾਂਡੇ ਭਾਂਡਾ ਵੀ ਕੁਰਕ ਕਰ ਲਿਆ ਗਿਆ ਸੀ ।

ਪਿੰਡ ਭਦੌੜ ਦੇ ਮਜ਼ਬੀ ਸਿੱਖ ਪੰਜ ਬਾਬਾ ਰਾਮ ਸਿੰਘ ਜੀ ਸਾਹਿਬ ਦੇ ਇਨਕਲਾਬੀ ਕੂਕਾ ਲਹਿਰ ਵਿਚ ਕੀਰਤਨ ਕਰਦੇ ਸਨ । ਪੰਜੇ ਫੜੇ ਜਾ ਚੁੱਕੇ ਸਨ । 17 ਦਸੰਬਰ 1872 ਈ: ਨੂੰ ਇਹਨਾਂ ਅੱਠਾਂ ਨੂੰ ਫਾਂਸੀ ਲਾ ਦਿੱਤੀ ਗਈ ਸੀ । (1) ਭਾਈ ਪਿਸ਼ੌਰਾ ਸਿੰਘ ਜੀ ਮਜ਼ਬੀ ਪਿੰਡ ਭਦੌੜ ਜ਼ਿਲ੍ਹਾ ਸੰਗਰੂਰ । (2) ਭਾਈ ਸੰਤਾ ਸਿੰਘ ਜੀ ਮਜ਼ਬੀ ਸਿੱਖ ਰਾਗੀ ਪਿੰਡ ਭਦੌੜ ਜ਼ਿਲ੍ਹਾ ਸੰਗਰੂਰ । (3) ਭਾਈ ਪ੍ਰੇਮ ਸਿੰਘ ਜੀ ਮਜ਼ਬੀ ਸਿੱਖ ਰਾਗੀ ਪਿੰਡ ਭਦੌੜ ਜ਼ਿਲ੍ਹਾ ਸੰਗਰੂਰ । (5) ਭਾਈ ਨਿਹਾਲ ਸਿੰਘ ਜੀ ਮਜ਼ਬੀ ਸਿੱਖ ਰਾਗੀ ਪਿੰਡ ਭਦੌੜ ਜ਼ਿਲ੍ਹਾ ਸੰਗਰੂਰ । (6) ਸ੍ਰੀ ਪ੍ਰੇਮ ਸਿੰਘ ਜੀ ਮਜ਼ਬੀ ਪਿੰਡ ਬਸੀਆ ਜ਼ਿਲ੍ਹਾ ਲੁਧਿਆਣਾ । (7) ਸ੍ਰ: ਬੀਰ ਸਿੰਘ ਜੀ ਰਮਦਾਸੀਆਂ ਸਿੱਖ ਪਿੰਡ ਰੰਗੀਆ ਜ਼ਿਲ੍ਹਾ ਸੰਗਰੂਰ । (8) ਸ੍ਰ: ਜਗਤ ਸਿੰਘ ਜੀ ਰਮਦਾਸੀਆ ਸਿੱਖ ਪਿੰਡ ਚੌਹਾਨਕੇ ਜ਼ਿਲ੍ਹਾ ਸੰਗਰੂਰ ।

ਇਹਨਾਂ ਛੇ ਦੇਸ਼ ਭਗਤਾਂ ਨੂੰ ਕਾਲੇ ਪਾਣੀਆਂ ਦੀ ਸਜ਼ਾ :—

(1) ਸ੍ਰ: ਸੁੰਦਰ ਸਿੰਘ ਜੀ ਮਜਹਬੀ ਸਿੱਖ ਪਿੰਡ ਅਨੂਰ ਜ਼ਿਲ੍ਹਾ ਸੰਗਰੂਰ । (2) ਸ੍ਰ: ਸਾਹਿਬ ਸਿੰਘ ਜੀ ਮਜਹਬੀ ਸਿੱਖ ਪਿੰਡ ਅਨੂਰ ਜ਼ਿਲ੍ਹਾ ਸੰਗਰੂਰ । (3) ਸ੍ਰ: ਰਾਮ ਸਿੰਘ ਜੀ ਸੁਨਿਆਰਾ ਸਿੱਖ ਪਿੰਡ ਅਚਰਵਾਲ ਜ਼ਿਲ੍ਹਾ ਲੁਧਿਆਣਾ । (4) ਸ੍ਰ: ਮਹਿਤਾਬ ਸਿੰਘ ਜੀ ਸੁਨਿਆਰਾ ਸਿੱਖ ਪਿੰਡ ਅਚਰਵਾਲਾ ਜ਼ਿਲ੍ਹਾ ਲੁਧਿਆਣਾ । (5) ਸ੍ਰ: ਜਿਊਣ ਸਿੰਘ ਜੀ ਦਰਜੀ ਸਿੱਖ ਪਿੰਡ ਭਜਾਂਵਾਲ ਜ਼ਿਲ੍ਹਾ ਲੁਧਿਆਣਾ । (6) ਸ੍ਰ: ਦੇਵਾ ਸਿੰਘ ਜੀ ਦਰਜੀ ਸਿੱਖ ਪਿੰਡ ਭਜਾਂਵਾਲ ਜ਼ਿਲ੍ਹਾ ਲੁਧਿਆਣਾ ।

ਇਹਨਾਂ ਹੇਠ ਲਿਖੇ (4) ਚਾਰ ਸਾਥੀਆਂ ਨੂੰ ਪੰਜ-ਪੰਜ ਸਾਲ ਕੈਦ ।

(1) ਸ੍ਰ: ਮੇਹਰ ਸਿੰਘ ਜੀ ਪਿੰਡ ਜੁਹਲਾ ਜ਼ਿਲ੍ਹਾ ਲੁਧਿਆਣਾ । (2) ਸ੍ਰ: ਸੁੰਦਰ ਸਿੰਘ ਜੀ ਪਿੰਡ ਜੁਹਲਾ ਜ਼ਿਲ੍ਹਾ ਲੁਧਿਆਣਾ । (3) ਸ੍ਰ: ਗੁਰਦਿਤ ਸਿੰਘ ਜੀ ਪਿੰਡ ਭੌਰੜ ਜ਼ਿਲ੍ਹਾ ਲੁਧਿਆਣਾ । (4) ਸ੍ਰ: ਦੇਵਾ ਸਿੰਘ ਜੀ ਪਿੰਡ ਭੌਰੜ ਜ਼ਿਲ੍ਹਾ ਲੁਧਿਆਣਾ ।

ਏਹੀ ਲਿਸਟ ਸ: ਬਿਸ਼ਨ ਸਿੰਘ ਜੀ ਦੀਆਂ ਲਿਖਤਾਂ ਵਿਚੋਂ (ਧੰਨਵਾਦ ਸਹਿਤ) ਲਈ ਗਈ ।

Sri Satguru Jagjit Singh Ji Elibrary NamdhariElibrary@gmail.com

## ਕਾਂਡ—3

1849 ਈਸਵੀ ਨੂੰ ਅੰਗਰੇਜ਼ ਦਾ ਪੰਜਾਬ ਉਤੇ ਕਬਜ਼ਾ ਹੋ ਗਿਆ ਸੀ। 1857 ਈਸਵੀ ਨੂੰ ਪੰਜਾਬੀ ਕੌਮ ਨੇ ਗ਼ਦਰ ਨਾਂ ਦੀ ਮੁਹਿੰਮ ਸ਼ੁਰੂ ਕਰ ਦਿੱਤੀ ਸੀ। ਉਸ ਦਿਨ ਤੋਂ ਹੀ ਅੰਗਰੇਜ਼ ਸੋਚਦਾ ਸੀ ਕਿ ਪੰਜਾਬੀ ਕੌਮ ਨੂੰ ਕਿਵੇਂ ਪਾੜਿਆ ਜਾਵੇ ਤੇ ਰਾਜ ਕੀਤਾ ਜਾਵੇ। ਕੁਝ ਮੁਸਲਮਾਨ ਗੁੰਡਿਆਂ ਖਰੀਦ ਕੇ ਫਿਰੂ ਰਕਮਾਂ ਦੇ ਸਿੱਖਾਂ ਦੇ ਖਿਲਾਫ਼ ਧਾੜ ਖੜੀ ਕਰਕੇ ਬਿਲਕੁਲ ਗੁਰਦੁਆਰਿਆਂ ਕੋਲ ਬੁੱਚੜਖਾਨੇ ਖੋਲ੍ਹ ਦਿੱਤੇ ਸਨ।

1857 ਈਸਵੀ ਦੇ ਗ਼ਦਰ ਤੋਂ ਬਾਅਦ 'ਪਾੜੋ ਅਤੇ ਰਾਜ ਕਰੋ' ਵਾਲੀ ਨੀਤੀ ਅੰਗਰੇਜ਼ ਨੇ ਤਹਿ ਕਰ ਲਈ ਸੀ। ਕਿਉਂਕਿ ਭਾਰਤ ਵਿਚ ਵਸਦੀਆਂ ਕੌਮਾਂ ਨੇ ਆਪਣਾ ਏਕਾ ਕਰਕੇ ਬਹਾਦਰ-ਸ਼ਾਹ-ਜ਼ਫ਼ਰ ਨੂੰ ਦਿੱਲੀ ਦੇ ਲਾਲ ਕਿਲ੍ਹੇ ਵਿਚ ਤਖ਼ਤ ਤੇ ਮੁੜ ਬਿਠਾ ਦਿੱਤਾ ਸੀ। ਇਸ ਗ਼ਦਰ ਸਮੇਂ ਸਾਰੀਆਂ ਕੌਮਾਂ ਨੇ ਏਕਾ ਕਰਕੇ ਆਮ ਲੋਕਾਂ ਭਰਵਾਂ ਹੰਭਲਾ ਮਾਰਿਆ ਸੀ। ਅੰਗਰੇਜ਼ ਇੰਨਾ ਵੀ ਮੂਰਖ ਨਹੀਂ ਸੀ ਕਿ ਭਾਰਤ ਤੇ ਰਾਜ ਕਰਨ ਲਈ ਕਮਜ਼ੋਰ ਨਾ ਕਰਦਾ।

ਅੰਗਰੇਜ਼ ਇਹ ਵੀ ਸੋਚਦਾ ਸੀ ਕਿ ਪਹਿਲਾਂ ਪੰਜਾਬੀ ਕੌਮ ਨੂੰ ਖੇਤੀਬਾੜੀ ਤੋਂ ਨਿਹੱਥੇ ਕਰਨਾ ਹੈ। ਫਿਰ ਭੁੱਖੇ ਪੇਟ ਨੂੰ ਭਰਨ ਵਾਸਤੇ ਆਪਣੇ ਚਾਟੜਿਆਂ ਰਾਹੀਂ ਗੁਲਾਮਾਂ ਦੇ ਗੁਲਾਮ ਬਣਾਉਣਾ ਚਾਹੁੰਦਾ ਸੀ। ਦੂਸਰਾ ਅੰਗਰੇਜ਼ ਸਿੱਖ ਕੌਮ ਦੇ ਏਕੇ ਤੋਂ ਡਰਦਾ ਸੀ। ਸਿੱਖ ਕੌਮ ਨੂੰ ਖ਼ਤਮ ਕਰਨ ਦੇ ਇਰਾਦੇ ਰੱਖਦਾ ਸੀ। ਅੰਗਰੇਜ਼ ਪਹਿਲਾਂ ਹੀ ਸਿੱਖ ਕੌਮ ਦੇ ਵਿਰਸੇ ਤੋਂ ਚੰਗੀ ਤਰ੍ਹਾਂ ਜਾਣੂ ਸੀ ਤੇ ਆਪਣੀ ਕੂਟਲ-ਨੀਤੀ ਦੁਆਰਾ ਸਿੱਖ ਕੌਮ ਨੂੰ ਖ਼ਤਮ ਕਰ ਦੇਣਾ ਚਾਹੁੰਦਾ ਸੀ। ਇਸ ਕਰਕੇ ਵੱਡੇ-ਵੱਡੇ ਸ਼ਹਿਰਾਂ ਵਿਚ ਬੁੱਚੜ-ਖਾਨੇ ਖੋਲ੍ਹ ਰਿਹਾ ਸੀ। ਇਹ ਸਿੱਖਾਂ ਦੀ ਅਣਖ ਨੂੰ ਪਹਿਲੀ ਵੰਗਾਰ ਸੀ।

ਛੱਕੇ ਨੰਬਰ ਬਣਾਉਣ ਵਾਲੇ ਜਨੂੰਨੀ ਰਾਜਨੀਤੀ ਦੇ ਸਿਆਸਤਦਾਨ ਤੇ ਲੇਖਕ ਆਖਦੇ ਹਨ ਕਿ ਗਊਆਂ ਮਾਰਨ ਖ਼ਾਤਰ ਅੰਗਰੇਜ਼ ਨੂੰ ਬੁੱਚੜ-ਖਾਨੇ ਖੋਲ੍ਹਣ ਦੀ ਕੀ ਲੋੜ ਸੀ ? ਉਸਨੂੰ ਇਸ ਗੱਲ ਨਾਲ ਕੋਈ ਰਾਜਨੀਤਕ ਲਾਭ ਨਹੀਂ ਸੀ। ਕੂਕਾ ਲਹਿਰ ਤਾਂ ਆਪਣੇ ਬ੍ਰਾਹਮਣੀ ਧਰਮ ਵਾਸਤੇ ਮੁਸਲਮਾਨਾਂ ਨਾਲ ਜੰਗ ਲੜ ਕੇ ਐਵੇਂ ਬੇਅਰਥ ਤੋਪਾਂ ਨਾਲ ਮਾਰੇ ਗਏ। ਬ੍ਰਾਹਮਣੀ ਧਰਮ ਵਾਲੇ ਨੂੰ ਆਜ਼ਾਦੀ ਸੰਗਰਾਮ ਨਾਲ ਨਹੀਂ ਜੋੜਿਆ ਜਾਂਦਾ। ਆਜ਼ਾਦੀ ਸੰਗਰਾਮੀਆਂ ਤਾਂ ਸਿਰਫ਼ ਮਹਾਤਮਾ ਗਾਂਧੀ ਨੂੰ ਹੀ ਮੰਨਦੇ ਹਨ। ਆਓ ਆਪਾਂ ਬੁਨਿਆਦੀ ਤੱਥ ਵੇਖਦੇ ਹਾਂ। ਮੈਂ ਉਪਰੋਕਤ ਸੋਚ ਰੱਖਣ ਵਾਲੇ ਸੱਜਣਾਂ ਤੋਂ ਪੁੱਛਣਾ ਚਾਹੁੰਦਾ ਹਾਂ ਅਤੇ ਬੇਨਤੀ ਕਰਦਾ ਹਾਂ ਕਿ ਇਸ ਬੇਨਤੀ ਨੂੰ ਜਨੂੰਨੀ ਫਰੇਮ ਵਿਚ ਜੜੀਆਂ ਐਨਕਾਂ ਲਾਹ ਕੇ, ਸਮੁੱਚੇ ਦੇਸ਼ ਦੇ ਹਿੱਤਾਂ ਨੂੰ ਮੁੱਖ ਰੱਖ ਕੇ ਪੜ੍ਹਨਾ ਅਤੇ ਸੋਚਣਾ ਲਾਹੇਵੰਦ ਹੋਵੇਗਾ।

1857 ਈਸਵੀ ਤੋਂ ਹੀ ਲੰਡਨ ਸਰਕਾਰ ਨੇ ਬਿੱਲ ਪਾਸ ਕਰਕੇ ਲਾਹੌਰ ਹੈਡ-ਕੁਆਟਰ



Sri Satguru Jagjit Singh Ji Elibrary NamdhariElibrary@gmail.com

ਭੇਜ ਦਿੱਤਾ ਸੀ ਅਤੇ ਲਾਹੌਰ ਸਰਕਾਰ ਨੇ ਸੋਚਣਾ ਸ਼ੁਰੂ ਕਰ ਦਿੱਤਾ ਸੀ ਕਿ ਪੰਜਾਬੀ ਕੌਮ ਨੂੰ ਗੁਲਾਮਾਂ ਦੇ ਗੁਲਾਮ ਬਨਾਉਣਾ, ਸਿੱਖ ਮੁਸਲਮਾਨਾਂ ਦਾ ਭਾਈਚਾਰਾ ਤੋੜਨਾ, ਪੰਜਾਬ ਦੇ ਕਲਚਰ ਨੂੰ ਖ਼ਤਮ ਕਰਨਾ, ਗਊਆਂ ਮਾਰ ਕੇ ਬੈਲਾਂ ਨੂੰ ਖੇਤੀ ਵਾਸਤੇ ਘੱਟ ਕਰਨਾ, ਗਊਆਂ ਮਾਰ ਕੇ ਪੰਜਾਬ ਦੇ ਬੱਚਿਆਂ ਨੂੰ ਖੁਰਾਕ ਪੱਖੋਂ ਕਮਜ਼ੋਰ ਕਰਨਾ। ਭਾਵ ਪੰਜਾਬ ਗਊਆਂ ਅਤੇ ਬੈਲਾਂ ਤੇ ਨਿਰਭਰ ਹੈ। ਮੈਂ ਉਪਰੋਕਤ ਸੱਜਣਾਂ ਨੂੰ ਪੁੱਛਦਾ ਹਾਂ ਫੇਰ ਕ੍ਰਿਤੀ ਲੋਕ ਆਪਣੇ ਬਾਲ-ਬੱਚਿਆਂ ਨੂੰ ਕਿਵੇਂ ਪਾਲ ਸਕਦੇ ਸਨ ? ਬੱਚੇ ਭੁੱਖੇ ਰਹਿਣਗੇ ਤਾਂ ਕਮਜ਼ੋਰ ਹੋਣਗੇ। ਭੁੱਖ ਨਾਲ ਦੀਨ, ਈਮਾਨ, ਬਹਾਦਰੀ ਸਭ ਖ਼ਤਮ ਹੋ ਜਾਵੇਗਾ। ਪੰਜਾਬ ਵਿਚ ਖੇਤੀਬਾੜੀ ਬੈਲਾਂ ਨਾਲ ਕੀਤੀ ਜਾਂਦੀ ਸੀ। ਜਾਂ ਇੰਜ ਕਹਿ ਲਵੋ ਕਿ ਪੰਜਾਬ ਦਾ ਧੰਨ ਹੀ ਬੈਲ ਸਨ। ਖੇਤੀ ਕਰਨਾ ਤੇ ਦੁੱਧ ਪ੍ਰਾਪਤ ਕਰਨਾ ਉਸ ਸਮੇਂ ਦਾ ਮੁੱਖ ਸੋਮਾਂ ਗਊ ਹੀ ਸੀ। ਇਹੀ ਕਹਿਣਾ ਠੀਕ ਨਹੀਂ ਕਿ ਸਿਰਫ ਗਊਆਂ ਮਾਰੇ ਜਾਣ ਦਾ ਦੁੱਖ ਸਿੱਖਾਂ ਨੂੰ ਹੀ ਸੀ। ਸਗੋਂ ਬਹੁਤ ਵੱਡੇ-ਵੱਡੇ ਰਜਵਾੜਿਆਂ ਨੂੰ, ਜਾਗੀਰਦਾਰਾਂ ਨੂੰ ਮੁਸਲਮਾਨਾਂ ਨੂੰ ਸਾਰੀ ਸਮੁੱਚੀ ਪੰਜਾਬੀ ਕੌਮ ਨੂੰ ਸੀ। ਜਦੋਂ ਕਿ ਪੰਜਾਬ ਖੇਤੀ ਤੇ ਨਿਰਭਰ ਸੀ। ਬੈਲਾਂ ਬਿਨਾਂ ਖੇਤੀ ਕਿਸ ਤਰ੍ਹਾਂ ਹੁੰਦੀ। ਕੂਕਾ ਲਹਿਰ ਨੇ ਪੰਜਾਬੀ ਕੌਮ ਦੇ ਹਿੱਤਾਂ ਵਾਸਤੇ ਗਊਆਂ ਛੁਡਾਉਣ ਦੀ ਪਹਿਲ-ਕਦਮੀ ਕੀਤੀ ਸੀ। ਜਦੋਂ ਕਿ ਰਜਵਾੜਾ-ਸ਼ਾਹੀ ਅੰਗਰੇਜ਼ ਦੀ ਬਗਲੀ ਵਿਚ ਪੈ ਕੇ ਦਬੋਚੀ ਗਈ ਸੀ।

1858 ਈਸਵੀ ਨੂੰ ਕੂਕਾ ਲਹਿਰ ਨੇ ਆਜ਼ਾਦੀ ਸੰਗਰਾਮ ਦੀਆਂ ਨੀਹਾਂ ਪੱਕੀਆਂ ਕਰਨ ਲਈ ਕਮਰ-ਕਸੇ ਕੱਸ ਲਏ ਸਨ। ਕੂਕਾ ਲਹਿਰ ਦੇ ਝੰਡੇ ਥੱਲੇ ਆਪਣਾ ਦੇਸ਼ ਆਜ਼ਾਦ ਕਰਾਉਣ ਲਈ ਪ੍ਰਣ ਕਰ ਲਿਆ ਸੀ। ਭਾਵ ਨਿਸ਼ਕਾਮ ਸੇਵਾ ਕਰਨ ਦਾ ਬੀੜਾ ਚੁੱਕ ਲਿਆ ਸੀ। ਪੂਰਨ ਆਜ਼ਾਦੀ ਵਾਸਤੇ ਮੈਦਾਨ ਤਿਆਰ ਕਰ ਲਿਆ ਸੀ।

ਸਭ ਤੋਂ ਪਹਿਲਾਂ 1871 ਈਸਵੀ ਨੂੰ ਗੁਰੀਲੇ ਹਮਲੇ ਸ਼ੁਰੂ ਕਰਨੇ ਸਨ। ਪਹਿਲਾ ਹਮਲਾ ਅੰਮ੍ਰਿਤਸਰ ਬੁਚੜ-ਖਾਨੇ ਤੇ ਕੀਤਾ। ਬੁੱਚੜਾਂ ਨੂੰ ਮਾਰ ਕੇ 142 ਗਊਆਂ ਅਹਾਤਿਆਂ ਵਿਚੋਂ ਹੱਕ ਕੇ ਖੇਤਾਂ, ਜੰਗਲਾਂ ਵਿਚ ਭਜਾ ਦਿੱਤੀਆਂ ਸਨ। ਇਹ ਬੁੱਚੜਖਾਨਾ ਗੁਰਦੁਆਰੇ ਕੋਲ ਹੀ ਖੋਲ੍ਹਿਆ ਗਿਆ ਸੀ। ਅੰਗਰੇਜ਼ ਸਰਕਾਰ ਨੇ ਆਲੇ-ਦੁਆਲੇ ਤੋਂ ਬੇਦੋਸ਼ੇ ਸਿੱਖਾਂ ਨੂੰ ਫੜ ਕੇ ਫਾਂਸੀ ਦਾ ਹੁਕਮ ਸੁਣਾ ਦਿੱਤਾ ਗਿਆ ਸੀ। ਇਹ ਹਮਲਾ 14-15 ਜੂਨ 1871 ਨੂੰ ਕੀਤਾ।

ਬਾਬਾ ਲਹਿਣਾ ਸਿੰਘ ਨੇ ਬਾਬਾ ਰਾਮ ਸਿੰਘ ਸਾਹਿਬ ਅੱਗੇ ਅੰਮ੍ਰਿਤਸਰ ਦੀ ਸਾਰੀ ਵਿਥਿਆ ਆ ਸੁਣਾਈ। ਬਾਬਾ ਰਾਮ ਸਿੰਘ ਜੀ ਨੇ ਆਖਿਆ ਭਾਈ ਸਿਖੋ ਗੁਰੀਲੇ ਹਮਲੇ ਆਮ ਬੇਦੋਸ਼ੇ ਲੋਕਾਂ ਦੇ ਖਿਲਾਫ ਜਾਣਗੇ। ਬੇਦੋਸ਼ਿਆਂ ਨੂੰ ਤਸੀਹੇ ਮਿਲਣਗੇ। ਜਿਹੜਾ ਤੁਸੀਂ ਐਕਸ਼ਨ ਕਰਨਾ ਹੈ ਉਸ ਐਕਸ਼ਨ ਨੂੰ ਲੋਕਾਂ ਸਾਹਮਣੇ ਅਤੇ ਸਰਕਾਰ ਸਾਹਮਣੇ ਮੰਨ ਕੇ ਚੱਲੋ, ਝੂਠ ਨਾ ਬੋਲੋ, ਤੁਹਾਡੀ ਸ਼ਕਤੀ ਵਧਦੀ ਜਾਏਗੀ। ਆਪਣੀ ਥਾਂ ਦੂਸਰੇ ਬੇਦੋਸ਼ਿਆਂ ਨੂੰ ਫਾਂਸੀ ਨਾ ਲੱਗਣ ਦਿਉ। ਇਹੀ ਜ਼ਿੰਦਗੀ ਦਾ ਸਫਲ ਮਾਰਗ ਹੈ। ਆਪਣੀ ਕਮਾਈ ਦੂਸਰਿਆਂ ਨੂੰ ਨਾ ਲੁਟਣ ਦਿਉ। ਜਾਂਉ ਆਪਣੀ ਕ੍ਰਿਤ ਉਤੇ ਆਪ ਜਾ ਕੇ ਪਹਿਰਾ ਦਿਉ। ਬਹਾਦਰ ਦੇਸ਼ ਭਗਤ ਦੇਸ਼ ਖਾਤਰ ਹੀ ਜਨਮ ਲੈਂਦੇ ਹਨ। ਸਰਦਾਰ ਲੈਹਣਾ ਸਿੰਘ ਨੂੰ ਸਾਥੀਆਂ ਸਮੇਤ 1872 ਈਸਵੀ ਨੂੰ ਚਾਰਾਂ ਨੂੰ ਫਾਂਸੀ ਲਾ ਦਿੱਤਾ ਸੀ। ਇਨ੍ਹਾਂ ਅਮਰ ਸ਼ਹੀਦਾਂ ਨੇ ਰੇਸ਼ਮੀ ਰੱਸੇ ਆਪਣੇ ਗਲ੍ਹਾਂ ਵਿਚ ਆਪ ਪਾਏ ਸਨ। ਇਨ੍ਹਾਂ ਅਮਰ ਸ਼ਹੀਦਾਂ ਦੇ ਨਾਂ ਇਸ ਪ੍ਰਕਾਰ ਸਨ।

(1) ਬਾਬਾ ਲਹਿਣਾ ਸਿੰਘ ਜੀ, ਪਿੰਡ ਪਿਥੋ-ਕੇ-ਰੰਧਾਵੇ, ਜ਼ਿਲ੍ਹਾ ਗੁਰਦਾਸਪੁਰ। (2) ਬਾਬਾ ਬੋਹਲਾ ਸਿੰਘ ਜੀ, ਪਿੰਡ ਨਾਰਲੀ, ਜ਼ਿਲ੍ਹਾ ਲਹੌਰ। (3) ਬਾਬਾ ਹਾਕਮ ਸਿੰਘ ਜੀ, ਪਿੰਡ ਮੌੜ ਪਟਵਾਰੀ, ਜ਼ਿਲ੍ਹਾ ਅੰਮ੍ਰਿਤਸਰ। (4) ਬਾਬਾ ਫਤਹਿ ਸਿੰਘ ਜੀ ਅੰਮ੍ਰਿਤਸਰ।

ਇਹ ਚਾਰੇ ਕੂਕੇ ਸੈਸ਼ਨ ਜੱਜ ਹਲਫੀਆ ਬਿਆਨ ਦੇ ਕੇ ਫਾਂਸੀ ਚੜ੍ਹ ਗਏ ਸਨ। ਬੇਦੋਸ਼ਿਆਂ ਨੂੰ ਬਰੀ ਕਰਵਾ ਦਿੱਤਾ ਗਿਆ ਸੀ। ਆਪਣੇ ਗਲਿਆਂ ਵਿਚ ਆਪ ਰੱਸੇ ਪਾ ਕੇ ਅਮਰ ਸ਼ਹੀਦ ਹੋ ਗਏ ਸਨ।

ਇਥੇ ਹੀ ਬੱਸ ਨਹੀਂ ਅੰਗਰੇਜ਼ ਸਰਕਾਰ ਨੇ ਸਿੱਖਾਂ ਅਤੇ ਮੁਸਲਮਾਨਾਂ ਵਿਚ ਆਪਸੀ ਵਿਰੋਧ ਵਧਾ ਦਿੱਤਾ। ਅੰਗਰੇਜ਼ ਸਿੱਖਾਂ ਅਤੇ ਮੁਸਲਮਾਨਾਂ ਤੋਂ ਖ਼ਤਰਾ ਸਮਝਦਾ ਸੀ। ਹਿੰਦੂ ਕੌਮ ਤਾਂ ਮੁਸਲਮਾਨਾਂ ਦੇ ਹਮਲੇ ਨੇ ਬਿਲਕੁਲ ਮੁਰਦਾ ਬਣਾ ਦਿੱਤੀ ਸੀ। ਮੰਦਰਾਂ ਦੇ ਪੁਜਾਰੀਆਂ ਨੇ ਆਮ ਮਨੁੱਖੀ ਸੂਝ ਖ਼ਤਮ ਕਰ ਦਿੱਤੀ ਸੀ। ਨਿੱਜੀ ਮਾਲਕੀ ਦਾ ਡਰ ਦੇ ਮਨੁੱਖੀ ਆਤਮਾ ਨੂੰ ਨਰਕ ਵਿਚ ਸੁਥੇ ਦਿੱਤਾ ਸੀ। ਮਨੁੱਖੀ ਪੈਰਾਂ ਵਿਚ ਭਰਮਾਂ ਦੀਆਂ ਬੇੜੀਆਂ ਪਾਈਆਂ ਗਈਆਂ ਸਨ। ਸਿੱਖ ਲਹਿਰ ਹੀ ਪੁਜਾਰੀਆਂ ਦੇ ਜਾਲ ਵਿਚੋਂ ਮੁਕਤ ਹੋਈ ਸੀ। ਮੁਸਲਮਾਨ ਵੀ ਮਨੁੱਖੀ ਹਿੱਤਾਂ ਨੂੰ ਛੱਡ ਕੇ ਸਰ੍ਹਾ ਦੇ ਗੁਲਾਮ ਹੁੰਦੇ ਜਾ ਰਹੇ ਸਨ। ਆਮ ਲੋਕਾਂ ਦਾ ਭਵਿੱਖ ਖ਼ਤਰੇ ਵੱਲ ਵਧਦਾ ਦੇਖ ਕੇ ਕੂਕਾ ਲਹਿਰ ਦੇ ਯੋਧਿਆਂ ਨੇ ਰਾਇਕੋਟ ਬੁੱਚੜ-ਖਾਨੇ ਉਤੇ 1 ਜੁਲਾਈ 1871 ਈਸਵੀ ਨੂੰ ਬੁੱਚੜਾਂ ਨੂੰ ਮਾਰ ਕੇ 124 ਗਊਆਂ ਛੁਡਾ ਦਿੱਤੀਆਂ। ਇਹ ਵੀ ਬੁੱਚੜਖ਼ਾਨਾ ਗੁਰੂ ਗੋਬਿੰਦ ਸਿੰਘ ਜੀ ਸਾਹਿਬ ਦੇ ਗੁਰਦੁਆਰੇ ਕੋਲ ਖੋਲ੍ਹਿਆ ਗਿਆ ਸੀ। ਇਹ ਬੁੱਚੜਖ਼ਾਨਾ ਖ਼ਤਮ ਕਰਕੇ ਕੂਕੇ ਡਿਪਟੀ-ਕਮਿਸ਼ਨਰ ਲੁਧਿਆਣਾ ਦੇ ਪੇਸ਼ ਹੋ ਗਏ ਸਨ। ਅੰਗਰੇਜ਼ ਸਰਕਾਰ ਨੇ 1 ਅਗਸਤ 1871 ਈਸਵੀ ਨੂੰ ਮੁਕੱਦਮਾ ਚਲਾ ਕੇ ਤਿੰਨਾਂ ਸਾਥੀਆਂ ਨੂੰ ਫਾਂਸੀ ਲਟਕਾ ਦਿੱਤਾ ਸੀ। ਇਨ੍ਹਾਂ ਦੇ ਬਹਾਦਰ ਸਾਥੀਆਂ ਨੂੰ ਭਾਈ ਰਤਨ ਸਿੰਘ ਨਾਈਵਾਲਾ, ਸੂਬਾ ਰਤਨ ਸਿੰਘ ਪਿੰਡ ਮੰਡੀ ਨੂੰ ਬਾਅਦ ਵਿਚ 26 ਨਵੰਬਰ, 1871 ਈਸਵੀ ਨੂੰ ਲੁਧਿਆਣਾ ਸੈਂਟਰ ਜੇਲ੍ਹ ਤੋਂ ਬਾਹਰ ਰੇਸ਼ਮੀ ਰੱਸਿਆਂ ਨਾਲ ਫਾਂਸੀ ਲਾ ਦਿੱਤਾ ਗਿਆ। ਸੂਬਾ ਰਤਨ ਸਿੰਘ ਮੰਡੀ ਵਾਲੇ ਨੂੰ ਇਸ ਲਈ ਫਾਂਸੀ ਲਾਇਆ, ਕਿ ਤੂੰ ਰਾਇਕੋਟ ਬੁੱਚੜ ਮਰਵਾਉਣ ਦੀ ਰਾਇ ਦਿੱਤੀ ਹੈ।

ਇਨ੍ਹਾਂ ਦੇ ਨਾਂ ਹੇਠ ਲਿਖੇ ਹਨ—

(1) ਭਾਈ ਸਾਹਿਬ ਭਾਈ ਮੰਗਲ ਸਿੰਘ ਜੀ, ਵਰਤਮਾਨ ਪਿੰਡ ਤੇ ਡਾਕਖਾਨਾ ਪਿਥੋ, ਜ਼ਿਲ੍ਹਾ ਬਠਿੰਡਾ। (2) ਭਾਈ ਸਾਹਿਬ ਭਾਈ ਮਸਤਾਨ ਸਿੰਘ ਜੀ ਵਰਤਮਾਨ ਪਿੰਡ ਤੇ ਡਾਕਘਰ ਪਿਥੋ, ਜ਼ਿਲ੍ਹਾ ਬਠਿੰਡਾ। (3) ਭਾਈ ਸਾਹਿਬ ਭਾਈ ਗੁਰਮੁੱਖ ਸਿੰਘ ਜੀ, ਵਰਤਮਾਨ ਪਿੰਡ ਤੇ ਡਾਕਖਾਨਾ ਪਿਥੋ, ਜ਼ਿਲ੍ਹਾ ਬਠਿੰਡਾ। (4) ਭਾਈ ਸਾਹਿਬ ਭਾਈ ਰਤਨ ਸਿੰਘ ਜੀ ਪਿੰਡ ਤੇ ਡਾਕਖਾਨਾ ਨਾਈਵਾਲਾ, ਬਰਨਾਲਾ—ਸੰਗਰੂਰ। (5) ਸੂਬਾ ਰਤਨ ਸਿੰਘ ਜੀ ਪਿੰਡ ਮੰਡੀ-ਕਲਾਂ।

ਇਨ੍ਹਾਂ ਬਹਾਦਰਾਂ ਨੇ ਲੋਕ-ਪੱਖੀ ਸੂਰਮਿਆਂ ਨੇ ਰਾਇਕੋਟ ਵਿਖੇ ਅਮਰ ਸ਼ਹੀਦੀਆਂ ਪਾਈਆਂ ਸਨ। ਆਮ ਲੋਕਾਂ ਨੂੰ ਇਨ੍ਹਾਂ ਤੇ ਬਹੁਤ ਮਾਨ ਹੈ। ਪ੍ਰਚਾਰਕ ਪ੍ਰਚਾਰ ਕਰਕੇ ਕੂਕਾ ਲਹਿਰ ਦੇ ਇਤਿਹਾਸ ਨੂੰ ਪੁੱਠਾ ਗੇੜਾ ਦੇ ਕੇ ਆਖਦੇ ਹਨ, ਕਿ ਬਾਬਾ ਰਾਮ ਸਿੰਘ ਸਾਹਿਬ ਸਮੇਂ ਦੀ ਉਡੀਕ ਕਰਦੇ। ਬੁੱਚੜਖਾਨਿਆਂ ਤੇ ਐਕਸ਼ਨ ਕਰਨੇ ਰੋਕਦੇ। ਮੈਂ ਪੁੱਛਦਾ ਹਾਂ ਜੇ ਰੋਕਦੇ ਹੁੰਦੇ ਤਾਂ

ਅੰਮ੍ਰਿਤਸਰ ਵਾਲੇ ਸੂਰਮਿਆਂ ਨੂੰ ਆਪਣਾ ਕਸੂਰ ਵਿਕਥਾਲ ਕਰਨੋਂ ਕਿਉਂ ਮਜਬੂਰ ਕਰਦੇ । ਉਹ ਹਮਲਿਆਂ ਦਾ ਕੋਈ ਫਾਇਦਾ ਨਹੀਂ ਸੀ ਸਮਝਦੇ ।

---

ਨੋਟ—ਬਾਬਾ ਰਾਮ ਸਿੰਘ ਸਾਹਿਬ ਨੇ ਮਨੁੱਖੀ ਹਿੱਤਾਂ ਬਾਰੇ ਅਤੇ ਦੇਸ਼ ਦਾ ਪਿਆਰ ਦੱਸਦਿਆਂ ਅਣਖ ਨਾਲ ਜਿਊਣਾ ਵੰਡੋ ਜਿਹੇ ਸ਼ਬਦਾਂ ਨਾਲ ਮਨੁੱਖ ਨੂੰ ਬਹਾਦਰ ਦੀ ਕਿਤਾਰ ਵਿਚ ਬਦਲ ਦੇਂਦੇ ਸਨ ।

ਇਨ੍ਹਾਂ ਦਿਨਾਂ ਵਿਚ ਕੂਕਾ ਲਹਿਰ ਦੇ ਅੰਦੋਲਨ ਵਾਸਤੇ ਆਪ ਆਪਣੇ ਘਰਾਂ ਨੂੰ ਜੰਦਰੇ ਮਾਰਕੇ, ਸਾਰੇ ਘਰ ਦੇ ਜੀਅ ਕੁੱਦ ਪਏ ਸਨ । ਇਥੇ ਮੈਂ ਕੁਝ ਆਪ ਨੂੰ ਬਹਾਦਰ ਔਰਤਾਂ ਦੀ ਜਾਣਕਾਰੀ ਕਰਾਉਂਦਾ ਹਾਂ ।

(1) ਮਾਤਾ ਇੰਦ ਕੌਰ ਪਤਨੀ ਨੰਦ ਸਿੰਘ ਪਿੰਡ ਹੰਢਿਆਇਆ ਬਰਨਾਲਾ (ਪੰਜਾਬ), (2) ਮਾਤਾ ਖੇਮ ਕੌਰ ਪਤਨੀ ਕਿਸ਼ਨ ਸਿੰਘ ਪਿੰਡ ਪਿਥੋ ਜ਼ਿਲ੍ਹਾ ਬਠਿੰਡਾ (ਪੰਜਾਬ), (3) ਮਾਤਾ ਅਤਰ ਕੌਰ ਪਤਨੀ ਮੋਹਰ ਸਿੰਘ ਪਿੰਡ ਪਿਥੋ ਜ਼ਿਲ੍ਹਾ ਬਠਿੰਡਾ (ਪੰਜਾਬ), (4) ਮਾਤਾ ਇੰਦਰ ਕੌਰ ਪਤਨੀ ਦੇਵਾ ਸਿੰਘ ਪਿੰਡ ਰਾਏਪੁਰ ਜ਼ਿਲ੍ਹਾ ਲੁਧਿਆਣਾ (ਪੰਜਾਬ), (5) ਮਾਤਾ ਰਾਜੋ ਕੌਰ ਪਤਨੀ ਅੱਤਰ ਸਿੰਘ ਪਿੰਡ ਰੜ ਜ਼ਿਲ੍ਹਾ ਸੰਗਰੂਰ (ਪੰਜਾਬ), (6) ਮਾਤਾ ਜੁਆਲ ਕੌਰ ਪਤਨੀ ਕਿਰਪਾਲ ਸਿੰਘ ਪਿੰਡ ਅੰਮ੍ਰਿਤਸਰ (ਪੰਜਾਬ), (7) ਮਾਤਾ ਜੁਆਲਾ ਦੇਵੀ ਪਤਨੀ ਮਹਿਤਾਬ ਸਿੰਘ ਪਿੰਡ ਅੰਮ੍ਰਿਤਸਰ (ਪੰਜਾਬ), (8) ਮਾਤਾ ਪ੍ਰਤਾਪ ਕੌਰ ਜੀ ਪਤਨੀ ਲਾਲ ਸਿੰਘ ਪਿੰਡ ਗੁਮਟੀ ਜ਼ਿਲ੍ਹਾ ਸੰਗਰੂਰ (ਪੰਜਾਬ), (9) ਮਾਤਾ ਹੁਕਮੀ ਜੋ ਔਰਤਾਂ ਦੀਆਂ ਬੀਮਾਰੀਆਂ ਦੇ ਆਯੁਰਵੈਦਿਕ ਚੰਗੇ ਵਿਦਵਾਨ ਸਨ । ਇਹ ਵੀ ਅੰਮ੍ਰਿਤਸਰ ਦੇ ਸਨ । ਕੂਕਾ ਲਹਿਰ ਦੇ ਇਹ ਸਾਰੇ ਸਰਗਰਮ ਮੈਂਬਰ ਸਨ । ਆਜ਼ਾਦੀ ਸੰਗਰਾਮ ਵਿਚ ਕੁਰਬਾਨੀਆਂ ਸਮੇਤ ਪ੍ਰੀਵਾਰਾਂ ਦੇ ਪ੍ਰੀਵਾਰ ਦਿੱਤੀਆਂ ਸਨ । ਇਸ ਤੋਂ ਇਲਾਵਾ ਹੋਰ ਵੀ ਪ੍ਰਵਾਰ ਸਨ । ਜਿਹੜੇ ਸਾਰੇ ਹੀ ਪ੍ਰੀਵਾਰ ਦੇਸ਼ ਪਿਆਰ ਦੇ ਗੀਤ ਗਾਉਂਦੇ-ਗਾਉਂਦੇ ਸ਼ਹੀਦੀਆਂ ਪਾ ਗਏ ਸਨ ।

ਬਾਬਾ ਬਿਸ਼ਨ ਸਿੰਘ ਜੀ (ਅਸਟੋਰੀਅਨ) ਦੀਆਂ ਲਿਖਤਾਂ ਵਿਚੋਂ (ਧੰਨਵਾਦ ਸਹਿਤ) ।

Sri Satguru Jagjit Singh Ji Elibrary NamdhariElibrary@gmail.com

ਕਾਂਡ—4

# ਬਾਬਾ ਰਾਮ ਸਿੰਘ ਜੀ ਦੇ ਜਨਮ ਬਾਰੇ ਜਾਣਕਾਰੀ

ਬਾਬਾ ਰਾਮ ਸਿੰਘ ਜੀ ਸਾਹਿਬ ਦਾ ਜਨਮ ਮਾਤਾ ਸਦਾ ਕੌਰ ਜੀ ਦੀ ਕੁਖੋਂ, ਬਾਬਾ ਜੱਸਾ ਸਿੰਘ ਜੀ ਸਾਹਿਬ ਦੇ ਘਰ ਪਿੰਡ ਸ੍ਰੀ ਭੈਣੀ ਸਾਹਿਬ, ਜ਼ਿਲ੍ਹਾ ਲੁਧਿਆਣਾ ਵਿਖੇ 1816 ਈਸਵੀਂ ਦਿਨ ਵੀਰਵਾਰ, ਬਸੰਤ-ਪੰਚਵੀਂ ਨੂੰ ਹੋਇਆ।

ਇਨ੍ਹਾਂ ਦੇ ਪਿਤਾ ਜੀ ਮਹਾਨ ਕ੍ਰਿਤੀ ਵਰਗ ਦੇ ਰਾਮਗੜ੍ਹੀਆ ਬਰਾਦਰੀ ਨਾਲ ਸਬੰਧ ਰੱਖਦੇ ਸਨ ਅਤੇ ਪੂਰਨ ਗੁਰੂ ਸਿੱਖ ਸਨ। ਖੇਤਾਂ ਵਿਚ ਕੰਮ ਕਰਨ ਵਾਲੇ ਮਜ਼ਦੂਰ ਮੁਜਾਰੇ ਕਿਸਾਨਾਂ ਨੂੰ ਵਿਗਿਆਨਕ ਢੰਗ ਦੇ ਚੰਗੇ ਖੇਤੀਬਾੜੀ ਵਾਸਤੇ ਸੰਦ (ਔਜਾਰ) ਬਣਾ ਕੇ ਦਿੰਦੇ ਸਨ। ਉਨ੍ਹਾਂ ਦੀ ਲਗਨ ਖੇਤਾਂ ਵਿਚੋਂ ਵੱਧ ਅਨਾਜ ਪੈਦਾ ਕਰਨ ਦੀ ਸੀ। ਲੋਕਾਂ ਵਾਸਤੇ ਭਾਵਨਾ ਕੰਮ ਕਰਦੀ ਅਤੇ ਆਮ ਲੋਕਾਂ ਦੇ ਹਿੱਤਾਂ ਦੇ ਰਾਖੇ ਸਨ।

ਬਾਕੀ ਬਚਦਾ ਟਾਇਮ ਗੁਰੂ ਚਰਨਾਂ ਵਿਚ ਅਰਦਾਸ ਕਰਕੇ ਨਾਮ ਸਿਮਰਨ ਕਰਦੇ ਰਹਿੰਦੇ ਸਨ। ਇਸ ਤੋਂ ਇਲਾਵਾ ਗਰਮੀਆਂ ਸਮੇਂ ਪਿੱਪਲ, ਬੋਹੜਾਂ ਦੀ ਠੰਡੀ ਛਾਵੇਂ ਗੁਰੂ ਨਾਨਕ ਸਾਹਿਬ ਜੀ ਅਤੇ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਚਲਾਈ ਹੋਈ ਸਾਂਝੀ ਮਨੁੱਖੀ ਬਰਾਬਰਤਾ ਦੀ ਲਹਿਰ ਦੀਆਂ ਕਥਾ-ਕਹਾਣੀਆਂ ਕਰਦੇ ਰਹਿੰਦੇ ਸਨ। ਸਿੱਖ ਗੁਰੀਲਾ ਲਹਿਰ ਦੀਆਂ ਆਮ ਲੋਕਾਂ ਵਿਚ ਵਾਰਤਾ ਕਰਦੇ ਆਖਦੇ ਸਨ। ਸਿੱਖ ਨਿਸ਼ਕਾਮ ਸੇਵਾ ਕਰਦਾ ਹੈ। ਮਨੁੱਖੀ ਹੱਕਾਂ ਨੂੰ ਬਰਾਬਰ ਕਰਨ ਖ਼ਾਤਰ ਯੋਗਦਾਨ ਪਾਉਂਦਾ ਰਹਿੰਦਾ। ਗੁਰੂ ਸਿੱਖ ਆਪਣੀ ਨਿਜੀ ਮਾਲਕੀ ਬਨਾਉਣਾ ਪਾਪ ਸਮਝਦਾ ਹੈ। ਮਨੁੱਖੀ ਜ਼ੁਲਮ ਦੇ ਖ਼ਿਲਾਫ਼ ਸਿੱਖ ਆਖਰੀ ਦਮ ਤਕ ਜੂਝਦਾ ਰਹਿੰਦਾ ਹੈ। ਮਜ਼ਲੂਮਾਂ ਦੀ ਸੋਚ ਨੂੰ ਵੀਰਤਾ ਵਿਚ ਬਦਲਦਾ ਹੋਇਆ ਮਨੁੱਖੀ ਹੱਕਾਂ ਦਾ ਮਾਸਟਰ ਬਣਿਆ ਰਹਿੰਦਾ ਹੈ।

ਕਦੀ ਵਾਰ ਤਾਂ ਬਾਬਾ ਜੱਸਾ ਸਿੰਘ ਜੀ ਬਾਰ੍ਹਾਂ ਮਿਸਲਾਂ ਦੀ ਕਥਾ ਕਰਦੇ ਹੋਏ ਸਰਦਾਰ ਕਪੂਰ ਸਿੰਘ ਦੀ ਆਲੋਚਨਾ ਕਰਦੇ ਆਖਦੇ ਸਨ। ਸ: ਕਪੂਰ ਸਿੰਘ ਨਵਾਬ ਜੇ ਇਸ ਗੁਰੀਲਾ ਫ਼ੌਜ ਨੂੰ 12 ਮਿਸਲਾਂ ਵਿਚ ਨਾ ਵੰਡਦੇ ਤਾਂ ਇਸ ਗੁਰੀਲਾ ਲਹਿਰ ਦਾ ਏਕਾ ਕਾਇਮ ਰਹਿੰਦਾ। ਤਾਂ ਭਾਰਤ ਵਿਚ ਸਾਂਝੀਵਾਲਤਾ ਦਾ ਰਾਜ ਕਾਇਮ ਹੋ ਜਾਂਦਾ। 12 ਮਿਸਲਾਂ, ਸਰਦਾਰਾਂ ਵਿਚ ਨਾ ਵੰਡੀਆਂ ਜਾਂਦੀਆਂ। ਭਾਵ ਨਿਜੀ ਮਾਲਕੀ ਨਾ ਬਣਾਈ ਜਾਂਦੀ। ਅੱਜ ਦੇਸ਼ ਦਾ ਤੇ ਆਮ ਲੋਕਾਂ ਦੇ ਭਵਿੱਖ ਦਾ ਨਕਸ਼ਾ ਹੋਰ ਹੋਣਾ ਸੀ। ਅੰਗਰੇਜ਼ ਭਾਰਤ ਦੇ ਪੂਰਬੀ ਲੋਕਾਂ ਦੇ ਹੱਕਾਂ ਉੱਤੇ ਬਸਤੀ ਨਾ ਬਣਾਉਂਦਾ। ਭਾਰਤ ਦੇ ਆਮ ਲੋਕ ਆਪਣੇ ਹੱਕਾਂ ਦੇ ਮਾਲਕ ਆਪ ਹੁੰਦੇ। ਸਿੱਖ ਗੁਰੀਲਾ ਲਹਿਰ ਦੀ ਨਿਜੀ ਮਾਲਕੀ ਨੇ ਤਾਕਤ ਖੇਰੂੰ-ਖੇਰੂੰ ਕਰ ਦਿੱਤੀ। ਸਿੱਖ ਲਹਿਰ ਤਾਂ ਮਨੁੱਖੀ ਸਾਂਝੀ-ਵਾਲਤਾ ਦੀ ਪਹਿਰੇਦਾਰ ਸੀ। ਸਿੱਖ ਲਹਿਰ ਦਾ ਅੰਮ੍ਰਿਤ ਛਕਣਾ ਇਹੋ ਧਰਮ ਹੈ। ਏਕਾ ਕਾਇਮ ਰੱਖਣ ਦਾ ਅਤੇ ਨਿਸ਼ਕਾਮ ਸੇਵਾ ਕਰਨ ਦਾ ਜਿਵੇਂ ਗੁਰੂ-ਵਾਕ ਹੈ "ਆਪੇ ਗੁਰੂ, ਆਪੇ ਗੁਰ



Sri Satguru Jagjit Singh Ji Elibrary NamdhariElibrary@gmail.com

ਚੇਲਾ"। ਗੁਰੂ ਨੇ ਸਿੱਖ ਨੂੰ ਬਰਾਬਰਤਾ ਦਿੱਤੀ ਹੈ। ਜਿਹੜਾ ਸਿੱਖ ਨਿਸ਼ਕਾਮ ਸੇਵਾ ਕਰਦਾ ਹੈ ਉਹੀ ਸਿੱਖ ਅਖਵਾਉਣ ਦਾ ਅਤੇ ਬਨਣ ਦਾ ਹੱਕਦਾਰ ਬਣਦਾ ਹੈ।

ਜਦੋਂ ਕੋਈ ਗੁਰੂ ਸਿੱਖ ਭੈਣੀ ਸਾਹਿਬ ਆਉਂਦਾ, ਬਾਬਾ ਜੱਸਾ ਸਿੰਘ ਜੀ ਦੇ ਹੀ ਘਰ ਠਹਿਰਦਾ। ਬਾਬਾ ਜੀ ਬੜੇ ਪਿਆਰ ਨਾਲ ਆਪਣੀ ਯੋਗਤਾ ਮੁਤਾਬਿਕ ਸੇਵਾ ਕਰਦੇ। ਸਾਰੀ-ਸਾਰੀ ਰਾਤ ਗੁਰੂਆਂ ਦੀ ਚਲਾਈ ਹੋਈ ਸਾਂਝੀਵਾਲਤਾ ਦੀ ਲਹਿਰ ਬਾਰੇ ਵਿਚਾਰ ਵਟਾਂਦਰਾ ਕਰਦਿਆਂ ਦਿਨ ਚੜ੍ਹ ਜਾਂਦਾ ਸੀ।

ਬਾਬਾ ਰਾਮ ਸਿੰਘ ਜੀ ਨੇ ਜਦੋਂ ਆਪਣੀ ਹੋਸ਼ ਸੰਭਾਲੀ ਘਰ ਆਏ ਗੁਰੂ ਸਿੱਖ ਦੀ ਅਤੇ ਆਪਣੇ ਪਿਤਾ ਜੀ ਦੀ ਹੁੰਦੀ ਕਥਾ-ਵਾਰਤਾ ਬੜੇ ਧਿਆਨ ਨਾਲ ਸੁਣਦੇ ਰਹਿੰਦੇ ਸਨ ਅਤੇ ਮਾਤਾ ਜੀ ਤੋਂ ਕੁਝ ਲਿਖਣ ਵਾਸਤੇ ਪਿਤਾ ਜੀ ਉਤੇ ਸਵਾਲ ਕਰਕੇ ਵੀ ਅਰਥ ਪੁੱਛ ਲੈਂਦੇ ਸਨ। ਜਿਵੇਂ ਕੋਈ ਵਿਦਵਾਨ ਸਿੱਖ ਇਤਿਹਾਸ ਦੀ ਹੋਰ ਜਾਣਕਾਰੀ ਕਰਨਾ ਚਾਹੁੰਦਾ ਹੋਵੇ। ਇਸ ਲਗਨ ਵਿਚ ਜੁੜਨ ਦਾ ਬਹੁਤਾ ਯੋਗਦਾਨ ਮਾਤਾ ਸਦਾ ਕੌਰ ਦਾ ਸੀ। ਮਾਤਾ ਸਦਾ ਕੌਰ ਬਾਬਾ ਰਾਮ ਸਿੰਘ ਜੀ ਸਾਹਿਬ ਨੂੰ ਸਿੱਖ ਇਤਿਹਾਸ ਵੱਲ ਪ੍ਰੇਰਦੇ ਆਖਦੇ ਰਹਿੰਦੇ। ਪੁੱਤਰ ਜੀ ਸਿੱਖ ਇਤਿਹਾਸ ਮਨੁੱਖੀ ਸਾਂਝੀਵਾਲਤਾ ਦਾ ਮਾਰਗ ਹੈ। ਦਸਾਂ ਗੁਰੂਆਂ ਨੇ ਮਨੁੱਖ ਦੇ ਹਿੱਤਾਂ ਦੀ ਰਾਖੀ ਕਰਨ ਵਾਸਤੇ ਗੁਰਬਾਣੀ ਰਚੀ ਗਈ ਹੈ। ਗੁਰੂ ਗ੍ਰੰਥ ਸਾਹਿਬ ਵਿਚ ਕ੍ਰਿਤੀ ਵਰਗ ਦੇ ਸੰਤਾਂ, ਭਗਤਾਂ ਨੇ ਕ੍ਰਿਤ ਬਾਰੇ ਲਿਖਿਆ ਹੈ। ਪਹਿਲਾਂ ਕ੍ਰਿਤ ਕਰਨੀ ਫਿਰ ਕ੍ਰਿਤ ਦੀ ਰਾਖੀ ਕਰਨੀ, ਮਨੁੱਖੀ ਹਿੱਤਾਂ ਬਾਰੇ ਨਿਸ਼ਕਾਮ ਸੇਵਾ ਕਰਨੀ ਬਹੁਤ ਜ਼ਰੂਰੀ ਹੈ। ਇਹੀ ਗੁਰੂਆਂ ਦੀ ਚਲਾਈ ਹੋਈ ਲਹਿਰ ਹੈ।

ਸਾਂਝੀਵਾਲਤਾ ਦੀ ਇਸ ਲਹਿਰ ਨੇ ਅਹਿਮਦ-ਸ਼ਾਹ ਅਬਦਾਲੀ ਨੂੰ ਵਾਰੀ-ਵਾਰੀ ਭਜਾਇਆ ਹੈ। ਇਸੇ ਹੀ ਲਹਿਰ ਨੇ ਸਾਮਰਾਜ ਮੁਗ਼ਲੇ-ਆਜ਼ਮ ਦੀਆਂ ਜੜ੍ਹਾਂ ਖੋਖਲੀਆਂ ਕੀਤੀਆਂ ਹਨ। ਗੁਰੂਆਂ ਦੀ ਇਸ ਲਹਿਰ ਨੂੰ ਸ: ਚੜਤ ਸਿੰਘ ਨੇ ਅਤੇ ਸ: ਕਪੂਰ ਸਿੰਘ ਨਵਾਬ ਨੇ ਨਿੱਜੀ ਮਾਲਕੀ ਵਾਸਤੇ 12 ਮਿਸਲਾਂ ਸਰਦਾਰਾਂ ਵਿਚ ਵੰਡ ਦਿੱਤੀਆਂ। ਇਸ ਲਹਿਰ ਦਾ ਏਕਾ ਖੇਰੂੰ-ਖੇਰੂੰ ਕਰ ਦਿੱਤਾ। ਸਗੋਂ ਮਨੁੱਖੀ ਹਿੱਤਾਂ ਦੀ ਲੁੱਟ ਫਿਰ ਹੋਣ ਲੱਗੀ। ਸਾਡੇ ਗੁਆਂਢ ਪੂਰਬ ਵਿਚ ਅੰਗਰੇਜ਼ ਆ ਗਿਆ ਹੈ। ਹੋ ਸਕਦਾ ਹੈ ਸਾਡੇ ਪੰਜਾਬ ਉਤੇ ਵੀ ਕਬਜ਼ਾ ਕਰੇ। ਸਿੱਖ ਮੁੜ ਗੁਲਾਮ ਹੋ ਜਾਣ। ਪੁੱਤਰ ਇਸ ਦਾ ਖਿਆਲ ਰੱਖਣਾ ਸਿੱਖ ਵਾਸਤੇ ਜ਼ਰੂਰੀ ਹੈ। ਪਰ ਇਸ ਵੇਲੇ ਸਿੱਖਾਂ ਦਾ ਏਕਾ ਬਹੁਤ ਕਮਜ਼ੋਰ ਹੋ ਗਿਆ ਹੈ। ਸਿੱਖਾਂ ਨੂੰ ਮੁੜ ਏਕਾ ਕਰਨਾ ਪਏਗਾ। ਗੁਲਾਮੀ ਤਾਂ ਪੰਜਾਬ ਵਿਚ ਆਈ ਕਿ ਆਈ। ਇਹ ਵੀ ਗੁਲਾਮੀ ਦਾ ਯੁਗ ਪੰਜਾਬ ਵਿਚੋਂ ਸਿੱਖ ਲਹਿਰ ਨੇ ਹੀ ਖ਼ਤਮ ਕਰਨਾ ਹੈ। ਪੁੱਤਰ! ਆਪ ਇਸ ਦਾ ਖਿਆਲ ਰੱਖੋ।

ਇਸ ਤੋਂ ਬਾਅਦ ਇਹ ਲਹਿਰ ਸਰਦਾਰਾਂ ਦੀ ਨਿਜੀ ਮਾਲਕੀਆਂ ਵਿਚ ਬਦਲ ਗਈ। ਸਿਰਫ ਭੰਗੀ ਮਿਸਲ ਹੀ ਗੁਰੂਆਂ ਦੀ ਚਲਾਈ ਮਰਯਾਦਾ ਵਿਚ ਕਾਇਮ ਰਹੀ। ਭੰਗੀ ਮਿਸਲ ਵਿਚ ਪੰਜ ਪਿਆਰਿਆਂ ਦੀ ਮਰਯਾਦਾ ਚਲਦੀ ਰਹੀ। ਭੰਗੀ ਮਿਸਲ ਨੇ ਹੀ ਗੁਰੂਆਂ ਦੀ ਨਗਰੀ ਸ੍ਰੀ ਅੰਮ੍ਰਿਤਸਰ ਨੂੰ ਮੱਸੇ ਰੰਗੜ ਤੋਂ ਆਜ਼ਾਦ ਕਰਵਾਇਆ ਸੀ। ਇਸ ਭੰਗੀ ਮਿਸਲ ਨੂੰ ਸਰਦਾਰ ਰਣਜੀਤ ਸਿੰਘ ਨੇ ਵਿਸ਼ਵਾਸ ਵਿਚ ਲੈ ਕੇ ਅੰਮ੍ਰਿਤਸਰ ਭੰਗੀ ਮਿਸਲ ਉਤੇ ਕਬਜ਼ਾ ਕਰ ਲਿਆ ਸੀ। ਭੰਗੀ ਮਿਸਲ ਵੀ ਖ਼ਤਮ ਕਰ ਦਿੱਤੀ ਗਈ ਸੀ। ਪੁੱਤਰ! ਇਸ ਕਰਕੇ ਗੁਰੂਆਂ ਦੀ ਚਲਾਈ ਲਹਿਰ ਖੜੋਤ ਵਿਚ ਆ ਗਈ।

Sri Satguru Jagjit Singh Ji Elibrary NamdhariElibrary@gmail.com

ਪੁੱਤਰ ਜੀ, ਮੈਂ ਆਪ ਦੀ ਜਾਣਕਾਰੀ ਇਸ ਲਈ ਕਰਵਾਉਂਦੀ ਹਾਂ ਕਿ ਰਾਜ ਕਰਨ ਵਾਲਾ ਰਾਜਾ ਜ਼ਾਲਿਮ ਹੁੰਦਾ ਹੈ। ਗੁਰੂ ਨਾਨਕ ਦੇਵ ਜੀ ਨੇ ਸਾਂਝੀਵਾਲਤਾ ਲਹਿਰ ਇਸ ਵਾਸਤੇ ਚਲਾਈ ਹੈ। ਰਾਜ ਕਰਨ ਵਾਲਾ ਰਾਜਾ ਜ਼ਾਲਿਮ ਹੁੰਦਾ ਹੈ, ਮਨੁੱਖੀ ਹੱਕ ਖੋਹਣੇ ਸ਼ੁਰੂ ਕਰਦਾ ਹੈ। ਮਨੁੱਖ ਨੂੰ ਗੁਲਾਮ ਬਨਾਉਣ ਵਾਸਤੇ ਵੱਡੇ ਤੋਂ ਵੱਡਾ ਜ਼ੁਲਮ ਕਰਦਾ ਹੈ। ਇੰਨਾ ਗੁਲਾਮ ਕਰ ਲੈਂਦਾ ਹੈ ਕਿ ਮਨੁੱਖ ਜਾਤੀ ਦੇ ਮੂੰਹ ਵਿਚ ਸਿੱਕੇ ਢਾਲ ਦਿੰਦਾ ਹੈ। ਉਹ ਆਪਣੀ ਆਉਣ ਵਾਲੀ ਮੌਤ ਦੇ ਦਿਨ ਭੁੱਲ ਜਾਂਦਾ ਹੈ। ਪੁੱਤਰ ਜੀ ਆਪ ਨੂੰ ਗੁਰਬਾਣੀ ਪੜ੍ਹਨ ਵਾਸਤੇ ਅਤੇ ਸਮਝਣ ਵਾਸਤੇ ਗੁਰਮੁਖੀ ਪੜ੍ਹਨੀ ਬਹੁਤ ਜ਼ਰੂਰੀ ਹੈ। ਸਿੱਖ ਇਤਿਹਾਸ ਮਨੁੱਖ ਦਾ ਬਹੁਤ ਅਮੀਰ ਵਿਰਸਾ ਹੈ। ਗੁਰੂਆਂ ਨੇ ਮਨੁੱਖ ਨੂੰ ਸਿੱਖ ਬਣਾ ਕੇ ਸਮਾਜਿਕ ਕੁਰੀਤੀਆਂ ਦੇ ਖਿਲਾਫ਼ ਜੂਝਣ ਵਾਸਤੇ ਹੀ ਆਮ ਕ੍ਰਿਤੀਆਂ ਵਿਚੋਂ ਸਿੱਖ ਗੁਰੀਲਾ ਫੌਜਾਂ ਤਿਆਰ ਕੀਤੀਆਂ ਸਨ।

ਦਿਨ ਬੀਤਦੇ ਗਏ। ਬਾਬਾ ਰਾਮ ਸਿੰਘ ਸਾਹਿਬ ਮੁੱਢਲੀ ਸਿਖਿਆ ਬਾਬਾ ਜੀ ਤੋਂ ਪ੍ਰਾਪਤ ਕਰਦੇ ਰਹੇ। ਸਿੱਖ ਮਿਸ਼ਨ ਵਿਚ ਨੌਜਵਾਨ ਭਰਤੀ ਹੁੰਦੇ ਗਏ। ਸਿੱਖ ਮਿਸ਼ਨ ਵਿਚ ਲਗਾਤਾਰ ਵਿਸ਼ਵਾਸ ਵਧਦਾ ਗਿਆ। ਗੁਰੂ ਨਾਨਕ ਸਾਹਿਬ ਦੀ ਚਲਾਈ ਹੋਈ ਲਹਿਰ ਨੂੰ ਹੋਰ ਸਮਝਣ ਵਾਸਤੇ ਅੱਗੇ ਹੀ ਅੱਗੇ ਸੋਚ ਵਿਕਾਸ ਕਰਦੀ ਗਈ। ਕੁਝ ਕੰਮ ਕਰਨ ਵਾਸਤੇ ਮਨ ਬਣਦਾ ਜਾ ਰਿਹਾ ਸੀ।

ਵੱਡੀ ਭੈਣ ਬੀਬੀ ਸਹਿਬ ਕੌਰ ਪਿੰਡ ਰਾਇਸਰ ਸਰਦਾਰ ਕਾਬੁਲ ਸਿੰਘ ਦੇ ਘਰ ਵਿਆਹੇ ਗਏ ਸਨ। ਸ੍ਰ: ਕਾਬੁਲ ਸਿੰਘ ਜੀ ਮਹਾਰਾਜ ਰਣਜੀਤ ਸਿੰਘ ਜੀ ਦੀ ਫੌਜ ਵਿਚ ਤੋਪਖਾਨੇ ਦੇ ਚਾਲਕ ਸਨ। ਸ੍ਰ: ਕਾਬੁਲ ਸਿੰਘ ਨੇ ਕੁਝ ਸਾਥੀਆਂ ਸਮੇਤ 1837 ਈ: ਨੂੰ ਕੰਵਰ ਨੌਨਿਹਾਲ ਸਿੰਘ ਦੀ ਫੌਜ ਵਿਚ ਭਰਤੀ ਕਰਵਾ ਦਿੱਤੇ ਸਨ। ਹੁਣ ਬਾਬਾ ਜੀ ਦੀ ਸਿਆਸੀ ਜ਼ਿੰਦਗੀ ਸ਼ੁਰੂ ਹੋ ਗਈ ਸੀ।

ਬਾਬਾ ਰਾਮ ਸਿੰਘ ਜੀ ਆਪਣੇ ਤਜ਼ਰਬੇ ਮੁਤਾਬਿਕ ਜਿਵੇਂ-ਜਿਵੇਂ ਮਾਤਾ ਪਿਤਾ ਜੀ ਤੋਂ ਸੁਣਿਆ ਸੀ ਉਸ ਤੋਂ ਵੱਧ ਵੇਖਣ ਅਤੇ ਸਮਝਣ ਵਿਚ ਆਇਆ। ਫੌਜ ਬਹੁਤ ਹੀ ਘਟੀਆ ਕਿਸਮ ਦੀ ਹੋ ਗਈ ਸੀ। ਵਿਭਚਾਰੀ, ਅਭਿਲਾਸ਼ੀ ਹੋ ਗਏ ਸਨ। ਮਾਸ ਖਾਣਾ, ਸ਼ਰਾਬ ਪੀਣੀ, ਰੰਡੀਬਾਜ਼ੀ ਕਰਨੀ। ਉਧਰੋਂ ਅੰਗਰੇਜ਼ ਪੰਜਾਬ ਵੱਲ ਵਧਦਾ ਆ ਰਿਹਾ ਸੀ। ਡੋਗਰਿਆਂ ਨੇ ਫੌਜ ਨੂੰ ਆਲਸੀ ਹੋਣ ਦਾ ਬੁਰਕਾ ਪਾ ਦਿੱਤਾ ਸੀ। ਆਲਸੀ ਹੋਣਾ ਆਪ ਸਿਖਾਇਆ ਸੀ। ਹਰ ਫੌਜੀ ਵਿਚ ਕੁਰੀਤੀਆਂ ਘਰ ਕਰ ਗਈਆਂ ਸਨ। ਸ੍ਰ: ਰਣਜੀਤ ਸਿੰਘ ਲਹਿਰ ਨਾਲ ਤੇ ਪੰਜਾਬੀ ਕੌਮ ਨਾਲ ਧਰੋਹ ਕਰਿਆ ਸੀ। ਅੰਗਰੇਜ਼ ਸਰਕਾਰ ਨਾਲ ਸ੍ਰੀ ਅੰਮ੍ਰਿਤਸਰ ਵਿਚ ਬੈਠ ਕੇ 1809 ਈਸਵੀ ਨੂੰ ਸਮਝੌਤਾ ਕਰ ਲਿਆ ਸੀ। ਅੰਗਰੇਜ਼ ਨੇ ਨਜ਼ਰਾਨੇ ਪੇਸ਼ ਕਰਦਿਆਂ ਰਣਜੀਤ ਸਿੰਘ ਨੂੰ ਆਖਿਆ, ਆਪ ਨੇ ਸਤਲੁਜ ਦਰਿਆ ਪਾਰ ਨਹੀਂ ਕਰਨਾ। ਹਮ ਭੀ ਦਰਿਆ ਪਾਰ ਨਹੀਂ ਕਰੇਂਗੇ। ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਰਾਜ ਦੀ ਹੱਦ ਅੰਗਰੇਜ਼ ਦੇ ਆਖਣ ਮੁਤਾਬਿਕ ਸਤਲੁਜ ਦਰਿਆ ਦੀ ਪੱਕੀ ਹੱਦ ਮੰਨ ਲਈ। ਸ੍ਰ. ਰਣਜੀਤ ਸਿੰਘ ਨੇ ਆਪਣੀ ਮੋਹਰ ਲਾਉਂ-ਦਿਆਂ ਅੰਗਰੇਜ਼ ਸਰਕਾਰ ਅੱਗੇ ਗੋਡੇ ਟੇਕ ਦਿੱਤੇ ਸਨ। ਇਸ ਸਮਝੌਤੇ ਦਾ ਬਾਬਾ ਰਾਮ ਸਿੰਘ ਜੀ ਸਾਹਿਬ ਨੂੰ ਫੌਜ ਵਿਚ ਭਰਤੀ ਹੋਣ ਤੋਂ ਬਾਅਦ ਬਾਬਾ ਬਾਲਕ ਸਿੰਘ ਜੀ ਸਾਹਿਬ ਤੋਂ ਪਤਾ ਲੱਗਾ

Sri Satguru Jagjit Singh Ji Elibrary NamdhariElibrary@gmail.com

ਸੀ। ਇਸ ਸਮਝੌਤੇ ਤੋਂ ਬਾਅਦ ਅੰਗਰੇਜ਼ ਸਰਕਾਰ ਸਿੱਖ ਫੌਜ ਤੋਂ ਬੇਫਿਕਰ ਹੋ ਕੇ ਦਿੱਲੀ ਆ ਗਈ ਸੀ। ਆਪਣੇ ਪੈਰ ਪਸਾਰਨ ਵਿਚ ਸਫਲ ਹੋ ਗਈ ਸੀ।

ਬਾਬਾ ਰਾਮ ਸਿੰਘ ਜੀ ਆਪਣੇ ਸਾਥੀਆਂ ਸਮੇਤ ਕਿਸੇ ਸਰਕਾਰੀ ਕੰਮ 1842 ਈਸਵੀ ਨੂੰ ਹਜਰੋਂ ਪਹੁੰਚੇ ਸਨ। ਪੂਰੇ 25 ਫੌਜੀ ਸਨ, ਕੁਝ ਹੇਠ ਲਿਖੇ ਸਾਥੀ ਸਨ :—

(1) ਸ੍ਰ: ਕਾਹਨ ਸਿੰਘ ਜੀ ਸੂਬੇਦਾਰ, ਚੱਕ-ਕਲ੍ਹਾਂ।

(2) ਸ੍ਰ: ਜਮੀਤ ਸਿੰਘ ਜੀ ਗਿੱਲ।

(3) ਸ੍ਰ: ਮਤਾਬ ਸਿੰਘ ਉਥੋਕੇ।

(4) ਸ੍ਰ: ਦੁੱਲਾ ਸਿੰਘ ਗਜੌਆਣੀਆ।

(5) ਸ੍ਰ: ਅਨੋਖ ਸਿੰਘ ਜੀ ਬਿੱਲ੍ਹੀਆਂ।

(6) ਸ੍ਰ: ਬਘੇਲ ਸਿੰਘ ਜੀ ਰਾਜੇਜੰਗੀਆਂ।

(7) ਸ੍ਰ: ਸਰੂਪ ਸਿੰਘ ਜੀ ਭਬਰੀ।

(8) ਸ੍ਰ: ਮਤਾਬ ਸਿੰਘ ਜੀ ਹਠੂਰ।

(9) ਸ੍ਰ: ਬੁੱਧ ਸਿੰਘ ਗੁਜਰਾਂਵਾਲਾ।

(10) ਸ੍ਰ: ਕਾਹਨ ਸਿੰਘ ਜੀ ਫਿਰੋਜ਼ਪੁਰ।

ਇਸ ਤੋਂ ਇਲਾਵਾ 15 ਫੌਜੀ ਹੋਰ ਸਨ। ਇਹ ਸਾਰੇ ਫੌਜੀ ਕਈ ਵਾਰੀ ਬਾਬਾ ਬਾਲਕ ਸਿੰਘ ਦੀ ਮਹਿੰਮਾ ਸੁਣ ਚੁਕੇ ਸਨ। ਉਨ੍ਹਾਂ ਦੇ ਸਥਾਨ ਉੱਤੇ ਦਰਸ਼ਨ ਕਰਨ ਚਲੇ ਗਏ।

ਬਾਬਾ ਬਾਲਕ ਸਿੰਘ ਜੀ, ਸਾਹਿਬ ਨੇ ਸਾਰੇ ਫੌਜੀਆਂ ਨੂੰ ਜੀ ਆਇਆਂ ਆਖਿਆ। ਪਿਆਰ ਨਾਲ ਹਾਲ-ਚਾਲ ਪੁਛਦਿਆਂ ਆਖਿਆ, ਆਪ ਧੰਨ ਹੋ ਤੁਸੀਂ ਸਿੱਖੀ ਲਿਬਾਸ ਵਿਚ ਮੈਨੂੰ ਦਰਸ਼ਨ ਦਿੱਤੇ ਹਨ। ਮੈਂ ਆਪ ਦੀ ਉਡੀਕ ਵਿਚ ਸੀ। ਭਾਈ ਸਿੱਖੋ ਮੈਂ ਆਪ ਨੂੰ ਕੁਝ ਦੱਸਣਾ ਚਾਹੁੰਦਾ ਸੀ। ਇਹ ਪੰਜਾਬੀ ਕੌਮ ਦੇ ਗੁਰੂਆਂ ਦਾ ਦੇਸ਼ ਗੁਲਾਮ ਹੋਣ ਵਾਲਾ ਹੈ। ਰਣਜੀਤ ਸਿੰਘ ਨੇ ਅੰਗਰੇਜ਼ ਸਰਕਾਰ ਨਾਲ 1809 ਈਸਵੀ ਨੂੰ ਸਮਝੌਤਾ ਕਰ ਲਿਆ ਸੀ। ਸਮਝੌਤਾ ਕਰਕੇ ਆਪਣੀ ਹੱਦ ਦੱਖਣੀ ਭਾਰਤ ਵੱਲ ਵਧਣ ਤੋਂ ਰੋਕ ਲਾ ਦਿੱਤੀ ਸੀ। ਆਪਣੀ ਹੱਦ ਅੱਗੇ ਨਾ ਵਧਾ ਸਕਿਆ। ਗੱਦਾਰ ਡੋਗਰਿਆਂ ਦੇ ਹੱਥਾਂ ਵਿਚ ਜ਼ਿੰਮੇਂਵਾਰੀ ਸੌਂਪ ਦਿੱਤੀ। ਜਿਹੜਾ ਰਾਜਾ ਗੁਰੂਆਂ ਦੀ ਚਲਾਈ ਹੋਈ ਲਹਿਰ ਸਾਂਝੀਵਾਲਤਾ ਤੋਂ ਬੇਮੁੱਖ ਹੋ ਕੇ ਰਾਜ ਕਾਇਮ ਕੀਤਾ ਸੀ। ਉਸ ਦਾ ਨਾ ਧਰਮ ਹੀ ਰਹਿਣਾ ਹੈ, ਨਾ ਰਾਜ ਰਹਿਣਾ ਹੈ। ਜਿਹੜਾ ਮਨੁੱਖ ਹਿੱਤਾਂ ਨਾਲ ਗੱਦਾਰੀ ਕਰਦਾ ਹੈ, ਉਸਦਾ ਅੰਤ ਇਸੇ ਤਰ੍ਹਾਂ ਹੀ ਹੁੰਦਾ ਹੈ। ਗੁਰੂ ਨਾਨਕ ਦੇਵ ਜੀ ਦੀ ਚਲਾਈ ਲਹਿਰ ਕਿਸੇ ਨਾ ਕਿਸੇ ਰੂਪ ਵਿਚ ਚਲਦੀ ਤਾਂ ਜ਼ਰੂਰ ਰਹੇਗੀ। ਮਨੁੱਖੀ ਬਰਾਬਰਤਾ ਦਾ ਰਾਜ ਤਾਂ ਸਾਰੀ ਦੁਨੀਆਂ ਵਿਚ ਆ ਕੇ ਹੀ ਰਹੇਗਾ। ਜੋ ਗੁਰੂਆਂ ਸੰਤਾਂ-ਭਗਤਾਂ ਨੇ ਲਿਖਿਆ ਹੈ। ਉਹ ਸੱਚ ਹੋ ਕੇ ਹੀ ਰਹਿਣਾ ਹੈ। ਮਨੁੱਖੀ ਹਿੱਤਾਂ ਦੀ ਪੂਰਤੀ ਕਰਦਾ ਅੱਗੇ ਵਧਦਾ ਹੀ ਜਾਏਗਾ। ਅਖੀਰ ਨਿਜੀ ਮਾਲਕੀ ਦਾ ਅੰਤ ਹੋ ਜਾਏਗਾ। ਸਦੀਵੀ ਮਨੁੱਖੀ ਹਿੱਤਾਂ ਦਾ ਇਤਿਹਾਸ ਹੀ ਰਹੇਗਾ। ਭਾਈ ਸਿੱਖੋ ਗੁਰੂਆਂ ਦੇ ਹੁਕਮ ਮੁਤਾਬਕ ਮਨੁੱਖੀ ਹਿੱਤਾਂ ਦਾ ਸਾਂਝਾ ਰਾਜ ਹੋਵੇਗਾ। ਜਿਵੇਂ-ਜਿਵੇਂ ਮਨੁੱਖੀ

Sri Satguru Jagjit Singh Ji Elibrary NamdhariElibrary@gmail.com

ਹਿੱਤਾਂ ਵਾਸਤੇ ਸੰਘਰਸ਼ ਲੜੇ ਜਾਣਗੇ ਉਸੇ ਤਰ੍ਹਾਂ ਹੀ ਸੰਘਰਸ਼ ਲੜਦਿਆਂ-ਲੜਦਿਆਂ ਸੋਚ ਤਿੱਖੀ ਹੁੰਦੀ ਜਾਵੇਗੀ। ਮਨੁੱਖੀ ਬਰਾਬਰਤਾ ਦੀ ਮੰਗ ਕਰਨ ਵਾਲੀ ਕਤਾਰ ਬਹੁਤ ਲੰਬੀ ਹੋ ਜਾਵੇਗੀ।

ਬਾਬਾ ਰਾਮ ਸਿੰਘ ਜੀ ਨੂੰ ਬਚਪਨ ਤੋਂ ਹੀ ਇਹ ਸਾਂਝੀਵਾਲਤਾ ਦੀ ਕਥਾ ਸੁਣਾਈ ਜਾਂਦੀ ਸੀ। ਬਾਬਾ ਬਾਲਕ ਸਿੰਘ, ਸਾਹਿਬ ਤੋਂ ਵੀ ਸੁਣ ਰਹੇ ਸਨ। ਬਾਬਾ ਰਾਮ ਸਿੰਘ ਨੇ ਗੋਡਨੀਏ ਹੋ ਕੇ ਮੰਗ ਕੀਤੀ, ਗਰੀਬ ਨਿਵਾਜ਼ ਬਾਬਾ ਜੀ ਭਜਨ ਦੱਸੋ ਜਿਸ ਨਾਲ ਸਾਡੀ ਆਤਮਾ ਨਿੱਜੀ ਮਾਲਕੀ ਨੂੰ ਛੱਡ ਕੇ ਪਵਿੱਤਰ ਹੋ ਜਾਵੇ। ਬਾਬਾ ਬਾਲਕ ਸਿੰਘ ਜੀ ਨੇ ਤਿੰਨ ਵਾਰ ਧੰਨ, ਧੰਨ, ਧੰਨ ਆਖਦਿਆਂ ਬਾਬਾ ਰਾਮ ਸਿੰਘ ਜੀ ਨੂੰ ਸਭ ਤੋਂ ਪਹਿਲਾਂ ਕੰਨ ਵਿਚ ਭਜਨ ਦੱਸ ਦਿੱਤਾ ਗਿਆ ! ਫਿਰ ਵਾਰੀ-ਵਾਰੀ 25 ਜੋੜੀਆਂ ਨੂੰ ਭਜਨ ਦੱਸ ਦਿੱਤਾ ਗਿਆ। ਵਾਰੀ-ਵਾਰੀ ਦੇਸ਼ ਭਗਤੀ ਦੀ ਚਰਨ ਪਾਹੁਲ ਲੈ ਲਈ ਗਈ।

ਬਾਬਾ ਬਾਲਕ ਸਿੰਘ ਜੀ, ਸਾਹਿਬ ਨੂੰ ਪੂਰਾ ਵਿਸ਼ਵਾਸ ਸੀ ਕਿ ਬਾਬਾ ਰਾਮ ਸਿੰਘ ਜੀ ਮਹਾਨ ਕ੍ਰਿਤੀਆਂ ਦੇ ਟੋਲੇ ਦੀ ਅਗਵਾਈ ਕਰੇਗਾ। ਇਸ ਕਰਕੇ ਬਾਬਾ ਬਾਲਕ ਸਿੰਘ ਜੀ ਨੇ ਦੇਸ਼ ਪਿਆਰ ਦਾ ਸਬਕ ਸਿਖਾਉਂਦਿਆਂ ਆਖਿਆ। ਭਾਈ ਸਿੱਖੋ ਸਿੱਖ ਕਹਿਣੀ ਅਤੇ ਕਰਨੀ ਵਿਚ ਪੂਰਾ ਉਤਰਦਾ ਹੈ। ਭਗਤੀ ਅਤੇ ਸ਼ਕਤੀ ਮਨੁੱਖ ਦੀ ਸਾਇਆ ਬਣਦੀ ਹੈ। ਗੁਲਾਮ ਦੇਸ਼ ਆਜ਼ਾਦ ਹੋ ਜਾਂਦਾ ਹੈ। ਆਜ਼ਾਦ ਦੇਸ਼ ਵਿਚ ਕੁਝ ਮਨੁੱਖੀ ਹਿੱਤਾਂ ਵਾਸਤੇ ਵੀ ਥੋੜ੍ਹਾ ਬਹੁਤਾ ਨਿਖਾਰ ਆ ਜਾਂਦਾ ਹੈ। ਗੁਲਾਮ ਦੇਸ਼ ਤਾਂ ਪਸ਼ੂਆਂ ਦੀ ਜੂਨ ਭੋਗ ਕੇ ਮਰ ਜਾਂਦਾ ਹੈ। ਗੁਲਾਮਾਂ ਨੂੰ ਕੋਈ ਯਾਦ ਨਹੀਂ ਕਰਦਾ। ਉਨ੍ਹਾਂ ਜ਼ਿੰਦਗੀਆਂ ਦਾ ਕੋਈ ਫਾਇਦਾ ਨਹੀਂ ਹੁੰਦਾ।

ਬਾਬਾ ਬਾਲਕ ਸਿੰਘ ਜੀ ਸਾਹਿਬ ਨੇ ਸਿੱਖ ਧਰਮ ਦੀ ਵਿਸ਼ੇਸ਼ਤਾ ਬਾਰੇ ਹੋਰ ਅੱਗੇ ਦੱਸਿਆ।

(1) ਸਿੱਖੀ ਵਿਚ ਸ਼ਾਮਲ ਹੋਣ ਵਾਸਤੇ ਪਹਿਲਾਂ ਤਿਆਗ ਕਰਨਾ ਬਹੁਤ ਜ਼ਰੂਰੀ ਹੈ। ਤਿਆਗ ਕਰਨ ਤੋਂ ਬਗੈਰ ਸਿੱਖ ਧਰਮ ਵਿਚ ਆਉਣ ਦਾ ਕੋਈ ਫਾਇਦਾ ਨਹੀਂ। ਸਿੱਖ ਬਨਣ ਸਮੇਂ ਸਿੱਖ ਧਰਮ ਵਿਚ ਭਗਤੀ ਅਤੇ ਸ਼ਕਤੀ ਦਾ ਪ੍ਰਚਾਰ ਕਰਨਾ ਵੀ ਬਹੁਤ ਜ਼ਰੂਰੀ ਹੈ। ਪੰਗਤ ਵਿਚ ਬੈਠ ਕੇ ਪ੍ਰਸ਼ਾਦ ਛਕਣਾ ਸੰਗਤ ਵਿਚ ਮਨੁੱਖੀ ਹਿੱਤਾਂ ਦਾ ਗਿਆਨ ਪ੍ਰਾਪਤ ਕਰਨਾ ਹੁੰਦਾ ਹੈ।

(2) ਸਿੱਖ ਧਰਮ ਵਿਚ ਆਪਣੀ ਸਮੁੱਚੀ ਮਨੁੱਖਤਾ ਵਾਸਤੇ ਜ਼ੁਲਮ ਦੇ ਖਿਲਾਫ ਕੁਰਬਾਨੀਆਂ ਦੇਣੀਆਂ ਬਹੁਤ ਜ਼ਰੂਰੀ ਹਨ। ਮਨੁੱਖ ਹੀ ਗੁਲਾਮੀ ਦਾ ਅੰਤ ਕਰਦਾ ਹੈ ਅਤੇ ਸਿੱਖ ਇਸ ਲਈ ਪਹਿਲ-ਕਦਮੀ ਕਰਦਾ ਹੈ। ਮੁਰਦਾ ਪਏ ਮਨੁੱਖਾਂ ਨੂੰ ਅਣਖ ਦੀ ਕੁਰਬਾਨੀਆਂ ਦੀ ਪਾਨ ਦੇ ਕੇ ਵੀਰਤਾ ਪੈਦਾ ਕਰਦਾ ਹੈ।

(3) ਸਿੱਖ ਭਗਤੀ ਅਤੇ ਸ਼ਕਤੀ ਦਾ ਪੁਜਾਰੀ ਹੁੰਦਾ ਹੈ। ਸ਼ਕਤੀ ਦੀਆਂ ਲਹਿਰਾਂ ਦਾ ਆਗੂ ਵੀ ਸਿੱਖ ਹੀ ਹੁੰਦਾ ਹੈ। ਸਿੱਖ ਸਿਖਣ ਦੀ ਭਾਵਨਾ ਰੱਖ ਕੇ ਸਿੱਖੀ ਦਾ ਚਿੰਨ੍ਹ ਬਣ ਜਾਂਦਾ ਹੈ। ਨਿਜੀ ਮਾਲਕੀ ਦੇ ਖੰਡਰ ਕਰਦਾ ਅੱਗੇ ਵਧਦਾ ਜਾਂਦਾ ਹੈ। ਸਿੱਖ ਰਹਿਮ ਦੀ ਅਪੀਲ ਨੂੰ ਖ਼ਾਰਜ ਨਹੀਂ ਕਰਦਾ। ਆਪਣੇ ਅਸੂਲਾਂ ਮੁਤਾਬਕ ਵਿਸ਼ਵਾਸਘਾਤੀਆਂ ਦੀ ਅਪੀਲ ਨੂੰ ਨਹੀਂ ਮੰਨਦਾ।

(4) ਸਿੱਖ ਧਰਮ ਔਰਤ ਨੂੰ ਬਰਾਬਰਤਾ ਦਿੰਦਾ ਹੈ। ਔਰਤ ਨੂੰ ਗੁਲਾਮੀ ਤੋਂ ਆਜ਼ਾਦ ਵੀ ਕਰਵਾਉਂਦਾ ਹੈ। ਕਿਉਂਕਿ ਔਰਤ ਮਹਾਨ ਯੋਧਿਆਂ ਦੀ ਜਨਮਦਾਤੀ ਹੈ। ਸਿੱਖ ਦੁਸ਼ਮਣ ਦੀ ਧੀ

ਨੂੰ ਆਪਣੀ ਧੀ ਸਮਝਦਾ ਹੈ। ਸਿੱਖ ਔਰਤ ਨੂੰ ਸੁਰੱਖਿਅਤ ਥਾਂ ਆਪ ਪਹੁੰਚਾ ਕੇ ਆਉਂਦਾ ਹੈ ਚਾਹੇ ਭਾਵੇਂ ਕਿੰਨਾ ਹੀ ਖ਼ਤਰਾ ਹੋਵੇ। ਸਿੱਖ ਦੁਸ਼ਮਣ ਦੀ ਭੈਣ ਨੂੰ ਆਪਣੀ ਭੈਣ ਸਮਝਦਾ ਹੈ। ਉਸ ਦੀ ਇੱਜ਼ਤ ਦੀ ਰਾਖੀ ਕਰਦਾ ਹੈ।

(5) ਸਿੱਖ ਧਰਮ ਵਿਚ ਆਪਣੀ ਏਕਤਾ ਕਾਇਮ ਰੱਖਦਾ ਹੈ। ਗਿਆਨ ਵੰਡਦਾ ਹੈ। ਸਿਮਰਨ ਕਰਨ ਨਾਲ ਸਿੱਖ ਵਿਚ ਸ਼ਕਤੀ ਵਧਦੀ ਹੈ। ਸਿੱਖ ਨੂੰ ਭਗਤੀ ਮਨੁੱਖੀ ਕੁਰੀਤੀਆਂ ਤੋਂ ਦੂਰ ਰਖਦੀ ਹੈ। ਨਿਸ਼ਕਾਮ ਸੇਵਾ ਕਰਨ ਨਾਲ ਮਜ਼ਲੂਮਾਂ ਦੀ ਸ਼ਕਤੀ ਵਧ ਜਾਂਦੀ ਹੈ। ਫਿਰ ਮਜ਼ਲੂਮ, ਮਜ਼ਲੂਮ ਨਹੀਂ ਰਹਿੰਦੇ। ਉਨ੍ਹਾਂ ਵਿਚ ਵੀਰਤਾ ਆ ਜਾਂਦੀ ਹੈ। ਆਪਣੀ ਰਾਖੀ ਆਪ ਕਰਨ ਦੇ ਯੋਗ ਹੋ ਜਾਂਦੇ ਹਨ। ਇਸ ਕਰਕੇ ਸਿੱਖ ਕਾਇਰ ਕੌਮ ਦਾ ਮਾਸਟਰ ਹੁੰਦਾ ਹੈ। ਸਿੱਖ ਦਾ ਕੰਮ ਕਾਇਰਤਾ ਨੂੰ ਖ਼ਤਮ ਕਰਨਾ ਹੈ।

ਇਹ ਸਾਰਾ ਕੁਝ ਬਾਬਾ ਬਾਲਕ ਸਿੰਘ ਜੀ ਸਾਹਿਬ ਤੋਂ ਗ੍ਰਹਿਣ ਕਰਦਿਆਂ ਬਾਬਾ ਰਾਮ ਸਿੰਘ ਜੀ ਦੀ ਸੋਚ ਇਕ ਨਵੀਂ ਲਹਿਰ ਤੋਰਨ ਵੱਲ ਦੌੜ ਰਹੀ ਸੀ। ਇਕ-ਇਕ ਸ਼ਬਦ ਸੁਣਦਿਆਂ-ਸੁਣਦਿਆਂ ਸਤਿ ਬਚਨ ਕਹਿ ਰਹੇ ਸਨ। ਬਾਬਾ ਬਾਲਕ ਸਿੰਘ ਜੀ ਸਾਹਿਬ ਨੇ ਸਾਰੇ ਫੌਜੀਆਂ ਨੂੰ ਅਸ਼ੀਰਵਾਦ ਦਿੱਤਾ। ਆਪ ਖ਼ੁਦ ਪ੍ਰਸ਼ਾਦਾ ਛਕਾ ਵਿਦਾ ਕਰ ਦਿੱਤੇ ਸਨ।

ਬਾਬਾ ਰਾਮ ਸਿੰਘ ਦੀ ਇਸ ਤੋਂ ਕੋਈ ਵੱਖਰੀ ਸੋਚ ਨਹੀਂ ਸੀ। ਬਚਪਨ ਤੋਂ ਹੁਣ ਤੱਕ ਸੋਚ ਪੂਰਾ ਵਿਕਾਸ ਕਰ ਚੁੱਕੀ ਸੀ।

ਅਖੀਰ ਡੋਗਰਿਆਂ ਦੀ ਗ਼ਦਾਰੀ ਕਾਰਨ ਫੌਜਾਂ ਹਾਰ ਰਹੀਆਂ ਸਨ। ਅੰਗਰੇਜ਼ ਨੇ 1805 ਈਸਵੀ ਦਾ ਸਮਝੌਤਾ ਤੋੜ ਦਿੱਤਾ ਸੀ। ਸ: ਰਣਜੀਤ ਸਿੰਘ ਦੀ 1839 ਈਸਵੀ ਨੂੰ ਪਹਿਲਾਂ ਹੀ ਮੌਤ ਹੋ ਗਈ ਸੀ। ਉਸ ਦਾ ਸਾਰਾ ਪਰਿਵਾਰ ਬੇ-ਸਹਾਰਾ ਹੋ ਗਿਆ ਸੀ। ਅੰਗਰੇਜ਼

---

ਨੋਟ—ਅੰਗਰੇਜ਼ ਸਰਕਾਰ ਨੇ ਪੰਜਾਬ ਵਿਚ ! ਕੂਕਾ ਲਹਿਰ ਨੂੰ ਚੋਨ ਵਾਸਤੇ-ਪੁਲਿਸ ਐਕਟ 1861 ਈਸਵੀ ਨੂੰ ਬਣਾਇਆ ਗਿਆ। ਕੂਕਾ ਲਹਿਰ ਦੀ ਮੈਂਬਰਸ਼ਿਪ ਫੇਰ ਵੀ ਦਿਨੋਂ-ਦਿਨ ਵਧਦੀ ਗਈ। ਕੂਕਾ ਲਹਿਰ ਨੇ ਅੰਗਰੇਜ਼ ਸਰਕਾਰ ਨੂੰ ਚੁਨੌਤੀਆਂ ਦਿੱਤੀਆਂ ਸਨ।

ਜਦੋਂ ਸੰਘਰਸ਼ ਸਾਰੇ ਭਾਰਤ ਵਿਚ ਤੇਜ਼ ਹੋਣ ਲੱਗਿਆ। ਫੇਰ 1902 ਈ: ਨੂੰ ਪੁਲਿਸ ਕਮਿਸ਼ਨ ਕਾਇਮ ਕੀਤਾ ਗਿਆ। ਪੁਲਿਸ ਨੂੰ ਪੂਰੇ ਅਖ਼ਤਿਆਰ ਦਿੱਤੇ ਗਏ ਸਨ। ਪੁਲਿਸ ਜਿਸ ਨੂੰ ਜੀ ਚਾਹੇ ਬਗ਼ਾਵਤ ਦਾ ਛਾਪਾ ਲਾ ਕੇ ਜੇਲ੍ਹਾਂ ਵਿਚ ਸੁੱਟਿਆ ਜਾਂਦਾ ਸੀ। ਅਤੇ ਫਾਂਸੀ, ਕਾਲੇ ਪਾਣੀਆਂ ਦੀ ਸਜ਼ਾ ਮਿਲਦੀ ਸੀ। ਪੁਲਿਸ ਅੱਗੇ ਕਿਸੇ ਦੀ ਸੁਣਾਈ ਨਹੀਂ ਸੀ ਕੀਤੀ ਜਾਂਦੀ।

ਇਸ ਤੋਂ ਬਾਅਦ ਸਾਡੀ ਕੌਮੀ ਸਰਕਾਰ ਨੇ ਪੁਲਿਸ ਨੂੰ ਫੇਰ 1978 ਈਸਵੀ ਨੂੰ ਹੋਰ ਵੀ ਅਧਿਕਾਰ ਦੇ ਦਿੱਤੇ ਗਏ। ਪੁਲਿਸ ਜ਼ਬਰ ਦੀ ਥਾਂ ਹੋਰ ਤਸ਼ੱਦਦ ਹੋਣਾ ਸ਼ੁਰੂ ਹੋ ਗਿਆ ਹੈ। ਕੂਕਾ ਲਹਿਰ ਦੇ ਅਮਰ ਸ਼ਹੀਦਾਂ ਨੇ ਲੜਿਆ ਸੰਘਰਸ਼ ਸਾਡੀਆਂ ਕੌਮੀ ਸਰਕਾਰਾਂ ਵੀ ਭੁੱਲ-ਗਈਆਂ ਹਨ।

ਪੰਜਾਬੀ ਕ੍ਰਾਂਤੀਕਾਰੀ ਕੌਮੀ ਲਹਿਰ—ਮਨੁੱਖੀ ਬਰਾਬਰਤਾ ਬਾਰੇ ਦਸਵੀਂ ਸਦੀ ਤੋਂ ਲੈ ਕੇ ਅਜੇ ਤੱਕ ਕਿਸੇ ਨਾ ਕਿਸੇ ਰੂਪ ਵਿਚ ਸਰਗਰਮ ਰਹੀ ਹੈ। ਪੰਗਤ ਅਤੇ ਸੰਗਤ ਦੀ ਮਨੁੱਖੀ ਬਰਾਬਰਤਾ ਵਾਸਤੇ ਲੋਕ ਲਹਿਰਾਂ ਨੇ ਉਸਾਰੀ ਕੀਤੀ ਹੈ।

Sri Satguru Jagjit Singh Ji Elibrary NamdhariElibrary@gmail.com

ਆਪਣੀ ਰਾਜਨੀਤੀ ਵਿਚ ਸਫ਼ਲ ਹੋ ਗਿਆ ਸੀ । ਰਣਜੀਤ ਸਿੰਘ ਦਾ ਸਾਰਾ ਪਰਿਵਾਰ ਡੋਗਰਿਆਂ ਦੀਆਂ ਸਾਜ਼ਸ਼ਾਂ ਦਾ ਸ਼ਿਕਾਰ ਹੋ ਗਿਆ ਸੀ । ਦੂਸਰੇ ਪਾਸੇ ਫੌਜਾਂ ਹਾਰਾਂ ਤੇ ਹਾਰ ਖਾ ਰਹੀਆਂ । ਨਿਹੱਥੇ ਫੌਜੀ ਮੈਦਾਨ-ਏ-ਜੰਗ ਵਿਚ ਮਰ ਰਹੇ ਹਨ । ਡੋਗਰਿਆਂ ਨੇ ਬਰੂਦ ਦੀ ਥਾਂ ਸਰ੍ਹੋਂ ਦੀਆਂ ਬੋਰੀਆਂ ਘੱਲ ਦਿੱਤੀਆਂ ਸਨ । ਬਹੁਤ ਚਿਰ ਤੋਂ ਫੌਜ ਨੂੰ ਤਨਖਾਹਾਂ ਨਹੀਂ ਸਨ ਮਿਲੀਆਂ ।

ਫੌਜੀ ਅਸਤੀਫ਼ੇ ਦੇ ਰਹੇ ਸਨ । ਡੋਗਰਿਆਂ ਨੇ ਅਸਤੀਫ਼ੇ ਦੇਣ ਸਮੇਂ ਕੋਈ ਇਤਰਾਜ਼ ਨਹੀਂ ਸੀ ਕੀਤਾ । ਸਗੋਂ ਅਸਤੀਫ਼ੇ ਮਨਜ਼ੂਰ ਕਰ ਲਏ ਸਨ ।

ਬਾਬਾ ਰਾਮ ਸਿੰਘ ਨੂੰ ਫੌਜੀ ਜ਼ਿੰਦਗੀ ਤੋਂ ਨਫ਼ਰਤ ਹੋ ਗਈ ਸੀ । 1848 ਈਸਵੀ ਨੂੰ ਅਸਤੀਫ਼ਾ ਦੇ ਕੇ ਸ੍ਰੀ ਭੈਣੀ ਸਾਹਿਬ ਆ ਗਏ ਸਨ । ਪਰ ਆ ਕੇ ਆਪਣਾ ਜੱਦੀ ਕਾਰੋਬਾਰ ਸ਼ੁਰੂ ਕਰ ਦਿੱਤਾ । ਬਹੁਤਾ ਨਾਮ ਸਿਮਰਨ ਕਰਦੇ ਉਨਾ ਹੀ ਕੰਮ ਕਰਦੇ ਸਨ । ਆਮ ਲੋਕਾਂ ਵਿਚ ਗੁਰੂਆਂ ਦਾ ਪ੍ਰਚਾਰ ਕਰਦੇ ਆਖਦੇ । ਭਾਈ ਪੰਜਾਬ ਨੇ ਅੰਗਰੇਜ਼ ਸਰਕਾਰ ਦੇ ਗੁਲਾਮ ਹੋ ਜਾਂਦਾ ਹੈ । ਅਖੀਰ ਪੰਜਾਬ 1849 ਈਸਵੀ ਨੂੰ ਗੁਲਾਮ ਹੋ ਗਿਆ । ਪੰਜਾਬੀ ਕੌਮ ਵਿਚ ਦਿਨ-ਦਿਹਾੜੇ ਹਨੇਰਾ ਛਾ ਗਿਆ । ਪੰਜਾਬੀਆਂ ਨੇ ਖੇਤਾਂ ਵਿਚ ਹਲ ਨਾ ਜੋੜੇ ।

Sri Satguru Jagjit Singh Ji Elibrary NamdhariElibrary@gmail.com

## ਕਾਂਡ—5

ਬਾਬਾ ਰਾਮ ਸਿੰਘ ਜੀ ਸਾਹਿਬ ਨੇ ਅੰਮ੍ਰਿਤ ਤਿਆਰ ਕਰਕੇ ਆਪਣੀ ਸਿੱਖ ਲਹਿਰ ਦਾ ਨਾਮ ਸ੍ਰੀ ਭੈਣੀ ਸਾਹਿਬ ਵਿਖੇ 1858 ਈਸਵੀ ਨੂੰ ਕੂਕਾ ਲਹਿਰ ਰੱਖਿਆ। ਇਸ ਤੋਂ ਪਹਿਲਾਂ 1857 ਈਸਵੀ ਦੇ ਗ਼ਦਰ ਵਿਚ ਹਿੱਸਾ ਪਾਇਆ ਸੀ। ਇਸ ਬਗਾਵਤ ਵਿਚ ਬਹੁਤ ਸਿੱਖ ਸ਼ਹੀਦੀਆਂ ਪਾ ਗਏ ਸਨ। ਦੋ ਦਰਜਨਾਂ ਦੇ ਕਰੀਬ ਫੱਟੜ ਹੋ ਗਏ ਸਨ। ਇਹ ਅੰਗਰੇਜ਼ ਸਰਕਾਰ ਦੇ ਖ਼ਿਲਾਫ ਪੰਜਾਬੀ ਕੌਮ ਦੀ ਪਹਿਲੀ ਬਗ਼ਾਵਤ ਸੀ। ਸ੍ਰੀ ਭੈਣੀ ਸਾਹਿਬ ਵਿਖੇ 1853 ਈਸਵੀ ਨੂੰ ਬਾਬਾ ਰਾਮ ਸਿੰਘ ਜੀ ਸਾਹਿਬ ਨੇ ਖੰਡੇ-ਬਾਟੇ ਦਾ ਪੰਜ ਬਾਣੀਆਂ ਪੜ੍ਹ ਕੇ ਅੰਮ੍ਰਿਤ ਤਿਆਰ ਕੀਤਾ। ਪਹਿਲਾ ਪੰਜ ਪਿਆਰਿਆਂ ਨੂੰ ਛਕਾਇਆ ਗਿਆ। ਫਿਰ ਪੰਜਾਂ ਪਿਆਰਿਆਂ ਤੋਂ ਆਪ ਛਕਿਆ। ਪਹਿਲੇ ਅੰਮ੍ਰਿਤ ਛਕਣ ਵਾਲੇ ਪੰਜ ਪਿਆਰਿਆਂ ਦੇ ਨਾਂ ਇਸ ਪ੍ਰਕਾਰ ਹਨ।

(i) ਬਾਬਾ ਲਾਭ ਸਿੰਘ ਜੀ।
(ii) ਬਾਬਾ ਆਤਮਾ ਸਿੰਘ ਜੀ।
(iii) ਬਾਬਾ ਨਰਾਇਣ ਸਿੰਘ ਜੀ।
(iv) ਬਾਬਾ ਫਤਹਿ ਸਿੰਘ ਜੀ।
(v) ਬਾਬਾ ਕਾਹਨ ਸਿੰਘ ਜੀ।

ਬਾਬਾ ਰਾਮ ਸਿੰਘ ਜੀ ਨੇ ਇਸ ਵਾਕ ਨੂੰ ਸੰਬੋਧਨ ਕਰਦਿਆਂ ਆਖਿਆ ਰਹਿਣੀ ਰਹੇ, ਸੋਈ ਸਿੱਖ ਮੇਰਾ 'ਉਹ ਗੁਰੂ ਮੈਂ ਉਸ ਕਾ ਚੇਹਰਾ।'

ਭਾਈ ਖਾਲਸਾ ਜੀ ਆਪਾਂ ਸ੍ਰੀਮਾਨ ਬਾਬਾ ਬਾਲਕ ਸਿੰਘ ਜੀ ਸਾਹਿਬ ਤੋਂ ਭਜਨ ਪੁੱਛ ਚੁੱਕੇ ਹਾਂ। ਅਣਮੁੱਲੀ ਦਾਤ ਪ੍ਰਾਪਤ ਕਰ ਚੁੱਕੇ ਹਾਂ। ਅਸੀਂ ਗੁਰੂਆਂ ਦੇ ਹੁਕਮ ਮੁਤਾਬਕ ਸਮਾਜ ਵਿਚੋਂ ਕੁਰੀਤੀਆਂ ਕੱਢਣੀਆਂ ਹਨ। ਆਪਾਂ ਕੁਰੀਤੀਆਂ ਤਾਂ ਹੀ ਕੱਢ ਸਕਾਂਗੇ। ਅਗਰ ਆਪਾਂ ਤਿਆਗ ਦੀ ਭਾਵਨਾ ਕਾਇਮ ਰੱਖਾਂਗੇ। ਸਿੱਖ ਦਾ ਮੁੱਖ ਧਰਮ ਤਿਆਗ ਕਰਨਾ ਹੈ। ਗੁਰੂ ਨਾਨਕ ਸਾਹਿਬ ਦੀ ਸਾਂਝੀਵਾਲਤਾ ਦੇ ਮੈਂਬਰ ਤਾਂ ਹੀ ਬਣ ਸਕਦੇ ਹਾਂ। ਫਿਰ ਹੀ ਅਸੀਂ ਮਨੁੱਖੀ ਹਿੱਤਾਂ ਦੀ ਨਿਸ਼ਕਾਮ ਸੇਵਾ ਕਰ ਸਕਾਂਗੇ। ਨਿਸ਼ਕਾਮ ਸੇਵਾ ਕਰਨ ਨਾਲ ਹੀ ਆਤਮਾ ਦੀ ਅਤੇ ਸਰੀਰਕ ਸੰਤੁਸ਼ਟੀ ਹੁੰਦੀ ਹੈ। ਜ਼ੁਲਮ ਕਰਨ ਵਾਲੇ ਆਤਮਾ ਅਤੇ ਕ੍ਰਿਆ ਕਮਜ਼ੋਰ ਹੋ ਜਾਂਦੀ ਹੈ। ਚੋਰੀ, ਯਾਰੀ, ਨਿੰਦਿਆ ਕਰਨ ਵਾਲਾ ਮਨੁੱਖੀ ਕ੍ਰਿਆ ਨੂੰ ਖ਼ਤਮ ਕਰ ਲੈਂਦਾ ਹੈ। ਸਿੱਖ ਜ਼ੁਲਮ ਖ਼ਤਮ ਕਰਨ ਵਾਸਤੇ ਜੂਝਦਾ ਰਹਿੰਦਾ ਹੈ। ਸਿੱਖ ਮਾਸ, ਸ਼ਰਾਬ, ਹੁੱਕਾ, ਗਾਂਜਾ ਹੋਰ ਨਸ਼ਿਆਂ ਤੋਂ ਵਾਂਝਾ ਰਹਿੰਦਾ ਹੈ। ਨਸ਼ੇ ਵਰਤਣ ਨਾਲ ਮਨੁੱਖੀ ਆਤਮਾ ਪਵਿੱਤਰ ਨਹੀਂ ਰਹਿੰਦੀ। ਨਸ਼ੇ ਖਾ ਕੇ ਚੰਗਾ ਭਲਾ ਮਨੁੱਖ ਸ਼ੁਦਾਈ ਹੋ ਜਾਂਦਾ ਹੈ। ਇਹ ਨਸ਼ੇ-ਪੱਤੇ ਵਰਤਣ ਵਾਲੇ ਮਨੁੱਖੀ ਹਿੱਤਾਂ ਵਾਸਤੇ ਸੰਘਰਸ਼ ਨਹੀਂ ਕਰ ਸਕਦੇ। ਨਸ਼ਾ ਗੁਲਾਮੀ ਦੀਆਂ ਜ਼ੰਜੀਰਾਂ ਵਿਚ ਜਕੜ ਗ਼ੁਲਾਮ ਬਣਾ ਦਿੰਦਾ ਹੈ। ਅਖ਼ੀਰ ਨਸ਼ਾ ਮਨੁੱਖ ਦਾ ਅੰਤ ਕਰ ਦਿੰਦਾ ਹੈ।



Sri Satguru Jagjit Singh Ji Elibrary NamdhariElibrary@gmail.com

ਸਿੱਖ ਨੂੰ ਪੰਜ ਬਾਣੀਆਂ ਦਾ ਪਾਠ ਕਰਨਾ ਬਹੁਤ ਜ਼ਰੂਰੀ ਹੈ। ਭਜਨ ਕਰਨ ਨਾਲ ਮਨੁੱਖੀ ਚੇਤਨਾ ਵਧ ਜਾਂਦੀ ਹੈ। ਨਾਮ ਸਿਮਰਨ ਨਾਲ ਭਗਤੀ ਅਤੇ ਸ਼ਕਤੀ ਪ੍ਰਾਪਤ ਹੁੰਦੀ ਹੈ। ਨਾਮ ਸਿਮਰਨ ਨਾਲ ਦਾਤਾ, ਦੇਸ਼-ਭਗਤ, ਸੂਰਮਾ, ਬਹਾਦਰ ਬਣ ਜਾਂਦਾ ਹੈ। ਉਸ ਦਾ ਦੇਸ ਗੁਲਾਮ ਨਹੀਂ ਹੁੰਦਾ। ਗੁਲਾਮ ਹੋਇਆ ਦੇਸ਼ ਆਜ਼ਾਦ ਹੋ ਜਾਂਦਾ ਹੈ।

ਗੁਰੂ ਖਾਲਸਾ ਜੀ ਅੰਮ੍ਰਿਤ ਪ੍ਰਚਾਰ ਕਰਨ ਸਮੇਂ ਆਪ ਨੇ ਆਮ ਲੋਕਾਂ ਨੂੰ ਇਹੀ ਦੱਸਦਾ ਹੈ। ਸਿੱਖ ਦਾ ਫ਼ਰਜ਼ ਕੀ ਬਣਦਾ ਹੈ। ਲੜਕੀ ਦਾ ਪੈਸਾ ਨਹੀਂ ਲੈਣਾ। ਵੱਟੇ ਦਾ ਵਿਆਹ ਨਹੀਂ ਕਰਨਾ। ਵਿਆਜ ਨਹੀਂ ਲੈਣਾ। ਵਿਧਵਾ ਔਰਤ ਦਾ ਪੂਰਨ ਵਿਆਹ ਕਰਨਾ ਹੈ। ਵਿਆਹ ਸਮੇਂ ਲੜਕੀ ਦੀ ਉਮਰ 16 ਸਾਲ ਦੀ ਹੋਣੀ ਜ਼ਰੂਰੀ ਹੈ। ਫਿਰ ਵਿਆਹ ਕਰਨ ਸਮੇਂ ਬਸਤਰ ਘਰ ਦੇ ਖੱਦਰ ਦੇ ਪਾਉਣੇ ਜ਼ਰੂਰੀ ਹਨ। ਬਦੇਸ਼ੀ ਬਰਤਾਨੀਆ ਸਰਕਾਰ ਦੀ ਨੌਕਰੀ ਨਹੀਂ ਕਰਨੀ। ਹਰ ਸਮੇਂ ਨਾਮ ਸਿਮਰਨ ਕਰਦੇ ਰਹਿਣਾ ਹੈ। ਨਾਮ ਸਿਮਰਨ ਨਾਲ ਮਨੁੱਖੀ ਆਤਮਾ ਬਲਵਾਨ ਹੁੰਦੀ ਹੈ। ਆਮ ਲੋਕਾਂ ਦੇ ਹਿੱਤਾਂ ਦੀ ਰਾਖੀ ਕਰਨ ਸਮੇਂ ਸ਼ਕਤੀ ਬਹੁਤ ਵਧ ਜਾਂਦੀ ਹੈ। ਆਪਾਂ ਅੰਮ੍ਰਿਤ ਪ੍ਰਚਾਰ ਅੱਜ ਤੋਂ ਹੀ ਸ਼ੁਰੂ ਕਰਾਂਗੇ। ਅਸੀਂ ਗੁਰੂ ਨਾਨਕ ਸਾਹਿਬ ਦੀ ਸਾਂਝੀਵਾਲਤਾ ਦਾ ਪੈਗ਼ਾਮ ਲੋਕਾਂ ਤੱਕ ਪਹੁੰਚਾਉਣਾ ਹੈ। ਤੁਸੀਂ ਮੇਰੇ ਨਾਲੋਂ ਬਹੁਤ ਸਿਆਣੇ ਹੋ। ਆਪ ਪੂਰੀ ਜ਼ਿੰਮੇਂਵਾਰੀ ਨਾਲ ਅੰਮ੍ਰਿਤ ਪ੍ਰਚਾਰ ਸ਼ੁਰੂ ਕਰ ਦਿਉ।

ਤੁਸੀਂ ਸਮਾਜ ਦੀ ਹਾਲਤ ਚੰਗੀ ਤਰ੍ਹਾਂ ਵੇਖਦੇ ਜਾਉ ਅਤੇ ਸਮਝਦੇ ਜਾਉ। ਅਸੀਂ ਆਜ਼ਾਦੀ ਸੰਗ੍ਰਾਮ ਦਾ ਇਤਿਹਾਸ ਸਿਰਜਣਾ ਹੈ। ਜਿਵੇਂ ਸਾਡੇ ਗੁਰੂਆਂ ਨੇ ਔਰਤ ਨੂੰ ਹੁਕਮ ਕੀਤਾ ਹੈ ਕਿ—

ਜਨਨੀ ਜਣੇ ਤਾਂ ਭਗਤ ਜਨੇ,
ਜਾਂ ਦਾਤਾ ਜਾਂ ਸੂਰ,
ਨਹੀਂ ਤਾਂ ਜਨਨੀ ਬਾਂਝ ਰਹੇ
ਕਾਹੇ ਗਵਾਵੇ ਨੂਰ।

ਜ਼ਿਲ੍ਹਾ ਲੁਧਿਆਣਾ ਪਿੰਡ ਸਿਆੜ 1859 ਈਸਵੀ ਨੂੰ ਅੰਮ੍ਰਿਤ-ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ ਸੀ।

ਜਥੇਦਾਰਾਂ ਨੇ ਗੁਰਬਾਣੀ ਦੇ ਆਧਾਰ ਤੇ ਲੈਕਚਰ ਕਰਦਿਆਂ ਆਮ ਲੋਕਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਮਰਯਾਦਾ ਦੱਸਦਿਆਂ ਗੁਲਾਮੀ ਦੀਆਂ ਜੰਜ਼ੀਰਾਂ ਤੋੜਨ ਵਾਸਤੇ ਗੁਰੂ ਨਾਨਕ ਸਾਹਿਬ ਦੀ ਸਾਂਝੀਵਾਲਤਾ ਦਾ ਪ੍ਰਚਾਰ ਕਰਦੇ। ਆਖਦੇ ਅੱਜ ਤੋਂ ਆਜ਼ਾਦੀ ਸੰਗ੍ਰਾਮ ਸ਼ੁਰੂ ਹੋ ਗਿਆ ਹੈ। ਆਉ ਆਜ਼ਾਦੀ ਸੰਗ੍ਰਾਮ ਦੇ ਝੰਡੇ ਥੱਲੇ ਇਕੱਠੇ ਹੋਈਏ। ਆਪਣੇ ਗੁਰੂਆਂ ਦੇ ਆਦੇਸ਼ ਮਾਰਗ ਵਿਚ ਤੁਰਦੇ ਹੋਏ ਮੂੜ ਵਹੀਰਾਂ ਪਾ ਦਿਉ। ਪਿੰਡ ਵਿਚ ਸਰੋਤਿਆਂ ਦਾ ਬਹੁਤ ਵੱਡਾ ਇਕੱਠ ਹੋ ਗਿਆ ਸੀ।

ਗੁਰੂ ਮਰਯਾਦਾ ਅਨੁਸਾਰ ਅੰਮ੍ਰਿਤ ਤਿਆਰ ਕੀਤਾ ਗਿਆ। ਸੈਂਕੜੇ ਲੋਕਾਂ ਨੇ ਅੰਮ੍ਰਿਤ-ਪਾਨ ਕੀਤਾ। ਇਸ ਮੇਲੇ ਵਿਚ ਮਾਈਆਂ ਨੂੰ ਵੀ ਅੰਮ੍ਰਿਤ ਛਕਾਉਣਾ ਸ਼ੁਰੂ ਕਰ ਦਿੱਤਾ। ਮਾਈਆਂ ਨੂੰ ਰਹਿਤ ਮਰਯਾਦਾ ਦੱਸਦਿਆਂ ਆਖਿਆ ਬੀਬੀਉ ਭੈਣੋਂ ਮੇਰੀ ਬੇਨਤੀ ਜ਼ਰਾ ਧਿਆਨ ਨਾਲ ਸੁਣੋ। ਹਰ ਕੰਮ ਕਰਦੀਆਂ ਨਾਮ ਦਾ ਸਿਮਰਨ ਕਰੋ। ਜਦੋਂ ਤੁਸੀਂ ਦੁੱਧ ਰਿੜਕਦੀਆਂ, ਮੱਖਣ ਕੱਢਦੀਆਂ,

ਲੰਗਰ ਪਕਾਉਣ ਸਮੇਂ ਆਟਾ ਪੀਸਣ ਸਮੇਂ, ਧਾਰਾਂ ਕੱਢਣ ਸਮੇਂ ਨਾਲ-ਨਾਲ ਸਿਮਰਨ ਕਰਦੀਆਂ ਰਹੋ । ਫਿਰ ਤੁਹਾਡੇ ਧੀਆਂ-ਪੁੱਤਰ ਜ਼ਰੂਰ ਏਕਾ ਕਰਕੇ ਦੇਸ਼ ਨੂੰ ਆਜ਼ਾਦ ਕਰਵਾ ਲੈਣਗੇ । ਗੁਰੂਆਂ ਦੀ ਸਾਂਝੀਵਾਲਤਾ ਵਿਚ ਜ਼ਰੂਰ ਯੋਗਦਾਨ ਪਾਉਣਗੇ । ਨਾਮ ਸਿਮਰਨ ਕਰਨ ਨਾਲ ਮਨੁੱਖੀ ਕਾਇਆ ਬਦਲ ਜਾਂਦੀ ਹੈ । ਸਮਾਜ ਵਿਚੋਂ ਕੁਰੀਤੀਆਂ ਖ਼ਤਮ ਹੋ ਜਾਂਦੀਆਂ ਹਨ । ਤੁਹਾਡੇ ਪੁੱਤਰ ਧੀਆਂ ਇਕ ਨਵਾਂ ਇਤਿਹਾਸ ਸਿਰਜਣਗੇ । ਆਜ਼ਾਦੀ ਸੰਗ੍ਰਾਮ ਦੇ ਪਾਤਰ ਬਣ ਜਾਣਗੇ । ਜਿਹੜਾ ਦੇਸ਼ ਵਿਚ ਜ਼ੁਲਮ ਕਰਦਾ ਹੈ । ਉਹ ਮੁੜ ਆਪਣੇ ਦੇਸ਼ ਚਲਾ ਜਾਏਗਾ । ਨਾਮ ਸਿਮਰਨ ਵਾਲੇ ਅਮਰ-ਸ਼ਹੀਦੀਆਂ ਵੀ ਖ਼ੁਸ਼ੀ-ਖ਼ੁਸ਼ੀ ਪਾ ਜਾਂਦੇ ਹਨ । ਨਾਮ ਸਿਮਰਨ ਵਾਲੇ ਨੂੰ ਕੋਈ ਸਰੀਰਕ ਤਕਲੀਫ਼ ਨਹੀਂ ਹੁੰਦੀ । ਨਾਮ ਸਿਮਰਨ ਵਾਲਾ ਅਮਰ ਹੋ ਜਾਂਦਾ ਹੈ ।

ਨਾਮ ਸਿਮਰਨ ਵਾਲੀਆਂ ਬੀਬੀਆਂ, ਮਾਈਆਂ ਨੇ ਮੁਗ਼ਲ ਰਾਜ ਸਮੇਂ ਬੜੀਆਂ ਕੁਰਬਾਨੀਆਂ ਕੀਤੀਆਂ । ਆਪਣੇ ਮਾਸੂਮ ਬੱਚਿਆਂ ਦਾ ਕੀਮਾ-ਕੀਮਾ ਕਰਵਾ ਕੇ ਆਪਣੀਆਂ ਝੋਲੀਆਂ ਵਿਚ ਪੁਆਇਆ ਹੈ । ਇਨ੍ਹਾਂ ਬੀਬੀਆਂ ਦੇ ਨਾਵਾਂ ਨਾਲ ਇਕ ਨਵਾਂ ਇਤਿਹਾਸ ਸ਼ੁਰੂ ਹੁੰਦਾ ਹੈ । ਨਾਮ ਸਿਮਰਨ ਵਾਲੀ ਮਾਈ ਭਾਗੋ ਸੂ: ਮਹਾਂ ਸਿੰਘ ਨੂੰ ਮੁੜ ਅਮਰ-ਸ਼ਹੀਦੀਆਂ ਪਾਉਣ ਖ਼ਾਤਰ ਜੰਗ-ਏ-ਮੈਦਾਨ ਵਿਚ ਲੈ ਆਈ । ਆਪ ਵੀ ਅਮਰ ਹੋ ਗਈ । ਸਿਮਰਨ ਕਰਨ ਵਾਲੀ ਮਾਤਾ ਗੁਜਰੀ ਨੇ ਆਪਣੇ ਜਿਗਰ ਦੇ ਟੋਟੇ ਜ਼ਾਲਮਾਂ ਨਾਲ ਤੋਰ ਕੇ ਗੁਰੂ ਨਾਨਕ ਸਾਹਿਬ ਦੀ ਚਲਾਈ ਸਾਂਝੀਵਾਲਤਾ ਨੂੰ ਅੱਗੇ ਤੋਰਿਆ । ਮਨੁੱਖੀ ਹਿੱਤਾਂ ਦੇ ਲੇਖੇ ਵਿਚ ਆਪਣਾ ਸਾਰਾ ਪਰਿਵਾਰ ਵਾਰ ਗਈ । ਹੋਰ ਅਨੇਕਾਂ ਮਾਈਆਂ ਨੇ ਜਿਨ੍ਹਾਂ ਆਪਣਾ ਯੋਗਦਾਨ ਮਨੁੱਖੀ ਹਿੱਤਾ ਵਿਚ ਪਾਉਂਦਿਆਂ ਅਮਰ ਹੋ ਗਈਆਂ ਸਨ ।

ਮਾਈਆਂ ਬੀਬੀਆਂ ਸਮਾਜ ਦਾ ਧੁਰਾ ਬਣਦੀਆਂ ਹਨ । ਮਾਵਾਂ ਆਪਣੇ ਪੁੱਤਰਾਂ ਨੂੰ ਗਿਆਨ ਦੇ ਸਕਦੀਆਂ ਹਨ । ਮਾਈਆਂ ਤੋਂ ਵੱਡੀ ਸ਼ਕਤੀ ਬਲਵਾਨ ਨਹੀਂ ਹੈ । ਮਾਈਆਂ ਨੇ ਦੇਵਤਿਆਂ ਨੂੰ ਦੇਸ਼ ਭਗਤਾਂ ਨੂੰ ਅਨੇਕ ਪ੍ਰਕਾਰ ਦੇ ਰਾਜਿਆਂ-ਮਹਾਰਾਜਿਆਂ ਨੂੰ ਜਨਮ ਦਿੱਤਾ ਹੈ । ਤੁਸੀਂ ਆਜ਼ਾਦੀ ਦੇ ਸੰਗਰਾਮ ਨੂੰ ਵੀ ਜਨਮ ਦੇਣਾ ਹੈ । ਮਾਈਓ ਆਪਣੇ ਪੁੱਤਰ ਧੀਆਂ ਨੂੰ ਆਜ਼ਾਦੀ ਦੇ ਸੰਗ੍ਰਾਮ ਦੀਆਂ ਲੋਰੀਆਂ ਦਿੰਦੀਆਂ ਰਹੋ । ਬਾਬਾ ਰਾਮ ਸਿੰਘ ਜੀ ਸਾਹਿਬ ਨੇ ਬੀਬੀਆਂ ਨੂੰ ਸੰਬੋਧਨ ਕਰਦਿਆਂ ਆਖਿਆ ਸੀ ।

ਅੰਮ੍ਰਿਤ-ਪ੍ਰਚਾਰ ਦਿਨੋਂ-ਦਿਨ ਜ਼ੋਰ ਫੜਦਾ ਜਾ ਰਿਹਾ ਸੀ । ਕਿਉਂਕਿ ਚਿਰਾਂ ਤੋਂ ਬਾਅਦ ਅੰਮ੍ਰਿਤ-ਪ੍ਰਚਾਰ ਸ਼ੁਰੂ ਹੋਇਆ ਸੀ । ਗੁਰਦੁਆਰਿਆਂ ਦੇ ਗ੍ਰੰਥੀ ਟੋਪੀ ਵਾਲੇ ਦੇ ਰਾਜ ਨੂੰ ਧੁੰਗਾਂ ਤੱਕ ਸਲਾਮਤ ਰਹਿਣ ਦੀਆਂ ਅਰਦਾਸਾਂ ਕਰਦੇ ਸਨ । ਗੁਰਦੁਆਰਿਆਂ ਵਿਚ ਅੰਗਰੇਜ਼ ਅਫ਼ਸਰਾਂ ਨੂੰ ਸਰੋਪੇ ਭੇਂਟ ਕੀਤੇ ਜਾਂਦੇ ਸਨ । ਉਨ੍ਹਾਂ ਦੇ ਸੁਆਗਤਾਂ ਲਈ ਕਿਹਾ ਜਾਂਦਾ ਸੀ ਯੁਗੋ-ਯੁਗ ਰਹੇ ਰਾਜ ਟੋਪੀ ਵਾਲੇ । ਜਦੋਂ ਮੰਦਰਾਂ ਵਿਚ ਪੁਜਾਰੀ ਗੁਰਦੁਆਰਿਆਂ ਵਿਚ ਗ੍ਰੰਥੀ ਹੀ ਅੰਗਰੇਜ਼ਾਂ ਦਾ ਸਨਮਾਨ ਕਰਦੇ ਸਨ ਤਾਂ ਫਿਰ ਅੰਮ੍ਰਿਤ-ਪ੍ਰਚਾਰ ਕਿਸ ਨੇ ਕਰਨਾ ਸੀ ?

ਬਾਬਾ ਰਾਮ ਸਿੰਘ ਜੀ ਨੇ 1863 ਈਸਵੀ ਦੀ ਦਿਵਾਲੀ ਨੂੰ ਅੰਮ੍ਰਿਤਸਰ ਜਾਣ ਦਾ ਪ੍ਰੋਗਰਾਮ ਬਣਾ ਲਿਆ । ਦੂਰੋਂ-ਦੂਰੋਂ ਸਿੱਖ ਇਕੱਠੇ ਹੋਣੇ ਸ਼ੁਰੂ ਹੋ ਗਏ ਸਨ । ਬਾਬਾ ਰਾਮ ਸਿੰਘ ਜੀ ਨਾਲ 60,000 ਸਿੱਖ ਸ਼ਬਦ ਪੜ੍ਹਦੇ ਜਾ ਰਹੇ ਸਨ । ਬਾਬਾ ਜੀ ਨੇ ਘਾਟੀਵਿੰਡ ਦਰਵਾਜ਼ੇ ਜਾ ਡੇਰੇ ਲਾਏ । ਲੰਗਰ ਪੱਕਣਾ ਤੇ ਵਰਤਾਉਣਾ ਸ਼ੁਰੂ ਹੋ ਗਿਆ । ਆਮ ਲੋਕ ਪੰਗਤਾਂ ਵਿਚ ਬੈਠ ਕੇ

Sri Satguru Jagjit Singh Ji Elibrary NamdhariElibrary@gmail.com

ਪ੍ਰਸ਼ਾਦਾ ਛਕ ਰਹੇ ਸਨ। ਸੰਗਤਾਂ ਵਿਚ ਕੀਰਤਨ ਕਰਦੇ ਬੁਲਾਰੇ ਸਿੱਖ ਇਤਿਹਾਸ ਲਈ ਜਾਣਕਾਰੀ ਦੇ ਰਹੇ ਸਨ। ਦੇਸ਼ ਪਿਆਰ ਦੀਆਂ ਵੱਖ-ਵੱਖ ਸੁਰਾਂ ਜਨਮ ਪਲਟ ਦੇਣ ਵਾਲੀਆਂ ਸਨ। 60,000 ਦਾ ਇਕੱਠ ਦੇਖ ਕੇ ਅੰਮ੍ਰਿਤਸਰ ਵਿਚ ਧੁੰਮਾਂ ਪੈ ਗਈਆਂ ਸਨ।

ਸਾਰੀਆਂ ਸੰਗਤਾਂ ਨੇ ਚਾਟੀ-ਵਿੰਡ ਦਰਵਾਜ਼ੇ ਤੋਂ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਚਾਲੇ ਪਾ ਦਿੱਤੇ ਸਨ। ਵੱਖਰੀਆਂ-ਵੱਖਰੀਆਂ ਟੋਲੀਆਂ ਬਣਾ ਕੇ ਸਿੱਖ ਕੁਰਬਾਨੀ ਦੇ ਸ਼ਬਦ ਪੜ੍ਹਦੇ ਜਾ ਰਹੇ ਸਨ। ਦਰਬਾਰ ਸਾਹਿਬ ਜਾ ਕੇ ਬਾਬਾ ਰਾਮ ਸਿੰਘ ਜੀ ਨੇ ਅਕਾਲ ਪੁਰਖ ਦੇ ਚਰਨਾਂ ਵਿਚ ਅਰਦਾਸ ਕਰਦਿਆਂ ਆਜ਼ਾਦੀ ਸੰਗ੍ਰਾਮ ਚਲਾਉਣ ਲਈ ਮੰਗ ਕੀਤੀ। ਨਿਸ਼ਕਾਮ ਸੇਵਾ ਕਰਨ ਵਾਸਤੇ ਮਨੁੱਖੀ ਏਕਤਾ ਦੀ ਮੰਗ ਵੀ ਕੀਤੀ। ਇਸ ਤੋਂ ਬਾਅਦ ਕੜਾਹ ਪ੍ਰਸ਼ਾਦ ਵਰਤਾਇਆ ਗਿਆ। ਦੋਹਾਂ ਗ੍ਰੰਥੀਆਂ ਨੇ ਬਾਬਾ ਜੀ ਸਾਹਿਬ ਨੂੰ ਅਤੇ ਮਾਤਾ ਜੱਸਾਂ ਨੂੰ ਬਾਬਾ ਜੀ ਦੀ ਧਰਮ-ਪਤਨੀ ਨੂੰ ਸਰੋਪੇ ਭੇਂਟ ਕਰਦਿਆਂ ਬਾਬਾ ਜੀ ਨੂੰ ਦੇਸ਼ ਭਗਤ ਅਤੇ ਮਹਾਨ ਗੁਰੂ ਸਿੱਖ ਆਖ ਕੇ ਆਪਣੀ ਅਰਦਾਸ ਕੀਤੀ। ਗ੍ਰੰਥੀ ਭਾਈ ਗੰਗਾ ਸਿੰਘ ਨੇ ਤਾਂ ਮਹਾਨ ਗੁਰੂ ਸਿੱਖ ਆਖਦਿਆਂ ਪੰਜਾਬ ਦੇ ਅਤੇ ਦੇਸ਼ ਦੇ ਚੰਗੇ ਭਾਗ ਆਖਦਿਆਂ ਬਹੁਤ ਹੀ ਮਾਣ ਨਾਲ ਮਹਿਮਾ ਕਰੀ। ਦਰਬਾਰ ਸਾਹਿਬ ਦੇ ਦਰਸ਼ਨਾਂ ਤੋਂ ਬਾਅਦ ਸੰਗਤ ਸ੍ਰੀ ਭੈਣੀ ਸਾਹਿਬ ਆ ਕੇ ਪਿੰਡਾਂ ਵਿਚ ਪ੍ਰਚਾਰ ਕਰਨ ਲਈ ਚਲੀ ਗਈ। ਸੰਗ੍ਰਾਮ ਦੀਆਂ ਗਤੀ ਵਿਧੀਆਂ ਤੇਜ਼ ਹੋ ਗਈਆਂ ਸਨ।

ਬਾਬਾ ਰਾਮ ਸਿੰਘ ਨੇ 2 ਜਨਵਰੀ, 1864 ਈਸਵੀ ਨੂੰ ਮਾਲਵੇ ਦਾ ਦੌਰਾ ਸ਼ੁਰੂ ਕਰ ਦਿੱਤਾ। ਅਮਰ ਸ਼ਹੀਦਾਂ ਦੀਆਂ ਪਗਡੰਡੀਆਂ ਤੇ ਚੱਲਣ ਵਾਸਤੇ ਚਾਲੀ ਮੁਕਤਿਆਂ ਦੇ ਨਗਰ ਸ੍ਰੀ ਮੁਕਤਸਰ ਮਾਘੀ ਤੇ ਜਾਣ ਵਾਸਤੇ ਤਿਆਰੀਆਂ ਕਰ ਲਈਆਂ। ਪਿੰਡਾਂ ਵਿਚ ਦੀ ਜਾਣ ਦਾ ਪ੍ਰੋਗਰਾਮ ਬਣਾ ਲਿਆ। ਭੈਣੀ ਸਾਹਿਬ ਤੋਂ ਸਾਹਨੇਵਾਲ, ਰਾਇਪੁਰ, ਲੋਹਗੜ੍ਹ, ਬੁਰਜ, ਭੈਰਵ, ਲੰਪੋ, ਰਖੜਪੁਰਾ, ਰੋਡੇ, ਲੰਗੇਆਣਾ ਬਾਜਾ ਆਦਿ ਪਿੰਡਾਂ ਵਿਚ ਦੀ ਹੁੰਦੇ ਹੋਏ ਪ੍ਰਚਾਰ ਕਰਦੇ ਮੁਕਤਸਰ ਪਹੁੰਚ ਗਏ। ਜਥੇਦਾਰਾਂ ਨੇ ਗੁਰਬਾਣੀ ਦਾ ਕੀਰਤਨ ਕਰਦਿਆਂ ਮੁੱਖ ਮੁੱਦਾ ਗੁਰੂ ਨਾਨਕ ਸਾਹਿਬ ਤੇ ਗੁਰੂ ਗੋਬਿੰਦ ਸਿੰਘ 'ਸਾਹਿਬ' ਦੀ ਚਲਾਈ ਹੋਈ ਮਨੁੱਖੀ ਬਰਾਬਰਤਾ ਦੀ ਲਹਿਰ ਬਾਰੇ ਪ੍ਰਚਾਰ ਕੀਤਾ ਜਾ ਰਿਹਾ ਸੀ। ਸਿੱਖ ਅਸੂਲਾਂ ਦੇ ਮੁਤਾਬਕ ਪਹਿਲਾਂ ਤਿਆਗ ਕਰਨਾ ਨਿਸ਼ਕਾਮ ਸੇਵਾ ਕਰਨ ਦਾ ਪ੍ਰਚਾਰ ਵਾਰੋ-ਵਾਰੀ ਜਥੇਦਾਰ ਕਰ ਰਹੇ ਸਨ। ਦੂਜਾ ਅੰਗਰੇਜ਼ ਸਰਕਾਰ ਦਾ ਬਾਈਕਾਟ ਕਰਨਾ ਆਜ਼ਾਦੀ ਸੰਗ੍ਰਾਮ ਨੂੰ ਤੇਜ਼ ਕਰਨਾ, ਦੇਸ਼ ਨੂੰ ਆਜ਼ਾਦ ਕਰਾਉਣ ਦਾ ਵੀ ਫਾਰਮੂਲਾ ਉਚਾਰਿਆ ਜਾ ਰਿਹਾ ਸੀ। ਸਰੋਤੇ ਗੁਰੂ ਸਿੱਖ ਅੰਮ੍ਰਿਤ ਛਕਣ ਲਈ ਆਪਣੇ ਮਨ ਬਣਾ ਰਹੇ ਸਨ। ਅਮਰ ਸ਼ਹੀਦਾਂ ਦੀ ਸ਼ਰਨ ਵਿਚ ਸੈਂਕੜੇ ਲੋਕਾਂ ਨੇ ਅੰਮ੍ਰਿਤ ਛਕਿਆ। ਗੁਰੂ ਲਹਿਰ ਨਾਲ ਤੁਰਨ ਦਾ ਪ੍ਰਣ ਕੀਤਾ।

ਚੰਗੇ-ਚੰਗੇ ਬੁੱਧੀਜੀਵੀ ਲੋਕਾਂ ਨੇ ਅਤੇ ਵਿਦਵਾਨਾਂ ਨੇ ਦੇਸ਼ ਦੇ ਭਵਿੱਖ ਵਾਸਤੇ ਹੁੰਗਾਰਾ ਭਰਦਿਆਂ ਅਣਖ ਦਾ ਜੀਵਨ ਜਿਉਣ ਵਾਸਤੇ ਆਮ ਆਖ ਰਹੇ ਸਨ। ਅਤੇ ਆਖ ਰਹੇ ਸਨ ਕਿ ਸਾਡੀ ਬੇਇਤਫਾਕੀ ਦੇ ਕਾਰਨ ਅੰਗਰੇਜ਼ ਸਾਡੇ ਉਪਰ ਹਕੂਮਤ ਕਰਦਾ ਹੈ। ਸਾਡੇ ਦੇਸ਼ ਦੇ ਵੱਡੇ-ਵੱਡੇ ਸਰਮਾਏਦਾਰ ਅੰਗਰੇਜ਼ ਦੇ ਹੱਕ ਵਿੱਚ ਭੁਗਤਦੇ ਹਨ। ਇਹ ਆਮ ਲੋਕਾਂ ਨਾਲ ਗ਼ਦਾਰੀ ਕਰਦੇ ਹਨ। ਹਿੰਦੂ ਕੌਮ ਤਾਂ ਉਕਾ ਹੀ ਮੁਰਦਾ ਹੋ ਚੁੱਕੀ ਹੈ। ਜਿਨਾਂ ਚਿਰ ਸਿੱਖ, ਮੁਸਲਮਾਨ ਏਕਾ ਨਾ ਕਰਨ ਉੱਨਾ ਚਿਰ ਅੰਗਰੇਜ਼ ਸਾਡੀ ਗੱਲ ਸੁਣਨ ਵਾਸਤੇ ਵੀ ਤਿਆਰ ਨਹੀਂ। ਇਹ ਮਾਰਸ਼ਲ ਕੌਮਾਂ ਹੀ ਇਕੱਤਰ ਹੋ ਕੇ ਅੰਗਰੇਜ਼ ਸਰਕਾਰ ਨੂੰ ਨੀਚਾ ਦਿਖਾ ਸਕਦੀਆਂ ਹਨ। ਬਾਬਾ ਰਾਮ ਸਿੰਘ ਜੀ

Sri Satguru Jagjit Singh Ji Elibrary NamdhariElibrary@gmail.com

ਹਿੰਦੂ-ਸਿੱਖਾਂ ਲਈ ਸਾਂਝਾ ਪ੍ਰਚਾਰ ਕਰਦੇ ਸਨ। ਮੇਨ-ਦੁਆਬੇ ਦੀ ਯਾਤਰਾ ਜੂਨ 1864 ਈਸਵੀ ਨੂੰ ਸ਼ੁਰੂ ਹੋਈ। ਜ਼ਿਲ੍ਹਾ ਅੰਬਾਲੇ ਦੇ ਪਿੰਡਾਂ ਵਿੱਚ ਅੰਮ੍ਰਿਤ-ਪ੍ਰਚਾਰ ਕਰਦਿਆਂ ਪਿੰਡ ਰੁੜਕੇ ਆ ਡੇਰੇ ਲਾਏ ਸਨ। ਇਸ ਪਿੰਡ ਦੇ ਸਿਦਕੀ ਸਿੱਖ ਸ: ਉੱਤਮ ਸਿੰਘ ਜੀ, ਸ: ਬੀਰ ਸਿੰਘ ਜੀ, ਸ: ਚੜਤ ਸਿੰਘ ਜੀ, ਸ: ਜੀਵਾ ਸਿੰਘ ਜੀ ਆਦਿ ਸੰਗਤ ਅਤੇ ਪੰਗਤ ਦੀ ਕਈ ਦਿਨ ਸੇਵਾ ਕਰਦੇ ਰਹੇ। ਸਾਰੇ ਦੁਆਬੇ ਵਿੱਚ ਪ੍ਰਚਾਰ ਕਰਵਾਉਂਦੇ ਰਹੇ। ਆਜ਼ਾਦੀ ਸੰਗਰਾਮ ਲਈ ਪ੍ਰਚਾਰ ਸੁਣ ਕੇ ਹਜ਼ਾਰਾਂ ਬੀਬੀਆਂ ਅਤੇ ਮਾਈਆਂ ਨੇ ਅੰਮ੍ਰਿਤ ਛਕਿਆ।

ਕੀਰਤਨ ਸਮੇਂ ਕੀਰਤਨ ਕਰਦੇ। ਇਸ ਤੋਂ ਬਾਅਦ ਖੇਤਾਂ ਵਿੱਚ ਨਿਵੇਕਲੀ ਥਾਂ ਬੈਠ ਕੇ ਲਗਾਤਾਰ 3-3 ਘੰਟੇ ਨਾਮ ਸਿਮਰਨ ਕਰਦੇ ਰਹਿੰਦੇ ਸਨ। ਖੇਤਾਂ ਵਿੱਚ ਵੱਖਰੇ ਵੱਖਰੇ ਬੈਠ ਜਾਂਦੇ ਸਨ। ਅਕਾਲ ਪੁਰਖ ਦੇ ਚਰਨਾਂ ਵਿੱਚ ਅਰਦਾਸ ਕਰਨ ਸਮੇਂ ਆਪਣੇ ਦੇਸ਼ ਵਾਸਤੇ ਮਨੁੱਖੀ-ਹਿੱਤਾਂ ਦੀ ਬਰਾਬਰਤਾ ਵਾਸਤੇ ਮੰਗ ਕਰਦੇ ਸਨ। ਅੰਮ੍ਰਿਤ-ਪ੍ਰਚਾਰ ਦਿਨੋਂ ਦਿਨ ਵੱਧ ਰਿਹਾ ਸੀ।

ਮਾਤਾ ਜੱਸਾਂ ਜੀ ਬਾਬਾ ਰਾਮ ਸਿੰਘ ਜੀ ਸਾਹਿਬ ਦੀ ਧਰਮ ਪਤਨੀ ਹਰ ਯਾਤਰਾ ਦੇ ਨਾਲ ਰਹਿੰਦੇ ਸਨ। ਲੰਗਰ ਦੀ ਬਹੁਤ ਸੇਵਾ ਕਰਦੇ ਸਨ ਅਤੇ ਕਰਾਉਂਦੇ ਸਨ। ਬਾਬਾ ਰਾਮ ਸਿੰਘ ਜੀ ਦੇ ਬਸਤਰ ਆਪ ਧੋਂਦੇ ਸਨ। ਬਾਬਾ ਜੀ ਸਾਹਿਬ ਦੀਆਂ ਦੋਨੋਂ ਬੀਬੀਆਂ ਵੀ ਯਾਤਰਾ ਸਮੇਂ ਨਾਲ ਹੀ ਰਹਿੰਦੀਆਂ ਸਨ।

ਬਾਬਾ ਰਾਮ ਸਿੰਘ 'ਸਾਹਿਬ' ਮੁੰਡੇ ਅਤੇ ਕੁੜੀਆਂ ਵਿੱਚ ਕੋਈ ਫ਼ਰਕ ਨਹੀਂ ਸਨ ਸਮਝਦੇ। ਧੀਆਂ ਨੂੰ ਧਿਰਾਂ ਸਮਝਦੇ ਸਨ। ਅਤੇ ਆਖਦੇ ਸਨ ਪੁੱਤਰ ਤਾਂ ਪਿਉ ਦੀ ਕਮਾਈ ਨੂੰ ਹੜੱਪ ਕਰ ਜਾਂਦੇ ਹਨ। ਧੀਆਂ ਤਾਂ ਵਿਚਾਰੀਆਂ ਗਊਆਂ ਸਮਾਨ ਹੁੰਦੀਆਂ ਹਨ। ਜਿਸ ਨਾਲ ਪੀਲੇ ਹੱਥ ਕਰ ਦੇਈਏ ਤੁਰ ਜਾਂਦੀਆਂ ਹਨ। ਮੇਰਾ ਲਿਖਣ ਦਾ ਭਾਵ ਹੈ ਕਿ ਪੁੱਤਰ ਦੀ ਹੋਂਦ ਨੂੰ ਬਹੁਤੀ ਤਰਜੀਹ ਨਹੀਂ ਸਨ ਦਿੰਦੇ। ਸਮੁੱਚੀ ਮਨੁੱਖ ਜਾਤੀ ਨੂੰ ਅਤੇ ਮਰਦ ਔਰਤ ਨੂੰ ਬਰਾਬਰ ਸਮਝਦੇ ਸਨ।

1864 ਈਸਵੀ ਨੂੰ ਮਾਲਵੇ ਦੇ ਪਿੰਡ ਖੋਟੇ ਜ਼ਿਲ੍ਹਾ ਫਿਰੋਜ਼ਪੁਰ ਵਿਖੇ ਪਹਿਲਾ ਹੋਲਾ ਮਹੱਲਾ ਮਨਾਇਆ ਗਿਆ। ਬਾਬਾ ਰਾਮ ਸਿੰਘ ਜੀ 'ਸਾਹਿਬ' ਨੇ ਜੋੜ ਮੇਲਿਆਂ ਉੱਤੇ ਵਿਆਹ ਕਰਨ ਦੀ ਰਸਮ ਸ਼ੁਰੂ ਕੀਤੀ। ਬਾਬਾ ਜੀ ਨੇ ਆਖਿਆ ਵਿਆਹ ਸ਼ਾਦੀਆਂ ਵਿੱਚ ਐਵੇਂ ਫਜ਼ੂਲ ਖਰਚ ਨਾ ਕਰਿਆ ਕਰੋ। ਵਿਆਹ ਕਰਨ ਸਮੇਂ ਤੁਹਾਡੇ ਸਿਰ ਬਹੁਤ ਕਰਜ਼ਾ ਚੜ੍ਹ ਜਾਂਦਾ ਹੈ। ਤੁਸੀਂ ਕਰਜ਼ਾ ਉਤਾਰਦੇ ਹੀ ਬੁੱਢੇ ਹੋ ਜਾਂਦੇ ਹੋ।

ਬਾਬਾ ਰਾਮ ਸਿੰਘ ਜੀ, 'ਸਾਹਿਬ' ਨੇ 1864 ਈਸਵੀ ਨੂੰ ਕਈ ਕਈ ਜੋੜਿਆਂ ਦੇ ਇਕੋ ਵਾਰੀ ਗੁਰੂ ਗ੍ਰੰਥ ਸਹਿਬ ਵਿਚੋਂ ਲਾਵਾਂ ਪੜ੍ਹ ਕੇ ਪੰਜ ਜੋੜਿਆਂ ਦੇ ਅਨੰਦ ਕਾਰਜ ਕਰ ਦਿੱਤੇ ਸਨ। ਪਹਿਲੀ ਕੁੜੀ ਬਾਬਾ ਸਮੁੰਦ ਸਿੰਘ ਦੀ, ਦੂਸਰੀ ਕੁੜੀ ਬਾਬਾ ਖਜਾਨ ਸਿੰਘ ਪਿੰਡ ਖੋਟੇ, ਤੀਸਰੀ ਕੁੜੀ ਪਿੰਡ ਜਵਾਹਰ ਸਿੰਘ ਵਾਲੇ ਦੀ, ਚੌਥੀ ਕੁੜੀ ਪਿੰਡ ਧੂੜਕੋਟ ਦੀ, ਪੰਜਵੀਂ ਕੁੜੀ ਪਿੰਡ ਤਖਤੂ-ਪੁਰੇ ਦੀ। ਇਹ ਕੁੜੀਆਂ ਵਿਆਹ ਦਿੱਤੀਆਂ ਸਨ ਸਹੁਰੇ ਘਰ ਚਲੀਆਂ ਗਈਆਂ ਸਨ। ਇਸ ਮਰਯਾਦਾ ਦੀ ਬਹੁਤ ਸ਼ਲਾਘਾ ਕੀਤੀ ਗਈ ਸੀ। ਮੁਸਲਮਾਨ ਵੀ ਇਸ ਰਸਮ ਦੀ ਸ਼ਲਾਘਾ ਕਰਦੇ ਹੋਏ ਕਾਜ਼ੀਆਂ ਤੋਂ ਖਹਿੜਾ ਛੁਡਾਉਣਾ ਚਾਹੁੰਦੇ ਸਨ।

ਬ੍ਰਾਹਮਣ ਬਹੁਤ ਨਾਰਾਜ਼ ਹੋ ਗਏ ਸਨ। ਬ੍ਰਾਹਮਣਾ ਨੇ ਸਰਕਾਰ ਕੋਲ ਚੁਗਲੀਆਂ ਕਰਨੀਆਂ

Sri Satguru Jagjit Singh Ji Elibrary NamdhariElibrary@gmail.com

ਸ਼ੁਰੂ ਕਰ ਦਿੱਤੀਆਂ ਸਨ। ਅੰਗਰੇਜ਼ ਸਰਕਾਰ ਕੋਲ ਹੋਰ ਕੀ ਕਈ ਸ਼ਕਾਇਤਾਂ ਕਰਨੀਆਂ ਸ਼ੁਰੂ ਕਰ ਦਿਤੀਆਂ ਸਨ।

ਅੰਗਰੇਜ਼ਾਂ ਅਤੇ ਪੰਡਤਾਂ ਨੂੰ ਇਨ੍ਹਾਂ ਸਾਦੀਆਂ ਰਸਮਾਂ ਦਾ ਬਹੁਤ ਦੁੱਖ ਹੋਇਆ। ਅੰਗਰੇਜ਼ਾਂ ਦੁੱਖ ਸਿੱਖੀ ਦੇ ਝੰਡੇ ਥੱਲੇ ਧੜਾ-ਧੜ ਇਕੱਠੇ ਦਾ ਸੀ। ਤੇ ਪੰਡਤਾਂ ਨੂੰ ਦੁੱਖ ਉਨ੍ਹਾਂ ਦੇ ਰੀਤੀ-ਰਿਵਾਜਾਂ ਨੂੰ ਛੱਡਣ ਦਾ, ਤੇ ਉਨ੍ਹਾਂ ਦੇ ਜਾਲ ਵਿਚੋਂ ਨਿਕਲ ਜਾਣ ਦਾ ਸੀ। 1857 ਈਸਵੀ ਦਾ ਗ਼ਦਰ ਅੰਗਰੇਜ਼ ਦੇ ਦਿਮਾਗ ਵਿੱਚ ਅਜੇ ਵੀ ਘੁੰਮ ਰਿਹਾ ਸੀ। ਇਹ ਸਿੱਖਾਂ ਦੀ ਇਕੱਤਰਤਾ ਖੇਰੂੰ ਖੇਰੂੰ ਕਰ ਦੇਣਾ ਚਾਹੁੰਦਾ ਸੀ। ਆਪਣੀ ਰਾਜਨੀਤੀ ਦੀਆਂ ਗਤੀ-ਵਿਧੀਆਂ ਦਾ ਤਾਣਾ-ਬਾਣਾ ਤੇਜ਼ ਕਰਨਾ ਚਾਹੁੰਦਾ ਸੀ।

ਬਹੁਤ ਸਾਰੇ ਪੰਡਤਾਂ ਨੇ ਡਿਪਟੀ-ਕਮਿਸ਼ਨਰ ਜ਼ਿਲ੍ਹਾ ਫਿਰੋਜ਼ਪੁਰ ਨੂੰ ਬਾਬਾ ਰਾਮ ਸਿੰਘ ਜੀ ਬਾਰੇ ਮੁਕੱਦਮਾ ਚਲਾਉਣ ਲਈ ਜਾ ਰਿਪੋਰਟ ਕੀਤੀ। ਜਿਸ ਵਿੱਚ ਲਿਖਿਆ ਸੀ :—

ਸੇਵਾ ਵਿਖੇ

ਸ੍ਰੀ ਮਾਨ ਡਿਪਟੀ ਕਮਿਸ਼ਨਰ ਸਾਹਿਬ,
ਫ਼ਿਰੋਜ਼ਪੁਰ।

**ਵਿਸ਼ਾ**—ਕੂਕਾ ਲਹਿਰ ਵੱਲੋਂ ਹਿੰਦੂ-ਧਰਮ ਦੇ ਰੀਤੀ-ਰਿਵਾਜਾਂ ਦੀ ਬੇ-ਅਦਬੀ ਕਰਨ ਬਾਰੇ।

ਸ੍ਰੀਮਾਨ ਜੀ,

ਬੇਨਤੀ ਹੈ ਕਿ ਹਿੰਦੂ ਪ੍ਰਥਾ, ਅਨੁਸਾਰ ਸਾਡੇ ਰੀਤੀ-ਰਿਵਾਜਾਂ ਦੀ ਉਲੰਘਣਾ ਕਰਕੇ, ਬਾਬਾ ਰਾਮ ਸਿੰਘ ਜੀ ਨੇ ਪਿੰਡ ਖੋਟਿਆਂ ਵਿੱਚ ਪੰਜ-ਕੁੜੀਆਂ ਦੇ ਵਿਆਹ ਆਪਣੀ ਪ੍ਰਥਾ ਅਨੁਸਾਰ ਕਰਕੇ, ਸਾਡੀ ਜੱਦੀ-ਪੁਸ਼ਤੀ ਪ੍ਰਥਾ ਨੂੰ ਖ਼ਤਮ ਕਰ ਦੇਣਾ ਚਾਹੁੰਦਾ ਹੈ। ਬਾਬਾ ਰਾਮ ਸਿੰਘ ਜੀ ਦੀ ਨੀਤੀ ਅਨੁਸਾਰ ਸਾਡਾ ਲਾਗ ਤੇ ਦਾਨ ਪੁੰਨ ਵੀ ਖ਼ਤਮ ਹੋ ਜਾਂਦਾ ਹੈ। ਇਸ ਲਈ ਆਉਣ ਵਾਲੇ ਸਮੇਂ ਵਿੱਚ ਇਹ ਨੀਤੀ ਸਾਡੇ ਰੁਜ਼ਗਾਰ ਲਈ ਘਾਤਕ ਸਿੱਧ ਹੋਵੇਗੀ। ਤੇ ਇਥੋਂ ਤਕ ਕਿ ਕਿਹਾ ਹੈ ਪੰਡਤੋ ਕੰਮ ਕਰਕੇ ਖਾਉ। ਹੁਣ ਸਾਨੂੰ ਸਾਡਾ ਭਵਿੱਖ ਧੁੰਦਲਾ ਨਜ਼ਰ ਆਉਂਦਾ ਹੈ। ਆਪ ਜੀ ਪਾਸੋਂ ਆਸ ਰੱਖਦੇ ਹੋਏ ਆਪ ਦੇ ਫ਼ਰਿਆਦੀ ਹਾਂ ਕਿ ਸਾਨੂੰ ਸਾਡਾ ਰੁਜ਼ਗਾਰ ਬਹਾਲ ਕਰਵਾਇਆ ਜਾਵੇ। ਇਸ ਲਈ ਅਸੀਂ ਅੰਗਰੇਜ਼ ਸਰਕਾਰ ਦੇ ਵਫ਼ਾਦਾਰ ਰਹਾਂਗੇ। ਆਪ ਜੀ ਪਾਸੋਂ ਨਿਆਂ ਚਾਹੁੰਦੀ ਸਮੂੰਹ ਬ੍ਰਾਹਮਣ ਸਭਾ।

ਫਿਰੋਜ਼ਪੁਰ—ਪੰਜਾਬ।

ਇਸ ਤੋਂ ਇਲਾਵਾ ਪੰਡਤਾਂ ਨੇ ਦਿਨ-ਪ੍ਰਤੀ-ਦਿਨ ਬਾਬਾ ਰਾਮ ਸਿੰਘ ਜੀ ਦੀਆਂ ਹੋਰ ਕਈ ਕਿਸਮ ਦੀਆਂ ਚੁਗਲੀਆਂ ਵੀ ਕਰਨੀਆਂ ਸ਼ੁਰੂ ਦਿੱਤੀਆਂ। ਇਥੋਂ ਤਕ ਕਿ ਬਾਬਾ ਰਾਮ ਸਿੰਘ ਅੰਗ-ਰੇਜ਼ਾਂ ਖਿਲਾਫ਼ ਪੰਜਾਬ ਵਿਚ ਬਗਾਵਤ ਕਰੇਗਾ। ਹੁਣ ਬ੍ਰਾਹਮਣ ਅੰਗਰੇਜ਼ ਸਰਕਾਰ ਦੇ ਝੋਲੀ ਚੁੱਕ ਬਣ ਗਏ ਸਨ। ਫਿਰੋਜ਼ਪੁਰ ਸਰਕਾਰ ਪੰਡਤਾਂ ਦਾ ਕੇਸ ਲੁਧਿਆਣਾ ਅਦਾਲਤ ਵਿੱਚ ਭੇਜ ਦਿੱਤਾ ਸੀ। ਅਦਾਲਤ ਲੁਧਿਆਣਾ ਦੇ ਜੱਜ ਨੇ ਬਾਬਾ ਜੀ ਨੂੰ ਇੱਕ ਸਮਾਜ-ਸੁਧਾਰਕ ਆਖਦਿਆਂ ਕੇਸ ਬਰੀ ਕਰ ਦਿੱਤਾ ਸੀ।

ਇਸ ਤੋਂ ਬਾਅਦ ਸਿੱਖ ਇਤਿਹਾਸ ਦੇ ਕਾਰਨਾਮਿਆਂ ਨੂੰ ਮੁੱਖ ਰੱਖਦਿਆਂ ਕੂਕਾ ਲਹਿਰ ਨੇ ਆਪਣਾ ਪ੍ਰੋਗਰਾਮ ਜਾਰੀ ਰੱਖਿਆ। 1871 ਈਸਵੀ ਦਾ ਹੋਲਾ ਮਹੱਲਾ ਫਿਰ ਪਿੰਡ ਖੋਟਿਆਂ ਵਿੱਚ

Sri Satguru Jagjit Singh Ji Elibrary NamdhariElibrary@gmail.com

ਰੱਖਿਆ ਗਿਆ। ਬਹੁਤ ਦੂਰ ਦੂਰ ਤੋਂ ਸੰਗਤਾਂ ਇਸ ਮੇਲੇ ਵਿੱਚ ਪਹੁੰਚ ਰਹੀਆਂ ਸਨ। ਇਸ ਮੇਲੇ ਵਿੱਚ 2 ਲੱਖ ਦੇ ਕਰੀਬ ਇਕੱਠ ਹੋ ਗਿਆ। ਏਨਾ ਇਕੱਠ ਦੇਖਕੇ ਸਰਕਾਰ ਘਬਰਾ ਰਹੀ ਸੀ। ਦੇਖਕੇ ਆਖ ਰਹੇ ਮਨ ਪੰਡਤਾਂ ਦੇ ਕਹਿਣ ਮੁਤਾਬਿਕ ਸਿੱਖ ਇਕੱਠੇ ਹੋ ਰਹੇ ਹਨ। ਜ਼ਰੂਰ ਕੋਈ ਬਗਾਵਤ ਕਰਨਗੇ। ਜਥੇਦਾਰਾਂ ਨੇ ਦਿਵਾਨ ਸਜਾਏ ਸਨ। ਗੁਰਬਾਣੀ ਦਾ ਕੀਰਤਨ ਹੋ ਰਿਹਾ ਸੀ। ਅੰਗਰੇਜ਼ ਸਰਕਾਰ ਦੇ ਬਣਾਏ ਹੋਏ ਬੁੱਚੜ-ਖਾਨਿਆਂ ਦੀ ਚਰਚਾ ਹੋ ਰਹੀ ਸੀ। ਆਖ ਰਹੇ ਸਨ ਗਊਆਂ ਮਾਰਨ ਤੋਂ ਬਾਅਦ ਦੇਸ ਵਿੱਚ ਗਰੀਬੀ ਆ ਜਾਏਗੀ। ਖੇਤੀ ਬੈਲਾਂ ਤੋਂ ਬਗੈਰ ਕਿਵੇਂ ਕੀਤੀ ਜਾਏਗੀ। ਦੇਸ਼ ਦੇ ਲੋਕ ਗਰੀਬ ਹੋ ਜਾਣਗੇ। ਆਮ ਲੋਕ ਭੁੱਖ ਨਾਲ ਮਰਨ ਲੱਗਣਗੇ। ਗੁਲਾਮਾਂ ਦੇ ਗੁਲਾਮ ਹੋ ਜਾਣਗੇ। ਸਰਕਾਰ ਨੂੰ ਚਾਹੀਦਾ ਹੈ ਕਿ ਇਹ ਬੁੱਚੜਖਾਨੇ ਬੰਦ ਕਰੇ। ਗਊਆਂ ਨਾ ਮਾਰੇ। ਗਊਆਂ ਤਾਂ ਮਨੁੱਖ ਜਾਤੀ ਦਾ ਧੰਨ ਹਨ। ਗਊਆਂ ਨਾਲ ਹੀ ਸਾਡਾ ਜੀਵਨ ਹੈ। ਇਹ ਜਥੇਦਾਰਾਂ ਦੇ ਲੈਕਚਰ ਸਨ।

ਇਸ ਤੋਂ ਇਲਾਵਾ ਗਊਆਂ ਦੀ ਚਲਾਈ ਹੋਈ ਸਾਂਝੀਵਾਲਤਾ ਦੀ ਲਹਿਰ ਬਾਰੇ ਜਥੇਦਾਰ ਖੁੱਲ੍ਹ ਕੇ ਪ੍ਰਚਾਰ ਕਰ ਰਹੇ ਸਨ। ਪੰਜਾਬੀ ਏਕਤਾ ਦੀ ਸ਼ਕਤੀ ਨੂੰ ਵੱਖ-ਵੱਖ ਮਿਸਲਾਂ ਵਿੱਚ ਵੰਡ ਕੇ ਏਕਤਾ ਨੂੰ ਖ਼ਾਰਜ ਕਰਨ ਵਾਲੇ ਸ: ਕਪੂਰ ਸਿੰਘ ਨਵਾਬ ਅਤੇ ਸ: ਚੜਤ ਸਿੰਘ ਦੀ ਹੀ ਗਲਤੀ ਦਾ ਅੱਜ ਪੰਜਾਬੀ ਕੌਮ ਇਲਜ਼ਾਮ ਭੁਗਤ ਰਹੀ ਹੈ। ਸਿੱਖ ਲਹਿਰ ਨੂੰ ਬੇਕਾਰਾਂ ਵਾਂਗੂ ਖੂੰਠੇ ਲਾ ਕੇ ਖੜੇ ਕਰ ਦਿੱਤਾ ਸੀ। ਤੇਜ ਬੁਲਾਰੇ ਸਰੋਤਿਆਂ ਨੂੰ ਦੇਸ਼-ਭਗਤੀ ਦਾ ਰੰਗ-ਚਾੜ ਰਹੇ ਸਨ।

ਸਰਕਾਰ ਨੇ ਹੋਲਾ-ਮਹੱਲਾ ਖ਼ਤਮ ਹੋਣ ਤੋਂ ਬਾਅਦ ਬਾਬਾ ਰਾਮ ਸਿੰਘ ਜੀ, ਨੂੰ ਬਾਬਾ ਸਾਹਿਬ ਨਿਰਮਲ ਸਿੰਘ ਵਾਲਾ ਸੱਦ ਕੇ ਬਾਟਿਊਂ-ਬਾਣੀ ਸ੍ਰੀ ਭੈਣੀ ਸਾਹਿਬ ਘਲਾ ਦਿੱਤਾ ਗਿਆ। ਬਾਬਾ ਜੀ ਨੂੰ ਸ੍ਰੀ ਭੈਣੀ ਸਾਹਿਬ ਤੋਂ ਬਾਹਰ ਨਾ ਜਾਣ ਦੀ ਪਾਬੰਦੀ ਲਾ ਦਿਤੀ ਗਈ। ਫਿਰ ਵੀ ਸ੍ਰੀ ਭੈਣੀ ਸਾਹਿਬ ਮਹੀਨੇ ਦੇ ਮਹੀਨੇ ਮੇਲੇ ਲੱਗਦੇ ਰਹੇ। ਦਿਨੋਂ-ਦਿਨ ਸਿੱਖਾਂ ਵਿੱਚ ਗੁੱਸਾ ਪ੍ਰਚੰਡ ਹੁੰਦਾ ਗਿਆ। ਇਹ ਤਾਂ ਇਕ ਕੁਦਰਤ ਦਾ ਕਾਇਦਾ ਹੈ। ਉਹ ਦਬਦਾ ਨਹੀਂ। ਜਦੋਂ ਸਿੱਖ ਬਰਾਬਰਤਾ ਚਾਹੁੰਦੇ ਹਨ। ਬਲੀਦਾਨ ਲਈ ਹਨ ਫਿਰ ਉਹ ਕਿਸ ਤਰ੍ਹਾਂ ਦਬ ਸਕਦੇ ਹਨ।

ਇਸ ਤੋਂ ਬਾਅਦ ਬਾਬਾ ਰਾਮ ਸਿੰਘ ਜੀ ਨੇ ਪੰਜ ਸੂਬਿਆਂ ਰਾਹੀਂ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ। ਇਹ ਸੂਬੇ ਵੱਖ-ਵੱਖ ਪਿੰਡਾਂ ਇਲਾਕਿਆਂ ਨੂੰ ਪ੍ਰਚਾਰ ਕਰਨ ਵਾਸਤੇ ਤੋਰ ਦਿੱਤੇ।

(i) ਸੂਬਾ ਜਵਾਹਰ ਸਿੰਘ ਜੀ,
(ii) ਸੂਬਾ-ਸ਼ੁੱਧ ਸਿੰਘ ਜੀ,
(iii) ਸੂਬਾ ਕਾਹਨ ਸਿੰਘ ਜੀ।
(iv) ਸੂਬਾ ਲਾਭ ਸਿੰਘ ਜੀ।
(v) ਸੂਬਾ ਫਤਹਿ ਸਿੰਘ ਜੀ।

ਇਹ ਸੂਰਮੇ ਵੱਖ-ਵੱਖ ਪਿੰਡਾਂ ਵਿੱਚ ਆਜ਼ਾਦੀ ਸੰਗ੍ਰਾਮ ਨੂੰ ਤੇਜ਼ ਕਰਨ ਲਈ ਭੇਜ ਦਿਤੇ ਸਨ। ਪਾਬੰਦੀ ਨਾਲ ਪੰਜਾਬੀਆਂ ਦਾ ਖੂਨ ਗਰਮ ਹੋ ਗਿਆ ਸੀ। ਤੇ ਕੂਕਾ ਲਹਿਰ ਹੋਰ ਮਜ਼ਬੂਤ ਹੋਣੀ ਸ਼ੁਰੂ ਹੋ ਗਈ। ਸਿੱਖਾਂ ਤੋਂ ਨਾਮ ਬਾਣੀ ਦਾ ਜੋਸ਼ ਝੱਲਿਆ ਨਹੀਂ ਸੀ ਜਾਂਦਾ।

ਕੂਕਾ ਲਹਿਰ ਨੇ ਬੁੱਚੜਖਾਨੇ ਬੰਦ ਕਰਾਉਣ ਖ਼ਾਤਰ ਕਈ ਮੈਮੋਰੰਡਮ ਸਰਕਾਰ ਨੂੰ ਦਿੱਤੇ।

Sri Satguru Jagjit Singh Ji Elibrary NamdhariElibrary@gmail.com

ਅੰਦੋਲਨ ਅਤੇ ਜਲੂਸ ਜਾਰੀ ਸਨ । ਇੰਨਾ ਕੁੱਝ ਹੁੰਦਿਆਂ ਸਰਕਾਰ ਦੇ ਕੰਨਾਂ ਤਕ ਜੂੰ ਨਾ ਸਰਕੀ ਤ ਇਸ ਕਰਕੇ ਕੂਕਾ ਲਹਿਰ ਨੇ ਅੰਗਰੇਜ਼ ਸਰਕਾਰ ਦਾ ਸ਼ੋਸ਼ਲ ਬਾਈਕਾਟ ਕਰ ਦਿੱਤਾ । ਸਰਕਾਰ ਨੇ ਮੁਸਲਮਾਨਾਂ ਅੱਗੇ ਗੋਡੇ ਟੇਕ ਕੇ ਲਾਈਸੈਂਸ ਦਿੱਤੇ ਸਨ । ਗ੍ਰਾਂਟਾਂ ਦੇ ਰੂਪ ਵਿੱਚ ਬਹੁਤ ਸਾਰੀਆਂ ਰਕਮਾਂ ਵੰਡ ਦਿਤੀਆਂ ਸਨ । ਕਿਉਂਕਿ ਇਨ੍ਹਾਂ ਪੈਸਿਆਂ ਨਾਲ ਗਊ ਖਰੀਦਣੀਆਂ ਸਨ । ਅਤੇ ਅਹਾਤਿਆਂ ਵਿੱਚ ਲੈ ਕੇ ਆਉਣੀਆਂ ਸਨ । ਇਸ ਦੇ ਨਾਲ-ਨਾਲ ਚਮੜਾ ਖਰੀਦਣ ਵਾਲੀਆਂ ਦੁਕਾਨਾਂ ਵੀ ਖੋਹਲ ਦਿੱਤੀਆਂ ਸਨ । ਕੂਕਾ ਲਹਿਰ ਨੇ ਬੁੱਚੜਖਾਨੇ ਬੰਦ ਕਰਾਉਣ ਵਾਸਤੇ 26 ਜਨਵਰੀ 1871 ਈਸਵੀ ਨੂੰ ਖੋਟੇ ਪਿੰਡ ਦੇ ਹੋਲੇ-ਮੁਹੱਲੇ ਤੋਂ ਬਾਅਦ ਬੁੱਚੜਖਾਨੇ ਬੰਦ ਕਰਾਉਣ ਦਾ ਫੈਸਲਾ ਲੈ ਲਿਆ । ਪਰ ਸਰਕਾਰ ਦੇ ਬੋਲੇ ਕੰਨਾਂ ਨੇ ਅੰਦੋਲਨ-ਕਾਰੀਆਂ ਦੀ ਕੋਈ ਗੱਲ ਨਾ ਸੁਣੀ । ਅੱਗੋਂ ਕੁੱਚਲ ਦੇਣ ਦੇ ਡਰਾਵੇ ਦਿੰਦੇ ਰਹੇ ਸਨ ।

ਆਖਰਕਾਰ ਬਹੁਤ ਸਾਰੇ ਸਿੱਖ ਇਕੱਤਰ ਹੋ ਕੇ ਆਪਣੇ ਮੁੱਖੀਆ ਬਾਬਾ ਰਾਮ ਸਿੰਘ ਜੀ ਨੂੰ ਗੁਰੂ ਮਤਾ ਕਰਕੇ ਬੁੱਚੜ-ਖਾਨਿਆਂ ਨੂੰ ਬੰਦ ਕਰਾਉਣ ਲਈ ਇਜਾਜ਼ਤ ਮੰਗਣ ਲੱਗੇ । ਅੰਗਰੇਜ਼ ਤੋਂ ਲਏ ਠੇਕੇਦਾਰਾਂ ਨੂੰ ਭਾਵ ਬੁੱਚੜਖਾਨਿਆਂ ਦੇ ਠੇਕੇਦਾਰਾਂ ਨੂੰ ਜਮਪੁਰੀ ਪਹੁੰਚਣ ਦਾ ਠੇਕਾ ਲਿਆ ਗਿਆ । ਸਭ ਤੋਂ ਵੱਡਾ ਬੁੱਚੜਖਾਨਾ ਮਲੇਰਕੋਟਲੇ ਸੀ । ਮਲੇਰਕੋਟਲੇ ਸਭ ਤੋਂ ਪਿਛੇ ਭਾਰੀ ਹਮਲਾ ਕਰਨਾ ਸੀ। 1. ਹਮਲਾ ਅੰਮ੍ਰਿਤਸਰ, 2. ਹਮਲਾ ਰਾਇਕੋਟ, 3. ਹਿਸਾਰ, 4. ਫਿਰੋਜਪੁਰ ਕਰਨਾ ਸੀ । ਇਨ੍ਹਾਂ ਹਮਲਿਆਂ ਬਾਰੇ ਆਪਾਂ ਪਿਛੇ ਜਾਣਕਾਰੀ ਕਰ ਚੁੱਕੇ ਹਾਂ ।

ਬਾਬਾ ਰਾਮ ਸਿੰਘ ਜੀ ਸਾਹਿਬ ਨੂੰ ਸਰਦਾਰ ਹੀਰਾ ਸਿੰਘ ਤੇ ਲਹਿਣਾ ਸਿੰਘ ਸਰਕੰਦੀ ਨੇ ਬੇਨਤੀ ਕਰਦਿਆਂ ਆਖਿਆ ਬਾਬਾ ਜੀ ਕੁਰਬਾਨੀਆਂ ਦੇਣ ਤੋਂ ਬਗੈਰ ਬੁੱਚੜਖਾਨੇ ਬੰਦ ਨਹੀਂ ਹੋਣੇ । ਪਹਿਲਾਂ ਬੁੱਚੜਖਾਨਿਆਂ ਦੇ ਠੇਕੇਦਾਰਾਂ ਨੂੰ ਜਮਪੁਰੀ ਪਹੁੰਚਾਣਾ ਹੋਵੇਗਾ । ਇਸ ਦੀ ਸਜ਼ਾ ਅਸੀਂ ਭੁਗਤ ਲਵਾਂਗੇ । ਅਗਰ ਸਾਨੂੰ ਮੌਤ ਦੀ ਸਜ਼ਾ ਮਿਲੇ ਫਿਰ ਵੀ ਅਸੀਂ ਤਿਆਰ ਹਾਂ । ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸਾਨੂੰ ਰਾਤ ਸੁਪਨੇ ਵਿਚ ਭਵਿੱਖਬਾਣੀ ਹੋਈ ਹੈ । ਗੁਰੂਆਂ ਨੇ ਆਖਿਆ ਹੈ ਕੂਕਾ ਲਹਿਰ ਦੇ ਪਿਆਰੇ ਸੂਰਬੀਰ ਬਹਾਦਰੋਂ ਕੁਰਬਾਨੀਆਂ ਕਰਨ ਤੋਂ ਬਗੈਰ ਅੰਗਰੇਜ਼ ਜ਼ਾਲਮ ਨੇ ਬਾਜ਼ ਨਹੀਂ ਆਉਣਾ । ਤੁਹਾਡੀਆਂ ਕੁਰਬਾਨੀਆਂ ਤੋਂ ਬਾਅਦ ਪੰਜਾਬ ਦੇ ਚੱਪੇ-ਚੱਪੇ ਤੋਂ ਅਜ਼ਾਦੀ ਸੰਗ੍ਰਾਮ ਦੀਆਂ ਅਵਾਜ਼ਾਂ ਉੱਠ ਖੜੀਆਂ ਹੋਣਗੀਆਂ । ਆਪ ਦੇ ਖੂਨ ਡੁਲ੍ਹਣ ਤੋਂ ਬਾਅਦ ਪੰਜਾਬ ਦੀ ਧਰਤੀ ਦੇ ਲੋਕ ਚੁੱਪ ਨਹੀਂ ਰਹਿਣਗੇ । ਦੇਸ਼ ਦੇ ਹਰ ਕੋਨੇ ਵਿਚੋਂ ਬਗ਼ਾਵਤਾਂ ਫੁੱਟ ਪੈਣਗੀਆਂ । ਪੰਜਾਬ ਦੇ ਬਹਾਦਰ ਸਿੱਖ ਪਹਿਲ-ਕਦਮੀ ਕਰਨ ਜਾਣਦੇ ਹਨ । ਆਪ ਦਾ ਦੇਸ਼ ਜ਼ਰੂਰ ਅਜ਼ਾਦ ਹੋ ਜਾਏਗਾ ।

ਬਾਬਾ ਰਾਮ ਸਿੰਘ ਜੀ ਸਾਹਿਬ ਨੇ ਬੜੇ ਪਿਆਰ ਨਾਲ ਆਖਿਆ । ਮੈਂ ਆਪ ਦੇ ਧੰਨ ਭਾਗ ਸਮਝਦਾ ਹਾਂ । ਖਾਲਸਾ ਜੀ ਅਗਰ ਗੁਰੂ ਤੇਗ ਬਹਾਦਰ ਜੀ ਦੀ ਰਾਤ ਨੂੰ ਸੁਪਨੇ ਵਿਚ ਅਕਾਸ਼ਬਾਣੀ ਹੋਈ ਹੈ ਤਾਂ ਮੈਂ ਵੀ ਆਪ ਦੇ ਨਾਲ ਹਾਜ਼ਰ ਹਾਂ । ਹਮੇਸ਼ਾ ਗੁਰੂ ਸਿੱਖਾਂ ਦੇ ਅੰਗ-ਸੰਗ ਰਹਿੰਦਾ ਹੈ । ਗੁਰੂ ਸਿੱਖਾਂ ਤੋਂ ਦੂਰ ਨਹੀਂ ਰਹਿ ਸਕਦਾ । ਅਗਰ ਆਪ ਨੂੰ ਗੁਰੂਆਂ ਦਾ ਹੁਕਮ ਹੋ ਗਿਆ ਹੈ ਤਾਂ ਮੈਂ ਕੌਣ ਹੁੰਦਾ ਹਾਂ ਆਪ ਨੂੰ ਰੋਕਣ ਵਾਲਾ । ਮੈਂ ਤਾਂ ਆਪ ਤੁਹਾਡਾ ਸੇਵਕ ਹਾਂ । ਆਪ ਗੁਰੂਮਤਾ ਸਾਰੇ ਸਿੱਖਾਂ ਨਾਲ ਕਰ ਲਵੋ । ਮੈਂ ਤਾਂ ਸਿੱਖ ਸੰਗਤਾਂ ਦਾ ਚੌਕੀਦਾਰ ਹਾਂ । ਇਹ ਗੁਰੂ ਨਾਨਕ ਸਾਹਿਬ ਦੀ ਸਰਬੰਸ ਦਾਨੀ ਦੀ ਚਲਾਈ ਹੋਈ ਸਾਂਝੀਵਾਲਤਾ ਦੀ ਲਹਿਰ ਹੈ । ਮੇਰਾ ਵੀ ਸਰੀਰ

ਇਸ ਪਿਆਰੀ ਸਾਂਝੀਵਾਲਤਾ ਨਾਲ ਜੁੜਿਆ ਹੋਇਆ। ਮੈਂ ਵੀ ਗੁਰੂਆਂ ਦੀ ਲਹਿਰ ਵਿਚ ਹਿੱਸਾ ਜ਼ਰੂਰ ਪਾਉਣਾ ਹੈ। ਇਹ ਅਕਾਲ ਪੁਰਖ ਹੀ ਜਾਣਦਾ ਹੈ ਮੈਂ ਜਿਸ ਰੂਪ ਵਿਚ ਹਿੱਸਾ ਪਾਉਣਾ ਹੈ। ਬੁੱਚੜਖਾਨਿਆਂ ਤੇ ਐਕਸ਼ਨ ਕਰਨ ਦਾਂ ਫੈਸਲਾ ਸਰਬ ਸੰਗਤ ਨੇ ਹੀ ਕਰਨਾ, ਮੈਂ ਵੀ ਆਪ ਤੋਂ ਪਿਛੇ ਨਹੀਂ ਹਟਾਂਗਾ।

ਇਸ ਤੋਂ ਬਾਅਦ ਸੰਗਤਾਂ ਨੇ ਗੁਰੂ-ਮਤਾ ਪਾਸ ਕਰ ਲਿਆ। ਅਕਾਲ ਪੁਰਖ ਦੇ ਚਰਨਾਂ ਵਿਚ ਕੁਰਬਾਨੀਆਂ ਕਰਨ ਦੀ ਮੰਗ ਕੀਤੀ ਗਈ। ਸ੍ਰੀ ਭੈਣੀ ਸਾਹਿਬ ਤੋਂ ਮਲੇਰਕੋਟਲੇ ਦਾ ਬੁੱਚੜ-ਖਾਨਾ ਤੋੜਨ ਲਈ 13 ਜਨਵਰੀ 1872 ਈਸਵੀ ਨੂੰ ਚਾਲੇ ਪਾ ਦਿਤੇ ਸਨ। ਪਹਿਲਾ ਪੜਾਉ ਪਿੰਡ ਰੱਬੋਂ ਕੀਤਾ। ਮਲੌਦ ਵਾਲਾ ਸਰਦਾਰ ਹਥਿਆਰ ਦੇਣ ਤੋਂ ਮੁੱਕਰ ਗਿਆ। ਹੰਡਿਆਇਆ ਪਿੰਡ ਵਾਲੇ ਨੰਦ ਸਿੰਘ ਨੇ ਹਥਿਆਰ ਜਬਰਦਸਤੀ ਚੁਕਣੇ ਚਾਹੇ। ਜਦੋਂ ਨੰਦ ਸਿੰਘ ਨੇ ਜਬਰ-ਦਸਤੀ ਹਥਿਆਰ ਚੁੱਕਣ ਦੀ ਕੋਸ਼ਿਸ਼ ਕੀਤੀ ਤਾਂ ਸ਼ਹੀਦ ਕਰ ਦਿੱਤਾ ਗਿਆ। ਨੰਦ ਸਿੰਘ ਦੀ ਸ਼ਹੀਦੀ ਤੋਂ ਬਾਅਦ ਮਾਈ ਇੰਦਰ ਕੌਰ ਨੇ ਦਲ ਸਿੰਘ ਮਲੌਦ ਵਾਲੇ ਦੇ ਏਨੇ ਜ਼ੋਰ ਨਾਲ ਸਫਾ-ਜੰਗ ਮਾਰਿਆ ਕਿ ਉਸ ਦਾ ਸੱਜਾ ਮੋਢਾ ਕੱਟਿਆ ਗਿਆ। ਜਾਨ ਬਚਾਉਣ ਖ਼ਾਤਰ ਭੱਜਕੇ ਅੰਦਰ ਵੜ ਗਿਆ। ਮਾਤਾ ਖੇਮ ਕੌਰ ਦੇ ਹੱਥ ਸ਼ਹੀਦੀ ਝੰਡਾ ਫੜਿਆ ਹੋਇਆ ਸੀ। ਨਹੀਂ ਤਾਂ ਬਰਾਬਰ ਮੌਤ ਹੋ ਜਾਂਦੀ। ਉਥੇ ਸਿੱਖਾਂ ਨੇ ਬਹੁਤਾ ਰੌਲਾ ਨਾ ਪਾਇਆ ਕਿ ਅਗਲਾ ਪ੍ਰੋਗਰਾਮ ਮਿੱਸ ਨਾ ਹੋ ਜਾਏ। ਸੁਬਾ 6 ਵਜੇ 15 ਜਨਵਰੀ 1872 ਈਸਵੀ ਨੂੰ ਮਲੇਰਕੋਟਲੇ ਬੁੱਚੜਖਾਨੇ ਹਮਲਾ ਕਰਿਆ।

ਨੋਟ—ਇਸ ਤੋਂ ਅਗਲੀ ਜਾਣਕਾਰੀ ਪਿਛਲੇ ਪੰਨਿਆਂ ਵਿਚ ਕਰ ਆਏ ਹਾਂ। ਮਲੇਰਕੋਟਲੇ ਦੇ ਅਮਰ ਸ਼ਹੀਦਾਂ ਦੀ ਲਿਸਟ ਵੀ ਪੜ੍ਹ ਆਏ ਹਾਂ।

ਕਾਂਡ—7

# ਕੂਕਾ ਲਹਿਰ ਦੇ ਸੰਗ੍ਰਾਮੀਏ ਮਲੇਰਕੋਟਲੇ ਰੱਕੜ ਵਿਚ ਅਮਰ ਸ਼ਹੀਦੀਆਂ ਪਾ ਗਏ ਸਨ

ਡਿਪਟੀ ਕਮਿਸ਼ਨਰ ਮਿ: ਕਾਮਨ ਲੁਧਿਆਣੇ ਪਹੁੰਚ ਗਿਆ ਸੀ। ਪੁਲੀਸ ਇਨਸਪੈਕਟਰ ਨੇ 18 ਜਨਵਰੀ 1872 ਈਸਵੀ ਨੂੰ ਸ੍ਰੀ ਭੈਣੀ ਸਾਹਿਬ ਰਾਮ ਸਿੰਘ ਜੀ ਸਾਹਿਬ ਨੂੰ ਲੁਧਿਆਣੇ ਲੈ ਕੇ ਆਉਣ ਦਾ ਹੁਕਮ ਦੇ ਦਿੱਤਾ ਸੀ। ਇਹ ਹੁਕਮ ਛੇਤੀ ਲੈ ਕੇ ਆਉਣ ਦਾ ਦਿੱਤਾ ਗਿਆ ਸੀ।

ਬਾਬਾ ਰਾਮ ਸਿੰਘ ਜੀ ਸਾਹਿਬ ਆਪਣੀ ਚੀਨੀ ਘੋੜੀ ਨੂੰ ਤਬੇਲੇ ਵਿਚ ਖੜੀ ਛੱਡ ਕੇ ਕਾਲੇ ਕੰਬਲ ਦੀ ਬੁੱਕਲ ਮਾਰ ਕੇ ਗੱਡੇ ਦੀ ਸਵਾਰੀ ਕਰ ਲਈ ਸੀ। ਸੰਤ ਗੁਰਦਿੱਤ ਸਿੰਘ ਜੀ ਨੂੰ ਗੱਡਾ ਹੱਕਣ ਦਾ ਹੁਕਮ ਦਿੱਤਾ ਗਿਆ। ਸੰਤ ਜੀ ਗੱਡਾ ਹੱਕਦੇ ਜਾ ਰਹੇ ਸਨ। ਬਾਬਾ ਰਾਮ ਸਿੰਘ ਜੀ ਸਾਹਿਬ ਰਾਹ ਵਿਚ ਜਾਂਦੇ ਆਜ਼ਾਦੀ ਦੇ ਭਵਿੱਖ ਬਾਰੇ ਬਚਨ ਕਰਦੇ ਜਾ ਰਹੇ ਸਨ। ਆਖ ਰਹੇ ਸਨ ਭਾਈ ਗੁਰਦਿਤ ਸਿੰਘ ਜੀ ਤੁਸੀਂ ਮੇਰਾ ਫਿਕਰ ਨਹੀਂ ਕਰਨਾ। ਤੁਸੀਂ ਸੰਗਤ ਦੀ ਸੇਵਾ ਕਰਦੇ ਰਹਿਣਾ। ਮੈਂ ਮਨੁੱਖੀ ਹਿੱਤਾਂ ਦੇ ਭਵਿੱਖ ਵਾਸਤੇ ਆਪਣਾ ਯੋਗਦਾਨ ਪਾਉਣ ਚਲਿਆ ਹਾਂ। ਗੁਰੂਆਂ ਦੇ ਦੱਸੇ ਮਾਰਗ ਉੱਪਰ ਚਲਣ ਖ਼ਾਤਰ ਹੀ ਕੂਕਾ ਲਹਿਰ ਦੀ ਸਿਰਜਣਾ ਕੀਤੀ ਹੈ। ਅਜ਼ਾਦੀ ਦੀ ਮਿਸ਼ਾਲ ਵਿਚ ਅਮਰ ਸ਼ਹੀਦਾਂ ਨੇ ਆਪਣੇ ਜਿਗਰ ਦਾ ਖ਼ੂਨ ਨਿਚੋੜਕੇ ਪਾਇਆ ਹੈ। ਇਸ ਮਿਸ਼ਾਲ ਦੀ ਰੋਸ਼ਨੀ ਨੇ ਦੇਸ਼-ਵਾਸੀਆਂ ਨੂੰ ਅਜ਼ਾਦੀ ਦਾ ਮਾਰਗ ਦਿਖਾਉਂਦੀ ਰਹੇਗੀ। ਇਹ ਅਮਰ ਸ਼ਹੀਦਾਂ ਦੀ ਸਮੂਹ ਰਹਿੰਦੀ ਦੁਨੀਆਂ ਨੂੰ ਜਾਗਦੀ ਰਖੇਗੀ। ਸਿੱਖਾਂ ਦਾ ਇਤਿਹਾਸ ਖ਼ੂਨ ਨਾਲ ਲਿਖਿਆ ਜਾਏਗਾ। ਇਸ ਮਨੁੱਖੀ ਇਤਿਹਾਸ ਨੇ ਸਾਨੂੰ ਨਿਸ਼ਕਾਮ ਸੇਵਾ ਕਰਨ ਦਾ ਮਾਨ ਬਖਸ਼ਿਆ ਹੈ।

ਸਿੱਖ ਕਦੇ ਵੀ ਗੁਲਾਮੀ ਦੀ ਜ਼ਿੰਦਗੀ ਨਹੀਂ ਜਿਉਂਦਾ। ਇਸ ਗੁਰੂ ਦੇ ਅੰਮ੍ਰਿਤ ਵਿਚ ਅਥਾਹ ਸ਼ਕਤੀ ਮੌਜੂਦ ਹੈ। ਜਿਹੜਾ ਇਹ ਅੰਮ੍ਰਿਤ ਛਕ ਲੈਂਦਾ ਹੈ। ਉਸ ਮਨੁੱਖ ਦੇ ਹਰ ਰੋਮ ਵਿਚ ਬੀਰਤਾ ਦਾ ਬਲ ਆ ਜਾਂਦਾ ਹੈ। ਨਾਮ ਸਿਮਰਨ ਦੀ ਅਤੇ ਅੰਮ੍ਰਿਤ ਛਕਣ ਦੀ ਦੋਨੋਂ ਤਾਕਤ ਬਣ ਜਾਂਦੀ ਹੈ।

ਮਗਰ ਆਉਂਦੇ ਸੂਬੇ ਵੀ ਬੜੇ ਗੌਹ ਨਾਲ ਸੁਣਦੇ ਆ ਰਹੇ ਸਨ। ਸਾਰੇ ਹੀ ਅੰਮ੍ਰਿਤ ਅਤੇ ਨਾਮ ਸਿਮਰਨ ਦੀ ਭਗਤੀ ਬਾਰੇ ਬਚਨ ਕਰਦੇ ਲੁਧਿਆਣੇ ਪਹੁੰਚ ਗਏ ਸਨ। ਮਗਰ-ਮਗਰ ਹੋਰ ਵੀ ਬਹੁਤ ਸਾਰੇ ਸਿੱਖ ਆ ਰਹੇ ਸਨ। ਬਾਬਾ ਜੀ ਨੇ ਲੁਧਿਆਣੇ ਪਹੁੰਚਣ ਤੋਂ ਪਹਿਲਾਂ ਆਖਿਆ ਭਾਈ ਖਾਲਸਾ ਜੀ ਹੁਣ ਸੂਬਿਆਂ ਤੋਂ ਬਗੈਰ ਸਾਡੇ ਨਾਲ ਹੋਰ ਕੋਈ ਅੱਗੇ ਨਹੀਂ ਜਾਏਗਾ। ਸਾਰੇ ਹੀ ਮੇਰੀ ਬੇਨਤੀ ਨੂੰ ਮੰਨ ਕੇ ਮੁੜ ਸ੍ਰੀ ਭੈਣੀ ਸਾਹਿਬ ਚਲੇ ਜਾਉ। ਅਜੇ ਤਾਂ ਪੈਂਡਾ ਬਹੁਤ ਲੰਬਾ ਹੈ। ਇਹਨਾਂ ਮਨੁੱਖੀ ਹਿੱਤਾਂ ਦੇ ਅੱਗੜ-ਪਿੱਛੜ ਆਪਾਂ ਚਲਣਾ ਹੈ। ਤੁਸੀਂ ਮਗਰੋਂ ਅਜ਼ਾਦੀ ਦੇ ਝੰਡੇ ਨੂੰ ਉੱਚਾ ਰੱਖਣਾ ਹੈ। ਗੁਰੂਆਂ ਦੀ ਸਾਂਝੀਵਾਲਤਾ ਦੀ ਲਹਿਰ ਵਿਚ ਨਿਸ਼ਕਾਮ ਸੇਵਾ ਕਰਨੀ ਹੈ।



Sri Satguru Jagjit Singh Ji Elibrary NamdhariElibrary@gmail.com

ਸਾਰੇ ਸਿੱਖ ਹੁਕਮ ਮੰਨ ਕੇ ਖਲੋ ਗਏ ਸਨ। ਸਾਰੇ ਸੂਬੇ ਗੱਡੇ ਦੇ ਮਗਰ ਜਾ ਰਹੇ ਸਨ। ਮੁੜ-ਮੁੜ ਪਿਛਾਂਹ ਭਾਉਂ ਕੇ ਦੇਖਦੇ ਜਾ ਰਹੇ ਸਨ। ਜਿਵੇਂ ਗਊ ਆਪਣੇ ਬਛੜੇ ਨੂੰ ਵਿਛੜਨ ਸਮੇਂ ਦੇਖਦੀ ਹੋਵੇ। ਜਿਵੇਂ ਸੌਹਰੇ ਘਰ ਜਾਂਦੀ ਕੁੜੀ ਆਪਣੀਆਂ ਸਹੇਲੀਆਂ ਗਲ੍ਹ ਲਗ ਕੇ ਰੋਂਦੀ ਹਾਲੋ-ਬੇਹਾਲ ਹੁੰਦੀ ਹੋਵੇ।

ਗੱਡਾ ਇੰਸਪੈਕਟਰ ਦੇ ਮਗਰ-ਮਗਰ ਰੇਲਵੇ ਸਟੇਸ਼ਨ ਜਾ ਰਿਹਾ ਸੀ। ਪੂਰੀ ਗਾਰਦ ਸਮੇਤ ਡੀ. ਸੀ. ਮਿ: ਕਾਮਨ ਰੇਲਵੇ ਸਟੇਸ਼ਨ ਤੇ ਖਲੋਤਾ ਸੀ। ਅੱਗੋਂ ਆਖਿਆ ਬਾਬਾ ਜੀ ਆਪ ਵਾਸਤੇ ਸਟੇਸ਼ਨ ਉੱਪਰ ਸਪੈਸ਼ਲ ਗੱਡੀ ਲਗੀ ਖੜੀ ਹੈ। ਆਪਣੇ ਸਾਥੀਆਂ ਸਮੇਤ ਇਸ ਗੱਡੀ ਵਿਚ ਸਵਾਰ ਹੋ ਜਾਉ। ਬਾਬਾ ਰਾਮ ਸਿੰਘ ਜੀ ਨੇ ਸਤਿ ਬਚਨ ਆਖ ਕੇ ਰੇਲ ਦੇ ਪਲੇਟ-ਫਾਰਮ ਹੁੰਦਿਆਂ ਹੋਇਆਂ ਗੱਡੀ ਵਿਚ ਸਭ ਤੋਂ ਪਹਿਲਾਂ ਚੜ੍ਹ ਗਏ। ਬਾਬਾ ਜੀ ਨਾਲ ਗੱਡੀ ਚੜ੍ਹੇ ਸੂਬਿਆਂ ਦੀ ਲਿਸਟ ਇਸ ਪ੍ਰਕਾਰ ਹੈ—

(1) ਸੂਬਾ ਜਵਾਹਰ ਸਿੰਘ ਜੀ, (2) ਸੂਬਾ ਲੱਖਾ ਸਿੰਘ ਜੀ, (3) ਸੂਬਾ ਕਾਹਨ ਸਿੰਘ ਜੀ, (4) ਸੂਬਾ ਬ੍ਰਹਮ ਸਿੰਘ ਜੀ, (5) ਸੂਬਾ ਬ੍ਰਹਮ ਸਿੰਘ ਜੀ, (6) ਸੂਬਾ ਰੂੜ ਸਿੰਘ ਜੀ, (7) ਸੂਬਾ ਮਲੂਕ ਸਿੰਘ ਜੀ, (8) ਸੂਬਾ ਮਾਨ ਸਿੰਘ ਜੀ, (9) ਸੂਬਾ ਹੁਕਮ ਸਿੰਘ ਜੀ, (10) ਸੂਬਾ ਪਹਾੜਾ ਸਿੰਘ, (11) ਸੂਬਾ ਮੰਗਲ ਸਿੰਘ, (12) ਸੂਬਾ ਨਾਨੂ ਸਿੰਘ ਜੀ।

ਇਹ ਸਾਰੇ ਸੂਬੇ ਬਾਬਾ ਰਾਮ ਸਿੰਘ ਜੀ ਦੇ ਮਗਰ-ਮਗਰ ਚੜ੍ਹ ਗਏ ਸਨ। ਇਹ ਸੂਬੇ ਕੂਕਾ ਲਹਿਰ ਦੀ ਐਗਜੈਕਟਿਵ ਕਮੇਟੀ ਦੇ ਮੈਂਬਰ ਅਤੇ ਸਲਾਹਕਾਰ ਸਨ। ਇਹ ਰੇਲ ਗੱਡੀ ਪ੍ਰਾਗਰਾਜ ਹੁੰਦੀ ਹੋਈ ਇਲਾਹਾਬਾਦ ਪਹੁੰਚ ਗਈ। ਇਲਾਹਾਬਾਦ ਕਿਲ੍ਹੇ ਵਿਚ ਲਿਜਾ ਕੇ ਸਾਰਿਆਂ ਨੂੰ ਬੰਦ ਕਰ ਦਿੱਤਾ ਗਿਆ ਸੀ। ਹਿੰਦ ਦੇ ਲਾਟ ਸਾਹਿਬ 27 ਜਨਵਰੀ 1872 ਈਸਵੀ ਨੂੰ ਇਲਾਹਾਬਾਦ ਕਿਲ੍ਹੇ ਵਿਚ ਗਿਆ। ਹਿੰਦ ਲਾਟ ਸਾਹਿਬ ਨੇ ਬਾਬਾ ਜੀ ਨੂੰ ਸੰਬੋਧਨ ਕਰਦਿਆਂ ਆਖਿਆ ਸੁਣਾਉ ਬਾਬਾ ਜੀ ਛੱਠੀ ਸਾਹਿਬ ਯਾਦ ਆਉਂਦੀ ਹੈ। ਹੁਣ ਕੂਕਾ ਲਹਿਰ ਦੀ ਕੌਣ ਅਗਵਾਈ ਕਰੇਗਾ? ਆਪ ਤੋਂ ਦੇਸ਼ ਅਜ਼ਾਦ ਨਹੀਂ ਹੋ ਸਕਿਆ। ਸੁਣਾਉ ਹੁਣ ਕਿਵੇਂ ਬੀਤ ਰਹੀ ਹੈ। ਹੁਣ ਕੂਕਾ ਲਹਿਰ ਦਾ ਕੀ ਬਣੇਗਾ ਅਤੇ ਕੂਕਾ ਲਹਿਰ ਨੂੰ ਕੌਣ ਚਲਾਏਗਾ।

ਬਾਬਾ ਰਾਮ ਸਿੰਘ ਜੀ ਨੇ ਬੜੇ ਧੀਰਜ ਨਾਲ ਆਖਿਆ, ਜਿਵੇਂ ਮੇਰੇ ਦੇਸ਼ ਨਾਲ ਬੀਤਦੀ ਹੈ। ਉਸੇ ਤਰ੍ਹਾਂ ਹੀ ਮੇਰੇ ਨਾਲ ਬੀਤਦੀ ਹੈ। ਮੇਰਾ ਦੇਸ਼ ਜ਼ਰੂਰ ਅਜ਼ਾਦ ਹੋਵੇਗਾ। ਤੂੰ ਮਨੁੱਖੀ ਹਿੱਤਾਂ ਨੂੰ ਬਹੁਤਾ ਚਿਰ ਨਹੀਂ ਲੁੱਟ ਸਕਦਾ। ਕੂਕਾ ਲਹਿਰ ਦੀਆਂ ਦਿੱਤੀਆਂ ਅਮਰ ਸ਼ਹੀਦੀਆਂ ਐਵੇਂ ਨਹੀਂ ਜਾਣਗੀਆਂ! ਕੂਕਾ ਲਹਿਰ ਅਜ਼ਾਦੀ ਦਾ ਬੀਜ, ਬੀਜ ਚਲੀ ਹੈ। ਨਾਲ ਹੀ ਸੁੱਕੀ ਧਰਤੀ ਤੇ ਖ਼ੂਨ ਦਾ ਮੀਂਹ ਬਰਸਾ ਚਲੀ ਹੈ। ਮੇਰੇ ਦੇਸ਼ ਦੇ ਕ੍ਰਿਤੀ, ਕਿਸਾਨ, ਮਜ਼ਦੂਰ ਜ਼ਰੂਰ ਖੇਤਰ ਸਾਂਭ ਲੈਣਗੇ। ਤੂੰ ਆਪਣੀ ਸ਼ਕਤੀ ਦਿਖਾਈ ਚੱਲ। ਅਸੀਂ ਤਾਂ ਗ਼ੁਲਾਮੀ ਦੀਆਂ ਜੜ੍ਹਾਂ ਪੁੱਟਣ ਖ਼ਾਤਰ ਕਹੀਆਂ, ਕੁਹਾੜੇ ਤਿਆਰ ਕਰ ਲਏ ਹਨ। ਅਸੀਂ ਅਜ਼ਾਦੀ ਮਿਸ਼ਾਲ ਵਿਚ ਰੌਸ਼ਨੀ ਕਰਨ ਖ਼ਾਤਰ ਆਪਣਾ ਖ਼ੂਨ ਨਿਚੋੜ ਕੇ ਪਾ ਚੱਲੇ ਹਾਂ। ਇਹ ਮਿਸ਼ਾਲ ਐਵੇਂ ਬੁਝਣ ਵਾਲੀ ਨਹੀਂ। ਤੂੰ ਬੇਸ਼ੱਕ ਆਪਣੇ ਕਿੰਨੇ ਜ਼ੋਰ ਦੇ ਝੱਖੜ ਝੁਲਾਈ ਚੱਲ। ਮੇਰੇ ਦੇਸ਼ ਦੇ ਵਾਸੀਆਂ ਨੂੰ ਤੂੰ ਅਜ਼ਾਦੀ ਦੇ ਮਾਰਗ ਤੋਂ ਥਿੜਕਾ ਨਹੀਂ ਸਕਦਾ। ਦੇਸ਼ ਵਾਸੀਆਂ ਨੂੰ ਅਜ਼ਾਦੀ ਮਾਰਗ ਦਿੱਸਦਾ ਜਾਏਗਾ। ਇਹ ਕੌਮੀ

ਅੱਜ ਦੀ ਗੱਲ ਨਹੀਂ। ਸਾਡੇ ਗੁਰੂਆਂ ਨੇ ਨਿਸ਼ਕਾਮ ਸੇਵਾ ਕਰਨ ਦਾ ਮਾਰਗ ਚਲਾਇਆ ਹੋਇਆ ਹੈ। ਬਹੁਤ ਚਿਰਾਂ ਤੋਂ ਮਨੁੱਖੀ ਹਿੱਤਾਂ ਦੀ ਬਰਾਬਰਤਾ ਵਾਸਤੇ ਲੜਦੇ ਆ ਰਹੇ ਹਾਂ। ਇਹ ਪਤਾ ਨਹੀਂ ਕਿਨ੍ਹਾਂ ਚਿਰ ਹੋਰ ਲੜਦੇ ਰਹਾਂਗੇ। ਇਹ ਸਾਨੂੰ ਸਿੱਖੀ ਵਿਰਸੇ ਵਿਚੋਂ ਸਾਡੇ ਬਜ਼ੁਰਗਾਂ ਤੋਂ ਪ੍ਰਾਪਤ ਹੋਇਆ ਹੈ। ਕੋਈ ਵੀ ਆਪਣੇ ਬਜ਼ੁਰਗਾਂ ਦੀ ਮਾਲਕੀ ਨੂੰ ਛੱਡਦਾ ਨਹੀਂ।

ਅੰਗਰੇਜ਼ ਲਾਟ ਸਾਹਿਬ ਨੇ ਬੜੇ ਨਖਰੇ ਨਾਲ ਆਖਿਆ ਬਾਬਾ ਜੀ ਆਪ ਦੇਸ਼ ਦੀ ਆਜ਼ਾਦੀ ਦਾ ਕੋਈ ਫਿਕਰ ਨਾ ਕਰੋ। ਆਪ ਨੂੰ ਤਾਂ ਘਰ ਭੈਣੀ ਸਹਿਬ ਦਾ ਫਿਕਰ ਹੈ। ਆਪ ਤੋਂ ਬਗੈਰ ਆਪ ਦੇ ਘਰ ਦਾ ਕਾਰੋਬਾਰ ਕੈਸੇ ਚੱਲੇਗਾ ?

ਬਾਬਾ ਰਾਮ ਸਿੰਘ ਜੀ ਸਾਹਿਬ ਨੇ ਲਾਟ ਸਾਹਿਬ ਨੂੰ ਬੜੇ ਰੋਹਬ ਨਾਲ ਜਵਾਬ ਦਿੰਦਿਆਂ ਆਖਿਆ। ਮੇਰੇ ਘਰ ਮੇਰਾ ਛੋਟਾ ਭਾਈ ਹਰੀ ਸਿੰਘ ਹੈ। ਕੂਕਾ ਲਹਿਰ ਨੂੰ ਹਰੀ ਰੱਖੇਗਾ। ਸੁੱਕਣ ਨਹੀਂ ਦੇਵੇਗਾ। ਆਪ ਨੂੰ ਮੇਰੇ ਘਰ ਦਾ ਜਾਂ ਕੂਕਾ ਲਹਿਰ ਦਾ ਫਿਕਰ ਨਹੀਂ ਕਰਨਾ ਚਾਹੀਦਾ। ਆਪ ਨੂੰ ਮੁੜ ਲੰਡਨ ਜਾਣ ਦਾ ਫਿਕਰ ਜ਼ਰੂਰੀ ਹੈ। ਗੁਰੂਆਂ ਦੀ ਲਹਿਰ ਦਾ ਅਸੂਲ ਹੈ। ਸਿੱਖ ਲਹਿਰ ਪਹਿਲਾਂ ਕਿਸੇ ਤੇ ਹਮਲਾ ਨਹੀਂ ਕਰਦੀ। ਮਨੁੱਖ ਦੇ ਹਿਤਾਂ ਦੀ ਬਰਾਬਰਤਾ ਚਾਹੁੰਦੀ ਹੈ। ਜਦੋਂ ਕੋਈ ਮਨੁੱਖੀ ਹਿੱਤਾਂ ਤੇ ਹਮਲਾ ਕਰਦਾ ਹੈ। ਫਿਰ ਸਾਨੂੰ ਪਿਛੇ ਹਟਣਾ ਮੁਸ਼ਕਲ ਹੋ ਜਾਂਦਾ ਹੈ। ਇਸ ਕਰਕੇ ਸਾਡੇ ਬਜ਼ੁਰਗ ਗੁਰੂਆਂ ਦਾ ਵਿਰਸਾ ਬਹੁਤ ਉੱਚਾ ਹੈ। ਅਸੀਂ ਤਾਂ ਮਨੁੱਖੀ ਹਿੱਤਾਂ ਵਾਸਤੇ ਹੀ ਜੰਮਦੇ ਹਾਂ। ਸਾਨੂੰ ਇਸੇ ਕਰਕੇ ਹੀ ਸਾਂਝੀ-ਵਾਲਤਾ ਦਾ ਗਿਆਨ ਸਿਖਾਇਆ ਜਾਂਦਾ ਹੈ। ਜਦੋਂ ਸਾਡੇ ਤੇ ਕੋਈ ਵਾਰ ਕਰਦਾ ਹੈ। ਸਿੱਖ ਕਦੇ ਉਸਨੂੰ ਮਾਫ ਨਹੀਂ ਕਰਦਾ। ਉਸ ਨੂੰ ਜ਼ਰੂਰ ਸਬਕ ਸਿਖਾਇਆ ਜਾਂਦਾ ਹੈ। ਆਪ ਵਾਂਗੂ ਆਪ ਦੀ ਸਰਕਾਰ ਵਾਂਗੂ ਅਸੀਂ ਵਿਸ਼ਵਾਸਘਾਤ ਨਹੀਂ ਕਰਦੇ। ਸਿੱਖ ਲਹਿਰ ਤਾਂ ਸਾਂਝੀਵਾਲਤਾ ਦਾ ਰਾਜ ਕਰੇਗੀ। ਅਸੀਂ ਤਾਂ ਸਾਂਝੀਵਾਲਤਾ ਦਾ ਰਾਜ ਕਰਨਾ ਹੈ।'

ਅੰਗਰੇਜ਼ ਲਾਟ ਸਾਹਿਬ ਬੜੀ ਕੁੜੱਤਣ ਨਾਲ ਬੋਲਿਆ। ਬਾਬਾ ਜੀ ਆਪ ਨੂੰ ਵੀਹ ਦਿਨਾਂ ਦੇ ਅੰਦਰ ਅੰਦਰ ਪਤਾ ਲੱਗ ਜਾਏਗਾ ਤੁਹਾਡੇ ਦੇਸ਼ ਦੇ ਲੋਕਾਂ ਤੋਂ ਹੀ ਫੈਸਲਾ ਕਰਾਵਾਂਗਾ। ਪੁੱਛਾਂਗਾ ਕਿ ਗੁਰੂਆਂ ਦਾ ਸਿੱਖ ਲਹਿਰ ਨੂੰ ਕੀ ਹੁਕਮ ਹੈ ? ਆਪ ਨਾਲ ਜ਼ਿਆਦਤੀ ਨਹੀਂ ਕਰਾਂਗਾ। ਮੈਂ ਭਾਰਤ ਦੇਸ਼ ਉਪਰ ਰਾਜ ਕਰਦਾ ਹਾਂ। ਇਹ ਫੈਸਲਾ ਮੇਰੇ ਹੱਥ ਨਹੀਂ ਹੈ। ਇਸ ਦਾ ਫੈਸਲਾ ਗੁਰ-ਦੁਆਰਿਆਂ ਅਤੇ ਮੰਦਰਾਂ ਦੇ ਪ੍ਰਬੰਧਕ ਹੀ ਕਰਨਗੇ। ਬਾਬਾ ਰਾਮ ਸਿੰਘ ਨੇ ਅੰਗਰੇਜ਼ ਨੂੰ ਬੜੀ ਗੰਭੀਰਤਾ ਨਾਲ ਆਖਿਆ। ਜੋ ਇਨ੍ਹਾਂ ਪ੍ਰਬੰਧਕਾਂ ਪੁਜਾਰੀਆਂ ਨੇ ਸਾਡੇ ਪ੍ਰਤੀ ਆਖਣਾ ਹੈ। ਉਹੀ ਵਾਰਨਿੰਗ ਅਸੀਂ ਆਪ ਨੂੰ ਦੇ ਰਹੇ ਹਾਂ। ਅਸੀਂ ਇਥੋਂ ਮੁੜ ਗਏ ਤਾਂ ਜ਼ਰੂਰ ਬਗਾਵਤ ਕਰਾਂਗੇ। ਕੂਕਾ ਲਹਿਰ ਝੂਠ ਨਹੀਂ ਬੋਲਦੀ। ਅਸੀਂ ਅੰਗਰੇਜ਼ ਵਾਂਗੂ ਵਿਸ਼ਵਾਸਘਾਤ ਨਹੀਂ ਕਰਦੇ। ਝੂਠ ਬੋਲਣ ਨਾਲੋਂ ਕੂਕਾ ਫਾਂਸੀ ਲੱਗ ਜਾਣਾ ਚੰਗਾ ਸਮਝਦਾ ਹੈ। ਕੂਕਾ ਲਹਿਰ ਆਪ ਤੋਂ ਜਿਉਣ ਲਈ ਖੈਰਾਤ ਨਹੀਂ ਮੰਗੇਗੀ। ਅਸੀਂ ਤਾਂ ਅੰਗਰੇਜ਼ ਪਾਸੋਂ ਆਪਣਾ ਦੇਸ਼ ਆਜ਼ਾਦ ਕਰਵਾਉਣ ਲਈ ਬਚਨਬੱਧ ਹਾਂ। ਅਸੀਂ ਗੁਰੂ ਮਰਯਾਦਾ ਦਾ ਅੰਮ੍ਰਿਤ ਛਕਿਆ ਹੈ। ਅਸੀਂ ਗੁਰੂ ਗੋਬਿੰਦ ਸਿੰਘ ਜੀ ਸਾਹਿਬ ਦੀ ਚਲਾਈ ਹੋਈ ਸਾਂਝੀਵਾਲਤਾ ਦੀ ਲਹਿਰ ਮੁੜ ਸ਼ੁਰੂ ਕੀਤੀ ਹੈ। ਅਸੀਂ ਸੰਘਰਸ਼ ਕਰਨਾ ਹੀ ਕਰਨਾ ਹੈ। ਇਹ ਸਾਡਾ ਨਿਯਮ ਹੈ ਅਕਾਲਪੁਰਖ ਦੇ ਚਰਨਾਂ ਵਿਚ ਦੇਸ਼ ਆਜ਼ਾਦ ਕਰਵਾਉਣ ਲਈ ਅਰਦਾਸ ਕਰ ਚੁੱਕੇ ਹਾਂ।

ਪੰਜਾਬ ਦੇ ਗੁਰਦੁਆਰਿਆਂ ਮੰਦਰਾਂ ਅਤੇ ਡੇਰਿਆਂ ਦੇ ਪ੍ਰਬੰਧਕਾਂ ਤੋਂ ਲਿਖਵਾ ਲਿਆ ਗਿਆ। ਅਗਰ ਕੂਕੇ ਵਾਪਿਸ ਪੰਜਾਬ ਆ ਗਏ ਤਾਂ ਅੰਗਰੇਜ਼ ਸਰਕਾਰ ਨੂੰ ਪੰਜਾਬ ਉਤੇ ਰਾਜ ਕਰਨਾ ਮੁਸ਼ਕਲ ਹੋ ਜਾਵੇਗਾ। ਕੂਕਾ ਲਹਿਰ ਜਿੱਧਰ ਨੂੰ ਅਰਦਾਸ ਕਰਕੇ ਤੁਰ ਪਏ ਤਾਂ ਉਸ ਕਾਰਜ ਨੂੰ ਜ਼ਰੂਰ ਸਿਰੇ ਚਾੜ੍ਹਦੀ ਹੈ। ਅਸੀਂ ਆਪਣੀ ਰਾਇ ਅੰਗਰੇਜ਼ ਸਰਕਾਰ ਨੂੰ ਵਫ਼ਾਦਾਰ ਹੋ ਕੇ ਨੇਕ ਰਾਇ ਦਿੰਦੇ ਹਾਂ। ਸਰਕਾਰ ਕੂਕਾ ਲਹਿਰ ਨਾਲ ਜਿਵੇਂ ਮਰਜ਼ੀ ਹੈ ਨਿਪਟ ਲਵੇ। ਸਾਨੂੰ ਕੋਈ ਇਤਰਾਜ਼ ਨਹੀਂ ਹੋਵੇਗਾ। ਅਸੀਂ ਤਾਂ ਅੰਗਰੇਜ਼ ਸਰਕਾਰ ਦੇ ਵਫ਼ਾਦਾਰ ਅਦਾਰੇ ਹਾਂ। ਸਾਰੇ ਪੁਜਾਰੀ ਮਹੰਤਾਂ ਕੂਕਾ ਲਹਿਰ ਦੇ ਖ਼ਿਲਾਫ਼ ਲਿਖ ਦਿੱਤਾ ਸੀ। ਗੁਲਾਮੀ ਉਪਰ ਸੀਮਤ ਕਰਨ ਦੀ ਖ਼ਿਜਾਇ ਹੋਰ ਲੰਬੀ ਕਰ ਦਿੱਤੀ ਸੀ।

ਸਿਰਫ਼ ਦੋ ਹੀ ਸੰਤ-ਮਹੰਤਾਂ ਨੇ ਕੂਕਾ ਲਹਿਰ ਦੇ ਹੱਕ ਵਿਚ ਲਿਖਿਆ ਸੀ। ਪਹਿਲਾਂ ਤਾਂ ਸੰਤ ਬ੍ਰਹਮ-ਬੂਟਾ ਅੰਮ੍ਰਿਤਸਰ ਵਾਲਿਆਂ ਨੇ ਦੂਸਰਾ ਸੰਤ ਨਰਾਇਣ ਸਿੰਘ ਸੇਖਵਾਂ ਵਾਲਿਆਂ ਨੇ ਆਖਿਆ ਸਰਕਾਰ ਨੇ ਕੂਕਾ ਲਹਿਰ ਤੋਪਾਂ ਨਾਲ ਉਡਾ ਦਿੱਤਾ। ਬਾਕੀਆਂ ਨੂੰ ਫਾਂਸੀ ਚੜ੍ਹਾ ਦਿੱਤਾ। ਫਿਰ ਵੀ ਸਰਕਾਰ ਨੂੰ ਸਬਰ ਨਹੀਂ ਆਇਆ। ਇਹੋ ਜਿਹੀ ਨੀਤੀ ਤਾਂ ਮੁਗ਼ਲ-ਸਾਮਰਾਜ ਦੀ ਵੀ ਨਹੀਂ ਸੀ। ਮੁਗ਼ਲ ਤਾਂ ਸਾਹਮਣੇ ਆ ਕੇ ਮੈਦਾਨ ਵਿਚ ਜਿੱਤਾਂ ਹਾਸਲ ਕਰਦੇ ਸਨ। ਅੰਗਰੇਜ਼ ਤੇ ਗਿੱਦੜਾਂ ਨਾਲੋਂ ਵੀ ਭੈੜਾ ਹੈ। ਕੂਕਾ ਲਹਿਰ ਨੇ ਕੋਈ ਬੁਰਾ ਨਹੀਂ ਕੀਤਾ। ਬੁੱਚੜ-ਖ਼ਾਨੇ ਬੰਦ ਕਰਵਾਉਣ ਦਾ ਅੰਦੋਲਨ ਹੀ ਕੀਤਾ ਹੈ। ਗਊਆਂ ਨੂੰ ਖ਼ਤਮ ਕਰਨ ਵਾਸਤੇ ਗੁਰਦੁਆਰਿਆਂ ਸਾਹਮਣੇ ਹੀ ਬੁੱਚੜਖਾਨੇ ਖੋਲ੍ਹੇ ਹਨ। ਕੀ ਇਹ ਸਰਕਾਰ ਦਾ ਪਰਜਾ ਨੂੰ ਅਮੀਰ ਬਣਾਉਣ ਵਾਲਾ ਕੰਮ ਹੈ ਜਾਂ ਗਰੀਬ ਕਰਨ ਵਾਲਾ। ਪਰਜਾ ਰਾਜ ਕਰਨ ਵਾਲੇ ਰਾਜਿਆਂ ਦਾ ਰੱਬ ਹੁੰਦੀ ਹੈ। ਪਰਜਾ ਨਾਮੀ ਰੱਬ ਨੂੰ ਦੁੱਖੀ ਕਰਕੇ ਕਿੰਨਾ ਕੁ ਚਿਰ ਰਾਜ ਕਰ ਸਕਦਾ ਹੈ। ਹਰੇਕ ਦੇਸ ਵਾਸੀ ਦਾ ਹੱਕ ਹੈ ਕਿ ਦੇਸ਼ ਦੇ ਹਿੱਤਾਂ ਵਾਸਤੇ ਨਿਸ਼ਕਾਮ ਸੇਵਾ ਕਰਦਾ ਰਹੇ। ਸਰਕਾਰ ਗੁਰੂਆਂ ਦੀ ਚਲਾਈ ਹੋਈ ਲਹਿਰ ਨੂੰ ਕਿਵੇਂ ਰੋਕ ਸਕਦੀ ਹੈ। ਆਉਣ ਵਾਲੀਆਂ ਨਵੀਆਂ ਪੀੜ੍ਹੀਆਂ ਤੇ ਭਿਆਨਕ ਅਸਰ ਸਰਕਾਰ ਦੇ ਖ਼ਿਲਾਫ਼ ਹੋ ਸਕਦਾ ਹੈ।

ਸਾਡੀ ਆਪ ਨੂੰ ਰਾਇ ਹੈ ਕਿ ਕੂਕਾ ਲਹਿਰ ਦੇ ਆਗੂ ਬਾਬਾ ਰਾਮ ਸਿੰਘ ਜੀ ਸਾਹਿਬ ਨੂੰ ਅਤੇ ਉਸ ਦੇ ਸਾਥੀਆਂ ਨੂੰ ਪੰਜਾਬ ਲਿਆ ਕੇ ਬਰੀ ਕਰ ਦਿੱਤਾ ਜਾਵੇ। ਤਾਂ ਹੀ ਪੰਜਾਬ ਵਿਚ ਅਮਨ ਕਾਇਮ ਰਹਿ ਸਕਦਾ ਹੈ। ਅਤੇ ਛੇਤੀ ਤੋਂ ਛੇਤੀ ਪੰਜਾਬ ਵਿਚੋਂ ਬੁੱਚੜਖ਼ਾਨੇ ਬੰਦ ਕਰ ਦੇਣੇ ਚਾਹੀਦੇ ਹਨ। ਨਹੀਂ ਤਾਂ ਗਊਆਂ ਦੇ ਨਾਂ ਉਤੇ ਬਹੁਤ ਵੱਡਾ ਸੰਘਰਸ਼ ਸ਼ੁਰੂ ਹੋਣ ਵਾਲਾ ਹੈ ਜਿਹੜਾ ਸਰਕਾਰ ਨੂੰ ਸਾਂਭਣਾ ਬਹੁਤ ਔਖਾ ਹੋ ਜਾਵੇਗਾ। ਅਸੀਂ ਅੰਗਰੇਜ਼ ਨੂੰ ਨੇਕ ਰਾਇ ਦੇ ਰਹੇ ਹਾਂ। ਇਹ ਰਿਪੋਰਟ ਪੰਜਾਬ ਦੇ ਪੁਜਾਰੀਆਂ ਵਲੋਂ ਕੀਤੀ ਗਈ ਸੀ। ਸਾਰੇ ਹੀ ਪੰਜਾਬ ਦੇ ਝੋਲੀ-ਚੁੱਕ ਪੁਜਾਰੀਆਂ ਨੇ ਬਾਬਾ ਰਾਮ ਸਿੰਘ ਨੂੰ ਬਰੀ ਕਰਨ ਲਈ ਕੋਈ ਰਾਇ ਨਾ ਦਿੱਤੀ। ਇਹੋ ਹੀ ਆਖਿਆ ਗਿਆ ਕਿ ਇਸ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦਿੱਤੀ ਜਾਵੇ। ਪੰਜਾਬ ਦੇ ਸੰਤ ਮਹਾਤਮਾ ਨੇ ਆਖਿਆ ਸੀ ਕਿ ਤੁਸੀਂ ਪੰਜਾਬ ਨਾਲ ਬੇਇਨਸਾਫ਼ੀ ਕਰ ਰਹੇ ਹੋ। ਪਹਿਲਾਂ ਸੰਤ ਬ੍ਰਹਮ-ਬੂਟਾਂ, 2. ਸੰਤ ਨਰਾਇਣ ਸਿੰਘ ਜੀ ਸ਼ੇਖਵਾਂ ਵਾਲੇ। ਹਾਂ ਦਾ ਨਾਅਰਾ ਮਾਰਿਆ ਸੀ।

ਇਹ ਰਿਪੋਰਟ 20 ਦਿਨ ਦੇ ਅੰਦਰ-ਅੰਦਰ ਹਿੰਦ ਲਾਟ ਸਾਹਿਬ ਨੂੰ ਪਹੁੰਚ ਗਈ ਸੀ। ਲਾਟ ਸਾਹਿਬ ਕੂਕਾ ਲਹਿਰ ਦੇ ਆਗੂਆਂ ਨੂੰ ਉਹਨਾਂ ਦੇ ਸਾਥੀਆਂ ਨੂੰ ਸਜ਼ਾ ਦੇਣ ਤੋਂ ਬਾਦ ਲਾ



Sri Satguru Jagjit Singh Ji Elibrary NamdhariElibrary@gmail.com

ਆਇਆ। ਇਹ ਫੈਸਲਾ 21 ਫ਼ਰਵਰੀ, 1872 ਈਸਵੀ ਨੂੰ ਕੀਤਾ ਗਿਆ। ਲਾਟ ਸਾਹਿਬ ਇਲਾਹਾਬਾਦ ਦੇ ਕਿਲ੍ਹੇ ਵਿਚ ਆ ਕੇ ਕੂਕਾ ਲਹਿਰ ਦੇ ਆਗੂ ਬਾਬਾ ਰਾਮ ਸਿੰਘ ਜੀ ਸਾਹਿਬ ਨੂੰ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਸਜ਼ਾ ਦੇਣ ਆ ਗਿਆ। ਇਹ ਸਜ਼ਾਵਾਂ 22 ਫਰਵਰੀ, 1872 ਈਸਵੀ ਨੂੰ ਸੁਣਾਈਆਂ ਗਈਆਂ। ਕੂਕਾ ਲਹਿਰ ਦੇ ਸੂਬੇ ਜੈਕਾਰੇ ਤੇ ਜੈਕਾਰਾ ਛੱਡ ਰਹੇ ਸਨ। ਲਹਿਰ-ਆਗੂਆਂ ਦੇ ਚਿਹਰਿਆਂ ਤੇ ਜ਼ਰਾ ਜਿੰਨਾ ਵੀ ਅਫ਼ਸੋਸ ਨਹੀਂ ਸੀ। ਕੂਕਾ ਲਹਿਰ ਆਪਣੇ ਮਾਰਗ ਵਿਚੋਂ ਹਟਣਾ ਕਾਇਰਤਾ ਸਮਝਦੀ ਸੀ।

ਸਭ ਤੋਂ ਪਹਿਲਾਂ ਸੂਬਾ ਮੰਗਲ ਸਿੰਘ ਨੂੰ ਬਰੀ ਕਰਕੇ ਪੰਜਾਬ ਨੂੰ ਤੋਰ ਦਿੱਤਾ ਸੀ। ਇਸ ਦੇ ਕਾਰਨ ਦੀ ਸਮਝ ਨਹੀਂ ਆਈ। ਪਤਾ ਨਹੀਂ ਕਿਉਂ ਵੈਰੀ ਹੋ ਗਿਆ। ਹੋਰ ਕਿਸੇ ਨੇ ਵੀ ਜਿਊਣ ਵਾਸਤੇ ਮਾਫ਼ੀ ਨਹੀਂ ਸੀ ਮੰਗੀ। ਸਾਰੇ ਦੇਸ਼ ਭਗਤ ਖੁਸ਼ੀਆਂ ਮਨਾ ਰਹੇ ਸਨ। ਜਿਵੇਂ ਆਜ਼ਾਦੀ ਨੂੰ ਵਿਆਹੁਣ ਵਾਸਤੇ ਬਰਾਤ ਚੜ੍ਹ ਰਹੇ ਹੋਣ। ਜਿਵੇਂ ਸਾਰਿਆਂ ਨੂੰ ਹੀ ਦੂਲਹਨ ਦਾ ਚਾਅ ਹੋਵੇ। ਆਜ਼ਾਦੀ ਦੀ ਡੋਲੀ ਨੂੰ ਸੰਗਠਨ ਦਾ ਵਿਸ਼ੇਸ਼ ਧਿਆਨ ਦਿੰਦੇ ਹੋਣ। ਆਜ਼ਾਦੀ ਮੰਜ਼ਲ ਵੱਲ ਵਧਦੇ ਜਾ ਰਹੇ ਸਨ।

ਅੰਗਰੇਜ਼ ਲਾਟ ਨੇ ਕੂਕਿਆਂ ਨੂੰ ਹੁਕਮ ਜਾਰੀ ਕਰਦਿਆਂ ਆਖਿਆ ਬਾਬਾ ਜੀ ਆਪ ਲੋਕਾਂ ਨੂੰ ਵੱਖ-ਵੱਖ ਥਾਵਾਂ ਦੀ ਸੈਰ ਕਰਾਉਣੀ ਹੈ। ਆਪ ਸਾਰੇ ਤਿਆਰੀ ਕਰ ਲਓ। ਆਪ ਦੀ ਅਰਦਾਸ ਅੰਗਰੇਜ਼ ਰਾਜ ਵਾਸਤੇ ਚੰਗੀ ਨਹੀਂ।

1. ਸੂਬਾ ਬਾਬਾ ਜਵਾਹਰ ਸਿੰਘ ਜੀ ਨੂੰ
2. ਸੂਬਾ ਬਾਬਾ ਲੱਖਾ ਸਿੰਘ ਜੀ ਨੂੰ
3. ਸੂਬਾ ਬਾਬਾ ਲੱਖਾ ਸਿੰਘ ਜੀ ਨੂੰ

ਇਨ੍ਹਾਂ ਤਿੰਨਾਂ ਨੂੰ ਉਮਰ ਕੈਦ ਦਾ ਹੁਕਮ ਸੁਣਾ ਕੇ ਮਰਗੋਈ ਟਾਪੂ ਵਿਚ ਭੇਜ ਦਿੱਤਾ ਗਿਆ।

4. ਸੂਬਾ ਬਾਬਾ ਹੁਕਮ ਸਿੰਘ ਜੀ ਨੂੰ
5. ਸੂਬਾ ਬਾਬਾ ਮਾਨ ਸਿੰਘ ਜੀ ਨੂੰ

ਇਨ੍ਹਾਂ ਦੋਨਾਂ ਨੂੰ ਕਿਲ੍ਹਾ ਚਿਨਾਰ ਵਿਚ ਉਮਰ ਕੈਦ ਕਰਕੇ ਭੇਜ ਦਿੱਤਾ ਗਿਆ। ਜਿੱਥੇ ਮਹਾਰਾਣੀ ਜਿੰਦ ਕੌਰ ਉਸ ਦੀ ਸਾਥਣ ਗੋਮਤੀ ਨੂੰ ਕੈਦ ਕੀਤਾ ਗਿਆ ਸੀ। ਇਹ ਕਿਲ੍ਹਾ ਪਹਾੜਾਂ ਦੀ ਬੁੱਕਲ ਵਿਚ ਉਸਾਰਿਆ ਗਿਆ ਸੀ। ਇਸ ਕਿਲ੍ਹੇ ਦੇ ਨੇੜੇ ਤੇੜੇ ਤੇਜ਼ ਪਾਣੀ ਦੀ ਇਕ ਨਦੀ ਵਗਦੀ ਹੈ।

6. ਸੂਬਾ ਬਾਬਾ ਰੂੜ ਸਿੰਘ ਜੀ ਨੂੰ
7. ਸੂਬਾ ਬਾਬਾ ਪਹਾੜਾ ਸਿੰਘ ਜੀ ਨੂੰ
8. ਸੂਬਾ ਬਾਬਾ ਮਲੂਕ ਸਿੰਘ ਜੀ ਨੂੰ

ਇਨ੍ਹਾਂ ਤਿੰਨਾਂ ਉਪਰ ਕੈਦ ਦਾ ਹੁਕਮ ਸੁਣਾ ਕੇ ਟਾਪੂ ਅੰਡੇਮਾਨ ਭੇਜ ਦਿੱਤਾ ਗਿਆ ਸੀ। ਇਸ ਟਾਪੂ ਵਿਚ ਅੱਗੇ ਵੀ ਦੇਸ਼ ਭਗਤ ਬੰਗਾਲ, ਬਿਹਾਰ, ਯੂ. ਪੀ. ਦਿੱਲੀ ਵਗੈਰਾ ਦੇ ਸਨ।

9. ਸੂਬਾ ਬਾਬਾ ਕਾਹਨ ਸਿੰਘ ਜੀ ਨੂੰ
10. ਸੂਬਾ ਬਾਬਾ ਨਾਹਰੂ ਸਿੰਘ ਜੀ ਨੂੰ

11. ਆਖ਼ਰ ਬਾਬਾ ਰਾਮ ਸਿੰਘ ਜੀ ਸਾਹਿਬ ਨੂੰ 10 ਮਾਰਚ, 1872 ਈਸਵੀ ਨੂੰ ਉਮਰ ਕੈਦ ਦਾ ਹੁਕਮ ਸੁਣਾ ਕੇ ਰੰਗੂਨ ਵਿਚ ਭੇਜ ਦਿੱਤੇ ਗਏ ਸਨ। ਜਿੱਥੇ ਮੁਗਲੇ-ਆਜ਼ਮ ਬਹਾਦਰ-ਸ਼ਾਹ ਜ਼ਫ਼ਰ ਮੁਗ਼ਲ ਰਾਜ ਦਾ ਆਖ਼ਰੀ ਬਾਦਸ਼ਾਹ ਉਸ ਬੰਗਲੇ ਵਿਚ ਕੈਦ ਰਿਹਾ ਸੀ। ਇਹ ਬ੍ਰਹਮਾ ਦੀ ਰਾਜਧਾਨੀ ਦਾ ਰਮਣੀਕ ਰੰਗੂਨ ਸ਼ਹਿਰ ਹੈ।

ਸਭ ਤੋਂ ਪਹਿਲਾਂ ਕੂਕਾ ਲਹਿਰ ਨੇ ਇਸ ਤਰ੍ਹਾਂ ਆਜ਼ਾਦੀ ਸੰਘਰਸ਼ ਸ਼ੁਰੂ ਕੀਤਾ ਸੀ। ਬੇਸ਼ਕ ਗੁਰੂਆਂ ਦੀ ਸਾਂਝੀਵਾਲਤਾ ਦੀ ਲਹਿਰ ਕਈਆਂ ਸਦੀਆਂ ਤੋਂ ਚੱਲਦੀ ਆ ਰਹੀ ਸੀ। ਬਾਬਾ ਰਾਮ ਸਿੰਘ ਜੀ ਸਾਹਿਬ ਨੇ ਆਪਣੇ ਸਾਥੀਆਂ ਸਮੇਤ ਮਨੁੱਖੀ ਹਿੱਤਾਂ ਦੀ ਰਾਖੀ ਕਰਦਿਆਂ, ਕੁਰਬਾਨੀਆਂ ਅਤੇ ਅਣਖ ਦੀ ਵਾੜ ਕਰ ਗਏ ਸਨ।

Sri Satguru Jagjit Singh Ji Elibrary NamdhariElibrary@gmail.com

## ਕਾਂਡ—8

1. ਇਸ ਤੋਂ ਬਾਅਦ ਕੂਕਾ ਲਹਿਰ ਚੁੱਪ ਕਰਕੇ ਨਹੀਂ ਸੀ ਬੈਠੀ। ਮਨੁੱਖੀ ਹੱਕਾਂ ਵਾਸਤੇ ਹੋਰ ਕਰਵਟ ਲੈ ਕੇ ਆਜ਼ਾਦੀ ਦੇ ਮੈਦਾਨ ਵਿਚ ਝੰਡਾ ਫੜਕੇ ਗਰਜਦੀ ਰਹੀ। ਸਾਂਝੀਵਾਲਤਾ ਵਾਸਤੇ ਨਿਸ਼ਕਾਮ ਸੇਵਾ ਕਰਦੀ ਹੋਈ ਦੂਸਰੀ ਪੀੜ੍ਹੀ ਮੈਦਾਨ ਵਿਚ ਉਤਰਨੀ ਸ਼ੁਰੂ ਹੋ ਗਈ। ਇਸ ਨਵੀਂ ਪੀੜ੍ਹੀ ਦੀ ਅਗਵਾਈ ਪੰਜਾਬ ਮਾਤਾ ਜੀਵਨ ਕੌਰ ਜੀ ਦੇ ਹੌਲੀ ਹੌਲੀ ਹੱਥਾਂ ਵਿਚ ਆ ਗਈ ਸੀ। ਇਹ ਆਪਾਂ ਅੱਗੇ ਜਾ ਕੇ ਜਾਣਕਾਰੀ ਕਰਾਂਗੇ।

2. ਪਹਿਲਾਂ ਆਪਾਂ ਬਾਬਾ ਰਾਮ ਸਿੰਘ ਸਾਹਿਬ ਰੰਗੂਨ ਯਾਤਰਾ ਬਾਰੇ ਜਾਣਕਾਰੀ ਕਰਦੇ ਹਾਂ। ਕੂਕਾ ਲਹਿਰ ਨੇ ਅੰਡਰ ਗਰਾਊਂਡ ਹੋ ਕੇ ਰੂਸ ਨਾਲ ਇਨਕਲਾਬੀ ਸੰਪਰਕ ਪੈਦਾ ਕਰ ਰਹੇ ਸਨ। ਰੂਸ, ਨੇਪਾਲ, ਕਸ਼ਮੀਰ, ਕਾਬਲ ਨਾਲ ਸੰਬੰਧ ਕੂਕਾ ਲਹਿਰ ਨੇ ਬਣਾ ਲਏ ਸਨ। ਕਸ਼ਮੀਰ ਦੀ ਫੌਜ ਵਿਚ ਭਰਤੀ ਹੋ ਕੇ ਹਥਿਆਰ ਚਲਾਉਣ ਦੀ ਟਰੇਨਿੰਗ ਸ਼ੁਰੂ ਕਰ ਲਈ ਕਿਉਂਕਿ ਕੂਕਾ ਲਹਿਰ ਦੇ ਦੇਸ਼ ਭਗਤਾਂ ਨੂੰ ਛੁਡਾਉਣ ਵਾਸਤੇ ਨੇਪਾਲ ਦੀ ਫੌਜੀ ਸਿਖਲਾਈ ਲੈਣੀ ਸ਼ੁਰੂ ਕਰ ਦਿੱਤੀ। ਇਸ ਕੂਕਾ ਲਹਿਰ ਦੇ ਅੰਦੋਲਨ ਦਾ ਨਿਸ਼ਾਨਾ ਬਹੁਤ ਉੱਚਾ ਅਤੇ ਮਨੁੱਖੀ ਬਰਾਬਰਤਾ ਦਾ ਸੀ।

3. ਸਰਦਾਰ ਬਿਸ਼ਨ ਸਿੰਘ ਜੀ ਸੂਬਾ, ਸ੍ਰ: ਗੁਰਚਰਨ ਸਿੰਘ ਜੀ ਸੂਬਾ, ਇਹ ਬਹੁਤ ਸੁਲਝੇ ਹੋਏ ਦੇਸ਼ ਭਗਤ ਸੀ। ਇਹਨਾਂ ਦੋਨਾਂ ਸੂਰਮਿਆਂ ਨੇ ਕਈ ਬਿਦੇਸ਼ਾਂ ਨਾਲ ਸੰਧੀਆਂ ਕੀਤੀਆਂ ਸਨ। ਅੰਗਰੇਜ਼ ਦੀ ਗੁਲਾਮੀ ਤੋਂ ਛੁੱਟਣ ਵਾਸਤੇ ਫਾਰਸੀ ਅਤੇ ਉਰਦੂ ਬੋਲੀ ਵਿਚ ਵਿਚਾਰ ਵਟਾਂਦਰਾ ਕਰਦੇ ਸਨ।

ਜਦੋਂ ਮਹਾਰਾਜ ਦਲੀਪ ਸਿੰਘ ਅੰਗਰੇਜ਼ ਤੋਂ ਉਪਰਾਮ ਹੋ ਕੇ 1886 ਈਸਵੀ ਨੂੰ ਮੁੜ ਸਿੱਖ ਸੱਜ ਕੇ ਰੂਸ ਚਲਿਆ ਗਿਆ। ਰੂਸ ਵਿਚ ਕੂਕਾ ਲਹਿਰ ਦੇ ਡੈਲੀਗੇਟਾਂ ਨਾਲ ਮੇਲ ਹੋ ਗਿਆ ਸੀ। ਰੂਸ ਸਰਕਾਰ ਦੇ ਉਹਨਾਂ ਦਿਨਾਂ ਵਿਚ ਅੰਗਰੇਜ਼ ਨਾਲ ਸਰਹੱਦੀ ਝਗੜੇ ਚੱਲਦੇ ਸਨ। ਕੂਕਾ ਲਹਿਰ ਮਹਾਰਾਜਾ ਦਲੀਪ ਸਿੰਘ ਦੀ ਖੁਲ੍ਹ ਕੇ ਮਦਦ ਕਰਨ ਵਾਸਤੇ ਤਿਆਰ ਬਰਤਿਆਰ ਹੋ ਗਈ ਸੀ।

4. ਉਸ ਸਮੇਂ ਮਹਾਰਾਜਾ ਦਲੀਪ ਸਿੰਘ ਨੇ ਪੰਜਾਬੀ ਰਾਜੇ ਅਤੇ ਰਜਵਾੜੇ, ਜਗੀਰਦਾਰਾਂ ਤੇ ਖਾਲਸਾ ਦੀਵਾਨ ਨੂੰ ਬੇਨਤੀ ਪੱਤਰ ਘੱਲੇ ਸੀ। ਇਹਨਾਂ ਅਦਾਰਿਆਂ ਨੇ ਉਸ ਚਿੱਠੀ ਦਾ ਜਵਾਬ ਲਿਖਿਆ। ਉਸ ਚਿੱਠੀ ਨੇ ਮਹਾਰਾਜ ਦਲੀਪ ਸਿੰਘ ਦਾ ਰਹਿੰਦਾ ਖੂੰਹਦਾ ਦਿਲ ਤੋੜ ਕੇ ਚਕਨਾਚੂਰ ਕਰ ਦਿੱਤਾ ਸੀ। ਕੂਕਾ ਲਹਿਰ ਨੇ ਜਿਹੜਾ ਉਤਸ਼ਾਹ ਰੂਸ ਸਰਕਾਰ ਦਾ ਬਣਾਇਆ ਸੀ, ਉਹ ਵੀ ਠੰਡਾ ਪੈ ਗਿਆ ਸੀ। ਕੂਕਿਆਂ ਨੇ ਬੜੀ ਤਿਆਰੀ ਏਧਰ ਕਰ ਲਈ ਸੀ, ਆਖ ਰਹੇ ਸਨ ਰੂਸ ਮਹਾਰਾਜਾ ਦਲੀਪ ਸਿੰਘ ਨੂੰ ਨਾਲ ਲੈ ਕੇ ਮੁੜ ਪੰਜਾਬ ਆ ਰਹੇ ਹਨ। ਕੂਕਾ ਲਹਿਰ ਨੇ ਚਾਰ ਲੱਖ ਕੂਕਾ ਫੌਜੀ ਤਿਆਰ ਕਰ ਲਏ ਸਨ। ਬੜੀ ਜ਼ੋਰਾਂ ਨਾਲ ਉਡੀਕ ਕਰ ਰਹੇ ਸਨ। ਕੂਕਾ ਪੰਜਾਬੀ



Sri Satguru Jagjit Singh Ji Elibrary NamdhariElibrary@gmail.com

ਕੌਮ ਦਾ ਜੋਸ਼ ਠਾਠਾਂ ਮਾਰ ਰਿਹਾ ਸੀ। ਕੂਕਾ ਲਹਿਰ ਦੇ ਸ਼ਹੀਦ ਸਾਥੀ ਤੋਪਾਂ ਨਾਲ ਉਡਾਏ ਗਏ। ਫਾਂਸੀਆਂ ਨਾਲ ਸ਼ਹੀਦ ਕੀਤੇ ਗਏ। ਜਿਊਂਦੇ ਸਾਥੀ (ਜਿਹੜੇ ਕਾਲੇ ਪਾਣੀਆਂ ਦੀ ਸਜ਼ਾ ਭੁਗਤ ਰਹੇ ਸਨ) ਉਹਨਾਂ ਨੂੰ ਛੁਡਾਉਣਾ ਚਾਹੁੰਦੇ ਸਨ ਅਤੇ ਅੰਗਰੇਜ਼ ਤੋਂ ਮੁੜ ਬਦਲਾ ਲੈਣਾ ਚਾਹੁੰਦੇ ਸਨ।

5. ਪੰਜਾਬ ਦੇ ਰਜਵਾੜਿਆਂ ਨੇ, ਜਗੀਰਦਾਰਾਂ ਨੇ, ਗੁਰਦੁਆਰੇ ਦੇ ਮਹੰਤਾਂ ਨਮਕ ਹਰਾਮੀਆਂ ਨੇ ਬਹੁਤ ਸਾਰੇ ਤਾਹਨੇ ਮਿਹਣੇ ਲਿਖ ਕੇ ਭੇਜੇ। ਮਹਾਰਾਜਾ ਦਲੀਪ ਸਿੰਘ ਰੂਸ ਨੂੰ ਛੱਡ ਕੇ ਫਰਾਂਸ ਚਲੇ ਗਏ। ਫਰਾਂਸ ਜਾ ਕੇ ਅਧਰੰਗ ਦੇ ਮਰੀਜ਼ ਬਣ ਗਏ। ਕੁਝ ਸਾਲ ਬਿਮਾਰ ਰਹਿ ਕੇ ਫਰਾਂਸ ਦੇ ਵਿਚ ਹੀ ਮਰ ਗਏ ਸਨ।

6. ਬਾਬਾ ਰਾਮ ਸਿੰਘ ਜੀ ਸਾਹਿਬ ਦਾ ਰਿਆਸਤਾਂ ਦੇ ਰਾਜਿਆਂ ਨੇ ਖਾਲਸਾ ਦੀਵਾਨ ਨੇ ਗੁਰਦੁਆਰਿਆਂ ਦੇ ਮਹੰਤਾਂ ਨੇ ਪੂਰਾ ਬਾਈਕਾਟ ਕਰ ਦਿੱਤਾ ਸੀ ਅਤੇ ਜਲਾਵਤਨ ਕਰਵਾ ਦਿੱਤੇ ਸਨ। ਸਿੱਖ ਪੰਥ ਸਮਝਣ ਵਾਲਿਆਂ ਨੇ ਜਗੀਰਦਾਰਾਂ ਨੇ ਹੋਰ ਝੋਲੀ ਚੁੱਕ ਅੰਗਰੇਜ਼ ਦੇ ਪਿੱਠੂਆਂ ਨੂੰ ਅੰਗਰੇਜ਼ ਨੂੰ ਵਧਾਈਆਂ ਦੇ ਖਤ ਲਿਖੇ ਸਨ। ਕਈ ਗੁਰਦੁਆਰੇ ਮਹੰਤਾਂ ਨੇ ਅੰਗਰੇਜ਼ ਨੂੰ ਸਰੋਪੇ ਵੀ ਭੇਟ ਕੀਤੇ ਸਨ।

7. ਬਾਬਾ ਰਾਮ ਸਿੰਘ ਜੀ ਸਾਹਿਬ ਕੋਈ ਨਵਾਂ ਧਰਮ ਚਲਾਉਣ ਦਾ ਮਨੋਰਥ ਨਹੀਂ ਸੀ। ਉਹਨਾਂ ਨੇ ਆਜ਼ਾਦੀ ਦੇ ਜੋਧਿਆਂ ਨੂੰ ਹਥਿਆਰਬੰਦ ਕਰਕੇ ਗੁਰੂਆਂ ਦੀ ਸਾਂਝੀਵਾਲਤਾ ਦਾ ਝੰਡਾ ਚੁੱਕਿਆ ਸੀ। ਉਹਨਾਂ ਫੌਜ ਵਿਚ ਰਹਿੰਦਿਆਂ ਸਿੱਖਾਂ ਵਿਚ ਬੇਹੱਦ ਕੁਰੀਤੀਆਂ ਤੱਕੀਆਂ ਸਨ। ਇਸ ਕਰਕੇ ਕੂਕਾ ਲਹਿਰ ਇਕ ਇਕ ਸਿੱਖ ਵਿਚ ਲੱਖਾਂ ਨਾਲ ਲੜਨ ਦੀ ਸ਼ਕਤੀ ਪੈਦਾ ਕਰ ਦਿੱਤੀ ਸੀ। ਕੂਕਾ ਲਹਿਰ ਦਾ ਜਨਮ 13 ਅਪਰੈਲ, 1858 ਈਸਵੀ ਨੂੰ ਹੋਇਆ ਸੀ। ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ ਅਤੇ ਬਾਬਾ ਜੀ ਨੇ ਫਿਰ ਆਪ ਛਕਿਆ ਸੀ। ਬਾਜਾਂ ਨੂੰ ਘੇਰਨ ਦੀ ਸ਼ਕਤੀ ਚਿੜੀਆਂ ਵਿਚ ਭਰ ਦਿੱਤੀ ਸੀ। ਮਨੁੱਖ ਵਿਚ ਭਗਤੀ ਅਤੇ ਸ਼ਕਤੀ ਦੀ ਕਲਾ ਜਾਗ ਪਈ ਸੀ।

8. 1857 ਈਸਵੀ ਦਾ ਗ਼ਦਰ ਇਸ ਕਰਕੇ ਸਫਲ ਨਹੀਂ ਸੀ ਹੋਇਆ। ਅੰਗਰੇਜ਼ ਸਰਕਾਰ ਨੇ ਸਿਰਫ ਦਿੱਲੀ ਵਿਚ ਜਨਤਾ ਵਿਚ ਦਹਿਸ਼ਤ ਫੈਲਾਣ ਵਾਸਤੇ 27000 ਦੇਸ਼ ਭਗਤਾਂ ਨੂੰ ਆਜ਼ਾਦੀ ਮੰਗਣ ਆਇਆਂ ਨੂੰ ਫਾਂਸੀ ਲਟਕਾਕੇ ਸ਼ਹੀਦ ਕਰ ਦਿੱਤੇ ਸਨ। ਹੋਰ ਸਾਰੇ ਸਥਾਨਾਂ ਦੀ ਗਿਣਤੀ ਬਹੁਤ ਵਧ ਜਾਂਦੀ ਹੈ। ਇਕੱਲੀ ਦਿੱਲੀ ਦੇ ਹੀ ਆਂਕੜੇ ਹਨ।

9. ਜਿਹੜਾ ਸੰਗਰਾਮ ਮਹਾਤਮਾ ਗਾਂਧੀ ਨੇ 1921 ਨੂੰ ਸ਼ੁਰੂ ਕੀਤਾ ਸੀ। ਇਸ ਤੋਂ ਪਹਿਲਾਂ 50 ਸਾਲ ਪਹਿਲਾਂ ਕੂਕਾ ਲਹਿਰ ਨੇ ਚਲਾਇਆ ਸੀ। ਇਹ ਤਹਿਰੀਕ 1857 ਈ: ਨੂੰ ਕੂਕਾ ਲਹਿਰ ਨੇ ਸ਼ੁਰੂ ਕੀਤੀ। ਗਾਂਧੀ ਜੀ ਨੇ ਤਾਂ ਅੰਗਰੇਜ਼ ਨਾਲ ਯਾਰੀਆਂ ਗੰਢਣ ਤੋਂ ਬਗੈਰ ਕੋਈ ਮਾਸ ਮੂਵਮੈਂਟ ਨਹੀਂ ਸੀ ਚਲਾਈ। ਇਕ ਵਕੀਲ ਹੋਣ ਦੇ ਨਾਤੇ ਚੱਲ ਰਹੇ ਸੰਘਰਸ਼ਾਂ ਦੀਆਂ ਪੈੜਾਂ ਦੱਬ ਕੇ ਅੰਗਰੇਜ਼ ਦੀ ਨਿੱਜੀ ਮਾਲਕੀ ਦਾ ਰੋਲ ਕਰਦਾ ਰਿਹਾ। ਗਾਂਧੀ ਬਾਰੇ ਅਗਲੇ ਸਫਿਆਂ ਵਿਚ ਜਾਣਕਾਰੀ ਕਰਾਂਗੇ।

(10) ਬਾਬੇ ਗ਼ਦਰੀ ਵੀ ਕੂਕਾ ਲਹਿਰ ਤੋਂ ਪ੍ਰੇਰਨਾ ਲੈ ਕੇ ਆਰਥਿਕ ਆਜ਼ਾਦੀ ਦੇ ਸੰਘਰਸ਼

Sri Satguru Jagjit Singh Ji Elibrary NamdhariElibrary@gmail.com

ਵਿਚ ਕੁੱਦੇ ਸਨ। ਤਹਿਰੀਕ ਗ਼ਦਰ ਦੇ ਮੋਢੀ ਬਾਬਾ ਸੋਹਨ ਸਿੰਘ ਜੀ ਭਕਨਾ ਆਪਣੀ ਜੀਵਨੀ ਵਿਚ ਲਿਖਦੇ ਹਨ। ਕਹਿੰਦੇ ਹਨ ਮੈਨੂੰ ਮੁੱਢਲੀ ਪ੍ਰੇਰਨਾ ਕੂਕਾ ਲਹਿਰ ਦੇ ਬਾਬਾ ਕੇਸਰ ਸਿੰਘ ਜੀ ਤੋਂ ਪ੍ਰਾਪਤ ਹੋਈ ਹੈ। ਅੱਗੇ ਚੱਲ ਕੇ ਲਿਖਦੇ ਹਨ ਜਿੰਨਾ ਚਿਰ ਅਸੀਂ ਆਰਥਿਕ ਆਜ਼ਾਦੀ ਹਾਸਿਲ ਨਹੀਂ ਕਰ ਲੈਂਦੇ ਉੱਨਾ ਚਿਰ ਗਰੀਬ ਵਰਗ ਮਨੁੱਖੀ ਬਰਾਬਰਤਾ ਤੋਂ ਪਛੜਿਆ ਰਹੇਗਾ ਅਤੇ ਮਾਰ ਖਾਂਦਾ ਰਹੇਗਾ। ਮਨੁੱਖ ਨੂੰ ਮਨੁੱਖ ਲੁੱਟਦਾ ਰਹੇਗਾ। ਅੱਜ ਦੇ ਸਮਾਜ ਵਿਚ ਗ਼ਰੀਬ ਵਰਗ ਵੀ ਪਸ਼ੂਆਂ ਵਰਗੀ ਜ਼ਿੰਦਗੀ ਬਤੀਤ ਕਰਦੇ ਹਨ। ਮਨੁੱਖ ਨੂੰ ਮਨੁੱਖਾਂ ਕੋਲ ਵੇਚ ਦਿੱਤਾ ਜਾਂਦਾ ਹੈ।

ਇਸ ਕਰਕੇ ਅੰਗਰੇਜ਼ ਸਰਕਾਰ ਦਾ ਮਕਸਦ ਸੀ, ਮਨੁੱਖੀ ਬਰਾਬਰਤਾ ਦਾ ਪ੍ਰਚਾਰ ਕਰਨ ਵਾਲੀ ਕੂਕਾ ਲਹਿਰ ਨੂੰ ਕੁਚਲ ਦਿੱਤਾ ਜਾਵੇ। ਪਰ ਕੂਕਾ ਲਹਿਰ ਦਿਨ ਦੁੱਗਣੀ ਅਤੇ ਰਾਤ ਚੌਗਣੀ ਆਪਣੇ ਯਤਨ ਜਾਰੀ ਰੱਖੇ। ਐਸਾ ਪਵਿੱਤਰ ਖ਼ੂਨ ਪੰਜਾਬ ਮਲੇਰਕੋਟਲੇ ਦੇ ਕੱਲਰ ਵਿਚ ਡੁਲ੍ਹਿਆ। ਅਖ਼ੀਰ ਅੰਗਰੇਜ਼ ਸਰਕਾਰ ਨੂੰ ਆਪਣਾ ਬੋਰੀਆ ਬਿਸਤਰਾ ਬੰਨ੍ਹ ਕੇ 15 ਅਗਸਤ, 1947 ਨੂੰ ਸੱਤਾਂ ਸਮੁੰਦਰਾਂ ਤੋਂ ਪਾਰ ਚਲਾ ਗਿਆ ਸੀ। ਇਤਿਹਾਸ ਗਵਾਹ ਹੈ, ਜ਼ਾਲਿਮ ਸਰਕਾਰ ਦੇ ਮਕਸਦ ਕਦੇ ਪੂਰੇ ਨਹੀਂ ਹੋਏ। ਅਤੇ ਨਾ ਹੀ ਅੱਗੇ ਤੋਂ ਹੋ ਸਕਦੇ ਹਨ। ਆਮ ਲੋਕ ਲਹਿਰਾਂ ਦੀ ਹੀ ਜਿੱਤ ਹੁੰਦੀ ਹੈ। ਮਹਾਨ ਲੋਕਾਂ ਦੀਆਂ ਲਹਿਰਾਂ ਮਹਾਨ ਹੁੰਦੀਆਂ ਹਨ। ਮਹਾਨ ਕਾਰਜ ਵਾਸਤੇ ਤੁਰੀਆਂ ਲਹਿਰਾਂ ਕਦੇ ਖ਼ਤਮ ਨਹੀਂ ਹੁੰਦੀਆਂ ਅੱਗੇ ਵਧਦੀਆਂ ਜਾਂਦੀਆਂ ਹਨ।

(11) ਅੰਗਰੇਜ਼ਾਂ ਦੇ ਖ਼ਿਲਾਫ਼ ਸਭ ਤੋਂ ਪਹਿਲਾਂ ਕੂਕਾ ਲਹਿਰ ਨੇ 1857 ਈਸਵੀ ਨੂੰ ਆਜ਼ਾਦੀ ਸੰਗ੍ਰਾਮ ਸ਼ੁਰੂ ਕੀਤਾ। ਮੈਂ ਇਹ ਤੱਥ ਲਿਖਦਾ ਸਿੱਖ ਲਹਿਰਾਂ ਉੱਤੇ ਮਾਣ ਮਹਿਸੂਸ ਕਰਦਾ ਹਾਂ। ਸਿੱਖ ਲਹਿਰਾਂ ਦੇ ਬਹਾਦਰੀ ਨਾਲ ਕਦਮ ਅੱਗੇ ਹੀ ਅੱਗੇ ਵਧਦੇ ਗਏ ਸਨ। 1857 ਈਸਵੀ ਦੇ ਗ਼ਦਰ ਵਿਚ ਬਾਬਾ ਰਾਮ ਸਿੰਘ ਦੀ ਅਗਵਾਈ ਥੱਲੇ 13 ਸਿੱਖ ਸ਼ਹੀਦੀਆਂ ਪ੍ਰਾਪਤ ਕਰ ਗਏ ਸਨ। ਕੂਕਾ ਲਹਿਰ ਦਾ ਸੰਘਰਸ਼ 1857 ਈਸਵੀ ਤੋਂ ਸ਼ੁਰੂ ਹੁੰਦਾ ਹੈ।

(12) ਦਸੰਬਰ 1885 ਈਸਵੀ ਨੂੰ ਬਹੁਤ ਵੱਡੇ ਸ਼ਹਿਰ ਬੰਬਈ ਵਿਚ ਕਾਂਗਰਸ ਨਾਮ ਦੀ ਜਥੇਬੰਦੀ ਹੋਂਦ ਵਿਚ ਆਈ। ਇਸ ਮੀਟਿੰਗ ਵਿਚ 72 ਆਦਮੀ ਹੀ ਪਹੁੰਚੇ ਸਨ। ਇਹੀ ਕਾਂਗਰਸ ਕਮੇਟੀ 1907 ਈਸਵੀ ਤੱਕ ਪ੍ਰਸਤਾਵ ਅੰਗਰੇਜ਼ ਸਰਕਾਰ ਤੋਂ ਪਾਸ ਕਰਾਉਂਦੀ ਰਹੀ। ਇਹ ਜਥੇਬੰਦੀ ਅੰਗਰੇਜ਼ਾਂ ਦੀ ਵਫ਼ਾਦਾਰ ਜਥੇਬੰਦੀ ਸੀ। ਇਸ ਜਥੇਬੰਦੀ ਦੇ ਮੈਂਬਰ ਸਿਰਫ਼ ਨੌਕਰ ਹੀ ਬਣਾਉਂਦੇ ਸਨ। 1907 ਈਸਵੀ ਤੱਕ ਕੋਈ ਸੰਘਰਸ਼ ਆਜ਼ਾਦੀ ਵਾਸਤੇ ਨਾ ਕਰ ਸਕੇ।

(13) ਜਦੋਂ ਦੱਖਣੀ ਭਾਰਤ ਦਾ ਯੋਧਾ ਲੋਕਮਾਣ ਤਿਲਕ ਅਤੇ ਪੰਜਾਬ ਦਾ ਬਹਾਦਰ ਸਿਪਾਹੀ ਲਾਲਾ ਲਾਜਪਤ ਰਾਏ ਆਜ਼ਾਦੀ ਸੰਗ੍ਰਾਮ ਵਿਚ ਕੁੱਦੇ। ਅੰਗਰੇਜ਼ ਸਰਕਾਰ ਦੀ ਤਿੱਖੀ ਆਲੋਚਨਾ ਸ਼ੁਰੂ ਕੀਤੀ। ਲਾਲਾ ਲਾਜਪਤ ਰਾਏ ਨੂੰ ਬ੍ਰਹਮਾ ਵਿਚ ਦੇਸ਼ ਨਿਕਾਲਾ ਦੇ ਦਿੱਤਾ ਗਿਆ। ਲੋਕਮਾਣ ਤਿਲਕ ਨੂੰ ਮਾਂਡਲੇ ਜੇਹਲ ਵਿਚ ਬੰਦ ਕਰ ਦਿੱਤਾ ਗਿਆ। ਇਸ ਤੋਂ ਬਾਅਦ ਸਾਰੇ ਦੇਸ਼ ਵਿਚ ਹੰਗਾਮੇ ਸ਼ੁਰੂ ਹੋਏ। ਫਿਰ ਅੰਗਰੇਜ਼ ਸਰਕਾਰ ਦੇ ਖ਼ਿਲਾਫ਼ ਲੋਕ ਉਠ ਖੜੇ ਹੋਏ। ਅੰਗਰੇਜ਼ ਸਰਕਾਰ ਨੂੰ ਉਪਰੋਕਤ ਦੋਨਾਂ ਦੇਸ਼ ਭਗਤਾਂ ਨੂੰ ਵਾਪਸ ਬੁਲਾਉਣਾ ਪਿਆ।

(14) ਕੂਕਾ ਲਹਿਰ ਨੂੰ ਆਜ਼ਾਦੀ ਆਉਣ ਤੋਂ ਬਾਅਦ ਸਰਮਾਏਦਾਰ ਲੀਡਰ ਲੋਕਾਂ ਨੇ ਜਰਾਇਮ ਪੇਸ਼ਾ ਕਰਾਰ ਦਿੱਤਾ ਗਿਆ। ਰਾਜਨੀਤੀ ਤੇ ਕਾਬਜ਼ ਸਰਮਾਏਦਾਰਾਂ ਲੋਕਾਂ ਨੇ ਕੂਕਾ

ਲਹਿਰ ਦੀ ਆਜ਼ਾਦੀ ਸੰਗ੍ਰਾਮੀਆਂ ਨੂੰ ਜਨੂੰਨੀ ਐਨਕਾਂ ਲਾ ਕੇ ਦੇਖਦੇ ਹਾਂ। ਆਜ਼ਾਦੀ ਦੇ ਇਤਿਹਾਸ ਵਿਚ ਸ਼ਾਮਲ ਕਰਨ ਤੋਂ ਬਹੁਤ ਗੁਰੇਜ਼ ਕਰਦੇ ਹਨ। ਆਪਣਾ ਬਨਾਵਟੀ ਰੋਲ ਕਰਦੇ ਆਪਣੀ ਨੇਤਾਗਿਰੀ ਚਮਕਾਉਂਦੇ ਹਨ। ਰਾਜ ਸਤਾ ਵਿਚ ਆਪਣੇ ਖ਼ੂਨੀ ਪੰਜੇ ਲੁਕੋ ਕੇ ਮਨੁੱਖੀ ਹਿੱਤਾਂ ਉਤੇ ਦਿਨੇ ਡਾਕੇ ਮਾਰਦੇ ਹਨ। ਅਤੇ ਝੂਠੀ ਰਾਜਨੀਤੀ ਦਾ ਪਸਾਰਾ ਕਰਦੇ ਹਨ। ਆਪਣੀ ਰਾਜਨੀਤੀ ਰਾਹੀਂ ਇਸ ਸਾਂਝੀਵਾਲਤਾ ਦਾ ਨਮੂਨਾ ਖ਼ਤਮ ਕਰਨਾ ਚਾਹੁੰਦੇ ਹਨ। ਇਹ ਆਪਣੀਆਂ ਜੜ੍ਹਾਂ ਆਪ ਖੋਖਲੀਆਂ ਕਰ ਰਹੇ ਹਨ। ਗੁਰੂਆਂ ਦੀ ਚਲਾਈ ਹੋਈ ਸਾਂਝੀਵਾਲਤਾ ਦੀ ਲਹਿਰ ਨੂੰ ਖ਼ਤਮ ਨਹੀਂ ਕਰ ਸਕਦੇ। ਮਨੁੱਖੀ ਹਿੱਤਾਂ ਦੇ ਰਾਖੇ ਦਿਨੋਂ-ਦਿਨ ਜਾਗ ਰਹੇ ਹਨ।

(15) ਕੂਕਾ ਲਹਿਰ ਬਾਰੇ ਪ੍ਰਤੱਖ ਈਰਖਾ ਹੈ। ਘਟੀਆ ਰਾਜਨੀਤਿਕ ਸਰਮਾਏਦਾਰਾਂ ਨੇ ਆਜ਼ਾਦੀ ਆਉਣ ਤੋਂ ਬਾਅਦ ਕੂਕਾ ਲਹਿਰ ਦੇ ਦੇਸ਼ ਭਗਤਾਂ ਨੂੰ ਕੋਈ ਮਾਨ ਨਹੀਂ ਦਿੱਤਾ। ਕੂਕਿਆਂ ਦੇ ਸਤਿਕਾਰ ਵਜੋਂ ਭਾਵ ਅਮਰ ਸ਼ਹੀਦਾਂ ਦੀ ਯਾਦ ਵਿਚ ਅਜੇ ਤੱਕ ਨਾ ਤਾਂ ਕੋਈ ਹਾਈ ਸਕੂਲ ਬਣਾਇਆ ਹੈ। ਅਤੇ ਨਾ ਹੀ ਕੋਈ ਕਾਲਜ ਯੂਨੀਵਰਸਿਟੀ ਤਾਂ ਕੀ ਬਨਾਉਣੀ ਸੀ। ਇਥੇ ਤੱਕ ਕਿਸੇ ਸੜਕ ਦਾ ਕੂਕਾ ਮਾਰਗ ਤੱਕ ਨਾਮ ਨਹੀਂ ਰੱਖਿਆ ਗਿਆ। ਇਹ ਸਰਮਾਏਦਾਰ ਰਾਜ ਤੇ ਕਬਜ਼ੇ ਨੇ 45 ਸਾਲ ਮਨੁੱਖੀ ਹਿੱਤਾਂ ਖ਼ਾਤਰ ਅਮਰ ਸ਼ਹੀਦੀਆਂ ਪਾਉਣ ਵਾਲਿਆਂ ਦੀ ਕੋਈ ਪ੍ਰਵਾਹ ਨਹੀਂ ਕੀਤੀ।

ਹੁਣ ਕਿਤੇ ਜਾ ਕੇ 24 ਜੂਨ 1993 ਈਸਵੀ ਨੂੰ ਬੇਅੰਤ ਸਿੰਘ ਮੁੱਖ ਮੰਤਰੀ ਪੰਜਾਬ ਉਸ ਕੋਠਰ ਵਿਚ ਗਿਆ। ਨੀਂਹ ਪੱਥਰ ਰੱਖਣ ਸਮੇਂ ਇਉਂ ਜਾਪ ਰਿਹਾ ਹੈ ਜਿਵੇਂ ਪੰਜਾਬ ਵਿਚ ਆਜ਼ਾਦੀ ਆਈ ਹੀ ਨਹੀਂ। ਪੰਜਾਬ ਅਜੇ ਵੀ ਅੰਗਰੇਜ਼ ਦੇ ਖ਼ੂਨੀ ਪੰਜਿਆਂ ਵਿਚ ਫਸਿਆ ਦਿਸਦਾ ਹੈ।

(16) ਬਾਬਾ ਜਗਜੀਤ ਸਿੰਘ ਜੀ ਸਾਹਿਬ ਤੇ ਬਾਬਾ ਬੀਰ ਸਿੰਘ ਜੀ ਸਾਹਿਬ ਨੇ ਜੀਵਨ ਨਗਰ ਦੇਰੀਦੇ ਵਿਚ, ਆਪਣੇ ਤੌਰ ਤੇ ਹੀ ਆਮ ਲੋਕਾਂ ਦੇ ਸੰਪਰਕ ਨਾਲ, ਇਕ ਹਾਈ ਸਕੂਲ ਲੜਕੀਆਂ ਦਾ ਇਕ ਹਾਈ ਸਕੂਲ ਮੁੰਡਿਆਂ ਦਾ ਅਤੇ ਕਾਲਜ ਵੀ ਚਲਾਇਆ ਹੋਇਆ ਹੈ। ਆਉਣ ਵਾਲੀ ਨਵੀਂ ਪੀੜ੍ਹੀ ਨੂੰ ਜੀਵਨ ਗਿਆਨ ਪ੍ਰਾਪਤ ਕਰ ਸਕਣ। ਇਹ ਆਪਣੀ ਪਹੁੰਚ ਨਾਲ ਚਲਾਏ ਗਏ ਹਨ। ਇਹ ਇਲਾਕਾ ਆਮ ਲੋਕਾਂ ਨੇ ਅੰਨ ਭੰਡਾਰ ਦਾ ਕੇਂਦਰ ਬਣਾਇਆ ਹੋਇਆ ਹੈ। ਆਮ ਲੋਕਾਂ ਨੂੰ ਨਾਲ ਲੈ ਕੇ ਬਾਬਾ ਜਗਜੀਤ ਸਿੰਘ ਨੇ ਤੇ ਬਾਬਾ ਬੀਰ ਸਿੰਘ ਜੀ ਨੇ ਜੀਵਨ ਨਗਰ ਇਲਾਕੇ ਵਾਸਤੇ ਜੀਵਨ ਪਹੁੰਚ ਬਣਾਈ ਹੋਈ ਹੈ। ਏਸ ਸਰਮਾਏਦਾਰ ਸਰਕਾਰ ਨੇ ਇਸ ਪੰਜਾਬੀ ਕੌਮ ਦੇ ਇਲਾਕੇ ਵਾਸਤੇ ਕੋਈ ਵਿਸ਼ੇਸ਼ ਧਿਆਨ ਨਹੀਂ ਦਿੱਤਾ। ਆਮ ਕਿਰਤੀਆਂ ਦੇ ਜੀਵਨ ਵਾਸਤੇ ਕੋਈ ਵਿਸ਼ੇਸ਼ ਪ੍ਰਬੰਧ ਸਰਕਾਰ ਨਹੀਂ ਕਰ ਰਹੀ। ਇਸ ਇਲਾਕੇ ਵਿਚ ਸਖ਼ਤ ਮੇਹਨਤ ਕਰਨ ਵਾਲੀ ਪੰਜਾਬੀ ਕੌਮ ਨੇ ਆਪਣੀਆਂ ਸਮਾਜਿਕ ਸੀਮਤ ਲੋੜਾਂ ਪੂਰੀਆ ਆਪਣੇ ਬਾਹੂਬਲ ਨਾਲ ਕੀਤੀਆਂ ਹਨ। ਸਰਕਾਰ ਅਜੇ ਤਕ ਚੁਪ ਧਾਰੀ ਦਿਖਾਈ ਦੇ ਰਹੀ ਹੈ।

Sri Satguru Jagjit Singh Ji Elibrary NamdhariElibrary@gmail.com

## ਕਾਂਡ—9

(1) ਬਚਪਨ ਵਿਚ ਹੀ ਬਾਬਾ ਰਾਮ ਸਿੰਘ ਜੀ ਸਾਹਿਬ ਨੂੰ, ਮਾਤਾ ਜੀ ਤੇ ਪਿਤਾ ਜੀ ਤੋਂ ਸਿੱਖ ਲਹਿਰ ਦੇ ਇਤਿਹਾਸ ਬਾਰੇ ਵਿਰਸੇ ਵਿਚੋਂ ਗਿਆਨ ਮਿਲ ਗਿਆ ਸੀ। ਸਿੱਖ ਹੋ ਜਾਣ ਤੋਂ ਬਾਅਦ ਫੌਜੀ ਜੀਵਨ ਸਮੇਂ, ਬਾਬਾ ਬਾਲਕ ਸਿੰਘ ਜੀ ਸਾਹਿਬ ਤੋਂ ਗਿਆਨ ਪ੍ਰਾਪਤ ਕਰਨ ਤੋਂ ਬਾਅਦ ਕੂਕਾ ਲਹਿਰ ਦੀ ਉਸਾਰੀ ਕੀਤੀ ਸੀ। ਬਾਬਾ ਰਾਮ ਸਿੰਘ ਜੀ ਸਾਹਿਬ ਨੇ ਅਮਲ ਵਿਚ ਉਤਰਨਾ ਹੀ ਸਿੱਖੀ ਸਮਝਿਆ ਸੀ। ਕਿਉਂਕਿ ਕਿਰਤੀ ਸਿਰੜੀਆਂ ਵਿਚੋਂ ਆਏ ਸਨ।

ਇਸ ਤੋਂ ਪਹਿਲਾਂ ਜਿਹੜੇ ਸਿੱਖ ਸਨ, ਉਹ ਦਾੜ੍ਹੀ ਕੇਸਾਂ ਤੋਂ ਹੀ ਸਿੱਖ ਲਗਦੇ ਸਨ। ਉਹਨਾਂ ਸਿੱਖਾਂ ਦਾ ਮਹਾਂ ਦੀ ਸਵੈਦੀ ਜਿੰਨਾ ਵੀ ਸਿੱਖ ਮਰਯਾਦਾ ਤੇ ਅਮਲ ਨਹੀਂ ਸੀ। ਭਾਵ ਸਿੱਖੀ ਦੀ ਮਰਯਾਦਾ ਬਿਲਕੁਲ ਖ਼ਤਮ ਹੋ ਚੁੱਕੀ ਸੀ।

ਗੁਰੂ ਨਾਨਕ ਸਾਹਿਬ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸਿੱਖ ਮਰਯਾਦਾ ਨਵੇਂ ਸਿਰਿਓਂ, ਮਨੁੱਖੀ ਬਰਾਬਰਤਾ ਦੀ ਲਹਿਰ ਨੂੰ ਅੱਗੇ ਚਲਾਉਣ ਵਾਸਤੇ, ਬਾਬਾ ਬਾਲਕ ਸਿੰਘ ਜੀ ਤੋਂ ਭਜਨ ਪੁੱਛ ਕੇ ਦ੍ਰਿੜ੍ਹ ਇਰਾਦੇ ਕਰਕੇ ਭਾਵ ਆਪਣੀ ਆਤਮਾ ਨਾਲ ਪ੍ਰਣ ਕਰਕੇ, ਬਾਬਾ ਰਾਮ ਸਿੰਘ ਜੀ ਸਾਹਿਬ ਨੇ ਤਾਂ ਹੀ ਫੌਜ ਨੂੰ ਅਸਤੀਫਾ ਦਿੱਤਾ ਸੀ। ਸ੍ਰੀ ਭੈਣੀ ਸਾਹਿਬ ਆਪਣੇ ਸਾਥੀਆਂ ਸਮੇਤ ਆਪੋ ਆਪਣੇ ਪਿੰਡਾਂ ਨੂੰ ਆ ਗਏ ਸਨ।

(2) ਕੂਕਾ ਲਹਿਰ ਦਾ ਪੁਜਾਰੀ ਸ੍ਰ: ਦਰਬਾਰਾ ਸਿੰਘ ਰਾਏਪੁਰੀਆ ਇਕ ਅਮੀਰ ਘਰਾਣੇ ਵਿਚੋਂ ਸੀ। ਕੂਕਾ ਲਹਿਰ ਵਿਚ ਯੋਗਦਾਨ ਪਾਉਣਾ ਆਪਣਾ ਫਰਜ਼ ਸਮਝਦਾ ਸੀ। ਕਿਸੇ ਕੂਕੇ ਨੇ ਬਾਹਰ-ਅੰਦਰ ਜਾਣਾ ਹੁੰਦਾ ਸੀ। ਆਪਣੇ ਵਲੋਂ ਸਿਫਾਰਸ਼ ਕਰਕੇ ਡਿਪਟੀ ਲੁਧਿਆਣਾ ਤੋਂ ਮੰਜ਼ੂਰੀ ਲੈਣੀ ਪੈਂਦੀ ਸੀ। ਸ੍ਰ: ਦਰਬਾਰਾ ਸਿੰਘ ਦਾ ਕੂਕਾ ਲਹਿਰ ਨਾਲ ਅੰਦਰੋਂ ਪਿਆਰ ਸੀ ਅਤੇ ਪੰਜਾਬੀ ਕੌਮ ਨੂੰ ਪੰਜਾਬ ਨੂੰ ਆਜ਼ਾਦ ਵੇਖਣਾ ਚਾਹੁੰਦਾ ਸੀ।

ਇਕ ਦਿਨ ਸਰਕਾਰੀ ਕੰਮ ਵਾਸਤੇ ਲੁਧਿਆਣੇ ਗਿਆ। ਪੁਲਿਸ ਕਪਤਾਨ ਮਿ: ਬਾਟਣ ਸਾਹਿਬ ਬਾਹਰ ਗਏ ਹੋਏ ਸੀ। ਬੰਗਲੇ ਵਿਚ ਇਕੱਲੀ ਬਾਟਣ ਸਾਹਿਬ ਜੀ ਦੀ ਮੇਮ ਏਧਰ ਓਧਰ ਟਹਿਲ ਰਹੀ ਸੀ। ਅਰਦਲੀ ਆਪਣੇ ਕੰਮ ਵਿਚ ਰੁਝਿਆ ਹੋਇਆ ਸੀ। ਮੇਮ ਸਾਹਿਬ ਨੇ ਸ੍ਰ: ਦਰਬਾਰਾ ਸਿੰਘ ਨੂੰ ਅੰਦਰ ਆਉਣ ਵਾਸਤੇ ਆਖਿਆ।

ਸ੍ਰ: ਦਰਬਾਰਾ ਸਿੰਘ ਜੀ ਨੇ ਮੇਮ ਸਾਹਿਬ ਕੋਲ ਕੂਕਾ ਲਹਿਰ ਦੇ ਜਲਾਵਤੀਨਾਂ ਬਾਰੇ ਅਫਸੋਸ ਕਰਦਿਆਂ ਗੱਲ ਤੋਰ ਦਿੱਤੀ ਸੀ। ਮੇਮ ਸਾਹਿਬ ਨੇ ਆਖਿਆ ਅਰੇ ਸਰਦਾਰ ਜੀ ਬਾਬਾ ਰਾਮ ਸਿੰਘ ਨੇ ਦੇਸ਼ ਭਗਤਾਂ ਵਾਲਾ ਰੋਲ ਕਰਿਆ ਥਾ। ਹਰ ਇਕ ਬਗ਼ਾਵਤ ਕਰਨ ਵਾਲਿਆਂ ਕੋ

ਨੋਟ—ਬਾਬਾ ਰਾਮ ਸਿੰਘ ਜੀ ਨਾਲ ਦੂਸਰੇ ਸਾਥੀ ਪੱਚੀ (25) ਜਿਨ੍ਹਾਂ ਨੇ ਬਾਬਾ ਬਾਲਕ ਸਿੰਘ ਜੀ ਤੋਂ ਭਜਨ ਪੁਛਿਆ ਸੀ, ਅਤੇ ਸਿੱਖ ਲਹਿਰ ਨੂੰ ਅੱਗੇ ਤੋਰਨ ਦਾ ਪ੍ਰਣ ਕੀਤਾ ਸੀ।



Sri Satguru Jagjit Singh Ji Elibrary NamdhariElibrary@gmail.com

ਸਰਕਾਰ ਸਜ਼ਾ ਦੇਂਦੀ ਹੈ। ਅੱਗੇ ਹੋਰ ਆਖਿਆ, ਬਾਬਾ ਰਾਮ ਸਿੰਘ ਜੀ ਨੂੰ ਉਸਦੇ ਤਿਨ ਸਾਥੀਆਂ ਸਮੇਤ ਬ੍ਰਹਮਾ ਦੀ ਰਾਜਧਾਨੀ ਰੰਗੂਨ ਵਿਚ ਭੇਜ ਦਿੱਤਾ ਹੈ। ਸੂ: ਦਰਬਾਰਾ ਸਿੰਘ ਨੇ ਆਲਾਭੋਲਾ ਹੋ ਕੇ ਬ੍ਰਹਮਾ ਵੀ ਆਉਣ ਜਾਣ ਦਾ ਰਸਤਾ ਪੁੱਛ ਲਿਆ ਸੀ। ਮੇਮ ਸਾਹਿਬ ਨੇ ਰੰਗੂਨ ਦਾ ਨਕਸ਼ਾ ਦਿਖਾਉਂਦਿਆਂ ਰੰਗੂਨ ਦਾ ਰਾਹ ਚੰਗੀ ਤਰ੍ਹਾਂ ਸਮਝਾ ਦਿੱਤਾ ਸੀ। ਜਦੋਂ ਕਿਸੇ ਨੂੰ ਸਜ਼ਾ ਹੋ ਜਾਂਦੀ ਹੈ। ਮਨੁੱਖੀ ਆਤਮਾ ਤੇ ਜ਼ਰੂਰ ਤਰਸ ਆ ਜਾਂਦਾ ਹੈ। ਮਾੜੇ ਕੰਮਾਂ ਨੂੰ ਲਾਅਨਤਾਂ ਪਾਉਂਦੀ ਹੈ। ਸੂ: ਦਰਬਾਰਾ ਸਿੰਘ ਸਾਰਾ ਨਕਸ਼ਾ ਸਮਝ ਗਿਆ ਸੀ।

(3) ਸੂ: ਦਰਬਾਰਾ ਸਿੰਘ ਜੀ ਲੁਧਿਆਣੇ ਤੋਂ ਸ੍ਰੀ ਭੈਣੀ ਸਾਹਿਬ ਜਾ ਕੇ ਕੂਕਾ ਲਹਿਰ ਦੇ ਮੁਖੀ ਜਥੇਦਾਰਾਂ ਨੂੰ ਬ੍ਰਹਮਾ ਰੰਗੂਨ ਦਾ ਸਾਰਾ ਨਕਸ਼ਾ ਦੱਸ ਕੇ, ਚੰਗੀ ਤਰ੍ਹਾਂ ਸਾਰੇ ਰਸਤੇ ਆਉਣ ਜਾਣ ਬਾਰੇ ਜਾਣੂ ਕਰਾ ਦਿੱਤੇ ਸਨ। ਬਾਬਾ ਰਾਮ ਸਿੰਘ ਜੀ ਨੂੰ ਬ੍ਰਹਮਾ, ਰੰਗੂਨ ਵਿਚ ਵਾਰੀ-ਵਾਰੀ ਕੂਕਾ ਲਹਿਰ ਦੇ 88 ਆਗੂ ਪੰਜਾਬ ਤੋਂ ਰੰਗੂਨ ਬਾਬਾ ਜੀ ਨੂੰ ਮਿਲਣ ਗਏ ਸਨ।

ਸਿੱਖ ਜਾ ਕੇ ਰੰਗੂਨ ਵਿਚ ਬਾਬਾ ਰਾਮ ਸਿੰਘ ਜੀ ਨੂੰ ਮਿਲਕੇ ਮੀਟਿੰਗਾਂ ਕਰਦੇ ਰਹੇ ਸਨ। ਕੂਕਾ ਲਹਿਰ ਨੂੰ ਹੋਰ ਤੇਜ਼ ਕਰਨ ਵਾਸਤੇ ਵਿਦੇਸ਼ਾਂ ਨਾਲ ਤਾਲਮੇਲ ਕਰਨ ਦਾ ਪ੍ਰੋਗਰਾਮ ਬਣਾਉਂਦੇ ਰਹੇ ਸਨ। ਬਾਬਾ ਜੀ ਦੇ ਹੁਕਮ ਅਨੁਸਾਰ ਵਿਦੇਸ਼ਾਂ ਨਾਲ ਸੰਧੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਸੀ। ਰੰਗੂਨ ਨੂੰ ਪੰਜਾਬੀ ਕੌਮ ਨੇ ਖੇਤ ਬਣਾ ਲਿਆ ਸੀ। ਫਿਰ ਵੀ ਕੂਕਾ ਲਹਿਰ ਨੇ ਵਿਦੇਸ਼ਾਂ ਨਾਲ ਸੰਧੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਸਨ। ਕਸ਼ਮੀਰ, ਕਾਬਲ, ਨੇਪਾਲ ਵਿਚ ਤਾਂ ਕੂਕਾ ਲਹਿਰ ਨੇ ਦੂਤਾ ਘਰ ਵੀ ਬਣਾ ਲਏ ਸਨ।

(4) ਜਦੋਂ ਰੂਸ ਵਿਚ 7 ਅਕਤੂਬਰ 1917 ਈ: ਵਿਚ ਇਨਕਲਾਬ ਆਇਆ। ਨਵੀਂ ਕੌਮਨਿਸਟ ਸਰਕਾਰ ਨੂੰ ਬਾਬਾ ਰਾਮ ਸਿੰਘ ਸਾਹਿਬ ਦੀਆਂ ਘੱਲੀਆਂ ਚਿੱਠੀਆਂ ਹੱਥ ਲੱਗੀਆਂ। ਇਹੀ ਚਿੱਠੀਆਂ ਪੁਰਾਣੀ ਜ਼ਾਰ—ਸਰਕਾਰ ਨੂੰ ਘੱਲੀਆਂ ਗਈਆਂ ਸਨ। ਨਵੀਂ ਕੌਮਨਿਸਟ ਸਰਕਾਰ ਨੇ, ਫੌਰੀ ਆਪਣਾ ਡੈਲੀਗੇਸ਼ਨ ਭਾਰਤ ਘੱਲਿਆ। ਇਸ ਡੈਲੀਗੇਸ਼ਨ ਨੇ ਪੰਜਾਬ ਆਉਣਾ ਸੀ। ਪਰ ਕਾਨਪੁਰ ਰੁਕ ਗਿਆ। ਇਹ 1925 ਈ: ਨੂੰ 7 ਮੈਂਬਰੀ ਕਮੇਟੀ ਬਣਾ ਕੇ ਕੌਮਨਿਸਟ ਲਹਿਰ ਦੀ ਨੀਂਹ ਰੱਖੀ ਗਈ ਸੀ।

(5) ਸਭ ਤੋਂ ਪਹਿਲਾਂ ਰੂਸ ਦੇ ਡੈਲੀਗੇਸ਼ਨ ਨੇ ਇਨਕਲਾਬ ਦੀ ਟਰੇਨਿੰਗ ਅਤੇ ਸਿਧਾਂਤ ਪੜ੍ਹਾਉਣ ਵਾਸਤੇ 1928 ਈ: ਨੂੰ ਕੂਕਾ ਲਹਿਰ ਵਿਚੋਂ ਬੱਬਰ ਲਹਿਰ ਵਿਚੋਂ ਕਾਮਰੇਡ ਤੇਜਾ ਸਿੰਘ ਸੁਤੰਤਰ ਦੀ ਅਗਵਾਈ ਥੱਲੇ ਪੰਜਾਬੀ ਕੌਮ ਦਾ ਡੈਲੀਗੇਸ਼ਨ ਹੇਠ ਲਿਖੇ ਰੂਸ ਵਿਚ ਟਰੇਨਿੰਗ ਲੈ ਕੇ ਆਏ ਸਨ :—ਕਾਮਰੇਡ ਤੇਜਾ ਸਿੰਘ ਸੁਤੰਤਰ, ਬਾਬਾ ਮੁਰਗਿੰਦ ਸਿੰਘ, ਕਾਮਰੇਡ ਬਾਬਾ ਬੂਜਾ ਸਿੰਘ ਜੀ, ਭਗਤ ਸਿੰਘ ਬਿਲਗਾ, ਬਾਬਾ ਹਰੀ ਸਿੰਘ ਮਰਗਿੰਦ ਆਦਿ ਰੂਸ ਜਾ ਕੇ ਛੇ (6) ਸਾਲ ਮਾਰਕਸਵਾਦ ਲੈਨਿਨਵਾਦ ਅਤੇ ਗੁਰੀਲਾ ਫੌਜ ਬਾਰੇ ਟਰੇਨਿੰਗ ਲੈਣ ਗਏ ਸਨ। ਕਾਮਰੇਡ ਸਟਾਲਿਨ ਨੇ 1929 ਈ: ਨੂੰ ਬਾਬਾ ਜੀ ਦੀਆਂ ਭੇਜੀਆਂ ਚਿਠੀਆਂ, ਉਪਰੋਕਤ ਡੈਲੀਗੇਸ਼ਨ ਨੂੰ ਗੁਰਮੁਖੀ, ਉਰਦੂ ਅਤੇ ਫਾਰਸੀ ਵਿਚ ਲਿਖੀਆਂ ਪੜ੍ਹਾਈਆਂ ਸਨ। ਕਾਮਰੇਟ ਸਟਾਲਿਨ ਨੇ ਪੰਜਾਬੀ ਕੌਮ ਨੂੰ ਦਾਤ ਦਿੰਦਿਆਂ ਆਖਿਆ ਸੀ। ਜਿਸ ਦੇਸ਼ ਵਿਚ ਕੂਕਾ ਲਹਿਰ ਵਰਗੀਆਂ ਕੁਰਬਾਨੀਆਂ ਦੇਣ ਵਾਲੇ ਹੋਣ ਉਥੇ ਆਰਥਿਕ ਆਜ਼ਾਦੀ ਮਨੁੱਖੀ ਹਿੱਤਾਂ ਦਾ ਮਨੁੱਖੀ ਬਰਾਬਰਤਾ

Sri Satguru Jagjit Singh Ji Elibrary NamdhariElibrary@gmail.com

ਦਾ ਸਾਂਝੀਵਾਲਤਾ ਦਾ ਕੇਂਦਰ ਕਾਇਮ ਕਰ ਲੈਂਦੀਆਂ ਹਨ। ਫਿਰ ਉਹਨਾਂ ਕੌਮਾਂ ਦਾ ਸਦੀਵੀਂ ਰਾਜ ਕਾਇਮ ਰਹਿੰਦਾ ਹੈ। ਵਿਦੇਸ਼ੀ ਉਥੇ ਕਿਵੇਂ ਆਪਣੇ ਪੈਰ ਜਮਾ ਸਕਦਾ ਹੈ।

ਕਾਮਰੇਟ ਸਟਾਲਿਨ ਇਹ ਦੱਸਦਾ ਹੈ, ਕੂਕਾਂ ਲਹਿਰ ਤਾਂ ਸਾਡੇ ਨਾਲ 1878 ਈ: ਦੀ ਜੁੜੀ ਹੋਈ ਹੈ। ਉਸ ਟਾਈਮ ਤਾਂ ਅਸੀਂ ਆਪਣੇ ਦੇਸ਼ ਦਾ ਸੰਘਰਸ਼ ਚਲਾ ਰਹੇ ਸਾਂ। ਇਨਕਲਾਬ ਦੇ ਮਹਾਨ ਕੰਮਾਂ ਵਿਚ ਰੁਝੇ ਹੋਏ ਸਾਂ। ਕੋਈ ਮਦਦ ਨਹੀਂ ਸਾਂ ਕਰ ਸਕਦੇ। ਉਹਨਾਂ ਦਿਨਾ ਵਿਚ ਕੂਕਾ ਡੈਲੀਗੇਸ਼ਨ ਜਾਰ—ਸਰਕਾਰ ਨੂੰ ਮਿਲਦੇ ਰਹੇ ਸਨ। ਜਾਰ—ਸਰਕਾਰ ਨੂੰ ਤਾਂ ਆਪਣੀ ਗੱਦੀ ਦੀ ਸੋਚ ਵੱਢ-ਵੱਢ ਖਾ ਰਹੀ ਸੀ। ਸਾਡੀ ਵੀ ਆਰਥਿਕ ਮਿਦਵਾੜੇ ਨੇ ਮੱਤ ਮਾਰ ਰੱਖੀ ਸੀ।

(6) ਨੋਟ :—ਇਹ ਚਿੱਠੀਆਂ ਕਈ ਤਾਂ ਬਾਬਾ ਜੀ ਨੇ ਰੰਗੂਨ ਤੋਂ ਲਿਖੀਆਂ ਸਨ। ਕਈ ਸ੍ਰੀ ਭੈਣੀ ਸਾਹਿਬ ਤੋਂ ਸੂਬਿਆਂ ਦੀਆਂ ਲਿਖੀਆਂ ਚਿੱਠੀਆਂ ਵੱਖ-ਵੱਖ ਵਿਸ਼ਿਆਂ ਤੇ ਲਿਖੀਆਂ ਗਈਆਂ ਸਨ। ਇਹ ਸਾਰੀਆਂ ਚਿੱਠੀਆਂ ਪੰਜਾਬੀ ਡੈਲੀਗੇਸ਼ਨ ਨੇ ਪੜ੍ਹੀਆਂ ਸਨ।

(7) ਮੈਂ ਉਪਰੋਕਤ ਤੱਥਾਂ ਬਾਰੇ ਕੋਮਨਿਸਟ ਲਹਿਰ ਦੀ ਮੈਂਬਰਸ਼ਿਪ ਸਮੇਂ ਅਕਤੂਬਰ 1968 ਈ: ਨੂੰ 22 ਦਿਨਾਂ ਦੀ ਹਰਿਆਣੇ ਵਲੋਂ ਮਾਰਕਸ ਸਿਧਾਂਤ ਸਕੂਲ ਚੰਡੀਗੜ੍ਹ ਲੈਣ ਗਿਆ ਸੀ। ਉਪਰੋਕਤ ਤੱਥ ਸਵਾਲ ਕਰ ਕਲੀਅਰ ਕਰ ਲਏ ਸਨ। ਦੂਸਰੇ ਸਾਲ 1969 ਈ: ਨੂੰ ਜਗਾਧਰੀ ਜਮਨਾ ਨਗਰ ਹਰਿਆਣਾ ਸੂਬਾ ਪੱਧਰ ਤੇ 20 ਦਿਨਾਂ ਦਾ ਸਕੂਲ ਫਿਲਾਸਫੀ ਬਾਰੇ ਲੈਂਗਿਆ ਸੀ। ਉਥੇ ਵੀ ਮੈਂ ਕੂਕਾ ਲਹਿਰ ਬਾਰੇ ਸਵਾਲ ਕਰਦਾ ਰਿਹਾ ਸੀ। ਮੈਨੂੰ ਕੂਕਾ ਸੰਘਰਸ਼ਾਂ ਦਾ ਕ੍ਰਾਂਤੀਕਾਰੀ ਹੋਣ ਦਾ ਪੂਰਾ ਗਿਆਨ ਹੋ ਗਿਆ ਸੀ। ਮੈਂ ਇਹ ਤੱਥ ਆਪਣੀ ਤਸੱਲੀ ਕਰਕੇ ਲਿਖ ਰਿਹਾ ਹਾਂ।

(8) ਇਸ ਤੋਂ ਇਲਾਵਾ ਪਾਠਕਾਂ ਨੂੰ ਜਾਣਕਾਰੀ ਦੇਣ ਵਾਸਤੇ ਸ: ਇੰਦਰ ਸਿੰਘ ਜੀ ਚਕਰਵਰਤੀ ਦੀ ਲਿਖਤ 88 ਜੋਧੇ ਬਹਾਦਰ ਸਿੱਖਾਂ ਦੀ ਲਿਸਟ ਹੇਠ ਲਿਖਦਾ ਹਾਂ। ਇਨ੍ਹਾਂ ਬੁੱਧੀਜੀਵੀ ਲੇਖਕਾਂ ਨੇ ਪੰਜਾਬੀ ਕੌਮ ਦਾ ਦੁਨੀਆਂ ਦੇ ਕ੍ਰਾਂਤੀਕਾਰੀਆਂ ਵਿਚ ਸਿਰ ਉੱਚਾ ਕੀਤਾ ਹੈ।

ਇਸ ਕੂਕਾ ਲਹਿਰ ਦੇ ਬਹਾਦਰਾਂ ਨੇ ਗਰਮੀ ਸਰਦੀ ਦੀਆਂ ਅਤੇ ਸਫਰ ਦੀਆਂ ਤਕਲੀਫਾਂ ਝਲਦਿਆਂ, ਗੁਰੂਆਂ ਦੀ ਲਹਿਰ ਨੂੰ ਅੱਗੇ ਤੋਰਨ ਵਾਸਤੇ ਮੀਟਿੰਗਾਂ ਕਰਦਿਆਂ ਬਾਬਾ ਜੀ ਦੇ ਸੰਦੇਸ਼ ਦਾ ਪੰਜਾਬੀ ਕੌਮ ਵਿਚ ਪ੍ਰਚਾਰ ਕਰਦੇ ਰਹੇ ਸਨ। ਇਹਨਾਂ ਗੁਰਸਿੱਖਾਂ ਨੇ ਨਿਸ਼ਕਾਮ ਸੇਵਾ ਕਰਨੀ ਸਿਖਾਈ ਅਤੇ ਆਜ਼ਾਦੀ ਵਾਸਤੇ ਸੰਘਰਸ਼ ਕਰਦੇ, ਆਪਣਾ ਜੀਵਨ ਸਫਲਾ ਕਰ ਗਏ। ਮਨੁੱਖੀ ਬਰਾਬਰਤਾ ਵਾਸਤੇ ਨੀਂਹ ਪੱਥਰ ਰੱਖ ਗਏ। ਇਹ ਗੁਰਸਿਖ ਸਾਨੂੰ ਨਿਸ਼ਕਾਮ ਸੇਵਾ ਕਰਨੀ ਦਸ ਕੇ ਆਉਣ ਵਾਲੀ ਨਵੀਂ ਪੀੜ੍ਹੀ ਵਾਸਤੇ ਗੁਰੂਆਂ ਦਾ ਦੱਸਿਆ ਹੋਇਆ ਮਾਰਗ ਸਫਰ ਕਰਦੇ ਹੋਏ ਸਦੀਵੀ ਜ਼ਿੰਦਗੀ ਵਾਸਤੇ ਦਸ ਗਏ। ਆਓ ਆਪਾਂ ਇਹਨਾਂ ਬਹਾਦਰ ਬਜ਼ੁਰਗਾਂ ਤੋਂ ਜਾਣੂ ਹੋਈਏ।

(1) ਬਾਬਾ ਕੁਸ਼ਾਲ ਸਿੰਘ ਜੀ ਸੂਬਾ ਪਿੰਡ ਬਰਾਜ। (2) ਸ੍ਰ: ਮਸਤਾਨ ਸਿੰਘ ਜੀ ਪਿੰਡ ਬਰਾਜ। (3) ਸ੍ਰ: ਹਰੀ ਸਿੰਘ ਜੀ ਪਿੰਡ ਬਰਾਜ। (4) ਸ੍ਰ: ਸਾਹਿਬ ਸਿੰਘ ਜੀ ਪਿੰਡ ਨੌਰੰਗਾਬਾਦ।

Sri Satguru Jagjit Singh Ji Elibrary NamdhariElibrary@gmail.com

(5) ਸ੍ਰ: ਕਾਹਨ ਸਿੰਘ ਜੀ ਪਿੰਡ ਬੁਰਜਾਂਵਾਲਾ। (6) ਸ੍ਰ: ਨਥਾ ਸਿੰਘ ਜੀ ਪਿੰਡ ਗੜਦੀ। (7) ਸ੍ਰ: ਸੋਹਣ ਸਿੰਘ ਜੀ ਪਿੰਡ ਰੋਡੇ। (8) ਸ੍ਰ: ਲਾਲ ਸਿੰਘ ਜੀ ਪਿੰਡ ਲਾਤਾਲਾ (9) ਸ੍ਰ: ਸੋਭਾ ਸਿੰਘ ਜੀ ਪਿੰਡ ਖੁਰਦਪੁਰਾ। (10) ਸ੍ਰ: ਹੀਰਾ ਸਿੰਘ ਜੀ ਪਿੰਡ ਬੜਰੁਖੇ (11) ਸ੍ਰ: ਧੰਨਾ ਸਿੰਘ ਜੀ ਪਿੰਡ ਗੁਮਟੀ। (12) ਸ੍ਰ: ਸਾਧੂ ਸਿੰਘ ਜੀ ਪਿੰਡ ਅੰਮ੍ਰਿਤਸਰ। (13) ਸ੍ਰ: ਰੂੜ ਸਿੰਘ ਜੀ ਪਿੰਡ ਅੰਮ੍ਰਿਤਸਰ। (14) ਸ੍ਰ: ਹਰੀ ਸਿੰਘ ਜੀ ਮਜ਼ਬੀ ਸਿੱਖ ਪਿੰਡ ਅਮ੍ਰਿਤਸਰ। (15) ਸ੍ਰ: ਕਿਰਪਾਲ ਸਿੰਘ ਜੀ ਮਜ਼ਬੀ ਸਿੱਖ ਪਿੰਡ ਅੰਮ੍ਰਿਤਸਰ। (16) ਸ੍ਰ: ਮਹਿਤਾਬ ਸਿੰਘ ਜੀ ਪਿੰਡ ਅੰਮ੍ਰਿਤਸਰ। (17) ਮਾਤਾ ਜੁਆਲਾ ਕੋਰ ਜੀ ਪਿੰਡ ਅੰਮ੍ਰਿਤਸਰ। (18) ਮਾਤਾ ਜੁਆਲਾ ਦੇਵੀ ਜੀ ਪਿੰਡ ਅੰਮ੍ਰਿਤਸਰ। (19) ਸ੍ਰ: ਦਇਆ ਸਿੰਘ ਜੀ ਪਿੰਡ ਉਬੋਵਾਲ। (20) ਸ੍ਰ: ਮੋਹਰ ਸਿੰਘ ਜੀ ਪਿੰਡ ਉਬੋਵਾਲ। (21) ਰਤਨ ਸਿੰਘ ਜੀ ਪਿੰਡ ਉਬੋਵਾਲ। (22) ਸ੍ਰ: ਵਿਸਾਖਾ ਸਿੰਘ ਜੀ ਪਿੰਡ ਮੰਞ ਨੰਗਲ। (23) ਸ੍ਰ: ਮਹਿਤਾਬ ਸਿੰਘ ਜੀ ਮਜ਼ਬੀ ਸਿੱਖ ਪਿੰਡ ਮੰਞ ਨੰਗਲ। (24) ਸ੍ਰ: ਆਲਾ ਸਿੰਘ ਜੀ ਪਿੰਡ ਮੰਞ ਨੰਗਲ। (25) ਸ੍ਰ: ਚੰਦ ਸਿੰਘ ਜੀ ਪਿੰਡ ਮੰਞ ਨੰਗਲ। (26) ਸ੍ਰ: ਸੁੰਦਰ ਸਿੰਘ ਜੀ ਪਿੰਡ ਚੀਮਾ। (27) ਸ੍ਰ: ਦਿਆਲ ਸਿੰਘ ਜੀ ਪਿੰਡ ਸ਼ੰਕਾਰ। (28) ਸ੍ਰ: ਭਗਵਾਨ ਸਿੰਘ ਜੀ ਪਿੰਡ ਸ਼ੰਕਾਰ। (29) ਸ੍ਰ: ਮਹਿਤਾਬ ਸਿੰਘ ਜੀ ਪਿੰਡ ਸੇਖਮਾਂ। (30) ਸ੍ਰ: ਹੀਰਾ ਸਿੰਘ ਜੀ ਪਿੰਡ ਮੰਡੇਰ। (31) ਸ੍ਰ: ਸ਼ਾਮ ਸਿੰਘ ਜੀ ਪਿੰਡ ਸਹਿਰਾਲੀ। (32) ਸ੍ਰ: ਮੀਰਾ ਸਿੰਘ ਜੀ ਪਿੰਡ ਸਹਿਰਾਲੀ। (33) ਸ੍ਰ: ਕਾਹਨ ਸਿੰਘ ਜੀ ਪਿੰਡ ਸਹਿਰਾਲੀ। (34) ਸ੍ਰ: ਬਘੇਲ ਸਿੰਘ ਜੀ ਪਿੰਡ ਸਹਿਰਾਲੀ। (35) ਸ੍ਰ: ਰਾਮ ਸਿੰਘ ਜੀ ਪਿੰਡ ਲੰਘੇਆਣਾ। (36) ਸ੍ਰ: ਤਖਤ ਸਿੰਘ ਜੀ ਪਿੰਡ ਘੋਗਰਾਲੀ। (37) ਸ੍ਰ: ਬਿਹਾਰੀ ਸਿੰਘ ਪਿੰਡ ਘੋਗਰਾਲੀ। (38) ਸ੍ਰ: ਲਾਹੌਰਾ ਸਿੰਘ ਜੀ ਪਿੰਡ ਘੋਗਰਾਲੀ। (39) ਸ੍ਰ: ਸੁੰਦਰ ਸਿੰਘ ਪਿੰਡ ਘੋਗਰਾਲੀ। (40) ਸ੍ਰ: ਹਰਨਾਮ ਸਿੰਘ ਜੀ ਪਿੰਡ ਨਬਾਣਾ। (41) ਸ੍ਰ: ਗੁਰਦਿੱਤ ਸਿੰਘ ਮਜ਼ਬੀ ਸਿਖ ਜੀ ਪਿੰਡ ਘੋਗਰਾਲੀ। (42) ਸ੍ਰ: ਹਰਨਾਮ ਸਿੰਘ ਪਿੰਡ ਨਬਾਣਾ। (42) ਸ੍ਰ: ਸੁਬੇਗ ਸਿੰਘ ਜੀ ਪਿੰਡ ਮਚਾਂਣ। (43) ਸ੍ਰ: ਸੁੰਦਰ ਸਿੰਘ ਜੀ ਪਿੰਡ ਕਲਹਾਰੀ। (44) ਸ੍ਰ: ਭਾਨ ਸਿੰਘ ਜੀ ਪਿੰਡ ਸਰਹਾਲੀ। (45) ਸ੍ਰ: ਨਰਾਇਣ ਸਿੰਘ ਪਿੰਡ ਬਹਿਰਆਮਾ। (46) ਸ੍ਰ: ਰਤਨ ਸਿੰਘ ਜੀ ਪਿੰਡ ਉਭੋਕੇ। (47) ਸ੍ਰ: ਮਹਿਤਾਬ ਸਿੰਘ ਜੀ ਪਿੰਡ ਉਭੋਕੇ। (48) ਸ੍ਰ: ਅਹਲਾ ਸਿੰਘ ਜੀ ਪਿੰਡ ਉਭੋਕੇ। (49) ਸ੍ਰ: ਬਹਾਦਰ ਸਿੰਘ ਜੀ ਪਿੰਡ ਉਭੋਕੇ। (50) ਸ੍ਰ: ਜਗਤਾਰ ਸਿੰਘ ਜੀ ਪਿੰਡ ਨਾਰਲੀ। (51) ਸ੍ਰ: ਬਘੇਲ ਸਿੰਘ ਜੀ ਪਿੰਡ ਨਾਰਲੀ। (52) ਸ੍ਰ: ਕਾਹਨ ਸਿੰਘ ਜੀ ਪਿੰਡ ਠਠਗੜ। (53) ਸ੍ਰ: ਸਮੁੰਦ ਸਿੰਘ ਜੀ ਪਿੰਡ ਖੋਟੇ। (54) ਸ੍ਰ: ਗੁਰਮੁਖ ਸਿੰਘ ਜੀ ਪਿੰਡ ਲਾਲੂਵਾਲ। (55) ਸ੍ਰ: ਲਾਲ ਸਿੰਘ ਜੀ ਪਿੰਡ ਗੁਮਟੀ। (56) ਮਾਤਾ ਪ੍ਰਤਾਪ ਕੌਰ ਜੀ ਪਿੰਡ ਗੁਮਟੀ। (57) ਸ੍ਰ: ਨਰਾਇਣ ਸਿੰਘ ਜੀ ਪਿੰਡ ਰੋਡੇ। (58) ਸ੍ਰ: ਮਨੀ ਸਿੰਘ ਜੀ ਪਿੰਡ ਖਾਨਾ। (59) ਸ੍ਰ: ਗੁਰਦਿੱਤ ਸਿੰਘ ਜੀ ਪਿੰਡ ਭਦੌੜ। (60) ਸ: ਕਿਰਪਾਲ ਸਿੰਘ ਮਜ਼ਬੀ ਸਿੱਖ ਪਿੰਡ ਭਦੌੜ। (61) ਸ: ਸਾਧੂ ਸਿੰਘ ਜੀ ਪਿੰਡ ਅੰਮ੍ਰਿਤਸਰ। 62) ਸ: ਰੂੜ ਸਿੰਘ ਜੀ ਮਜ਼ਬੀ ਸਿੱਖ ਪਿੰਡ ਅੰਮ੍ਰਿਤਸਰ। (63) ਸ: ਹਰੀ ਸਿੰਘ ਜੀ ਪਿੰਡ ਅੰਮ੍ਰਿਤਸਰ। (64) ਸ: ਵਿਸਾਖਾ ਸਿੰਘ ਜੀ ਪਿੰਡ ਸ੍ਰੀ ਭੈਣੀ ਸਾਹਿਬ। (65) ਸ: ਭਗਵਾਨ ਸਿੰਘ ਪਿੰਡ ਮਛਾਣੀਆਂ। (66) ਸ: ਸ੍ਰ: ਹਰਨਾਮ ਸਿੰਘ ਜੀ (ਅੜਬੰਗੀ) ਪਿੰਡ ਭਾਣਾ। (67) ਸ: ਹਰਨਾਮ ਸਿੰਘ ਜੀ ਪਿੰਡ

ਮੰਡੀਕਲਾਂ। (68) ਮਾਤਾ ਹਰਚੰਦ ਕੌਰ ਜੀ ਪਿੰਡ ਮੰਡੀਕਲਾਂ। (69) ਸ: ਕਾਲਾ ਸਿੰਘ ਜੀ ਪਿੰਡ ਫਤੇਵਾਲ। (70) ਸ: ਮੂਲਾ ਸਿੰਘ ਜੀ ਪਿੰਡ ਫਤੇਵਾਲ। (71) ਸ: ਮਸਤਾਨ ਸਿੰਘ ਜੀ ਪਿੰਡ ਰਾਣੀਆਂ। (72) ਸ: ਕਾਹਨ ਸਿੰਘ ਜੀ ਪਿੰਡ ਫਿਲੌਰ। (73) ਸ: ਜੋਧ ਸਿੰਘ ਜੀ ਪਿੰਡ ਫਿਲੌਰ। (74) ਸ: ਰਾਮ ਸਿੰਘ ਜੀ ਪਿੰਡ ਫਿਲੌਰ। (75) ਸ: ਮੋਹਰ ਸਿੰਘ ਜੀ ਮਜ਼ੁਬੀ ਸਿੱਖ ਪਿੰਡ ਫਿਲੌਰ। (76) ਸ: ਨਰੈਣ ਸਿੰਘ ਜੀ ਪਿੰਡ ਫਿਲੌਰ। (77) ਸ: ਈਸ਼ਰ ਸਿੰਘ ਜੀ ਪਿੰਡ ਫਿਲੌਰ। (78) ਸ: ਮਾਨ ਸਿੰਘ ਜੀ ਪਿੰਡ ਮੰਢੌਰ। (79) ਸ: ਉਤਮ ਸਿੰਘ ਜੀ ਪਿੰਡ ਚਤਮਚੀ। (80) ਸ: ਮੋਹਾਂ ਸਿੰਘ ਜੀ ਪਿੰਡ ਸਹਿਰਾਲੀ। (81) ਸ: ਸਾਧੂ ਸਿੰਘ ਜੀ ਪਿੰਡ ਸੰਢੌਰ। (82) ਸ: ਅਤਰ ਸਿੰਘ ਜੀ ਪਿੰਡ ਨਾਰਲੀ। (83) ਸ: ਢੂਲਾ ਸਿੰਘ ਜੀ ਪਿੰਡ ਨਾਰਲੀ। (84) ਸ: ਬਘੇਲ ਸਿੰਘ ਜੀ ਪਿੰਡ ਨਾਰਲੀ। (85) ਸ: ਸ਼ਾਮ ਸਿੰਘ ਜੀ ਪਿੰਡ ਸਹਿਰਾਲੀ। (86) ਸ: ਗੁਲਾਬ ਸਿੰਘ ਜੀ ਪਿੰਡ ਹੋਲਾਂਵਾਲੀ। (87) ਸ: ਕਾਬਲ ਸਿੰਘ ਜੀ ਪਿੰਡ ਚਾਏਸਰ। (88) ਸ: ਹਰਨਾਮ ਸਿੰਘ ਜੀ ਪਿੰਡ ਮੋਰਾਂਵਾਲੀ।

---

ਨੋਟ—ਸਰਦਾਰ ਇੰਦਰ ਸਿੰਘ ਜੀ ਚਕਰਵਰਤੀ ਦੀ ਲਿਖਤ ਵਿਚੋਂ (ਧੰਨਵਾਦ ਸਹਿਤ)

Sri Satguru Jagjit Singh Ji Elibrary NamdhariElibrary@gmail.com

# ਕਾਂਡ—10

ਪਾਠਕ ਸਜਨੋਂ, ਕੂਕਾ ਲਹਿਰ ਦੇ ਇਤਿਹਾਸ ਬਾਰੇ ਪੰਜਾਬੀ ਦੇ ਪ੍ਰਸਿੱਧ ਲੇਖਕਾਂ ਨੇ ਆਪੋ ਆਪਣੀਆਂ ਲਿਖਤਾਂ ਰਾਹੀਂ ਲਿਖਿਆ ਹੈ। ਕੂਕਾ ਲਹਿਰ ਨੇ ਮਨੁੱਖੀ ਬਰਾਬਰਤਾ ਵਾਸਤੇ ਆਜ਼ਾਦੀ ਸੰਗਰਾਮ ਦੇ ਸੰਘਰਸ਼ ਨੂੰ ਆਰੰਭ ਕਰਿਆ ਹੈ। ਮੈਂ ਇਸ ਕਿਤਾਬ ਵਿੱਚ ਉਹਨਾਂ ਦੀਆਂ ਲਿਖਤਾਂ ਵਿਚੋਂ ਨੋਟ ਦਿੰਦਾ ਹੋਇਆ ਕੂਕਾ ਲਹਿਰ ਦੇ ਅਸਲੀ ਰੂਪ ਨੂੰ ਪਾਠਕਾਂ ਦੀ ਜਾਣਕਾਰੀ ਬਾਰੇ ਇਸ ਕਿਤਾਬ ਵਿਚ ਤੱਥ ਦੇ ਰਿਹਾ ਹਾਂ। ਦੁਨੀਆਂ ਵਿੱਚ ਪਹਿਲਾਂ ਸੰਘਰਸ਼ ਇਹ ਨਵੀਂ ਕਿਸਮ ਦਾ ਸੀ।

(1) ਸਰਦਾਰ ਗੁਰਬਖਸ਼ ਸਿੰਘ ਜੀ ਪ੍ਰੀਤ ਲੜੀ ਵਾਲੇ ਪੰਜਾਬੀ ਦੇ ਪ੍ਰਸਿੱਧ ਲੇਖਕ ਕੂਕਾ ਲਹਿਰ ਦੇ ਇਨਕਲਾਬੀ ਪ੍ਰੋਗਰਾਮ ਬਾਰੇ ਲਿਖਦੇ ਹਨ, ਬਾਬਾ ਰਾਮ ਸਿੰਘ ਜੀ ਸਾਹਿਬ ਨੇ ਕੂਕਾ ਲਹਿਰ ਦੇ ਜੋਧਿਆਂ ਨੂੰ ਹਥਿਆਰਾਂ ਨਾਲ ਲੈਸ ਕਰਕੇ ਇੱਕ ਇੱਕ ਵਿੱਚ ਸਵਾ ਲੱਖ ਨਾਲ ਲੜਨ ਦੀ ਸ਼ਕਤੀ ਕਾਇਮ ਕਰ ਦਿੱਤੀ ਸੀ। ਹਰੇਕ ਕੂਕੇ ਵਿੱਚ ਸ਼ਕਤੀ ਦਾ ਅਹਿਸਾਸ ਪੈਦਾ ਹੋ ਗਿਆ ਸੀ। ਮਨੋਰਥ ਕੋਈ ਨਵਾਂ ਧਰਮ ਚਲਾਉਣ ਦਾ ਨਹੀਂ ਸੀ। ਸਿਰਫ ਜੀਵਨ ਲਈ ਪੰਥ ਮਾਰਗ ਦੀ ਸੇਧ ਦੇਣਾ ਸੀ। ਇਨ ਕਿਨ ਕਾਜ ਬਾਬਾ ਰਾਮ ਸਿੰਘ ਜੀ ਨੇ ਕਰਿਆ।

ਬਾਬਾ ਜੀ ਅੰਗਰੇਜ਼ ਤੋਂ ਆਜ਼ਾਦੀ ਲੈਣ ਦੀ ਤਹਿਰੀਕ ਦੇ ਬਾਨੀ ਸਨ। ਇਸ ਦੀ ਪ੍ਰਵਾਹ ਨਾ ਕਰਦੇ ਬੇਸ਼ੱਕ ਆਪਣੀ ਉਮਰ ਵਿੱਚ ਮੰਜ਼ਿਲ ਤੇ ਨਾ ਪਹੁੰਚ ਸਕੇ ਆਪਣਾ ਅੰਦੋਲਨ ਉਹਨਾਂ ਨੇ 1857 ਈਸਵੀ ਤੋਂ ਅਰੰਭਿਆ ਸੀ। ਕੂਕਾ ਲਹਿਰ ਦਾ ਸੌ ਸਾਲ ਤੱਕ ਅੰਦੋਲਨ ਜਾਰੀ ਰਿਹਾ।

ਬਾਬਾ ਰਾਮ ਸਿੰਘ ਵਿੱਚ ਕਹਿਰਾਂ ਦਾ ਜ਼ੋਰ ਸੀ। ਸਿੱਖ ਸਰਦਾਰਾਂ ਦੀ ਐਸ਼ ਪ੍ਰਸਤੀ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਅਣਖੀ ਪੰਥ ਨੂੰ ਕੱਖੋਂ ਹੌਲੇ ਕਰ ਛੱਡਿਆ ਸੀ। ਪਰ ਬਾਬਾ ਜੀ ਦਾ ਇਹ ਵਿਸ਼ਵਾਸ ਸੀ ਕਿ ਜਦ ਤੱਕ ਗੁਰੂ ਗੋਬਿੰਦ ਸਿੰਘ ਜੀ ਦੇ ਖਾਲਸੇ ਵਾਂਗ ਖਾਲਸਾ ਵੀਰਾਂ ਦਾ ਲਸ਼ਕਰ ਹੋਂਦ ਵਿੱਚ ਨਹੀਂ ਆਉਂਦਾ। ਉਨਾ ਚਿਰ ਅੰਗਰੇਜ਼ ਸਰਕਾਰ ਦਾ ਖ਼ਾਤਮਾ ਨਹੀਂ ਹੋ ਸਕਦਾ।

ਪ੍ਰੀਤ ਲੜੀ ਜੀ ਅੱਗੇ ਲਿਖਦੇ ਹੋਏ ਰਿਆਸਤੀ ਰਾਜਿਆਂ ਬਾਰੇ ਦੱਸਦੇ ਹਨ। ਰਜਵਾੜਿਆਂ ਨੇ ਅੰਗਰੇਜ਼ ਦੇ ਆਉਣ ਦਾ ਬਹੁਤਾ ਵਿਰੋਧ ਨਾ ਕਰਿਆ। ਰਿਆਸਤੀ ਸਰਦਾਰਾਂ ਨੇ ਅੰਗਰੇਜ਼ ਦੇ ਵਫ਼ਾਦਾਰ ਰਹਿਣ ਦੀ ਸੌਂਹ ਚੁੱਕ ਲਈ ਸੀ। ਰਸਮੀ ਧਰਮਾਂ ਵਾਲੇ ਹਮੇਸ਼ਾਂ ਸਰਕਾਰਾਂ ਦੇ ਵਫ਼ਾਦਾਰ ਹੁੰਦੇ ਹਨ। ਲੋਕਾਂ ਨੂੰ ਡਰਾ ਧਮਕਾ ਕੇ ਧਰਮ ਦੇ ਘੇਰੇ ਵਿੱਚ ਘੇਰ ਕੇ ਰੱਖਣ ਤੋਂ ਬਗੈਰ ਕਰਮਾਂ ਦੇ ਹਥਿਆਰ ਨਾਲ ਮਨੁੱਖ ਨੂੰ ਨਕਾਰਾ ਕਰ ਦਿੰਦੇ ਹਨ।

ਇਸ ਤੋਂ ਅੱਗੇ ਮਹਾਤਮਾ ਗਾਂਧੀ ਦੀ ਮੌਸਮੀ ਪਾਲਿਸੀ ਬਾਰੇ ਲਿਖਦੇ ਹਨ—ਜਿਹੜੀ ਸਤਿਆਗ੍ਰਹਿ ਦੀ ਤਹਿਰੀਕ ਮਹਾਤਮਾ ਗਾਂਧੀ ਨੇ 1921 ਈਸਵੀ ਨੂੰ ਚਲਾਈ ਸੀ। ਉਹ ਬਹੁਤੀ ਸਫਲ ਨਹੀਂ ਸੀ ਹੋ ਸਕੀ। ਸਤਿਆਗ੍ਰਹਿ ਦੇ ਮੋਢੀ ਬਾਬਾ ਰਾਮ ਸਿੰਘ ਜੀ ਨੂੰ ਹੀ ਮਾਣ ਮਿਲਣਾ ਚਾਹੀਦਾ ਹੈ। ਬਾਬਾ ਜੀ ਨੇ ਇਹ ਤਹਿਰੀਕ 1857 ਈਸਵੀ ਤੋਂ ਚਲਾਈ ਗਈ ਸੀ। ਕੂਕਾ



Sri Satguru Jagjit Singh Ji Elibrary NamdhariElibrary@gmail.com

ਲਹਿਰ ਨੇ ਅੰਤ ਤੱਕ ਅੰਗਰੇਜ਼ੀ ਅਦਾਲਤਾਂ ਦਾ ਹੋਰ ਸਾਰੀਆਂ ਹੀ ਸਰਕਾਰੀ ਸੰਸਥਾਵਾਂ ਦਾ ਪੂਰਨ ਬਾਈਕਾਟ ਕਰੀ ਰੱਖਿਆ। ਥਾਂ-ਥਾਂ ਕੂਕਾ ਲਹਿਰ ਨੂੰ ਚਲਾਉਣ ਦੀ ਖ਼ਾਤਰ ਸੂਬੇ ਕਾਇਮ ਕਰ ਦਿਤੇ। ਜਿਹੜੇ ਆਪਸੀ ਝਗੜੇ ਨਿਬੇੜਨ ਵਾਲੇ ਸਰਪੰਚ ਆਖੇ ਜਾਂਦੇ ਹਨ।

ਰੂਸ, ਨੇਪਾਲ, ਕਸ਼ਮੀਰ ਅਤੇ ਕਾਬਲ ਵਿੱਚ ਬਾਬਾ ਜੀ ਨੇ ਦੂਤ ਘਰ ਕਾਇਮ ਕਰ ਲਏ ਸਨ। ਕਈ ਕੂਕੇ ਕਸ਼ਮੀਰ ਦੀ ਫੌਜ ਵਿੱਚ ਭਰਤੀ ਹੋ ਕੇ ਟਰੇਨਿੰਗ ਵੀ ਲੈਂਦੇ। ਕੂਕਾ ਕਿਰਪਾਨ ਦੀ ਥਾਂ ਇਕ ਮੋਟੀ ਲਾਠੀ ਹੱਥ ਵਿੱਚ ਰੱਖਦਾ ਸੀ। ਕੂਕੇ ਰੋਜ਼ਾਨਾ ਪਰੇਡ ਵੀ ਕਰਦੇ ਸਨ।

(2) ਕਾਮਰੇਡ ਸੋਹਨ ਸਿੰਘ ਜੋਸ਼ ਗ਼ਦਰ ਇਤਿਹਾਸ ਦੇ ਲੇਖਕ ਕੂਕਾ ਲਹਿਰ ਬਾਰੇ ਲਿਖਦੇ ਹਨ—ਅੰਗਰੇਜ਼ ਸਰਕਾਰ ਕੂਕਾ ਲਹਿਰ ਨੂੰ ਖ਼ਤਮ ਕਰਨ ਬਾਰੇ ਵਾਰ ਵਾਰ ਹਮਲੇ ਕਰਦੇ ਰਹੇ ਸਨ। ਅਸਲ ਕਾਰਣ ਕੂਕਾ ਲਹਿਰ ਦਾ ਢਾਂਚਾ ਖੇਰੂੰ-ਖੇਰੂੰ ਕਰਨ ਦਾ ਸੀ। ਕੂਕਾ ਲਹਿਰ ਦੀ ਥੋੜ੍ਹੇ ਸਾਲਾਂ ਵਿੱਚ ਲੱਖਾਂ ਵਿੱਚ ਗਿਣਤੀ ਵੱਧਦੀ ਜਾ ਰਹੀ ਸੀ।

ਬਾਬਾ ਰਾਮ ਸਿੰਘ ਜੀ ਸਾਹਿਬ ਨੇ ਗਰੀਬ ਸ਼੍ਰੇਣੀ ਵਿੱਚ ਜਨਮ ਲਿਆ ਸੀ। ਗਰੀਬ ਆਮ ਲੋਕਾਂ ਦੇ ਮਸੀਹਾ ਬਣ ਗਏ ਸਨ। ਬਾਬਾ ਜੀ ਨੇ ਜਦੋਂ ਜਥੇਬੰਦੀ ਬਣਾਈ। ਉਹਨਾਂ ਦੇ ਤਿੰਨ ਅੰਗ ਬਹੁਤ ਹੀ ਰਾਜਨੀਤੀ ਸਾਂਝੀਵਾਲਤਾ ਦੇ ਅੰਗ ਸਨ। ਪਹਿਲਾਂ ਪੰਜਾਬ ਨੂੰ ਜਥੇਬੰਦ ਕਰਨ ਦੀ ਸੂਰਿਆਂ ਦੀ ਕੌਮੀ ਮਾਤਰ ਨਿਰਭਰ ਦਾ ਪ੍ਰੋਗਰਾਮ, ਦੂਸਰਾ ਨਿਸ਼ਕਾਮ ਸੇਵਾ ਕਰਨੀ। ਤੀਸਰਾ ਬਦੇਸ਼ੀ ਵਸਤਾਂ ਦਾ ਬਾਈਕਾਟ ਕਰਨਾ। ਡਾਕ ਆਪ ਚਲਾਉਣੀ। ਇਹ ਆਤਮ ਨਿਰਭਰਤਾ ਦਾ ਪ੍ਰੋਗਰਾਮ ਅੰਗਰੇਜ਼ ਸਰਕਾਰ ਨੂੰ ਚੈਲੰਜ ਕਰਨਾ ਸੀ।

ਜੋਸ਼ ਜੀ ਅੱਗੇ ਲਿਖਦੇ ਹਨ—ਬੇਸ਼ੱਕ ਵਕਤੀ ਤੌਰ ਤੇ ਅੰਗਰੇਜ਼ ਸਰਕਾਰ ਵਕਤੀ ਵਿਰੋਧ ਕਰਕੇ ਕੂਕਾ ਲਹਿਰ ਨੂੰ ਕੁਚਲਣ ਦੀ ਨੀਤੀ ਅਪਨਾ ਲਈ ਸੀ। ਬੜੀ ਬਹਾਦਰੀ ਨਾਲ ਕੂਕਾ ਲਹਿਰ ਨੇ ਅਮਰ ਸ਼ਹੀਦੀਆਂ ਪਾ ਲਈਆਂ ਸਨ। ਨਵੀਆਂ ਰਾਜਸੀ ਲਹਿਰਾਂ ਦਾ ਉਤਸ਼ਾਹ ਝੰਡਾ ਬਰਦਾਰ ਬਣ ਗਏ ਸਨ। ਕੂਕਾ ਲਹਿਰ ਸਭ ਤੋਂ ਪਹਿਲਾਂ ਆਪਣੇ ਦੇਸ਼ ਵਾਸਤੇ ਮਨੁੱਖੀ ਬਰਾਬਰਤਾ ਵਾਸਤੇ ਮੈਦਾਨ ਵਿੱਚ ਨਿਕਲੀ।

(3) ਮਾਸਟਰ ਨਿਹਾਲ ਸਿੰਘ ਜੀ ਪਾਠਕਾਂ ਨੂੰ ਜਾਣਕਾਰੀ ਦੇਂਦੇ ਹੋਏ ਅੰਗਰੇਜ਼ ਸਰਕਾਰ ਨੂੰ ਸੰਬੋਧਨ ਕਰਦੇ ਹੋਏ ਲਿਖਦੇ ਹਨ ਅੰਗਰੇਜ਼ੋ ਤੁਸੀਂ ਭਾਰਤ ਦੇਸ਼ ਉਤੇ ਧੋਖੇ ਨਾਲ ਕਬਜ਼ਾ ਕਰਿਆ ਹੈ ਅਤੇ ਵਿਦੇਸ਼ ਵਿਚੋਂ ਆ ਕੇ ਮਾਲਕ ਬਣ ਬੈਠੇ ਹੋ। ਤੁਸੀਂ ਟੀਪੂ ਸੁਲਤਾਨ ਦੇ ਰਾਜ ਵਿੱਚ ਗ਼ਦਰ ਪੈਦਾ ਕੀਤਾ। ਤੁਸੀਂ ਆਪਦੀਆਂ ਢੰਗਮਾਂ ਨਾਲ ਧਰੋ ਕਮਾਇਆ। ਤੁਸੀਂ ਸਿੱਖਾਂ ਨੂੰ ਕਾਲੀਆਂ ਭੇਡਾਂ ਬਣਾ ਕੇ ਪੰਜਾਬ ਨੂੰ ਹੜਪ ਕਰ ਲਿਆ ਹੈ। ਤੁਸੀਂ ਸਾਡੇ ਦੇਸ਼ ਦੇ ਮਹਾਨ ਕਾਰੀਗਰਾਂ ਦੇ ਹੱਥ ਕੱਟ ਕੱਟ ਕੇ ਨਕਾਰੇ ਕਰੇ ਹਨ। ਰੋਜ਼ਗਾਰ ਕਮਾਉਣ ਤੋਂ ਨਕਾਰੇ ਵੀ ਕਰ ਦਿੱਤਾ ਹੈ। ਮਨੁੱਖੀ ਜ਼ੁਲਮ ਕਰਨ ਦੀ ਹੱਦ ਟੱਪ ਗਏ ਹੋ। ਸਾਡੇ ਦੇਸ਼ ਦੇ ਚੰਗੇ ਕਾਰੀਗਰ ਦਰ ਦਰ ਦੀਆਂ ਠੋਕਰਾਂ ਖਾਣ ਵਾਸਤੇ ਕੁਕਰਮ ਕਰੇ ਹਨ। ਭਾਰਤ ਦੇ ਲੋਕ ਆਪ ਨੂੰ ਮੁਆਫ ਨਹੀਂ ਕਰਨਗੇ।

(4) ਸਰਦਾਰ ਜਗਦੀਸ਼ ਸਿੰਘ ਜੀ ਐਡੀਟਰ ਵਰਿਆਮ, ਸਰਦਾਰ ਕਪੂਰ ਸਿੰਘ ਜੀ ਦੀ ਲਿਖਤ ਵਿਚੋਂ ਨੋਟ ਲਿਖਦੇ ਹਨ—ਲਿਖਦੇ ਹਨ ਕਿ ਸੱਚੀ ਗੱਲ ਤਾਂ ਇਹ ਹੈ ਕਿ ਭਾਰਤ ਦੀ ਪਾਰਾਂ ਵਰ੍ਹਿਆਂ ਦੀ ਲੰਮੀ ਤਹਿਰੀਕ ਵਿੱਚ ਗੁਰੂ ਗੋਬਿੰਦ ਸਿੰਘ ਜੀ ਤੋਂ ਬਿਨਾਂ ਕੋਈ ਵੀ ਇਤਿ-

ਹਾਸਕ ਵਿਅਕਤੀ ਹੋਂਦ ਵਿੱਚ ਨਹੀਂ ਆਇਆ। ਜਿਸ ਨੇ ਆਪਣੇ ਜੀਵਨ ਦਾ ਨਿਸ਼ਾਨਾ ਇਹਨਾਂ ਉੱਚਾ ਹਮਗੀਰ ਹੋਇਆ ਹੋਵੇ। ਜਿਸਦਾ ਮੰਤਵ ਜਾਤੀ ਤੇ ਜਨਤਾ ਦੇ ਆਤਮਿਕ ਤੌਰ ਤੇ ਸਮਾਜਿਕ ਰਾਜਨੀਤੀ ਬਾਰੇ ਭਰਮਾਂ ਦੇ ਬੰਧਨਾਂ ਨੂੰ ਤੋੜਕੇ ਉਸਨੂੰ ਉਨਤੀ ਦੇ ਸਿੱਖਰਾਂ ਤੇ ਲੈ ਜਾਵੇ। ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਬਾਬਾ ਰਾਮ ਸਿੰਘ ਜੀ ਹੋਏ ਹਨ। ਇਹਨਾਂ ਦਾ ਸਾਰੀ ਦੁਨੀਆਂ ਨੇ ਲੋਹਾ ਮੰਨਿਆ ਹੈ।

(5) ਸਰਦਾਰ ਪ੍ਰੀਤਮ ਸਿੰਘ ਜੀ ਕਵੀ ਕੂਕਾ ਲਹਿਰ ਬਾਰੇ ਲਿਖਦੇ ਹੋਏ ਬਾਬਾ ਰਾਮ ਰਾਮ ਸਿੰਘ ਜੀ ਨੂੰ 40 ਦਿਨ ਆਪਣੀ ਹਾਜ਼ਰੀ ਕਚਿਹਰੀ ਵਿੱਚ ਕਿਉਂ ਭਰਨੀ ਪਈ। ਸਮਾਜ ਨੂੰ ਸੁਧਾਰਨ ਵਾਸਤੇ, ਬਿਦੇਸ਼ੀ ਅੰਗਰੇਜ਼ੀ ਸ਼ੈਸ਼ਨ ਦੀ ਮੁਕਤੀ ਵਾਸਤੇ ਅਤੇ ਖਾਲਸਾ ਰਾਜ ਦੀ ਬਹਾਲੀ ਵਾਸਤੇ ਇਹ ਵਿਸ਼ਾ ਸਾਰੇ ਕਾਸੇ ਲਈ ਬਰਤਾਨਵੀਂ ਰਾਜ ਨੂੰ ਖ਼ਤਮ ਕਰਨ ਵਾਸਤੇ ਇਹ ਵਿਸ਼ਾ ਸਾਰੇ ਇੰਗਲੈਂਡ ਅਖਬਾਰਾਂ ਵਿੱਚ। ਅਤੇ ਇੰਗਲੈਂਡ ਦੀ ਪਾਰਲੀਮੈਂਟ ਵਿੱਚ ਚਰਚਾ ਦਾ ਵਿਸ਼ਾ ਬਣਿਆ ਰਿਹਾ ਸੀ। 7-8 ਸਾਲ ਦੇ ਵਿੱਚ ਹੀ 7 ਲੱਖ ਕੂਕੇ ਜਥੇਬੰਦ ਹੋ ਗਏ ਸਨ।

ਕੂਕਾ ਲਹਿਰ ਦੇ ਨਾਅਰੇ ਬੜੇ ਸਾਦੇ ਸਨ ਜਿਸਨੂੰ ਬਾਈਕਾਟ ਦੇ ਨਾਅਰੇ ਆਖਿਆ ਜਾਂਦਾ ਹੈ। ਅੰਗਰੇਜ਼ ਦੇ ਸਕੂਲ ਵਿੱਚ ! ਬੱਚੇ ਨੂੰ ਪੜ੍ਹਾਈ ਨਹੀਂ ਕਰਾਉਣੀ। ਅੰਗਰੇਜ਼ ਦੀ ਨੌਕਰੀ ਨਹੀਂ ਕਰਨੀ। ਕਚਿਹਰੀ ਵਿੱਚ ਨਹੀਂ ਜਾਣਾ। ਆਪਣੀ ਡਾਕ ਘੋੜੇ ਜਾਂ ਊਠ ਜਾਂ ਪੈਦਲ ਅੱਗੇ ਤੋਂ ਅੱਗੇ ਪੁਚਾਉਣੀ ਹੁੰਦੀ ਸੀ। ਇਸਦਾ ਪ੍ਰਭਾਵ ਅੰਗਰੇਜ਼ ਦੀ ਨੀਤੀ ਉੱਤੇ ਵਦਾਨ ਦੀ ਸੱਟ ਵਾਂਗੂੰ ਪੈਂਦਾ ਸੀ।

(6) ਸਰਦਾਰ ਨਿਧਾਨ ਸਿੰਘ ਜੀ ਆਲਮ ਆਪਣੀ ਕਲਮ ਰਾਹੀਂ ਆਮ ਲੋਕਾਂ ਨੂੰ ਦੱਸਦੇ ਹਨ। ਲਿਖਦੇ ਹਨ—ਅੰਗਰੇਜ਼ ਸਰਕਾਰ ਤੋਂ ਆਮ ਲੋਕ ਤਾਂ ਡਰਦੇ ਸਨ। ਕਾਂਗਰਸ ਵੀ ਇਤਨੀ ਡਰਦੀ ਸੀ ਕਿ 35 ਸਾਲ ਤੱਕ ਵੀ ਆਪਣਾ ਡਰ ਅਤੇ ਲੋਕਾਂ ਦਾ ਡਰ ਦੂਰ ਨਹੀਂ ਸੀ ਕਰ ਸਕੀ। ਡਰਦੇ ਮਾਰਿਆਂ ਆਵਾਜ਼ ਉੱਚੀ ਨਹੀਂ ਸੀ ਕਰ ਸਕੀ। ਕਾਂਗਰਸ ਨੇ ਕੂਕਾ ਲਹਿਰ ਨਾਲ ਸੰਪਰਕ ਏਸੇ ਵਾਸਤੇ ਹੀ ਜੋੜੇ ਸੀ। ਕਾਂਗਰਸ ਦੀ ਮੈਂਬਰਸ਼ਿਪ ਕਰਨ ਵਾਲੇ ਬਹੁਤ ਘੱਟ ਸਨ। ਇਸ ਕਰਕੇ ਕੂਕਾ ਲਹਿਰ ਨੇ ਕਾਂਗਰਸ ਨੂੰ ਥੰਮ੍ਹੀਆਂ ਦਿੱਤੀਆਂ ਸਨ। ਜਦੋਂ ਕੂਕਾ ਲਹਿਰ ਨੇ ਕਾਂਗਰਸ ਨਾਲ ਮੋਢਾ ਜੋੜਿਆ ਲਾਲਾ ਲਾਜਪਤ ਰਾਏ, ਮੁਨੀ ਲਾਲ ਕਾਲੀਆ, ਸਰਦਾਰ ਭਗਤ ਸਿੰਘ ਦੀ ਅਗਵਾਈ ਹੇਠ ਵਿਦਿਆਰਥੀ ਮੈਦਾਨ ਵਿੱਚ ਉਤਰੇ ਫਿਰ ਜਾ ਕੇ ਕਾਂਗਰਸ ਮੁਰਦਾ ਹੋਈ ਵਿੱਚ ਜਾਨ ਪਈ ਸੀ। ਇਨਕਲਾਬੀ ਸਪਿਰਟ ਕੂਕਾ ਲਹਿਰ ਦੇ ਸਹਿਯੋਗ ਪ੍ਰੋਗਰਾਮ ਉਲੀਕਣ ਤੋਂ ਬਾਦ ਪੈਦਾ ਹੋਈ ਸੀ।

ਅੱਗੇ ਲਿਖਦੇ ਹਨ ਬਾਬਾ ਨਿਹਾਲ ਸਿੰਘ ਜੀ ਸਾਹਿਬ ਸਰਦਾਰ ਗੁਰਦਿਆਲ ਸਿੰਘ, ਸਰਦਾਰ ਮੰਗਲ ਸਿੰਘ ਜੀ ਮਸਤਾਨਾ, ਸਰਦਾਰ ਇੰਦਰ ਸਿੰਘ ਜੀ ਚੱਕਰਵਰਤੀ, ਸਰਦਾਰ ਟਹਿਲ ਸਿੰਘ ਸੈਦੋਵਾਲ, ਸਰਦਾਰ ਅਣਖਾਂ ਸਿੰਘ ਜੀ ਦਾਤੇਵਾਲ, ਪੰਡਤ ਮਨਸਾ ਸਿੰਘ ਜੀ ਕੌਮੀ ਆਦਿ ਨੇ ਕੂਕਾ ਲਹਿਰ ਦੀ ਅਗਵਾਈ ਹੇਠ ਪ੍ਰਚਾਰ ਹੋਇਆ। ਫਿਰ ਜਾ ਕੇ ਕਿਤੇ 1921 ਈਸਵੀ ਵਿੱਚ ਕਾਂਗਰਸ ਦਾ ਨਾਮ ਆਮ ਲੋਕਾਂ ਵਿੱਚ ਗਿਆ ਸੀ। ਪੰਜਾਬ ਕਾਂਗਰਸ-ਦਾ ਸੰਗਠਨ ਕੂਕਾ ਲਹਿਰ ਤੋਂ ਬਗੈਰ ਬਹੁਤ ਹੀ ਘੱਟ ਮੈਂਬਰਸ਼ਿਪ ਸੀ। ਕੂਕਾ ਲਹਿਰ ਦੇ ਸਹਿਯੋਗ ਦੇਣ ਤੋਂ ਬਾਦ ਹੀ 1921 ਈਸਵੀ ਤੋਂ ਮੈਂਬਰਸ਼ਿਪ ਵੱਧਣੀ ਸ਼ੁਰੂ ਹੋਈ ਸੀ। ਕੂਕਾ ਲਹਿਰ ਦੇ ਬਹੁਤ ਸਾਰੇ ਮੈਂਬਰ ਆਲ ਇੰਡੀਆ

ਕੌਂਸਲ ਦੇ ਮੈਂਬਰ 1921 ਤੋਂ ਲੈ ਕੇ 1924 ਤੱਕ ਬਣੇ ਰਹੇ ਸਨ। ਆਲਮ ਜੀ ਹੋਰ ਅੱਗੇ ਲਿਖਦੇ ਹਨ। ਕਾਂਗਰਸ ਵਿੱਚ ਜਾਨ ਪਾਉਣ ਦੇ ਜੋਸ਼ ਥੱਲੇ ਅੰਗਰੇਜ਼ ਸਰਕਾਰ ਦੀਆਂ ਕੂਕਾ ਲਹਿਰ ਦੇ ਆਗੂਆਂ ਨੇ ਸਖਤ ਜੇਲ੍ਹਾਂ ਕੱਟਣੀਆਂ ਪਈਆਂ ਸਨ। ਸਰਦਾਰ ਮੰਗਲ ਸਿੰਘ ਜੀ ਮਸਤਾਨੇ, ਸਰਦਾਰ ਮੁਨਸ਼ਾ ਸਿੰਘ ਜੀ, ਪੰਡਤ ਮਨਸ਼ਾ ਸਿੰਘ ਜੀ ਕੌਮੀ, ਬਾਬਾ ਨਿਹਾਲ ਸਿੰਘ ਜੀ ਸਾਹਿਬ ਨੂੰ ਗੁਜਰਾਤ ਜੇਲ੍ਹ ਵਿੱਚ ਕੈਦ ਕੀਤਾ ਗਿਆ ਸੀ। ਬਹੁਤ ਸਾਰੇ ਕੂਕਾ ਲਹਿਰ ਦੇ ਵਰਕਰਾਂ ਦੀਆਂ ਜ਼ਮੀਨਾਂ ਘਰ-ਘਾਟ ਜ਼ਬਤ ਕਰ ਲਏ ਸਨ।

ਇਥੇ ਹੀ ਬੱਸ ਨਹੀਂ ਆਲਮ ਜੀ ਅੱਗੇ ਲਿਖਦੇ ਹਨ। 8 ਅਗਸਤ 1942 ਈਸਵੀ ਨੂੰ ਇਤਿਹਾਸਕ ਪ੍ਰਸਤਾਵ ਪਾਸ ਕਰਾਉਣ ਦਾ ਸਮਾਂ ਸੀ। ਕੂਕਾ ਲਹਿਰ ਨੇ ਸ੍ਰੀ ਭੈਣੀ ਸਾਹਿਬ ਦੀ ਵਿਕੱਤਰਤਾ ਵਿਚ ਜ਼ੋਰ ਸ਼ੋਰ ਨਾਲ ਕਾਂਗਰਸ ਦੀ ਹਮਾਇਤ ਕਰੀ ਸੀ।

(7) ਸ: ਕਿਰਪਾਲ ਸਿੰਘ ਕਸੇਲ ਲਿਖਦੇ ਹਨ। ਕੂਕਾ ਲਹਿਰ ਖਾਲਸਾ ਲਹਿਰ ਦਾ ਦੂਸਰਾ ਰੂਪ ਸੀ। ਖਾਲਸਾ ਲਹਿਰ ਦੇ ਕਾਲ ਤੱਕ ਸਮੁੱਚੀ ਸਿੱਖ ਲਹਿਰ ਨੇ ਜੋ ਪੂਰਨ ਬੀਰਤਾ ਨਾਲ ਸੰਗਰਾਮ ਲੜੇ ਹਨ। ਇਸਦੇ ਦਰਮਿਆਨ ਅਨੇਕਾਂ ਅਮਰ ਸ਼ਹੀਦੀਆਂ ਸਾਕੇ ਵਰਤੇ। ਇਹ ਉਹ ਆਤਮਕ ਤੇ ਉੱਚੇ ਆਚਰਣ ਦਾ ਹੀ ਫਲ ਸੀ। ਇਹ ਕੋਈ ਅਣਕਥਨੀ ਨਹੀਂ, ਜੋ ਕੂਕਾ ਲਹਿਰ ਦੇ ਜੀਵਨ ਨੇ ਆਦਰਸ਼ ਨੂੰ ਗ੍ਰਹਿਣ ਕੀਤਾ ਸੀ। ਇਸ ਵਿੱਚ ਕਿਸੇ ਨੂੰ ਵੀ ਸ਼ੱਕ ਦੀ ਗੁੰਜਾਇਸ਼ ਨਹੀਂ। ਜੀ ਉੱਤਰ ਭਾਰਤ ਵਿੱਚ ਸਿੱਖ ਲਹਿਰ ਕਮਜ਼ੋਰ ਹੈ। ਖਾਲਸਾ ਲਹਿਰ ਦੇ ਕਾਲ ਸਮੇਂ ਵੀ ਦੋ ਘਲੂਘਾਰੇ ਵਾਪਰੇ ਸਨ। ਪਰ ਗੁਰੂਆਂ ਦੀ ਚਲਾਈ ਹੋਈ ਮਨੁੱਖੀ ਬਰਾਬਰਤਾ ਦੀ ਲਹਿਰ ਅਡੋਲ ਤੁਰੀ ਜਾਂਦੀ ਹੈ ਅਤੇ ਤੁਰੀ ਰਹੇਗੀ।

ਕਸੇਲ ਸਾਹਿਬ ਅੱਗੇ ਜਾ ਕੇ ਲਿਖਦੇ ਹਨ। ਗੁਰੂ ਗੋਬਿੰਦ ਸਿੰਘ ਜੀ ਸਾਹਿਬ ਨੇ ਖਾਲਸਾ ਮੁਕਤੀ ਸੈਨਾ ਬਣਾਈ। ਮੁਕਤੀ ਫੌਜ ਸਾਂਝੀ ਫੌਜ ਸੀ। ਇਸ ਨੂੰ ਸੰਤ ਸਿਪਾਹੀ ਵੀ ਆਖਿਆ ਜਾਂਦਾ ਸੀ। ਇਹ ਸਿਰਲੱਥ ਜਥੇ ਸਨ। ਇਹ ਗਰੀਬ ਵਰਗ ਦੀ ਮਹਾਂ ਸ਼ਕਤੀ ਸੀ। ਅੰਮ੍ਰਿਤ ਛਕਣ ਸਮੇਂ ਨਿਸ਼ਕਾਮ ਸੇਵਾ ਕਰਨ ਦਾ ਪ੍ਰਣ ਕਰਿਆ ਜਾਂਦਾ ਸੀ। ਸੰਪੂਰਣ ਜੀਵਨ ਦੇ ਸਾਰੇ ਪੱਖਾਂ ਤੋਂ ਜਿਹੜੀਆਂ ਕੌਮਾਂ ਨੂੰ ਆਤਮਿਕ ਧਾਰਮਿਕ ਭਾਈਚਾਰਕ ਰਾਜਸੀ ਅਤੇ ਸਭਿਆਚਾਰ ਦੀ ਸਮੁਚੀ ਅਗਵਾਈ ਕਰਦੀ ਸੀ।

ਇਸ ਤੋਂ ਬਾਦ 1857 ਈਸਵੀ ਦੇ ਗ਼ਦਰ ਸਮੇਂ ਬਾਬਾ ਰਾਮ ਸਿੰਘ ਜੀ ਨੇ ਸਵਤੰਤਰਤਾ ਦਾ ਪਹਿਲਾ ਸੰਗ੍ਰਾਮ ਸ਼ੁਰੂ ਕੀਤਾ। ਗੁਰੂਆਂ ਦੇ ਆਦੇਸ਼ ਮੁਤਾਬਿਕ ਕੂਕਾ ਲਹਿਰ ਨੇ ਸੰਘਰਸ਼ ਮੁੜ ਸ਼ੁਰੂ ਕੀਤਾ ਸੀ। ਇਹ ਗੁਰੂਆਂ ਦੀ ਚਲਾਈ ਹੋਈ ਮਨੁੱਖੀ ਬਰਾਬਰਤਾ ਦਾ ਦ੍ਰਿਸ਼ਟੀਕੋਣ ਸੀ।

(8) ਸਰਦਾਰ ਮੰਗਲ ਸਿੰਘ ਜੀ ਲਾਇਲਪੁਰੀ ਪਾਠਕਾਂ ਨੂੰ ਜਾਣਕਾਰੀ ਦਿੰਦੇ ਹੋਏ ਲਿਖਦੇ ਹਨ। ਬਾਬਾ ਰਾਮ ਸਿੰਘ ਜੀ ਦੀ ਮਿੱਤ੍ਰਤਾ ਸਰਦਾਰ ਜਮੀਤ ਸਿੰਘ ਗਿੱਲ ਨਾਲ ਫੌਜ ਵਿੱਚ ਹੀ ਹੋ ਗਈ ਸੀ। ਸਰਦਾਰ ਕਾਹਨ ਸਿੰਘ ਜੀ ਨੌਹਰਾ ਚੱਕ ਰਿਆਸਤ ਮਲੇਰਕੋਟਲਾ ਵੀ ਫੌਜ ਵਿੱਚ ਮਿੱਤਰ ਬਣੇ ਸਨ। ਇਹਨਾਂ ਨੂੰ ਸਿੱਖੀ ਘਰਨ ਸਮੇਂ 1858 ਈਸਵੀ ਨੂੰ ਨਾਲ ਲੈ ਕੇ ਨੇਪਾਲ ਗਏ ਸਨ। ਭਾਵ ਗਵਾਂਢੀ ਮੁਲਕਾਂ ਨਾਲ ਸੰਧੀਆਂ ਕਾਇਮ ਕੀਤੀਆਂ ਗਈਆਂ ਸਨ। ਬਾਬਾ ਜੀ ਦਾ ਰਾਜਸੀ ਪੱਖ ਬਹੁਤ ਮਜਬੂਤ ਮੰਨਿਆ ਗਿਆ ਹੈ।

(9) ਸਰਦਾਰ ਗੁਰਦਿਆਲ ਸਿੰਘ ਜੀ ਸਾਹਿਬ ਇੱਕ ਥਾਂ ਤੇ ਲਿਖਦੇ ਹਨ । ਆਮ ਲੋਕਾਂ ਦਾ ਮਨੋਬਲ ਵੱਲ ਮਹਾਨ ਬਨਾਉਣ ਦੀ ਕਲਾ ਨਾਲ ਲਿਖਦੇ ਹਨ । ਹਿੰਦੂਓ ਅਤੇ ਮੁਸਲਮਾਨ ਸਜਨੋਂ ਜਦ ਤੱਕ ਕੂਕਾ ਲਹਿਰ ਮੌਜੂਦ ਹੈ ਅਤੇ ਜੀਊਂਦੀ ਜਾਗਦੀ ਹੈ । ਪਿਆਰੇ ਦੇਸ ਵਾਸੀਓ ਤੁਸੀਂ ਅੰਗਰੇਜ਼ ਸਰਕਾਰ ਦਾ ਡਰ ਆਪਣੇ ਮਨਾਂ ਵਿਚੋਂ ਬਿਲਕੁਲ ਕੱਢ ਦੇਣਾ ਚਾਹੀਦਾ ਹੈ । ਤੁਸੀਂ ਮੇਰੀ ਗੱਲ ਮੰਨ ਕੇ ਸਰਕਾਰ ਦਾ ਸ਼ੋਸਲ ਬਾਈਕਾਟ ਕਰੀ ਰੱਖੋ ।

ਆਪਦੇ ਦੇਸ਼ ਨੂੰ ਆਜ਼ਾਦ ਕਰਾਉਣਾ ਸਾਡਾ ਜਮਾਂਦਰੂ ਹੱਕ ਹੈ । ਜਿਹੜੀਆਂ ਕੌਮਾਂ ਆਪਣੇ ਦੇਸ਼ ਨੂੰ ਆਜ਼ਾਦ ਨਹੀਂ ਕਰਾਉਂਦੀਆਂ ਜਾਂ ! ਇਉਂ ਕਹਿ ਲਈਦੇ ਉਸ ਦੇਸ਼ ਵਿੱਚ ਆਜ਼ਾਦੀ ਨਹੀਂ ਹੁੰਦੀ । ਉਹ ਕੌਮਾਂ ਖ਼ਤਮ ਹੋ ਜਾਂਦੀਆਂ ਹਨ । ਅਸੀਂ ਆਪਣੇ ਦੇਸ਼ ਨੂੰ ਆਰਥਿਕ ਆਜ਼ਾਦੀ, ਰਾਜਨੀਤਕ ਆਜ਼ਾਦੀ ਸਭੇ ਰਾਜਨੀਤੀ ਪ੍ਰਾਪਤ ਕਰਨ ਲਈ ਅੰਤਮਾਂ ਤੇ ਬਾਹੂ ਬਲ ਦੀ ਲੋੜ ਹੈ । ਆਪ ਇਕ ਦੂਸਰੇ ਤੋਂ ਪਹਲ ਕਦਮੀ ਕਰਨੀ ਬਹੁਤ ਜ਼ਰੂਰੀ ਹੈ । ਅਗਰ ਆਤਮਿਕ ਸ਼ਕਤੀ ਬਲਵਾਨ ਨਹੀਂ ਹੁੰਦੀ, ਮਨੁੱਖ ਦਾ ਜੀਵਨ ਬੇਅਰਥ ਹੁੰਦਾ ਹੈ । ਆਪਣੇ ਦੇਸ਼ ਦੇ ਨੁਕਸਾਨ ਨੂੰ ! ਜਰਨਾ ਹੀ ਦੇਸ਼ ਭਗਤੀ ਹੈ ।

ਗੁਲਾਮੀ ਦੀਆਂ ਜੰਜੀਰਾਂ ਤਾਂ ਹੀ ਟੁੱਟ ਸਕਦੀਆਂ ਹਨ । ਗੁਲਾਮੀ ਦੀਆਂ ਜੰਜੀਰਾਂ ਉੱਤੇ ਆਪਣੇ ਦੇਕੇ ਦੀਆਂ ਵਦਾਨਾਂ ਦੀਆਂ ਸੱਟਾਂ ਮਾਰੋਗੇ ਤਾਂ । ਇਹ ਜੰਜੀਰਾਂ ਦੀਆਂ ਕੜੀਆਂ ਬਹੁਤ ਮਜ਼ਬੂਤ ਨਹੀਂ ਹਨ । ਇਹ ਕੜੀਆਂ ਜ਼ੁਲਮ ਦੇ ਸੇਕ ਨਾਲ ਜੰਗਾਲੀਆਂ ਹੋਈਆਂ ਹਨ । ਛੇਤੀ ਹੀ ਟੁੱਟ ਜਾਣਗੀਆਂ ।

(10) ਸਰਦਾਰ ਸੰਤੋਖ ਸਿੰਘ ਜੀ ਧੀਰ ਪੰਜਾਬੀ ਦੇ ਕਹਾਣੀਕਾਰ ਲਿਖਦੇ ਹਨ । ਕੂਕਾ ਲਹਿਰ ਵਲੋਂ ਅੰਗਰੇਜ਼ੀ ਸਾਮਰਾਜ ਦਾ ਵਿਰੋਧ ਕੀਤਾ ਗਿਆ । ਸੰਗਰਾਮ ਮੇਰੇ ਪਿਤਾ ਜੀ ਦੇ ਅੰਦਰ ਅਤੇ ਮੇਰੇ ਅੰਦਰ ਘਰ ਕਰ ਗਿਆ । ਦੇਸ਼ ਭਗਤ ਕੂਕਿਆਂ ਨੂੰ ਕੇਵਲ ਦੇਸ਼ ਭਗਤੀ ਵਾਸਤੇ ਤੋਪਾਂ ਸਾਹਮਣੇ ਖੜੇ ਕਰਕੇ ਰੂੰ ਦੇ ਗੋੜ੍ਹਿਆਂ ਵਾਂਗੂ ਉਡਾਇਆ ਗਿਆ । ਬਾਬਾ ਰਾਮ ਸਿੰਘ ਜੀ ਨੂੰ ਤੇ ਉਸਦੇ ਸਾਥੀਆਂ ਨੂੰ ਜਲਾਵਤਨ ਕਰਕੇ ਦੇਸ਼ ਨਿਕਾਲੇ ਦਿੱਤੇ ਗਏ । ਪੰਜਾਬੀ ਕੌਮ ਵਿੱਚ ਦਹਿਸ਼ਤ ਫੈਲਾਉਣੀ ਇਹ ਗੁਲਾਮੀ ਦਾ ਡਰ ਦੇਣਾ ਹੈ । ਕੂਕਾ ਲਹਿਰ ਇਸ ਦਹਿਸ਼ਤ ਦੀ ਪ੍ਰਵਾਹ ਨਾ ਕਰਦੀ ਹੋਈ ਲਗਾਤਾਰ ਸੌ ਸਾਲ ਤੱਕ ਬਿਦੇਸ਼ੀਆਂ ਨਾਲ ਜੂਝਦੀ ਰਹੀ । ਅਖੀਰ ਬਰਤਾਨੀਆਂ ਸਰਕਾਰ ਨੂੰ ਹਾਰ ਖਾ ਕੇ ਭੱਜਣਾ ਪਿਆ ਸੀ ।

(11) ਸਰਦਾਰ ਨਾਹਰ ਸਿੰਘ ਜੀ ਐਮ. ਏ. ਆਪਣੀ ਲਿਖਤ ਵਿੱਚ ਜਾਣਕਾਰੀ ਦਿੰਦੇ ਹੋਏ ਲਿਖਦੇ ਹਨ । ਜਦੋਂ ਜ਼ਿਲ੍ਹਾ ਸਿਆਲਕੋਟ ਵਿੱਚ ਕੂਕਾ ਲਹਿਰ ਪ੍ਰਚਾਰ ਕਰਦੇ ਬਾਬਾ ਰਾਮ ਸਿੰਘ ਜੀ ਸਾਹਿਬ ਫਿਰਦੇ ਸਨ । ਉਥੋਂ ਦੀ ਪੁਲਿਸ ਨੇ ਡਿਪਟੀ ਕਮਿਸ਼ਨਰ ਨੂੰ 5 ਅਪਰੈਲ 1863 ਈਸਵੀ ਨੂੰ ਲਿਖਦੇ ਹਨ । ਜ਼ਿਲ੍ਹਾ ਲੁਧਿਆਣੇ ਦਾ ਇਕ ਪੱਕੀ ਉਮਰ ਦਾ ਆਪਣੇ 200 ਸਾਥੀਆਂ ਸਮੇਤ ਪ੍ਰਚਾਰ ਕਰਦਾ ਫਿਰ ਰਿਹਾ ਹੈ । ਰਾਤ ਨੂੰ ਇਹ ਬੰਦੂਕਾਂ ਦੀ ਥਾਂ ਲਾਠੀਆਂ ਫੜਕੇ ਪਰੇਡ (ਕਵੇਦ) ਕਰਦੇ ਹਨ । ਇਹ ਕਿਸੇ ਹਾਕਮ ਦਾ ਹੁਕਮ ਨਹੀਂ ਮੰਨਦਾ । ਇਹਨਾਂ ਵਿੱਚ ਬਹੁਤ ਸਾਰੀਆਂ ਇਸਤਰੀਆਂ ਵੀ ਮੌਜੂਦ ਹਨ । ਅੰਮ੍ਰਿਤਸਰ ਦੇ ਵਿਸਾਖੀ ਦੇ ਮੇਲੇ ਤੇ ਜਾ ਰਹੇ ਹਨ । ਅਸੀਂ ਆਪ ਨੂੰ ਰੀਪੋਰਟ ਕਰਦੇ ਹਾਂ । ਪ੍ਰਤੀਕਰਮ ਬਾਰੇ ਸਰਕਾਰ ਆਪ ਪਤਾ ਕਰ ਲਵੇ ।

(12) ਸਰਦਾਰ ਗੁਰਬਚਨ ਸਿੰਘ ਜੀ ਭੁੱਲਰ ਕੂਕਾ ਲਹਿਰ ਦੇ ਸੰਗਰਾਮ ਬਾਰੇ ਲਿਖਦੇ ਹਨ। ਮਹਾਤਮਾ ਗਾਂਧੀ ਜੀ ਦੀਆਂ ਕਮਜ਼ੋਰੀਆਂ ਵੱਲ ਇਸ਼ਾਰਾ ਕਰਦੇ ਆਖਦੇ ਹਨ। ਕੂਕਾ ਲਹਿਰ ਦੀ ਚਲਾਈ ਹੋਈ ਨਾ-ਮਿਲਵਰਤਣ ਲਹਿਰ ਨੂੰ ਗਾਂਧੀ ਜੀ ਕਾਂਗਰਸ ਲਹਿਰ ਵਿਚ ਲਾਗੂ ਨਹੀਂ ਕਰ ਸਕਿਆ। ਇਹ ਬਹੁਤ ਦਿਲਚਸਪ ਗੱਲ ਹੈ। ਇਸ ਬਾਈਕਾਟ ਦੇ ਹਥਿਆਰ ਨੂੰ ਵਰਤ ਨਹੀਂ ਸਕਿਆ। ਇਹ ਮੱਧ ਵਰਗ ਮੁਜਾਹਰਾ, ਮਜ਼ਦੂਰ ਵਰਗ ਨੂੰ ਪਛਾੜ ਕੇ ਅੰਗਰੇਜ਼ ਸਰਕਾਰ ਨਾਲ ਹਮਦਰਦੀ ਜਤਾ ਦੇਣੀ ਚਾਹੁੰਦਾ ਸੀ। ਬਹੁਤ ਸੰਗਠਨ ਦੇ ਬਾਵਜੂਦ ਵੀ ਕੂਕੇ ਰੇਲ ਤੇ ਨਾ ਚੜ੍ਹੇ। ਆਪਣੀ ਡਾਕ ਚਲਾਉਣੀ, ਅਦਾਲਤਾਂ ਦਾ ਪ੍ਰਸ਼ਾਸਨ ਢਾਂਚਾ, ਗਾਂਧੀ ਜੀ ਦੇ ਕਲਾਵੇ ਵਿਚ ਨਹੀਂ ਸੀ ਆ ਸਕਦਾ।

ਇਸ ਤੋਂ ਇਲਾਵਾ ਭੁੱਲਰ ਸਾਹਿਬ ਅੱਗੇ ਲਿਖਦੇ ਹਨ। ਬਾਬਾ ਰਾਮ ਸਿੰਘ ਜੀ ਦੀ ਸੋਚ ਵਿਚੋਂ ! ਜਵਾਲਾਮੁਖੀ ਅੰਗਰੇਜ਼ ਸਰਕਾਰ ਸਮਝਦੀ ਸੀ। ਕਿਸੇ ਨਾ ਕਿਸੇ ਤਰ੍ਹਾਂ ਇਹਨਾਂ ਨੂੰ ਰੋਕਿਆ ਜਾਵੇ। ਅੰਗਰੇਜ਼ ਪ੍ਰਸ਼ਾਸਨ ਨੇ 1863 ਈਸਵੀ ਤੋਂ ਲੈ ਕੇ 1867 ਈਸਵੀ ਤਕ ਬਾਬਾ ਜੀ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਨਜ਼ਰਬੰਦ ਕਰ ਰਖਿਆ ਸੀ। ਉਹਨਾਂ ਦੇ ਸਾਥੀਆਂ ਤੋਂ ਵੀ ਖ਼ਤਰਾ ਮਹਿਸੂਸ ਕਰ ਰਹੇ ਸਨ। ਬਾਅਦ ਵਿਚ ਤਾਂ ਬੁਚੜਖਾਨੇ ਦਾ ਬਹਾਨਾ ਹੀ ਲਿਆ ਗਿਆ ਸੀ।

(13) ਸਰਦਾਰ ਵਰਿਆਮ ਸਿੰਘ ਸੰਧੂ ਲੇਖਕਾਂ ਨੂੰ ਇਕ ਚੁਣੌਤੀ ਦੇ ਰੂਪ ਵਿਚ ਸਰਕਾਰ ਦੇ ਪਿੱਠੂਆਂ ਬਾਰੇ ਲਿਖਦੇ ਹਨ—ਇਕ ਪਾਸੇ ਪੁਸਤਕਾਂ ਵਿਚ ਅੰਗਰੇਜ਼ ਸਰਕਾਰ ਦੇ ਬਰਕਤਾਂ ਦੇ ਸੋਹਲੇ ਗਾਏ ਜਾਂਦੇ ਹਨ। ਮੁਹੰਮਦ ਲਤੀਫ ਵਰਗੇ ਇਤਿਹਾਸਕਾਰਾਂ ਨੇ ਬਰਤਾਨੀਆਂ ਰਾਜ ਦੇ ਸਦਾ ਸਲਾਮਤ ਰਹਿਣ ਦੀ ਕਿਤਾਬ ਪੰਜਾਬ ਦੇ ਇਤਿਹਾਸ ਨਾਮ ਨਾਲ ਤਿਆਰ ਕੀਤੀ ਗਈ ਸੀ। ਦੂਸਰੇ ਪਾਸੇ ਬਾਬਾ ਰਾਮ ਸਿੰਘ ਜੀ ਦੀ ਅਗਵਾਈ ਵੱਲੋਂ 1858 ਈਸਵੀ ਨੂੰ ਬਰਤਾਨੀਆਂ ਸਰਕਾਰ ਦੇ ਖ਼ਿਲਾਫ ਸੰਘਰਸ਼ ਲੜਨ ਵਾਸਤੇ ਕੂਕਾ ਲਹਿਰ ਜਨਮ ਲੈ ਚੁੱਕੀ ਹੈ। ਮਨੁੱਖੀ ਬਰਾਬਰਤਾ ਵਾਸਤੇ ਪਹਿਲ ਕਦਮੀ ਕਰਕੇ ਮੁਹੰਮਦ ਲਤੀਫ ਦੇ ਲਿਖੇ ਇਤਿਹਾਸ ਦੀਆਂ ਮੂੜ ਜੜ੍ਹਾਂ ਉਖਾੜ ਕੇ ਧਰਤੀ ਤੋਂ ਉਪਰ ਕਰ ਦਿੱਤੀਆਂ ਸੀ। ਕੂਕਾ ਲਹਿਰ ਨੇ ਆਪਣੇ ਦੇਸ਼ ਦੇ ਹਿੱਤਾਂ ਵਾਸਤੇ ਅਮਰ ਸ਼ਹੀਦੀਆਂ ਪਾ ਕੇ ਸੂਰਜ ਦੀ ਰੋਸ਼ਨੀ ਜਿੰਨਾ ਸੱਚ ਸਾਬਿਤ ਕਰ ਦਿੱਤਾ ਸੀ। ਸੱਚ ਨੂੰ ਮੁੜ ਸੁਰਜੀਤ ਕਰ ਦਿੱਤਾ ਸੀ। ਕੂਕਾ ਲਹਿਰ ਨੇ ਅਮਲੀ ਰੂਪ ਦੇ ਕੇ ਨਵੀਂ ਤਲਾਸ਼ ਨੂੰ ! ਨਵੀਂ ਦੁਨੀਆਂ ਦੇ ਸੁਪਨੇ ਨੂੰ ਅਮਲ ਵਿਚ ਉਤਰ ਕੇ ਪ੍ਰੈਕਟੀਕਲ ਕਰ ਦਿਖਾਇਆ ਸੀ। ਕੂਕਾ ਲਹਿਰ ਦਾ ਨਿੱਕੀ ਵਲਗਣ ਵਿਚ ਵਲਿਆ ਸੰਗਠਨ ਨਹੀਂ ਸੀ। ਦੁਨੀਆਂ ਦੇ ਸੁਪਨਿਆਂ ਵਿਚ ਜੁੜਿਆ ਹੋਇਆ ਸੰਗਠਨ ਸੀ। ਇਸੇ ਨੂੰ ਹੀ ਮਨੁੱਖੀ ਬਰਾਬਰਤਾ ਦਾ ਸੰਗਠਨ ਆਖਿਆ ਜਾ ਸਕਦਾ ਹੈ।

(14) ਸਰਦਾਰ ਜਸਵਿੰਦਰ ਸਿੰਘ ਜੀ ਪਿਥੋ ਲਿਖਦੇ ਹਨ। ਪੰਜਾਬੀ ਕੌਮ ਦੀ ਬਹਾਦਰ ਸਿਰੜੀ ਲਗਨ ਬਾਰੇ ਅਣਥਕ ਪੰਜਾਬੀਆਂ ਦੇ ਇਤਿਹਾਸ ਨੂੰ ਅੱਗੇ ਤੋਰਦੇ ਹੋਏ ਆਖਦੇ ਹਨ।

ਬਾਬਾ ਰਾਮ ਸਿੰਘ ਅਤੇ ਉਹਨਾਂ ਦੇ ਸਾਥੀਆਂ ਨੇ ਆਪਣੇ ਦੇਸ਼ ਵਾਸਤੇ ਮਨੁੱਖੀ ਬਰਾਬਰਤਾ ਵਾਸਤੇ ਜਲਾਵਤਨ ਹੋਣ ਸਮੇਂ ਭੋਰਾ ਜਿੰਨਾ ਪਛਤਾਵਾ ਤੇ ਦੁਖ ਮਹਿਸੂਸ ਨਹੀਂ ਰਹਿਆ। ਮਾਰਚ 1872 ਈਸਵੀ ਤੋਂ ਲੈ ਕੇ ਅਗਸਤ 1880 ਈਸਵੀ ਤਕ ਬਰਮਾ, ਰੰਗੂਨ ਵਿਚ ਨਜ਼ਰਬੰਦ-

Sri Satguru Jagjit Singh Ji Elibrary NamdhariElibrary@gmail.com

ਰਹੇ ਸਨ। ਅੰਗਰੇਜ਼ ਸਰਕਾਰ ਨੇ ਜੋ ਸੋਚ ਕੇ ਬਰਮਾ ਵਿਚ ਭੇਜੇ ਸਨ। ਉਹ ਗੱਲ ਫਿਰ ਵੀ ਨਾ ਬਣ ਸਕੀ। ਸਰਕਾਰ ਦੇ ਅਨੇਕ ਜਤਨਾਂ ਦੇ ਬਾਵਜੂਦ ਬਾਬਾ ਰਾਮ ਸਿੰਘ ਜੀ ਸਾਹਿਬ ਦਾ ਸੰਪਰਕ ਪੰਜਾਬ ਨਾਲ ਅਤੇ ਆਪਣੇ ਸਾਥੀਆਂ ਨਾਲ ਜੁੜਿਆ ਰਿਹਾ ਸੀ। ਪੰਜਾਬੀਆਂ ਨੇ ਰੰਗੂਨ ਸ਼ਹਿਰ ਨੂੰ ਖੇਤ ਬਣਾ ਲਿਆ ਗਿਆ। ਬਾਬਾ ਜੀ ਦਾ ਸਗੋਂ ਵਿਦੇਸ਼ਾਂ ਨਾਲ ਸੰਪਰਕ ਜੁੜ ਗਿਆ ਸੀ। ਰੂਸ, ਕਾਬਲ, ਕਸ਼ਮੀਰ, ਨੇਪਾਲ ਨਾਲ ਅਨੇਕਾਂ ਹੋਰ ਖੇਤਰਾਂ ਦੀ ਜਾਣਕਾਰੀ ਹੋ ਗਈ ਸੀ। ਸੰਘਰਸ਼ ਸ਼ੁਰੂ ਕਰਨਾ ਹੀ ਬਾਕੀ ਰਹਿ ਗਿਆ ਸੀ। ਪੰਜਾਬ ਦੀਆਂ ਲਹਿਰਾਂ ਕੂਕਾ ਲਹਿਰ ਨਾਲ ਜੁੜ ਕੇ ਤਿਆਰ-ਬਰ-ਤਿਆਰ ਹੋ ਗਈਆਂ ਸਨ।

ਕੂਕਾਂ ਲਹਿਰ ਦੇ ਵਰਕਰ ਮੁਸਾਫਰੀ ਦੀਆਂ ਤਕਲੀਫਾਂ ਝੱਲਦੇ ਹੋਏ ਕਲਕੱਤੇ ਤੋਂ ਬਰਮਾ, ਰੰਗੂਨ ਜਿਸ ਤੋਂ ਅੱਗੇ ਮਰਗੋਈ ਟਾਪੂਆਂ ਤਕ ਪਹੁੰਚ ਜਾਂਦੇ ਸਨ। ਬਾਬਾ ਜੀ ਸਾਹਿਬ ਨਾਲ ਮੀਟਿੰਗਾਂ ਕਰਦੇ। ਹੁਕਮਨਾਮੇ ਅੱਗੇ ਚੱਲਣ ਦੇ ਪ੍ਰਸਤਾਵ ਪੰਜਾਬ ਨੂੰ ਅਤੇ ਵਿਦੇਸ਼ਾਂ ਨੂੰ ਲੈ ਜਾਂਦੇ ਸਨ। ਅੰਗਰੇਜ਼ ਸਰਕਾਰ ਦੀਆਂ ਜੜ੍ਹਾਂ ਹਿਲਾਉਣ ਵਾਲੀਆਂ ਘਟਨਾਵਾਂ ਹੁੰਦੀਆਂ ਰਹਿੰਦੀਆਂ ਸਨ।

ਸਰਦਾਰ ਧੰਨਾ ਸਿੰਘ ਜੀ ਗੁਮਟੀ 1880 ਈਸਵੀ ਨੂੰ ਰੰਗੂਨ ਵਿਖੇ ਹੁਕਮਨਾਮਾ ਲੈਣ ਗਏ ਸਨ। ਅੰਗਰੇਜ਼ ਸਰਕਾਰ ਨੇ ਕੂਕਾ ਬਾਣੇ ਵਿਚ ਆਪਣੇ ਜਾਸੂਸ ਛੱਡੇ ਸਨ। ਸਰਦਾਰ ਦੇ ਭੋਲੀ ਚੂੱਕ ਵੀ ਬਹੁਤ ਸਨ। ਬਾਬਾ ਦਰਬਾਰਾ ਸਿੰਘ ਜੀ ਜਦੋਂ ਹੁਕਮਨਾਮਾ ਲੈ ਕੇ ਭੈਣੀ ਸਾਹਿਬ ਪਹੁੰਚੇ। ਥੋੜ੍ਹੇ ਦਿਨਾਂ ਵਿਚ ਹੀ ਪੰਜਾਬ ਦੇ ਲੈਫਟੀਨੈਂਟ ਤੇ ਗਵਰਨਰ ਤਕ ਖ਼ਬਰਾਂ ਪਹੁੰਚ ਗਈਆਂ ਸਨ। ਹੋਰ ਅਨੇਕਾਂ ਘਟਨਾਵਾਂ ਦਾ ਕੂਕਾ ਲਹਿਰ ਨੂੰ ਸਾਹਮਣਾ ਕਰਨਾ ਪੈ ਰਿਹਾ ਸੀ। 19 ਜਨਵਰੀ 1881 ਈਸਵੀ ਕੁਝ ਹੁਕਮਨਾਮੇ ਮਾਈ ਅਤਰੀ ਤੋਂ ਬਰਾਮਦ ਸਰਕਾਰ ਨੂੰ ਹੋ ਗਏ ਸਨ।

ਪਿਥੋ ਸਾਹਿਬ ਅੱਗੇ ਜਾ ਕੇ ਲਿਖਦੇ ਹਨ। 29 ਜੁਲਾਈ 1880 ਈਸਵੀ ਨੂੰ ਧੰਨਾ ਸਿੰਘ ਗੁਮਟੀ ਰੰਗੂਨ ਬਾਬਾ ਜੀ ਦੇ ਬੰਗਲੇ ਕੋਲ ਅਬਦੁਲਾ ਖਾਨ ਸਿਪਾਹੀ ਨੇ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਬਾਬਾ ਜੀ ਦੇ ਲਿਖੇ ਪੱਤਰ ਬ੍ਰਾਮਦ ਹੋ ਗਏ ਸਨ। ਧੰਨਾ ਸਿੰਘ ਨੇ ਆਪਣਾ ਨਾਂ ਨਥਾਣਾ ਸਿੰਘ ਲਿਖਵਾ ਦਿੱਤਾ। ਵਾਸਤਵ ਵਿਚ ਧੰਨਾ ਸਿੰਘ ਗੁਮਟੀ ਬਰੀ ਹੋ ਕੇ ਪੰਜਾਬ ਆ ਗਿਆ ਸੀ।

ਸਰਦਾਰ ਗੁਰਚਰਨ ਸਿੰਘ ਜੀ ਸੂਬਾ 1880 ਈਸਵੀ ਨੂੰ ਰੂਸ ਦੀ ਜ਼ਾਰ ਸਰਕਾਰ ਦਾ ਰੰਗੂਨ ਪੱਤਰ ਲੈ ਕੇ ਗਿਆ। ਗੁਲਾਬ ਖ਼ਾਨ ਅੰਗਰੇਜ਼ ਸਰਕਾਰ ਦਾ ਸੀ.ਆਈ.ਡੀ. ਦਾ ਜਾਸੂਸ ਸੀ। ਪੰਜਾਬੀ ਬੋਲਦਾ ਸੀ। ਬਾਬਾ ਜੀ ਦੇ ਬੰਗਲੇ ਕੋਲ ਹੀ ਰਹਿੰਦਾ ਸੀ। ਇਸ ਮਹੱਤਵਪੂਰਨ ਪੱਤਰ ਦੀ ਜਾਣਕਾਰੀ ਕਿਸੇ ਤਰ੍ਹਾਂ ਗੁਰਚਰਨ ਸਿੰਘ ਨੂੰ ਹੋ ਗਈ ਸੀ। ਗੁਰਚਰਨ ਸਿੰਘ ਨੇ ਉਹ ਪੱਤਰ ਪਹਿਲਾਂ ਹੀ ਸਰਦਾਰ ਸ਼ਾਮ ਸਿੰਘ ਸਰਹਾਲੀ ਨੂੰ ਫੜਾ ਦਿੱਤਾ ਸੀ। ਸ਼ਾਮ ਸਿੰਘ ਨੇ ਆਪਣੇ ਪੁੱਤਰ ਮੀਂਹਾ ਸਿੰਘ ਨੂੰ ਬਾਬਾ ਜੀ ਕੋਲ ਮਰਗੋਈ ਟਾਪੂ ਵਿਚ ਪਹੁੰਚਾ ਦਿੱਤਾ ਸੀ। ਸਰਦਾਰ ਮੀਂਹਾਂ ਸਿੰਘ ਮਰਗੋਈ ਵਿਚ ਫੜਿਆ ਗਿਆ। ਪਰ ਕੋਈ ਸਜ਼ਾ ਨਾ ਮਿਲੀ। ਬਾਬਾ ਰਾਮ ਸਿੰਘ ਨੂੰ ਅਜੇ ਮਰਗੋਈ ਗਿਆਂ ਨੂੰ ਅਜੇ ਤਿੰਨ ਚਾਰ ਮਹੀਨੇ ਹੀ ਹੋਏ ਸਨ।

ਸਰਦਾਰ ਪਿਥੋ ਸਾਹਿਬ ਅੱਗੇ ਹੋਰ ਲਿਖਦੇ ਹਨ। ਪੰਜਾਬੀ ਇਨਕਲਾਬੀਆਂ ਦੀ ਸਿਫਤ ਕਰਦੇ ਆਖਦੇ ਹਨ। ਮਰਗੋਈ ਸ਼ਹਿਰ ਵਿਚ ਦੋ ਕੂਕੇ ਆਇਆਂ ਦਾ ਪਤਾ ਸਰਕਾਰ ਨੂੰ ਲੱਗ ਗਿਆ। ਜ਼ਿਲ੍ਹਾ ਅਫਸਰ ਨੂੰ ਸਾਵਧਾਨ ਕਰ ਦਿੱਤਾ ਗਿਆ। ਅੱਧੀ ਰਾਤ ਨੂੰ ਜਦੋਂ ਅਫਸਰ ਨੇ

Sri Satguru Jagjit Singh Ji Elibrary NamdhariElibrary@gmail.com

ਖੋਰਾ ਮਾਰਿਆ। ਸਰਦਾਰ ਮੀਂਹਾਂ ਸਿੰਘ ਜੀ 24 ਜਨਵਰੀ 1881 ਈਸਵੀ ਨੂੰ ਬੰਗਲੇ ਕੋਲ਼ ਫੜੇ ਗਏ। ਅਜੇ ਬਾਬਾ ਜੀ ਨੂੰ ਤਿੰਨ-ਚਾਰ ਹੀ ਮਹੀਨੇ ਗਿਆਂ ਨੂੰ ਹੋਏ ਸਨ।

ਬਰਮਾ ਸਰਕਾਰ ਦਾ ਵਿਚਾਰ ਸੀ। ਮਰਗੋਈ ਸ਼ਹਿਰ ਵਿਚ ਇਥੇ ਪੰਜਾਬੀ ਸਿੱਖ ਨਹੀਂ ਪਹੁੰਚ ਸਕਣਗੇ। ਅੰਗਰੇਜ਼ ਸਰਕਾਰ ਨੂੰ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ ਸੀ। ਕਲਕੱਤੇ ਦੀ ਸਰਕਾਰ ਨੇ ਕੁਝ ਦਿਨ ਰੱਖ ਕੇ ਸਰਦਾਰ ਮੀਂਹਾਂ ਸਿੰਘ ਸਰਹਾਲੀ ਨੂੰ ਬਰੀ ਕਰਕੇ ਪੰਜਾਬ ਭੇਜ ਦਿੱਤਾ ਸੀ।

4 ਮਈ 1981 ਈਸਵੀ ਨੂੰ ਬਰਮਾ ਦੇ ਸੈਕਟਰੀ ਨੇ ਅੰਗਰੇਜ਼ ਭਾਰਤ ਸਰਕਾਰ ਨੂੰ ਖ਼ਤ ਲਿਖਿਆ ਸੀ। ਇਥੇ ਵੀ ਪੰਜਾਬੀ ਸਿੱਖ ਮਰਗੋਈ ਸ਼ਹਿਰ ਵਿਚ ਪਹੁੰਚ ਗਏ ਹਨ ਅਤੇ ਬਾਬਾ ਰਾਮ ਸਿੰਘ ਜੀ ਸਾਹਿਬ ਦੇ ਬੁਲੰਦ ਹੌਂਸਲੇ ਬਾਰੇ ਵੀ ਲਿਖਿਆ ਗਿਆ ਸੀ। ਬਾਬਾ ਜੀ ਨੂੰ ਕੋਈ ਫ਼ਿਕਰ ਨਹੀਂ ਹੈ। ਜਿਥੇ ਮਰਜ਼ੀ ਹੈ ਉਨ੍ਹਾਂ ਨੂੰ ਪਹੁੰਚਾ ਦਿਓ। ਪਰ ਬਾਬਾ ਜੀ ਦਾ ਪਤਾ ਲੈਣ ਵਾਸਤੇ ਪੰਜਾਬੀ ਸਿੱਖ ਉਥੇ ਵੀ ਪਹੁੰਚ ਜਾਣਗੇ। ਸੈਂਕੜੇ ਮੀਲ ਸਮੁੰਦਰ ਵਿਚ (ਟੌਂਪਲ ਲੈਂਡ) ਸਿੱਖ ਪਹੁੰਚਣ ਤੋਂ ਬਗੈਰ ਨਹੀਂ ਰਹਿ ਸਕਦੇ। ਇਹ ਪੰਜਾਬੀ ਸਿੱਖ ਕੌਮ ਕੋਈ ਨਾ ਕੋਈ ਸਹਾਰਾ ਲੱਭ ਲੈਣਗੇ।

ਕੂਕਾ ਲਹਿਰ ਦੇ ਬੁਲੰਦ ਹੌਂਸਲਿਆਂ ਨੂੰ ਦੇਖ ਕੇ ਅੰਗਰੇਜ਼ ਸਰਕਾਰ ਦਾ ਹੌਂਸਲਾ ਟੁੱਟ ਗਿਆ ਸੀ। ਸਿੱਖਾਂ ਦੀ ਆਮਦ ਦਾ ਐਸਾ ਹਊਆ ਬੈਠ ਗਿਆ ਸੀ। ਬਾਬਾ ਜੀ ਨੂੰ ਅੱਗੇ ਲਿਜਾਣ ਦੀ ਸਾਰੀ ਯੋਜਨਾ ਛੱਡ ਦਿੱਤੀ ਸੀ। ਉਥੇ ਹੀ ਹੁਕਮ ਤੇ ਹੁਕਮ ਚਲਦਾ ਰਿਹਾ। ਬਾਬਾ ਜੀ ਨੂੰ ਟੌਂਪਲ ਲੈਂਡ ਭੇਜਣਾ ਅੰਗਰੇਜ਼ ਸਰਕਾਰ ਆਪਣੀ ਹੋਰ ਵੀ ਹੇਠੀ ਸਮਝਦੀ ਸੀ। ਮਰਗੋਈ ਸ਼ਹਿਰ ਵਿਚ ਕੂਕੇ ਕਰੜਿਆਂ ਤੋਂ ਕਰੜੇ ਪਹਿਰਿਆਂ ਦੇ ਬਾਵਜੂਦ ਮਿਲਦੇ ਰਹੇ ਸਨ। ਕੂਕਾ ਲਹਿਰ ਨੇ ਅੰਗਰੇਜ਼ ਦੇ ਕਰੇ ਹੋਏ ਫੈਸਲੇ ਬਦਲ ਦਿੱਤੇ ਸਨ। ਇਹ ਸੀ ਕੂਕਾ ਲਹਿਰ ਦੀ ਬਹਾਦਰੀ ਤੇ ਬਾਬਾ ਜੀ ਦੇ ਵਿਚਾਰ।

ਪਾਠਕ ਸਾਥੀਓ ਮੈਂ ਹੋਰ ਅਨੇਕਾਂ ਲੇਖਕਾਂ ਦੀਆਂ ਲਿਖਤਾਂ ਪੜ੍ਹੀਆ ਹਨ। ਉਹਨਾਂ ਲਿਖਤਾਂ ਨੇ ਵੀ ਪੰਜਾਬੀ ਕੂਕਾ ਲਹਿਰ ਦੇ ਇਨਕਲਾਬੀ ਪੱਖਾਂ ਨੂੰ ਮਨੁੱਖੀ ਬਰਾਬਰਤਾ ਦੇ ਹਾਮੀ ਲਿਖਿਆ ਹੈ। ਗੁਰੂਆਂ ਦੀ ਚਲਾਈ ਹੋਈ ਸਾਂਝੀਵਾਲਤਾ ਦੀ ਨਿਸ਼ਕਾਮ ਸੇਵਾ ਕਰੀ ਹੈ। ਪੰਜਾਬੀ ਕੌਮ ਦੇ ਬੁਲੰਦ ਇਰਾਦਿਆਂ ਨੇ 15 ਅਗਸਤ 1947 ਈਸਵੀ ਨੂੰ ਲਾਲ ਕਿਲੇ ਤੇ ਕੇਸਰੀ ਝੰਡਾ ਲਹਿਰਾਉਣ ਦੀ ਥਾਂ ਤਿਰੰਗੇ ਝੰਡੇ ਨੂੰ ਝੁਲਾਉਣ ਦੀ ਆਗਿਆ ਦਿੱਤੀ ਸੀ। ਪੰਜਾਬੀ ਕੌਮ ਕੂਕਾ ਲਹਿਰ ਵਿਚ ਵਿਸ਼ਾਲ ਦਿਲੀ ਹੈ। ਕੂਕਾ ਲਹਿਰ ਅੰਗਰੇਜ਼ ਦੇ ਖਿਲਾਫ਼ ਪੂਰਾ ਸੌ ਸਾਲ ਲੜਦੇ ਰਹੇ ਹਨ। ਪੰਜਾਬੀ ਕੌਮ ਅੱਗੇ ਨੂੰ ਵੀ ਜੂਝਦੀ ਰਹੇਗੀ।

Sri Satguru Jagjit Singh Ji Elibrary NamdhariElibrary@gmail.com

## ਕਾਂਡ—11

(1) ਪਾਠਕ ਸਜਣੋਂ ਆਪ ਮੇਰੀ ਲਿਖਤ ਉਤੇ ਸਵਾਲ ਕਰੋਗੇ। ਆਖੋਗੇ ਘਾਰੂ ਜੀ, ਪੰਜਾਬੀ ਕੌਮ ਆਜ਼ਾਦੀ ਸੰਗਰਾਮ ਲੜਦੀਆਂ ਰਹੀਆਂ ਹਨ। ਆਪਣੇ ਨਰੋਲ ਕੂਕਾ ਲਹਿਰ ਬਾਰੇ ਹੀ ਤੱਥ ਇਕੱਠੇ ਕਰੇ ਹਨ। ਬਾਕੀ ਲਹਿਰਾਂ ਬਾਰੇ ਤੁਸੀਂ ਬੇਇਨਸਾਫੀ ਕੀਤੀ ਹੈ।

(2) ਆਜ਼ਾਦੀ ਸੰਗਰਾਮ ਵਿਚ ਸਮੁੱਚੀ ਪੰਜਾਬੀ ਕੌਮ ਨੇ ਆਪੋ. ਆਪਣਾ ਯੋਗਦਾਨ ਪਾਇਆ ਹੈ। ਇਹ ਦਿਨ ਵਰਗਾ ਸੱਚ ਹੈ। ਜੋ ਵੀ ਲੋਕ ਲਹਿਰਾਂ ਆਜ਼ਾਦੀ ਸੰਗਰਾਮ ਦੇ ਮੈਦਾਨ ਵਿਚ ਉਤਰੀਆਂ, ਅੰਗਰੇਜ਼ ਸਰਕਾਰ ਤੋਂ ਆਪਣਾ ਦੇਸ਼ ਆਜ਼ਾਦ ਕਰਵਾ ਗਈਆਂ ਹਨ। ਜਾਤ ਬਿਰਾਦਰੀਆਂ ਤੋਂ ਉੱਚੇ ਉਠ ਕੇ ਇਕ ਪਲੇਟਫਾਰਮ ਤੇ ਆਜ਼ਾਦੀ ਸੰਗਰਾਮ ਲੜਿਆ ਗਿਆ। ਇਹ ਵੀ ਦਿਨ ਵਰਗਾ ਸੱਚ ਹੈ। ਸਾਰੀਆਂ ਹੀ ਲੋਕ ਲਹਿਰਾਂ ਨੇ ਆਜ਼ਾਦੀ ਸੰਗਰਾਮ ਵਿਚ ਹਿੱਸਾ ਪਾਇਆ ਹੈ। ਕੂਕਾ ਲਹਿਰ ਪੰਜਾਬੀ ਕੌਮ ਸਭ ਤੋਂ ਪਹਿਲੀ ਇਤਿਹਾਸਕ ਲਹਿਰ ਮੰਨੀ ਜਾਂਦੀ ਹੈ।

(3) ਜਦੋਂ ਸਿੱਖੀ ਨਿਜੀ ਮਾਲਕੀ ਦੀ ਹਵਸ ਇਕ ਜ਼ਾਲਮ ਦਾ ਰੂਪ ਧਾਰ ਲਿਆ। ਗੁਰੂਆਂ ਦੀ ਲਹਿਰ ਖੜੋਤ ਵਿਚ ਆ ਗਈ। ਆਹੀ ਦੇਖ ਕੇ ਸਿੱਖ ਲਹਿਰ ਨੂੰ ਅੱਗੇ ਤੋਰਨ ਵਾਸਤੇ ਬਾਬਾ ਬਾਲਕ ਸਿੰਘ ਜੀ ਸਾਹਿਬ ਨੇ ਹੋਰ ਤਿੱਖੀ ਵਿਚਾਰਧਾਰਾ ਦਾਨ ਦਿੰਦਿਆਂ, ਬਾਬਾ ਰਾਮ ਸਿੰਘ ਜੀ ਨੂੰ ਮਹਾਨ ਮਨੁੱਖੀ ਸੇਵਾ ਦੇ ਮਾਰਗ ਵਿਚ ਚੱਲਣ ਵਾਸਤੇ ਪ੍ਰੇਰਨਾ ਕੀਤੀ। ਇਸ ਕਰਕੇ ਮੈਂ ਕੂਕਾ ਲਹਿਰ ਨੂੰ ਮਨੁੱਖੀ ਨਿਸ਼ਕਾਮ ਸੇਵਾ ਦੀ ਸ਼ਰੋਮਣੀ ਲਹਿਰ ਸਮਝ ਕੇ ਕੂਕਾ ਲਹਿਰ ਦੇ ਠੋਸ ਤੱਥ ਮੁੱਖ ਰੱਖ ਕੇ ਲਿਖ ਰਿਹਾ ਹਾਂ। (ਨਵੀਂ ਪੀੜੀ ਦਾ ਰੂਪ ਕੋਈ ਹੋਰ ਵੀ ਹੋ ਸਕਦਾ ਹੈ)।

(4) ਸਰਮਾਏਦਾਰੀ ਲੀਡਰਸ਼ਿਪ ਨੇ ਮਹਾਤਮਾ ਗਾਂਧੀ ਨੇ ਖ਼ੁਦ ਕੂਕਾ ਲਹਿਰ ਨੂੰ ਇਨਕਲਾਬੀ ਲਹਿਰ ਨਹੀਂ ਮੰਨਿਆ। ਸਗੋਂ ਰਾਜਨੀਤੀ ਤੋਂ ਕੱਟ ਕੇ ਅਧਿਆਤਮਵਾਦ ਦੀ ਫਿਲਾਸਫੀ ਨਾਲ ਜੋੜ ਦਿੱਤਾ। ਕੂਕਾ ਲਹਿਰ ਨੂੰ ਜਰਾਇਮ ਪੇਸ਼ਾ ਕਰਾਰ ਦੇ ਦਿੱਤਾ ਗਿਆ ਸੀ। ਅੱਗੇ ਜਾ ਕੇ ਕਾਂਗਰਸ ਕਰੱਪਟ ਲੀਡਰਸ਼ਿਪ ਨੇ ਸਤਿਕਾਰ ਕਰਨ ਦੀ ਥਾਂ ਪ੍ਰਵਾਰ ਨੂੰ ਨਿਜੀ ਮਾਲਕੀ ਵਿਚ ਉਲਝਾ ਕੇ ਬਾਬਾ ਪ੍ਰਤਾਪ ਸਿੰਘ ਜੀ ਸਾਹਿਬ ਨੂੰ ਨੱਪ ਕੇ ਰੱਖਣ ਵਾਸਤੇ ਬਹੁਤ ਸਾਰੇ ਮੁਕੱਦਮੇ ਬਣਾ ਕੇ ਉਲਝਾਣ ਦੇ ਕੁਕਰਮ ਕਰਦਿਆਂ ਆਜ਼ਾਦੀ ਸੰਗਰਾਮ ਦੀ ਸ਼ਰੋਮਣੀ ਲਹਿਰ ਦੇ ਮੁਖੀ ਪ੍ਰਵਾਰ ਦੀ ਨਵੀਂ ਪੀੜੀ ਨੂੰ ਨਜ਼ਰ-ਅੰਦਾਜ਼ ਕਰ ਦਿੱਤਾ ਗਿਆ।

ਜਿਨ੍ਹਾਂ ਦੇ ਵੱਡ ਵਡੇਰਿਆਂ ਨੇ ਬਜ਼ੁਰਗਾਂ ਨੇ ਤੋਪਾਂ ਦੇ ਗੋਲੇ ਹਿੱਕਾਂ ਤਾਣਕੇ ਠੰਡੇ ਕੀਤੇ। ਫਾਂਸੀਆਂ ਤੇ ਝੂਟੇ ਲਏ। ਕਾਲੇ ਪਾਣੀਆਂ ਦੀਆਂ ਸਖਤ ਜੇਲ੍ਹਾਂ ਕੱਟਦੇ ਹੋਏ ਅਮਰ ਸ਼ਹੀਦੀਆਂ ਪ੍ਰਾਪਤ ਕੀਤੀਆਂ ਹਨ। ਗਾਂਧੀ ਜੀ ਆਖਦੇ ਰਹੇ, ਕੂਕਾ ਲਹਿਰ ਗਊ ਪਾਲਕ ਲਹਿਰ ਹੈ। ਮਹਾਤਮਾ ਗਾਂਧੀ ਜੀ ਨੇ ਕੂਕਾ ਲਹਿਰ ਨੂੰ ਆਜ਼ਾਦੀ ਸੰਗਰਾਮ ਦੀ ਸ਼ਰੋਮਣੀ ਲਹਿਰ ਨਹੀਂ



Sri Satguru Jagjit Singh Ji Elibrary NamdhariElibrary@gmail.com

ਮੰਨਿਆ। ਇਸ ਕਰਕੇ ਮੈਂ ਆਮ ਬੁਧੀਜੀਵੀਆਂ ਵਿਚ, ਆਮ ਲੋਕ ਕਚਿਹਰੀ ਵਿਚ ਬਿਆਨ ਦੇਣ ਵਾਸਤੇ ਕੂਕਾ ਲਹਿਰ ਦੇ ਨਿਰੋਲ ਤੱਥ ਲਿਖਦਾ ਜਾ ਰਿਹਾ ਹਾਂ।

(5) ਕੂਕਾ ਲਹਿਰ ਪੰਜਾਬੀ ਕੌਮ ਦੇ ਹੇਠਲੇ ਵਰਗ ਦੀ ਲਹਿਰ ਸੀ। ਗੁਰੂਆਂ ਦੀ ਚਲਾਈ ਹੋਈ ਆਜ਼ਾਦ ਜਿਊਣ ਵਾਸਤੇ ਲਹਿਰ ਸੀ। ਮਨੁੱਖੀ ਬਰਾਬਰਤਾ ਵਾਸਤੇ ਸੰਗਰਾਮ ਸ਼ੀਲ ਲਹਿਰ ਸੀ। ਮੱਧ ਵਰਗ ਅਤੇ ਹੇਠਲੀ ਮੁਜਾਰਾ ਮਜ਼ਦੂਰ ਵਰਗ ਦੀ ਲਹਿਰ ਸੀ। ਜਦੋਂ ਵੀ ਦੇਸ਼ ਉਤੇ ਕੋਈ ਸੰਕਟ ਆਉਂਦਾ ਹੈ ਜਾਂ ਗੁਲਾਮੀ ਦੀਆਂ ਜੰਜੀਰਾਂ ਕੜ-ਕੜ ਕਰਕੇ ਟੁੱਟਦੀਆਂ ਹਨ। ਮਜ਼ਦੂਰ ਗਰੀਬ ਵਰਗ ਹੀ ਕੁਰਬਾਨੀਆਂ ਦੀਆਂ ਕਤਾਰਾਂ ਵਿਚ ਖਲੋਂਦੇ ਹੋਏ ਜਾਬਰਾਂ ਨੂੰ ਸ਼ਖਸਤ ਦੇ ਕੇ ਆਪਣਾ ਆਜ਼ਾਦੀ ਜੀਵਨ ਜੀਊਣ ਖ਼ਾਤਰ ਪਹਿਲ-ਕਦਮੀ ਕਰਦੇ ਆਏ ਹਨ ਅਤੇ ਹਮੇਸ਼ਾਂ ਕਰਦੇ ਰਹਿਣਗੇ।

(6) ਕਈ ਲੇਖਕ ਲਿਖਦੇ ਹਨ। ਕੂਕਾ ਲਹਿਰ ਦੇ ਆਗੂ ਬਾਬਾ ਰਾਮ ਸਿੰਘ ਜੀ ਸਾਹਿਬ ਨੂੰ ਵਿਗਿਆਨਕ ਪੱਖ ਤੋਂ ਕੋਰਾ ਕਰ ਦਿੰਦੇ ਹਨ। ਕਰਾਮਾਤਾਂ ਦੇ ਘੇਰੇ ਵਿਚ ਪਾਠਕਾਂ ਨੂੰ ਉਲਝਾ ਦਿੰਦੇ ਹਨ। ਜਿਵੇਂ ਮਨੁੱਖੀ ਬਰਾਬਰਤਾ ਦੀ ਅਤੇ ਰਾਜਨੀਤੀ ਦੇ ਮੈਦਾਨ ਵਿਚੋਂ ਕੱਢਣਾ ਚਾਹੁੰਦੇ ਹਨ। ਵਿਗਿਆਨਕ ਪੱਖ ਸਮਾਪਤ ਕਰ ਦਿੰਦੇ ਹਨ। ਜਦੋਂ ਕਿ ਮਨੁੱਖ ਵਿਗਿਆਨਕ ਸੋਚ ਦਾ ਇਕ ਵਧੀਆ ਕਰਿੰਦਾ ਹੈ। ਵਿਗਿਆਨਕ ਢੰਗ ਨਾਲ ਵੱਡੀਆਂ ਤੋਂ ਵੱਡੀਆਂ ਆਫਤਾਂ ਨਾਲ ਆਡਾ ਲੈ ਲਈਦਾ ਹੈ। ਕੁਦਰਤ ਦਾ ਪੱਖ ਵੀ ਜਾਣਦੇ ਹਨ। ਗੁਰੂਆਂ ਨੇ ਆਖਿਆ ਹੈ, ਕਰਾਮਾਤਾਂ ਦਿਖਾਉਣੀਆਂ ਕਹਿਰ ਹੈ। ਗੁਰੂ ਕਹਿਰ ਨਹੀਂ ਕਰਦੇ। ਸਾਂਝੀਵਾਲਤਾ ਦੀ ਨਿਸ਼ਕਾਮ ਸੇਵਾ ਕਰਨੀ ਸਿਖਾ ਕੇ ਮਨੁੱਖ ਨੂੰ ਸਿੱਖ ਬਣਾਉਂਦੇ ਹਨ। ਗੁਰੂ ਗੋਬਿੰਦ ਸਿੰਘ ਜੀ ਸਾਹਿਬ ਨੇ ਮਨੁੱਖੀ ਬਰਾਬਰਤਾ ਦੀ ਪ੍ਰੈਕਟੀਕਲ ਕਰਦਿਆਂ, ਮਨੁੱਖ ਨੂੰ ਥਿੜਕਣ ਤੋਂ ਬਚਾਇਆ ਹੈ। ਕਰਾਮਾਤਾਂ ਨੂੰ ਗੁਰੂਆਂ ਨੇ ਕਹਿਰ ਆਖਿਆ ਹੈ। ਜਦੋਂ ਨਿਜੀ ਮਾਲਕੀ ਦੀ ਭੁੱਖ ਵੱਧ ਜਾਂਦੀ ਹੈ। ਗੁਰੂਆਂ ਨੇ ਮਨੁੱਖੀ ਫਰਜ਼ ਦੀ ਸੇਵਾ ਦੱਸੀ ਹੈ। ਭਾਵ ਮਨੁੱਖ ਨੂੰ ਸੰਗਤ ਅਤੇ ਪੰਗਤ ਰੂਪ ਦੇ ਕੇ ਸਾਂਝੀਵਾਲਤਾ ਦੀ ਉਸਾਰੀ ਹੇਠ ਕਰਮ ਕਾਂਡਾਂ ਦਾ ਮੁੱਖ ਵਿਸ਼ਾ ਸ਼ੁਰੂ ਕਰਿਆ ਹੈ। ਕੂਕਾ ਲਹਿਰ ਦੀ ਰਾਜਨੀਤੀ ਦੇ ਮਨੁੱਖੀ ਮਾਰਗ ਵਿਚ ਚੱਲੀ ਹੈ। ਇਸ ਕਰਕੇ ਮੈਂ ਕੂਕਾ ਲਹਿਰ ਦੇ ਤੱਥ ਵੱਖਰੇ-ਵੱਖਰੇ ਲਿਖਦਾ ਜਾ ਰਿਹਾ ਹਾਂ।

(7) ਕੂਕਾ ਲਹਿਰ ਦੇ ਇਨਕਲਾਬੀ ਸਗਰਾਮੀਆ ਦੀ ਡਬਲ ਮੈਂਬਰਸ਼ਿਪ ਸੀ। 1914 ਈਸਵੀ ਤੋਂ ਪਹਿਲਾਂ ਕੂਕਾ ਲਹਿਰ ਨਾਂ ਦੀ ਸ਼ਰੋਮਣੀ ਲਹਿਰ ਮੰਨੀ ਗਈ ਹੈ। ਕਈ ਲੇਖਕ ਲਿਖਦੇ ਹਨ। ਕੂਕਾ ਲਹਿਰ ਨੂੰ ਤੋੜ ਕੇ ਬਾਅਦ ਵਿਚ ਕਾਂਗਰਸ ਦੀ ਮੈਂਬਰਸ਼ਿਪ ਲਈ ਹੈ। ਇਹ ਵੀ ਗ਼ਲਤ ਤੱਥ ਲੇਖਕ ਲਿਖਦੇ ਹਨ। ਕੂਕਾ ਲਹਿਰ ਦਾ ਸਿਧਾਂਤ ਮਨੁੱਖੀ ਬਰਾਬਰਤਾ ਦਾ ਹੈ। ਕਾਂਗਰਸ ਦਾ ਸਿਧਾਂਤ ਮਨੁੱਖੀ ਨਹੀਂ।

(8) ਪੰਜਾਬ ਦੀ ਕਾਂਗਰਸ ਲਹਿਰ ਨੇ ਕੂਕਾ ਲਹਿਰ ਤੋਂ ਸ਼ਰਨ ਮੰਗੀ। ਆਖਿਆ ਆਪ ਦਾ ਕੂਕਾ ਇਤਿਹਾਸ ਬੇਅੰਤ ਕੁਰਬਾਨੀਆਂ ਕਰਦਾ ਅੱਗੇ ਵਧ ਰਿਹਾ ਹੈ। ਕੁਰਬਾਨੀਆਂ ਦਾ ਬਹੁਤ ਲੰਬਾ ਇਤਿਹਾਸ ਹੈ। ਆਪ ਵੀ ਅੰਗਰੇਜ਼ ਨੂੰ ਦੇਸ਼ ਵਿਚੋਂ ਕੱਢ ਕੇ ਆਜ਼ਾਦ ਹੋਣਾ ਚਾਹੁੰਦੇ ਹੋ। ਆਪ ਕੂਕਾ ਲਹਿਰ ਛੱਡ ਕੇ ਕਾਂਗਰਸ ਵਿਚ ਆਓ। ਏਕੇ ਦੀ ਜੋਗਤਾ ਕਾਇਮ ਕਰਨੀ ਜ਼ਰੂਰੀ

Sri Satguru Jagjit Singh Ji Elibrary NamdhariElibrary@gmail.com

ਸਮਝਦੇ ਹਾਂ। ਸਾਨੂੰ ਇਕ ਪਲੇਟਫਾਰਮ ਤੇ ਆਜ਼ਾਦੀ ਸੰਗਰਾਮ ਲੜਨੇ ਚਾਹੀਦੇ ਹਨ। ਕਿਉਂਕਿ ਕਾਂਗਰਸ ਸਾਰੇ ਭਾਰਤ ਦੀ ਪਾਰਟੀ ਹੈ।

(9) ਬਾਬਾ ਨਿਹਾਲ ਸਿੰਘ ਜੀ ਨੇ ਸਰਦਾਰ ਗੁਰਦਿਆਲ ਸਿੰਘ ਜੀ ਨੇ ਆਇਆਂ ਤਾਂ ਆਖਿਆ। ਸਵਾਲ ਦੇ ਜਵਾਬ ਦਿੰਦਿਆਂ ਗੌਰ ਨਾਲ ਸੁਣਨ ਵਾਸਤੇ ਆਖਿਆ। ਸਾਨੂੰ ਕੂਕਾ ਲਹਿਰ ਛੱਡਣ ਬਾਰੇ ਮੁੜ ਕੇ ਨਾ ਆਖੋ। ਅਤੇ ਨਾ ਹੀ ਕਦੀ ਸੋਚਿਓ। ਭੀ ਕੂਕਾ ਲਹਿਰ ਨੂੰ ਇਹ ਗੱਲ ਆਖਣ ਦੀ ਕੂਕਾ ਲਹਿਰ ਤਾਂ 1857 ਈਸਵੀ ਨੂੰ ਸਾਂਝੀਵਾਲਤਾ ਦੇ ਮਕਸਦ ਨੂੰ ਲੈ ਕੇ ਗੁਰੂਆਂ ਦੀ ਮਨੁੱਖੀ ਬਰਾਬਰਤਾ ਦੇ ਸਿਧਾਂਤ ਨੂੰ ਮੁੱਖ ਰੱਖ ਕੇ ਚੱਲੀ ਹੈ।

ਆਪ 1885 ਈਸਵੀ ਤੋਂ ਲੈ ਕੇ ਕਾਂਗਰਸ ਵਾਲੇ 1907 ਈਸਵੀ ਤੱਕ ਲੇਲੜੀਆਂ ਕੱਢ-ਕੱਢ ਕੇ ਪ੍ਰਸਤਾਵ ਪਾਸ ਕਰਾਉਂਦੇ ਰਹੇ ਹੋ। ਆਪ ਕੂਕਾ ਲਹਿਰ ਦੇ ਇਤਿਹਾਸ ਤੋਂ ਚੰਗੀ ਤਰ੍ਹਾਂ ਜਾਣੂੰ ਹੋ। ਅਸੀਂ ਕੂਕਾ ਲਹਿਰ ਨੂੰ ਛੱਡ ਨਹੀਂ ਸਕਦੇ। ਅਸੀਂ ਪੰਜਾਬ ਨੂੰ ਆਜ਼ਾਦ ਕਰਾਉਣ ਵਾਸਤੇ ਸੰਗਰਾਮ ਸ਼ੁਰੂ ਕਰਿਆ ਹੈ। ਅਸੀਂ ਕੂਕਾ ਲਹਿਰ ਦੇ ਝੰਡੇ ਹੇਠ ਪੰਜਾਬ ਨੂੰ ਆਜ਼ਾਦ ਕਰਾਵਾਂਗੇ। ਅਸੀਂ ਪੰਗਤ ਅਤੇ ਸੰਗਤ ਤੋਂ ਗੁਰੂਆਂ ਦੇ ਸਿਧਾਂਤ ਤੋਂ ਅੱਗੇ ਪਿੱਛੇ ਨਹੀਂ ਹੋ ਸਕਦੇ। ਕੂਕਾ ਲਹਿਰ ਦੀ ਹੋਂਦ ਨੂੰ ਨਹੀਂ ਛੱਡ ਸਕਦੇ। ਪੰਜਾਬ ਨੂੰ ਆਜ਼ਾਦ ਕਰਾਉਣ ਵਾਸਤੇ ਲੜਦੇ ਹਾਂ ਅਤੇ ਲੜਦੇ ਰਹਾਂਗੇ। ਅਸੀਂ ਆਪ ਨਾਲ ਸਾਂਝਾ ਮੋਰਚਾ ਅੰਗਰੇਜ਼ ਸਰਕਾਰ ਨੂੰ ਪੰਜਾਬ ਤੇ ਭਾਰਤ ਵਿਚੋਂ ਕੱਢਣ ਵਾਸਤੇ ਸਮਝੌਤੇ ਉਤੇ ਵਿਚਾਰ ਕਰ ਸਕਦੇ ਹਾਂ।

ਇਸ ਤੋਂ ਪਹਿਲਾਂ ਪੰਜਾਬੀ ਖਾਲਸਾ ਲਹਿਰ ਗੁਰੂਆਂ ਦੀ ਖਾਲਸਾ ਗੁਰੀਲਾ ਲਹਿਰ ਦੇ ਘੱਲੂਘਾਰਿਆਂ ਦਾ ਮੁਕਾਬਲਾ ਕਰਦੇ ਰਹੇ। ਅੱਗੇ ਨੂੰ ਵੀ ਸਿੱਖ ਲਹਿਰਾਂ ਨਿਸ਼ਕਾਮ ਸੇਵਾ ਕਰਦੀਆਂ ਰਹਿਣਗੀਆਂ।

ਅਸੀਂ ਇਹ ਵੀ ਮੰਨਦੇ ਹਾਂ। ਜਦੋਂ ਨਿੱਜੀ ਮਾਲਕੀ ਵੱਲ ਸਿੱਖ ਵਧਦਾ ਹੈ। ਉਹ ਸਿੱਖ ਅਤੇ ਮਨੁੱਖ ਨਹੀਂ ਹੁੰਦਾ। ਫਿਰ ਸਿੱਖ ਗੁਰੂਆਂ ਦੇ ਸਿਧਾਂਤ ਤੋਂ ਪੱਤਤ ਹੋ ਜਾਂਦਾ ਹੈ।

(10) ਆਪ ਤੁਸੀਂ ਇਹ ਨਾ ਸਮਝੋ ਕਿ ਕੂਕਾ ਲਹਿਰ ਕਾਂਗਰਸ ਲਹਿਰ ਦੀ ਵਿਰੋਧੀ ਹੈ। ਇਹ ਤਾਂ ਆਪਦੇ ਸਵਾਲ ਦਾ ਜਵਾਬ ਹੈ। ਅਸੀਂ ਆਪ ਨੂੰ ਸੁਝਾਓ ਦੇਣਾ ਹੋਈ ਹਰਜ਼ ਨਹੀਂ ਸਮਝਦੇ। ਕੂਕਾ ਲਹਿਰ ਜਿਉਂਦੀ ਜਾਗਦੀ ਲਹਿਰ ਹੈ। ਅਗਰ ਕੋਈ ਅੰਗਰੇਜ਼ ਸਰਕਾਰ ਦੇ ਖ਼ਿਲਾਫ਼ ਕੂਕਾ ਲਹਿਰ ਤੋਂ ਸੁਝਾਓ ਮੰਗਦਾ ਹੈ। ਅਸੀਂ ਮੋਢੇ ਨਾਲ ਮੋਢਾ ਲਾ ਕੇ ਸਾਂਝਾ ਪ੍ਰੋਗਰਾਮ ਬਣਾਉਣ ਵਾਸਤੇ ਤਿਆਰ ਹਾਂ। ਕੂਕਾ ਲਹਿਰ ਗੁਰੂਆਂ ਦੀ ਹੋਂਦ ਹੈ। ਅਸੀਂ ਇਸ ਲਹਿਰ ਨੂੰ ਕਿਸੇ ਸ਼ਰਤ ਤੇ ਨਹੀਂ ਛੱਡ ਸਕਦੇ।

(11) ਇਸ ਤਰ੍ਹਾਂ ਅੰਗਰੇਜ਼ ਦੇ ਖ਼ਿਲਾਫ਼ ਕੂਕਾ ਲਹਿਰ ਨੇ ਸਾਂਝਾ ਮੋਰਚਾ ਬਣਾਇਆ ਸੀ। ਉਹਨਾਂ ਸਾਲਾਂ ਵਿਚ ਹੀ ਬਾਬਾ ਨਿਧਾਨ ਸਿੰਘ ਜੀ ਨੂੰ ਕਾਂਗਰਸ ਨੇ ਆਪਣੀ ਲੋੜ ਪੂਰੀ ਕਰਨ ਬਾਰੇ ਕਾਂਗਰਸ ਦਾ ਅਤੇ ਕੂਕਾ ਲਹਿਰ ਦਾ ਜਨਰਲ ਸਕੱਤਰ, ਸਰਦਾਰ ਗੁਰਦਿਆਲ ਨੂੰ ਪ੍ਰਧਾਨ ਪੰਜਾਬ ਦਾ ਬਣਾਇਆ ਗਿਆ।

ਸਿੱਖ ਆਪਣੇ ਕਹੇ ਹੋਏ ਬਚਨ ਪੂਰੇ ਕਰਦਾ ਹੈ। ਗੁਰਸਿੱਖੀ ਦੀ ਧਾਰਣਾ ਨੂੰ ਮੰਨ ਕੇ ਇਕ ਮਿਆਨ ਦੋ ਤਲਵਾਰਾਂ ਪਹਿਨ ਲੈਂਦਾ ਹੈ। ਭਗਤੀ ਅਤੇ ਸ਼ਕਤੀ ਅਤੇ ਮੀਰੀ ਪੀਰੀ ਦੀ

Sri Satguru Jagjit Singh Ji Elibrary NamdhariElibrary@gmail.com

ਧਾਰਣਾ ਨੂੰ ਮੰਨ ਕੇ ਕੂਕਾ ਲਹਿਰ ਦੇ ਅਸੂਲਾਂ ਮੁਤਾਬਿਕ ਆਜ਼ਾਦੀ ਸੰਗ੍ਰਾਮ ਹੋਰ ਤੇਜ਼ ਕਰ ਦਿੱਤਾ ਸੀ। 1929 ਈਸਵੀ ਤੱਕ ਮੁਰਦਾ ਕਾਂਗਰਸ ਵਿਚ ਜਾਨ ਪਾ ਦਿੱਤੀ ਗਈ। ਕੂਕਾ ਲਹਿਰ ਨੇ ਆਪਣਾ ਸਮਝੌਤਾ 1951 ਈਸਵੀ ਵਿੱਚ ਵਿਸ਼ਵਾਸ ਨੂੰ ਮੁੱਖ ਰੱਖਕੇ ਰਾਜ ਗੱਦੀ ਤੱਕ ਸਿਰੇ ਲਾ ਦਿੱਤਾ ਸੀ।

(12) ਕਾਂਗਰਸ ਦਾ ਆਪਣਾ ਕਰੈਕਟਰ 1929 ਈਸਵੀ ਤੱਕ ਕਾਇਮ ਰਿਹਾ ਸੀ। ਇਸ ਤੋਂ ਬਾਅਦ 1933-34 ਈਸਵੀ ਨੂੰ ਕਾਂਗਰਸ ਦੀ ਸਰਮਾਏਦਾਰਾਂ ਦੇ ਹੱਥਾਂ ਵਿਚ ਵਾਗਡੋਰ ਚਲੀ ਗਈ ਸੀ। ਵਰਗ ਸੰਘਰਸ਼ ਸ਼ੁਰੂ ਹੋ ਕੇ ਤੋੜ ਫੋੜ ਦੀਆਂ ਕਾਰਵਾਈਆਂ ਸ਼ੁਰੂ ਹੋ ਗਈਆਂ ਹਨ।

(13) ਮੈਂ ਆਪਣਾ ਸਵਾਲ ਸਿਰ ਮੱਥੇ ਉੱਤੇ ਰੱਖ ਕੇ ਬੇਨਤੀ ਕਰਦਾ ਹਾਂ ਕਿ ਕੂਕਾ ਸੰਗ੍ਰਾਮ ਨੂੰ ਕਾਂਗਰਸ ਇਤਿਹਾਸ ਨੇ ਨਜ਼ਰ ਅੰਦਾਜ਼ ਕੀਤਾ ਹੈ।

ਗੁਰੂ ਨਾਨਕ ਸਾਹਿਬ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਮਨੁੱਖੀ ਬਰਾਬਰਤਾ ਦਾ ਪੈਗਾਮ 1708 ਈ: ਨੂੰ ਸਗਤਾਂ ਵਿਚ ਦੇਂਦਿਆਂ ਬੰਦੇ ਬਹਾਦਰ ਨੂੰ ਆਗੂ ਬਣਾ ਕੇ ਨੰਦੇੜ ਤੋਂ ਪੰਜਾਬ ਨੂੰ ਘੱਲਿਆ।

ਅਖ਼ੀਰ ਬੰਦਾ ਸਿੰਘ ਬਹਾਦਰ ਨਿੱਜੀ ਮਾਲਕੀ ਦਾ ਸ਼ਿਕਾਰ ਹੋ ਕੇ ਮਨੁੱਖੀ ਬਰਾਬਰਤਾ ਦਾ ਕੀਤਾ ਪ੍ਰਣ ਭੁੱਲ ਕੇ ਇਕ ਰਾਜੇ ਦੇ ਰੂਪ ਵਿਚ ਲੋਹਗੜ੍ਹ ਦੇ ਕਿਲ੍ਹੇ ਵਿਚ ਰਹਿਣਾ ਸ਼ੁਰੂ ਕੀਤਾ। ਉਹਨਾਂ ਦੁਸ਼ਮਣਾਂ ਦੇ ਕਾਬੂ ਆ ਕੇ 1716 ਈਸਵੀ ਨੂੰ ਖ਼ਤਮ ਹੋ ਗਿਆ। ਜਿਸਦਾ ਪ੍ਰਤੀਕਰਮ ਨਿਸ਼ਕਾਮ ਸੇਵਾ ਤਿਆਗ ਕੇ ਆਰਾਮ ਕਰਨਾ ਸੀ।

(14) ਇਸ ਤੋਂ ਬਾਅਦ ਖਾਲਸਾ ਲਹਿਰ ਉਹਨਾਂ ਜ਼ਾਲਮਾਂ ਨਾਲ ਲੜਦੀ ਰਹੀ। ਮਨੁੱਖੀ ਬਰਾਬਰਤਾ ਦੀ ਲਹਿਰ 1716 ਈਸਵੀ ਨੂੰ ਗੁਰੀਲੇ ਬਣਕੇ ਗੁਰੀਲਾ ਜੰਗ ਲਗਾਤਾਰ ਜਾਰੀ ਰੱਖਿਆ। ਇਹ ਖਾਲਸਾ ਲਹਿਰ 1716 ਈਸਵੀ ਤੋਂ ਲੈ ਕੇ 1764 ਈਸਵੀ ਤੱਕ ਬਗੈਰ ਕਿਸੇ ਲੀਡਰ ਪੰਜ ਪਿਆਰਿਆਂ ਦੇ ਹੁਕਮ ਮੁਤਾਬਿਕ ਸਾਂਝੀਵਾਲਤਾ ਵਾਸਤੇ ਗੁਰੀਲਾ ਜੰਗ ਜਾਰੀ ਰੱਖਿਆ।

ਸਰਦਾਰ ਕਪੂਰ ਸਿੰਘ ਦੀ ਨਵਾਬੀ ਤੋਂ ਬਾਅਦ ਖਾਲਸਾ ਲਹਿਰ ਦੇ ਧੜਿਆਂ ਵਿਚ ਬਦਲ ਦਿੱਤੀ। ਪੁਰਾਣੇ ਜੋਧਿਆਂ ਨੂੰ ਬੁੱਢਾ ਦਲ ਬਣਾ ਕੇ ਮਨੁੱਖੀ ਬਰਾਬਰਤਾ ਦੇ ਸਿਧਾਂਤ ਨੂੰ ਪੁਰਾਣਾ ਆਖ ਕੇ ਵੱਖ ਕਰ ਦਿੱਤਾ। ਆਉਣ ਵਾਲੀ ਖਾਲਸਾ ਲਹਿਰ ਦਾ ਨਾਮ ਤਰਨਾ ਦਲ ਰੱਖ ਕੇ ਨਿੱਜੀ ਮਾਲਕੀ ਵਾਸਤੇ ਝਗੜੇ ਸ਼ੁਰੂ ਹੋ ਗਏ ਸਨ। ਸਰਦਾਰ ਚੜ੍ਹਤ ਸਿੰਘ, ਮਹਾਂ ਸਿੰਘ ਨੇ ਇਹਨਾਂ ਦੇ ਧੜਿਆਂ ਨੂੰ ਬਾਰਾਂ ਮਿਸਲਾਂ ਵਿਚ ਨਿੱਜੀ ਮਾਲਕੀ ਵਾਸਤੇ ਵੰਡ ਦਿੱਤਾ। ਇਸ ਕਰਕੇ ਮੇਰਾ ਲਿਖਣ ਦਾ ਨਜ਼ਰੀਆ ਗੁਰੂਆਂ ਦੀ ਸਾਂਝੀਵਾਲਤਾ ਨੂੰ ਅੱਗੇ ਤੋਰਨਾ ਹੈ। ਇਸ ਕਾਰਕੇ ਕੂਕਾ ਲਹਿਰ ਦੇ ਤੱਥ ਲਿਖਣੇ ਜ਼ਰੂਰੀ ਸਮਝਦਾ ਹਾਂ।

Sri Satguru Jagjit Singh Ji Elibrary NamdhariElibrary@gmail.com

ਕਾਂਡ—12

# ਦੂਸਰੀ ਪੀੜ੍ਹੀ ਦਾ ਆਜ਼ਾਦੀ ਸੰਗ੍ਰਾਮ

**ਮਾਤਾ ਜੀਵਨ ਕੌਰ ਦਾ ਜਨਮ**—ਮਾਤਾ ਭਾਗਭਰੀ ਦੀ ਕੁੱਖੋਂ ਪਿਤਾ ਸ੍ਰ: ਖੁਸ਼ਹਾਲ ਸਿੰਘ ਸੂਬਾ ਪਿੰਡ ਬਰਾਜ ਜ਼ਿਲ੍ਹਾ ਹਿਸਾਰ ਵਰਤਮਾਨ ਜ਼ਿਲ੍ਹਾ ਸਿਰਸਾ 1860 ਈ: ਨੂੰ ਜਨਮ ਹੋਇਆ ਸੀ। ਮਾਤਾ ਫਤਹਿ ਕੌਰ ਦਾ ਜਨਮ 1865 ਈ: ਨੂੰ ਸੂਬੇ ਈ: ਨੂੰ ਸੂਬੇ ਖੁਸ਼ਹਾਲ ਸਿੰਘ ਦੇ ਹੀ ਘਰ ਜਨਮ ਹੋਇਆ। ਮਾਤਾ ਜੀਵਨ ਕੌਰ ਅਤੇ ਫਤਹਿ ਕੌਰ ਦੋਵੇਂ ਸਕੀਆਂ ਭੈਣਾਂ ਸਨ। ਸ੍ਰ: ਖੁਸ਼ਹਾਲ ਸਿੰਘ ਜੀ ਕੂਕਾ ਲਹਿਰ ਦੇ ਜ਼ਿਲ੍ਹਾ ਹਿਸਾਰ ਦੇ ਸੂਬੇ ਸਨ। ਇਹ ਬਾਬਾ ਰਾਮ ਸਿੰਘ ਜੀ ਵਲੋਂ ਸੂਬੇ ਵਲੋਂ ਥਾਪੇ ਗਏ ਸਨ। ਇਹ ਗੋਤ ਤੇ ਧੰਦੀਵਾਲ ਬਰਾਦਰੀ ਦੇ ਜ਼ਿਮੀਂਦਾਰ ਸਨ। ਸ੍ਰ: ਖੁਸ਼ਹਾਲ ਸਿੰਘ ਜੀ ਦੇ ਪਿੰਡ ਬਰਾਜ ਬਾਬਾ ਰਾਮ ਸਿੰਘ ਤਿੰਨ ਵਾਰੀ ਆਜ਼ਾਦੀ ਸੰਗ੍ਰਾਮ ਲਈ ਪ੍ਰਚਾਰ ਕਰਕੇ ਆਏ ਸਨ।

ਸ੍ਰ: ਖੁਸ਼ਹਾਲ ਸਿੰਘ ਜੀ ਦੇ ਅੰਗਰੇਜ਼ ਸਰਕਾਰ ਨੇ 1872 ਈ: ਨੂੰ ਗ੍ਰਿਫਤਾਰੀ ਵਾਰੰਟ ਕੱਢੇ ਹੋਏ ਸਨ। (ਬੇਸ਼ੱਕ ਪਿੰਡ ਬਰਾਜ ਇਸ ਤੋਂ ਪਹਿਲਾਂ ਸਿੱਖ ਰਿਆਸਤਾਂ ਦੇ ਅਧੀਨ ਸੀ) ਪੁਲੀਸ ਨੇ ਸੂਬਾ ਖੁਸ਼ਹਾਲ ਸਿੰਘ ਨੂੰ ਬਾਗੀ ਕਰਾਰ ਦੇ ਰੱਖਿਆ ਸੀ। ਪੁਲੀਸ ਛਾਪਾ ਮਾਰਦੀ ਰਹਿੰਦੀ ਸੀ।

ਇਕ ਦਿਨ ਸੂਬਾ ਖੁਸ਼ਹਾਲ ਸਿੰਘ ਦੇ ਘਰ ਪੁਲਿਸ ਨੇ ਆ ਛਾਪਾ ਮਾਰਿਆ। ਸ੍ਰ: ਖੁਸ਼ਹਾਲ ਸਿੰਘ ਹੁਣੇ ਹੀ ਘਰੋਂ ਬਾਹਰ ਨਿਕਲਕੇ ਗਏ ਸਨ। ਪੁਲਿਸ ਆ ਗਈ ਸੀ। ਮਾਤਾ ਜੀਵਨ ਕੌਰ ਜੀ ਘਰ ਸਨ। ਪੁਲਿਸ ਨੇ ਆਖਿਆ, ਕੁੜੀਏ, "ਤੇਰਾ ਪਿਉ ਕਿੱਥੇ ਹੈ ?" ਮਾਤਾ ਜੀਵਨ ਕੌਰ ਜੀ ਨੇ ਬੜੀ ਗੰਭੀਰਤਾ ਨਾਲ ਬੋਲ, ਆਖਿਆ ਜਿਹੜਾ ਕੂਕਾ ਲਹਿਰ ਦਾ ਕੰਮ ਹੈ ! ਕਰਨ ਗਏ ਹਨ। ਥਾਨੇਦਾਰ ਲਾਲ ਪੀਲਾ ਹੋਣ ਲੱਗਿਆ, ਮਾਤਾ ਜੀ ਨੇ ਸ਼ੇਰਨੀ ਦਾ ਰੂਪ ਧਾਰਦਿਆਂ ਕੜਕਵੀਂ ਆਵਾਜ਼ ਨਾਲ ਫੇਰ ਆਖਿਆ, "ਖ਼ਬਰਦਾਰ, ਅਗਰ ਜੇ ਮੂੰਹੋਂ ਕੁਝ ਹੋਰ ਆਖਿਆ। ਤੁਹਾਡੇ ਲਈ ਮੈਂ ਇਕੱਲੀ ਹੀ ਬਥੇਰੀ ਹਾਂ। ਥਾਨੇਦਾਰ ਠਠੰਬਰਦਿਆਂ ਆਖਿਆ ਚੱਲ ਫੇਰ ! ਆਪ ਨੂੰ ਐਸ. ਪੀ. ਨੇ ਬੁਲਾਇਆ ਹੈ। ਮਾਤਾ ਜੀ ਨੇ ਫੇਰ ਆਖਿਆ, ਮੈਨੂੰ ਤੇਰੇ ਐਸ. ਪੀ. ਦਾ ਕੋਈ ਡਰ ਨਹੀਂ। ਜਦੋਂ ਮੇਰੇ ਨਾਲ ਮੇਰਾ ਗੁਰੂ ਹਾਜ਼ਰ ਨਾਜ਼ਰ ਹੈ, ਗੁਰੂ ਹੁੰਦਿਆਂ ਮੈਨੂੰ ਤੇਰੀ ਵੱਡੀ ਸਰਕਾਰ ਦਾ ਕੋਈ ਡਰ ਨਹੀਂ ਹੈ। ਚਲੋ ਲੈ ਚੱਲੋ। ਮੈਂ ਵੀ ਕੂਕਾ ਲਹਿਰ ਦੇ ਸੰਗਰਾਮੀਆਂ ਦੀ ਧੀ ਹਾਂ। ਮੈਨੂੰ ਮੇਰੀ ਮਾਂ ਨੇ ਕੂਕਾ ਲਹਿਰ ਦੀਆਂ ਲੋਰੀਆਂ ਦਿੰਦਿਆਂ ਦੁੱਧ ਚੁੰਘਾਇਆ ਹੈ। ਥਾਨੇਦਾਰ ਬਿੱਟਰ-ਬਿੱਟਰ ਐਧਰ ਉਧਰ ਦੇਖ ਰਿਹਾ ਸੀ।

ਪੁਲਿਸ ਨੇ ਫੈਸਲਾ ਕੀਤਾ ਕਿ ਪਿੰਡ ਦਾ ਚੌਂਕੀਦਾਰ ਅਤੇ ਨੰਬਰਦਾਰ ਨਾਲ ਲੈ ਕੇ ਮਾਤਾ ਜੀ ਨੂੰ ਐਸ. ਡੀ. ਐਮ. ਸਿਰਸਾ ਦੇ ਪੇਸ਼ ਕੀਤਾ ਜਾਵੇ। ਮਾਤਾ ਜੀ ਦੀ ਉਦੋਂ 18-19 ਸਾਲ ਦੀ ਉਮਰ ਸੀ। ਨੰਬਰਦਾਰ ਅਤੇ ਚੌਂਕੀਦਾਰ ਦੀ ਨਿਗਰਾਨੀ ਹੇਠ ਮਾਤਾ ਜੀ ਨੂੰ ਐਸ. ਡੀ. ਐਮ. ਸਿਰਸਾ ਦੇ ਪੇਸ਼ ਕੀਤਾ ਗਿਆ।



Sri Satguru Jagjit Singh Ji Elibrary NamdhariElibrary@gmail.com

ਐਸ. ਡੀ. ਐਮ. ਨੇ ਬੜੇ ਪਿਆਰ ਨਾਲ ਆਖਿਆ, ਪੁੱਤਰੀ ਤੇਰੇ ਪਿਤਾ ਖੁਸ਼ਹਾਲ ਸਿੰਘ ਜੀ ਦੇ ਵਾਰੰਟ ਬੜੇ ਸਾਲਾਂ ਤੋਂ ਕੱਟੇ ਹੋਏ ਹਨ, ਅੰਗਰੇਜ਼ ਸਰਕਾਰ ਦੇ ਖ਼ਿਲਾਫ਼ ਬਗਾਵਤ ਕੀਤੀ ਹੋਈ ਹੈ। ਸਰਕਾਰ ਦੇ ਬਾਗੀ ਨੂੰ ਫੜਨਾ ਸਾਡਾ ਕੰਮ ਹੈ। ਆਪ ਇਹ ਦਸ ਦਿਉ ਕਿ ਉਹ ਕਦੋਂ ਘਰ ਆਉਂਦਾ ਹੈ। ਉਹ ਸਰਕਾਰ ਦੇ ਖ਼ਿਲਾਫ਼ ਪ੍ਰਚਾਰ ਕਰਦਾ ਹੈ, ਤੂੰ ਸਮਾਜ ਦੀ ਨੌਜਵਾਨ ਧੀ ਹੈਂ, ਮੈਂ ਤੈਨੂੰ ਪੁਲਿਸ ਹਿਰਾਸਤ ਵਿਚ ਰੱਖਕੇ ਸਮਾਜ ਦੀਆਂ ਨਜ਼ਰਾਂ ਵਿਚ ਡੇਗਣਾ ਨਹੀਂ ਚਾਹੁੰਦਾ। ਤੁਸੀਂ ਠੀਕ ਠੀਕ ਦੱਸ ਦਿਉ।

ਮਾਤਾ ਜੀਵਨ ਕੌਰ ਸ਼ੇਰਨੀ ਵਾਂਗੂੰ ਭੱਬਕੇ ਆਖਿਆ ਮੈਂ ਪੰਜਾਬਣ ਮਾਂ ਦਾ ਦੁੱਧ ਚੁੰਘਿਆ ਹੈ। ਤੁਸੀਂ ਇਹ ਚਾਹੁੰਦੇ ਹੋ ਕਿ ਮੈਂ ਆਪ ਦੇ ਪਿਤਾ ਜੀ ਨੂੰ ਆਪ ਦੇ ਹਵਾਲੇ ਕਰਾ ਦਿਆਂ। ਕੀ ਮੈਨੂੰ ਸਮਾਜ ਗ਼ਦਾਰ ਧੀ ਨਾ ਆਖੇਗਾ ਜਿਸਨੇ ਮੈਨੂੰ ਜੰਮਿਆ ਪਾਲਿਆ ਹੈ, ਕੁਝ ਮਨੁੱਖੀ ਹਿੱਤਾਂ ਲਈ ਸਿਆਣੀ ਕੀਤਾ ਹੈ।

ਤੁਸੀਂ ਆਪ ਹੀ ਦੱਸੋ, ਪਿਤਾ ਵਾਸਤੇ ਧੀ ਗ਼ਦਾਰੀ ਕਰੇ, ਇਹ ਸਮਾਜ ਮੈਨੂੰ ਸਿਆਣੀ ਆਖੇਗਾ ਜਾਂ ਗ਼ਦਾਰ ਦੀ ਧੀ ਆਖੇਗਾ। ਕੀ ਇਹ ਸਮਾਜ ਵਿਚ ਚੰਗੀ ਗੱਲ ਹੈ? ਆਪ ਇਹ ਗੱਲ ਮੁੜਕੇ ਨਾ ਆਖੀਂ। ਮੈਂ ਆਪਣੇ ਪ੍ਰਾਣਾਂ ਤੋਂ ਪਿਆਰੇ ਦੇਸ਼ ਭਗਤ ਨੂੰ ਆਪਣੇ ਹਵਾਲੇ ਨਹੀਂ ਕਰਾਂਗੀ। ਪਹਿਲਾਂ ਮੈਂ ਆਪਣੇ ਪਿਉ ਨਾਲ ਗ਼ਦਾਰੀ ਕਰਾਂ—ਫੇਰ ਮਨੁੱਖੀ ਬਰਾਦਰੀ ਨਾਲ ਅੱਗੇ ਹੋਰ ਦੇਸ਼ ਨਾਲ ਗ਼ਦਾਰੀ ਕਰਾਂ। ਮੈਂ ਇਸ ਜੀਵਨ ਨਾਲੋਂ ਮਰਨਾ ਚੰਗਾ ਸਮਝਦੀ ਹਾਂ। ਮੇਰਾ ਜਮਾਂਦਰੂ ਹੱਕ ਹੈ, ਮੈਂ ਆਪਣੇ ਪਿਉ ਦੀ ਪਿਤਾ ਜੀ ਦੀ ਮਦਦ ਕਰਨੀ ਹੈ। ਮੇਰੇ ਪਿਤਾ ਜੀ ਨੇ ਕੂਕਾ ਲਹਿਰ ਦਾ ਅੰਮ੍ਰਿਤ ਛਕਿਆ ਹੋਇਆ ਹੈ।

ਮਾਤਾ ਜੀਵਨ ਕੌਰ ਜੀ ਨੇ ਵੱਡੇ ਤੋਂ ਵੱਡੇ ਅਫਸਰ ਅੱਗੇ ਇਹ ਬਿਆਨ ਦਿੰਦੇ ਆਖਦੇ ਸਨ, ਇਹ ਅੰਗਰੇਜ਼ ਦਾ ਦੇਸ਼ ਨਹੀਂ ਹੈ। ਹਿੰਦੁਸਤਾਨ ਸਾਡਾ ਹੈ। ਅਸੀਂ ਆਪਣਾ ਦੇਸ਼ ਅੰਗਰੇਜ਼ ਸਰਕਾਰ ਤੋਂ ਆਜ਼ਾਦ ਕਰਾਉਣਾ ਹੈ ਅਤੇ ਆਜ਼ਾਦ ਕਰਾ ਕੇ ਹੀ ਰਹਾਂਗੇ। ਅਸੀਂ ਆਪਣਾ ਦੇਸ਼ ਆਜ਼ਾਦ ਕਰਾਉਂਦੇ ਹਾਂ ਕੋਈ ਪਾਪ ਨਹੀਂ ਕਰਦੇ ਹਾਂ। ਇਹ ਸਾਡਾ ਜਮਾਂਦਰੂ ਹੱਕ ਹੈ। ਆਪ ਦਾ ਹੱਕ ਮੰਗਣਾ ਪਾਪ ਨਹੀਂ ਹੁੰਦਾ। ਅਸੀਂ ਪੰਜਾਬੀ ਮਾਵਾਂ ਦਾ ਦੁੱਧ ਚੁੰਘਿਆ ਹੈ, ਅਸੀਂ ਹਰ ਕੁਰਬਾਨੀ ਲਈ ਤਿਆਰ-ਬਰ-ਤਿਆਰ ਹਾਂ। ਅਸੀਂ ਹਰ ਸੰਕਟ ਨੂੰ ਖਿੜੇ ਮੱਥੇ ਜੀ ਆਇਆਂ ਆਖਦੇ ਹਾਂ। ਆਪਣੇ ਸਰੀਰ ਤੇ ਝੱਲ ਸਕਦੇ ਹਾਂ। ਸਾਨੂੰ ਕੋਈ ਡਰਾਉਣ ਵਾਲਾ ਜੰਮਿਆ ਨਹੀਂ ਹੈ ਅਤੇ ਨਾ ਹੀ ਅੱਗੇ ਜੰਮੇਗਾ।

ਮਾਤਾ ਜੀ ਤੋਂ ਹਰ ਅਫਸਰ ਕੰਨੀ ਛਡਾਉਣਾ ਚਾਹੁੰਦਾ ਸੀ। ਮਾਤਾ ਜੀਵਨ ਕੌਰ ਦਾ ਇਨਕਲਾਬੀ ਸਿਰੜ ਦੇਖਕੇ 9 ਮਹੀਨਿਆਂ ਤੋਂ ਬਾਅਦ ਬਹਾਦਰਗੜ੍ਹ ਦੇ ਕਿਲੇ ਵਿਚੋਂ ਮਾਤਾ ਜੀ ਨੂੰ ਆਪੇ ਹੀ ਰਿਹਾ ਕਰ ਦਿੱਤਾ ਗਿਆ ਸੀ। ਬੜੀ ਹਿਫ਼ਾਜ਼ਤ ਨਾਲ ਪਿੰਡ ਬਰਾਜ ਵਿਚ ਛੱਡ ਗਏ ਸਨ।

ਮਾਤਾ ਜੀਵਨ ਕੌਰ 9 ਮਹੀਨੇ ਬਹਾਦਰਗੜ੍ਹ ਦੇ ਕਿਲ੍ਹੇ ਵਿਚ ਕੈਦ ਕੱਟਣ ਤੋਂ ਬਾਅਦ ਇਨ-ਕਲਾਬੀ ਬਣ ਗਏ ਸਨ। ਇਸ ਕਰਕੇ, ਦੇਸ਼ ਭਗਤਾਂ ਦੀ ਅਤੇ ਗ਼ਰੀਬਾਂ ਦੀ ਆਖ਼ਰੀ ਦਮ ਤੱਕ ਨਿਸ਼ਕਾਮ ਸੇਵਾ ਕਰਦੇ ਰਹੇ ਸਨ। ਆਖ਼ਰੀ ਦਮ ਤੱਕ ਆਜ਼ਾਦੀ ਸੰਗ੍ਰਾਮ ਜਾਰੀ ਰੱਖਿਆ। ਮਨੁੱਖੀ ਹਿੱਤਾਂ ਦੀ ਬਰਾਬਰਤਾ ਵਾਸਤੇ ਆਖ਼ਰੀ ਦਮ ਤੱਕ ਜੰਗ ਚੱਲਦਾ ਰਿਹਾ।

Sri Satguru Jagjit Singh Ji Elibrary NamdhariElibrary@gmail.com

ਮਾਤਾ ਜੀਵਨ ਕੌਰ ਜੀ ਅਤੇ ਮਾਤਾ ਫਤਹਿ ਕੌਰ ਜੀ ਦੇ ਆਨੰਦ ਕਾਰਜ ਬਾਬਾ ਹਰੀ ਸਿੰਘ ਜੀ ਸਾਹਿਬ ਨਾਲ 1887 ਈ: ਨੂੰ ਹੋਏ । ਇਨ੍ਹਾਂ ਦੋਵੇਂ ਭੈਣਾਂ ਦੇ ਅਨੰਦ ਕਾਰਜ ਇਕੱਠਿਆਂ ਅਤੇ ਇਕੋ ਵਾਰੀ ਹੋਏ । ਦੋਵੇਂ ਭੈਣਾਂ ਪੰਗਤ ਅਤੇ ਸੰਗਤ ਦੀ ਬਹੁਤ ਸੇਵਾ ਕਰਦੀਆਂ ਸਨ । ਹਰ ਸਮੇਂ ਲੰਗਰ ਦੀ ਸੇਵਾ ਹੀ ਕਰਦੀਆਂ ਹੀ ਦਿਸਦੀਆਂ ਸਨ । ਨਾਮ ਸਿਮਰਨ ਕਰਦੀਆਂ, ਦੋ ਵੇਲੇ ਅਕਾਲ ਪੁਰਖ ਦੇ ਚਰਨਾਂ ਵਿਚ ਅਰਦਾਸ ਕਰਦੀਆਂ ਮੰਗ ਕਰਦੀਆਂ ਆਖਦੀਆਂ ਸਾਨੂੰ ਦੇਸ਼ ਦੀ ਆਜ਼ਾਦੀ ਵਿਚ ਹਿੱਸਾ ਪਾਉਣ ਦਾ ਬਲ ਬਖਸ਼ ਦਿਉ ।

ਅਸੀਂ ਅੰਗਰੇਜ਼ ਸਰਕਾਰ ਤੋਂ ਆਪਣਾ ਦੇਸ਼ ਆਜ਼ਾਦ ਕਰਾ ਲਈਏ । ਆਮ ਲੋਕਾਂ ਨੂੰ ਸਮੱਤ ਬਖਸ਼ ਦਿਉ ਅਸੀਂ ਗੁਰੂਆਂ ਦੀ ਚਲਾਈ ਹੋਈ ਲਹਿਰ ਨੂੰ ਅੱਗੇ ਤੋਰ ਸਕੀਏ ।

ਸਰਬੱਤ ਦਾ ਭਲਾ ਮੰਗਣ ਵਾਲੀ ਮਾਤਾ ਜੀਵਨ ਕੌਰ ਮਨੁੱਖੀ ਬਰਾਬਰਤਾ ਦੇ ਭਲ੍ਹੇ ਲਈ ਲਗਾਤਾਰ ਦਿਨੋਂ-ਦਿਨ ਲਗਨ ਵਧਦੀ ਹੀ ਜਾ ਰਹੀ ਸੀ । ਸੂਬਾ ਖੁਸ਼ਹਾਲ ਸਿੰਘ ਆਪਣੀਆਂ ਪੁੱਤਰੀਆਂ ਨੂੰ ਬਚਪਨ ਵਿਚ ਹੀ ਕੂਕਾ ਲਹਿਰ ਦਾ ਅੰਮ੍ਰਿਤ ਛਕਾਇਆ ਅਤੇ ਸਿੱਖੀ ਅਸੂਲਾਂ ਦੀ ਪਰਖ ਵਿਚ ਪੂਰਾ ਉਤਰਨਾ ਸਿਖਾਇਆ । ਉਹ ਦੋਵੇਂ ਭੈਣਾਂ ਦੇਸ਼ ਭਗਤ ਬਣ ਗਈਆਂ ਸਨ । ਆਪ ਨੇ ਗਿਆਨ ਦੇ ਖਜ਼ਾਨੇ ਵਿਚੋਂ ਆਮ ਲੋਕਾਂ ਦੀ ਕਾਇਆ ਪਲਟ ਦਿੱਤੀ ਅਤੇ ਦੇਸ਼ ਭਗਤ ਬਣ ਗਏ । ਆਪਣੇ ਵਿਚਾਰਾਂ ਵਿਚ ! ਬਹੁਤ ਦੇਸ਼ ਭਗਤਾਂ ਨੂੰ ਗਿਆਨ ਵਰਤਾ ਰਹੇ ਸਨ । ਇਹ ਗਿਆਨ ਦਾ ਖਜ਼ਾਨਾ ਮਾਤਾ ਜੀ ਦਾ ਆਖਰੀ ਦਮ ਤੱਕ ਮੁੱਕਿਆ ਨਹੀਂ ਸੀ । ਗਿਆਨ ਵੱਧਦਾ ਹੀ ਜਾਂਦਾ ਜੀ ਅਤੇ ਵੱਧਦਾ ਹੀ ਗਿਆ । ਕੋਈ ਟੋਟਾ ਨਹੀਂ ਆਵੇਗਾ । ਇਹ ਸਦੀਵੀ ਕਾਇਮ ਰਹੇਗਾ । ਅਖੀਰ ਬਰਾਬਰਤਾ ਜ਼ਰੂਰ ਆਵੇਗੀ ।

ਬਾਬਾ ਹਰੀ ਸਿੰਘ ਜੀ ਦੇ ਘਰ ਮਾਤਾ ਜੀਵਨ ਕੌਰ ਦੀ ਕੁੱਖੋਂ ਸ੍ਰੀ ਭੈਣੀ ਸਾਹਿਬ 9 ਮਾਰਚ, 1890 ਈ: ਨੂੰ ਬਾਬਾ ਪ੍ਰਤਾਪ ਸਿੰਘ ਜੀ ਸਾਹਿਬ ਨੇ ਜਨਮ ਲਿਆ । ਬਾਬਾ ਨਿਹਾਲ ਸਿੰਘ ਜੀ ਨੇ 1893 ਅਤੇ ਸ੍ਰ: ਗੁਰਦਿਆਲ ਸਿੰਘ ਜੀ ਸਾਹਿਬ ਦਾ ਜਨਮ 1868 ਈ: ਨੂੰ ਬਾਬਾ ਹਰੀ ਸਿੰਘ ਦੇ ਘਰ ਮਾਤਾ ਜੀਵਨ ਕੌਰ ਜੀ ਦੀ ਕੁੱਖੋਂ ਹੋਇਆ ।

ਮਾਤਾ ਜੀਵਨ ਕੌਰ ਨੇ ਆਪਣੇ ਤਿੰਨਾਂ ਪੁੱਤਰਾਂ ਨੂੰ ਇਨਕਲਾਬੀ ਲੋਰੀਆਂ ਦਿੰਦਿਆਂ ਹੋਇਆਂ ਦੇਸ਼ ਭਗਤਾਂ ਦੀ ਕਤਾਰ ਵਿਚ ਖੜ੍ਹੇ ਹੋਣ ਦੀ ਪ੍ਰੇਰਨਾ ਦਿੰਦੇ ਹੋਏ, ਆਪਣੇ ਦੇਸ਼ ਨੂੰ ਅੰਗਰੇਜ਼ਾਂ ਤੋਂ ਆਜ਼ਾਦ ਕਰਾਉਣ ਵਾਸਤੇ, ਚੰਗੇ ਜੀਵਨ ਦੀ ਉਸਾਰੀ ਆਰੰਭ ਕਰ ਦਿੱਤੀ ਗਈ ਸੀ । ਤਿੰਨਾਂ ਭਾਈਆਂ ਨੂੰ ਰੋਮ ਰੋਮ ਵਿਚ ਦੇਸ਼ ਭਗਤੀ ਦਾ ਪਿਆਰ ਭਰ ਦਿੱਤਾ ਗਿਆ ਸੀ । ਦੇਸ਼ ਦੇ ਹਿੱਤ ਵਿਚ ਬਹੁਤ ਲੰਮੀਆਂ ਲੰਮੀਆਂ ਪਲਾਂਘਾਂ ਭਰਨੀਆਂ ਸ਼ੁਰੂ ਕਰ ਦਿੱਤੀਆਂ ਹਨ । ਇਨ੍ਹਾਂ ਤਿੰਨਾਂ ਭਾਈਆਂ, ਪੰਜਾਬੀ ਯੋਧਿਆਂ ਦਾ ਦ੍ਰਿਸ਼ਟੀਕੋਣ ਦੇਸ਼ ਨੂੰ ਆਜ਼ਾਦ ਕਰਾਉਣ ਲਈ ਬਣਨਾ ਜ਼ਰੂਰੀ ਹੋ ਗਿਆ ਸੀ । ਤਿੰਨਾਂ ਭਾਈਆਂ ਨੇ ਹੀ ਆਜ਼ਾਦੀ ਸੰਗ੍ਰਾਮ ਵਿਚੋਂ ਮਿਲੇ ਨੇ ਮਹਾਨ ਜੇਤੂ ਮਾਰਗ ਤੇ ਤੋਰ ਦਿੱਤੇ ਸਨ । ਭਾਵ ਆਪਣੇ ਦੇਸ਼ ਨੂੰ ਆਜ਼ਾਦ ਕਰਾਉਣ ਦਾ ਝੰਡਾ ਚੁੱਕ ਲਿਆ ਸੀ । ਆਜ਼ਾਦੀ ਦੀ ਸਮੱਗਰੀ ਤਿਆਰ ਕਰਨ ਵਿਚ ਲਗਨ ਜੁੜ ਗਈ ਸੀ । ਮਾਤਾ ਜੀਵਨ ਕੌਰ ਨੇ ਕੂਕਾ ਲਹਿਰ ਦੇ ਇਤਿਹਾਸ ਬਾਰੇ ਗਿਆਨ ਦਿੱਤਾ ਸੀ ।

1900 ਈ: ਨੂੰ ਦੇਸ਼ ਵਿਚ ਇਕ ਭਿਆਂਕਰ ਕਾਲ ਪੈ ਗਿਆ । ਭੁੱਖ ਨਾਲ ਦੇਸ਼ ਵਿਚ

ਖਾਸ ਕਰਕੇ ਬਾਗੜ ਵਿਚ ਭੁੱਖ ਨਾਲ ਮੌਤਾਂ ਹੋ ਗਈਆਂ ਸਨ। ਬਾਗੜ ਵਿਚੋਂ ਟੋਲਿਆਂ ਦੇ ਟੋਲੇ, ਪੰਜਾਬ ਵੱਲ ਨੂੰ ਵਧਣ ਲੱਗੇ। ਸ੍ਰੀ ਭੈਣੀ ਸਾਹਿਬ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਬਾਗੜੀ ਲੋਕ ਭੁੱਖ ਦੇ ਸਤਾਏ ਹੋਏ ਪਹੁੰਚ ਰਹੇ ਸਨ। ਰੋਜ਼ ਹਜ਼ਾਰਾਂ ਲੋਕ ਲੰਗਰ ਛਕਦੇ ਸਨ।

ਮਾਤਾ ਜੀਵਨ ਕੌਰ, ਮਾਤਾ ਫਤੂ ਕੌਰ ਰਾਤ ਦਿਨ ਲੰਗਰ ਦੀ ਸੇਵਾ ਕਰਦੇ ਸਨ ਅਤੇ ਸੰਗਤਾਂ ਤੋਂ ਕਰਾਉਂਦੇ ਸਨ। ਲੰਗਰ ਤਿਆਰ ਕਰਨ ਦੀ ਅਗਵਾਈ ਕਰਦੇ ਸਨ। ਆਮ ਲੋਕਾਂ ਨੂੰ ਲੰਗਰ ਛਕਾਇਆ ਜਾਂਦਾ ਸੀ। ਰਾਤ ਦਿਨ ਥੱਕਦੇ ਨਹੀਂ ਸਨ। ਬਹੁਤ ਛੋਟਿਆਂ ਬੱਚਿਆਂ ਲਈ ਦੁੱਧ ਵੀ ਵਰਤਾਇਆ ਜਾਂਦਾ ਸੀ। ਇਸ ਬਦੇਸ਼ੀ ਅੰਗਰੇਜ਼ ਸਰਕਾਰ ਨੂੰ ਇਸ ਮਾਰੂ ਕਾਲ ਦਾ ਭੋਰਾ ਫਿਕਰ ਨਹੀਂ ਸੀ। ਜਿਵੇਂ ਰਾਜਿਆਂ ਨੂੰ ਆਪਣੀ ਪਰਜਾ ਦਾ ਫਿਕਰ ਹੁੰਦਾ ਹੈ। ਬਦੇਸ਼ੀ ਅੰਗਰੇਜ਼ ਦੇ ਖਿਲਾਫ, ਮਾਤਾ ਜੀਵਨ ਕੌਰ ਜੀ ਆਖਦੇ ਸਨ, "ਅਸੀਂ ਅੰਗਰੇਜ਼ ਤੋਂ ਮੁਕਤ ਹੋ ਕੇ ਹੀ ਕਾਲ ਵਰਗੀਆਂ ਬੀਮਾਰੀਆਂ ਦਾ ਇਲਾਜ ਕਰ ਸਕਾਂਗੇ।" ਸਰੋਤੇ ਸੁਣਦੇ ਸਾਰ ਆਪਣੇ ਆਪ ਨੂੰ ਆਜ਼ਾਦੀ ਵਾਸਤੇ ਤਿਆਰ-ਬਰ-ਤਿਆਰ ਕਰੀ ਜਾਂਦੇ ਸਨ। ਆਪਣੇ ਦੇਸ਼ ਤੇ ਬਦੇਸ਼ ਵਾਸਤੇ ਸੋਚਣ ਲਈ ਮਜਬੂਰ ਹੋ ਰਹੇ ਸਨ।

ਸ੍ਰੀ ਭੈਣੀ ਸਾਹਿਬ 28 ਜਨਵਰੀ 1872 ਈ: ਨੂੰ ਪੁਲਿਸ ਚੌਕੀ ਆ ਗਈ ਸੀ। ਰੋਜ਼-ਨਾਮਚੇ ਵਿਚ ਆਉਣ ਵਾਲੇ ਦਾ ਪੂਰਾ ਪਤਾ ਟਿਕਾਣਾ ਲਿਖਿਆ ਜਾਂਦਾ ਸੀ। ਰੋਜ਼ 10 ਸਿੰਘ ਹੀ ਅੰਦਰ ਲੰਘਣ ਦਿਤੇ ਜਾਂਦੇ ਸਨ। ਸਿੱਖਾਂ ਨੂੰ ਆਪਣੀ ਵਾਰੀ ਦੀ ਉਡੀਕ ਵਿਚ ਕਈ ਕਈ ਦਿਨ ਅਤੇ ਰਾਤਾਂ ਭੁੱਖੇ ਤਿਹਾਇਆਂ ਨੂੰ ਖੇਤਾਂ ਵਿਚ ਰਾਤਾਂ ਕੱਟਣੀਆਂ ਪੈਂਦੀਆਂ ਸਨ। ਚੌਕੀ ਵਿਚ ਵੱਧ ਤੋਂ ਵੱਧ ਸਿਪਾਹੀ ਹੁੰਦੇ ਸਨ। ਹਵਾਲਦਾਰ ਚੌਵੀ ਘੰਟੇ ਮੌਜੂਦ ਰਹਿੰਦੇ। ਮਾਤਾ ਜੀਵਨ ਕੌਰ ਜੀ ਪੁਲਿਸ ਨਾਲ ਭੋਰਾ ਵੀ ਵਿਤਕਰਾ ਨਹੀਂ ਸਨ ਕਰਦੇ। ਆਪਣਿਆਂ ਵਾਂਗ ਹੀ ਖੁਲ੍ਹਾ ਰਾਸ਼ਨ ਪਾਣੀ ਦਿੰਦੇ ਰਹਿੰਦੇ ਸਨ। ਮੇਲ ਵਰਤਣ ਕਰ ਕੇ ਹੀ ਪੁਲਿਸ ਡਿਊਢੀ ਵਿਚੋਂ ਉੱਠ ਕੇ ਪਿਪਲਾਂ ਕੋਲ ਚਲੀ ਗਈ ਸੀ। ਕੋਈ ਵੀ ਚੌਕੀ ਦੇ ਅਸੂਲਾਂ ਦੀ ਉਲੰਘਣਾ ਨਹੀਂ ਸੀ ਕਰਦਾ। ਇਸ ਕਰਕੇ ਸੰਗਤ ਬਹੁਤ ਆਉਣ ਜਾਣ ਲਗ ਪਈ ਸੀ।

ਇਕ ਦਿਨ ਮਾਤਾ ਜੀ ਨੇ ਰਾਜਨੀਤੀ ਵਰਤਦਿਆਂ ਸਿੱਖਾਂ ਨੂੰ ਆਖਿਆ, "ਭਾਈ ਸਾਧ ਸੰਗਤ ਜੀ, ਤੁਸੀਂ ਭੈਣੀ ਸਾਹਿਬ ਪੁਲੀਸ ਚੌਕੀ ਦੇ ਰੋਜ਼-ਨਾਮਚੇ ਵਿਚ "ਕੂਕਾ" ਸਭ ਦਾ ਨਾਂ ਲਿਖਵਾਇਆ ਕਰੋ।" ਤੁਸੀਂ ਆਪਣੇ ਆਪ ਨੂੰ 'ਨਾਮਧਾਰੀ' ਲਿਖਵਾ ਦਿਆ ਕਰੋ।" ਫੇਰ ਤੁਹਾਨੂੰ ਖੇਤਾਂ ਵਿਚ ਰਾਤਾਂ ਨਹੀਂ ਕਟਣੀਆਂ ਪੈਣਗੀਆਂ। ਪੁਲਿਸ ਨੂੰ ਅਤੇ ਅੰਗਰੇਜ਼ ਸਰਕਾਰ ਨੂੰ ਕੂਕਾ ਸ਼ਬਦ ਦੀ ਬਹੁਤ ਅਲਰਜੀ ਹੁੰਦੀ ਹੈ। ਕੂਕਾ ਨਾਮ ਤੋਂ ਪੁਲਿਸ ਦਾ ਰਜਿਸਟਰ ਖਾਲੀ ਰਹਿ ਜਾਏ। ਕੂਕਾ ਲਹਿਰ ਦੇ ਨਾਮ ਨੂੰ ਅੰਡਰ ਗਰਾਉਂਡ (Under Ground) ਰੱਖਣਾ ਹੈ। ਅਸੀਂ ਨਾਮਧਾਰੀ ਨਾਮ ਦਸਕੇ ਪੁਲੀਸ ਨੂੰ ਰਾਜਨੀਤੀ ਭੁਲੇਖੇ ਵਿਚ ਰਖਣਾ ਹੈ। ਇਹ ਸਾਡਾ ਰਾਜਨੀਤਕ ਪਹਿਲੂ ਹੈ।

ਬਹੁਤ ਸਾਰੇ ਆਜ਼ਾਦੀ ਸੰਗ੍ਰਾਮੀਏ ਇਥੇ ਆਉਂਦੇ ਜਾਂਦੇ ਰਹਿਣਗੇ। ਫਿਰ ਇਹ ਕੂਕਾ ਲਹਿਰ ਦੇ ਨਾਂ ਹੇਠਾਂ ਕਾਰਵਾਈ ਕਰ ਸਕਦੇ ਹਨ। ਨਾਮਧਾਰੀਆਂ ਤੂੰ ਇਹ ਕੋਈ ਕਾਰਵਾਈ ਨਹੀਂ ਕਰ ਸਕਦੇ। ਅਸੀਂ ਨਾਮਧਾਰੀ ਲਹਿਰ ਨਾਮ ਰੱਖ ਕੇ ਆਜ਼ਾਦੀ ਸੰਘਰਸ਼ ਹੋਰ ਤੇਜ਼ ਕਰਨਾ ਹੈ। ਇਹ

Sri Satguru Jagjit Singh Ji Elibrary NamdhariElibrary@gmail.com

ਨਾਮ ਬਾਬਾ ਰਾਮ ਸਿੰਘ ਜੀ ਦੀ ਦੂਸਰੀ ਇਨਾਮੀ ਪੀੜ੍ਹੀ ਦਾ ਨਾਂ ਹੋ ਸਕਦਾ ਹੈ। ਇਹ ਵੀ ਨਾਮ ਬਾਬਾ ਰਾਮ ਸਿੰਘ ਜੀ ਦੇ ਮਿਸ਼ਨ ਦਾ ਹੀ ਨਾਮ ਹੋਵੇਗਾ। ਭੈਣੀ ਸਾਹਿਬ ਆਜ਼ਾਦੀ ਸੰਗ੍ਰਾਮੀਆਂ ਦਾ ਕੇਂਦਰ ਬਣਨਾ ਹੈ। ਨਾਮਧਾਰੀ ਨਾਮ ਵਾਲੇ ਕੂਕਾ ਲਹਿਰ ਖੁਲ੍ਹ ਕੇ ਆਪਣਾ ਪ੍ਰਚਾਰ ......ਕਰ ਸਕਦੀ ਹੈ।

ਮਾਤਾ ਜੀ ਨੇ ਹੋਰ ਅੱਗੇ ਆਖਿਆ, "ਅਸੀਂ ਕੋਈ ਨਾਮਧਾਰੀ ਨਾਮ ਰੱਖਕੇ ਆਜ਼ਾਦੀ ਸੰਗ੍ਰਾਮ ਤੋਂ ਪਿਛੇ ਹਟਣ ਦਾ ਨਹੀਂ ਹੈ। ਅਸੀਂ ਤਾਂ ਆਜ਼ਾਦੀ ਸੰਗ੍ਰਾਮ ਨੂੰ ਹੋਰ ਤੇਜ਼ ਕਰਨਾ ਹੈ। ਕੂਕਾ ਲਹਿਰ ਦਾ ਝੰਡਾ ਸੁਨਹਿਰੀ ਸੀ, ਨਾਮਧਾਰੀ ਲਹਿਰ ਦਾ ਝੰਡਾ ਚਿੱਟਾ ਹੋਵੇਗਾ। ਕੂਕਾ ਲਹਿਰ ਸੂਰਜ ਹੈ, ਸੂਰਜ ਦੀਆਂ ਕਿਰਨਾਂ ਨੇ ਅਮਰ ਸ਼ਹੀਦਾਂ ਦੇ ਲਾਲ ਖ਼ੂਨ ਨੇ ਸਾਰੇ ਹਿੰਦੁਸਤਾਨ ਦੇ ਕੋਨੇ ਕੋਨੇ ਵਿਚ ਰੋਸ਼ਨੀ ਕਰ ਦਿੱਤੀ ਹੈ। ਸਾਰੀ ਦੁਨੀਆਂ ਕੂਕਾ ਲਹਿਰ ਨੂੰ ਮਨੁੱਖੀ ਹਿੱਤਾਂ ਦੀ ਬਰਾਬਰਤਾ ਦੇ ਬਾਨੀ ਆਖਦੇ ਹੋਏ ਬੁੱਧੀਜੀਵੀ ਲੋਕ ਸੁਨਹਿਰੀ ਅੱਖਰਾਂ ਨਾਲ ਇਤਿਹਾਸ ਲਿਖਣਗੇ। ਅਜੇ ਕੂਕਾ ਲਹਿਰ ਵਰਗੀਆਂ ਕੁਰਬਾਨੀਆਂ ਗੁਰੂਆਂ ਤੋਂ ਬਗੈਰ ਕੋਈ ਦੁਨੀਆਂ ਦੀ ਲਹਿਰ ਨਹੀਂ ਦੇ ਸਕੀ। ਹੋ ਸਕਦਾ ਹੈ, ਨਾਮਧਾਰੀ ਲਹਿਰ ਕੂਕਾ ਲਹਿਰ ਵਰਗੀਆਂ ਕੁਰਬਾਨੀਆਂ ਦੇ ਸਕੇ।

ਮਾਤਾ ਜੀਵਨ ਕੌਰ ਦੇ ਇਹ ਵਿਚਾਰ ਇਸ ਕਰਕੇ ਬਣੇ ਸਨ ਕਿ ਸਰਕਾਰ ਦੀ ਸੀ. ਆਈ.ਡੀ. ਨੂੰ ਭੈਣੀ ਸਾਹਿਬ ਤੋਂ ਦੂਰ ਰਖਣਾ ਚਾਹੁੰਦੇ ਸਨ। ਕਿਉਂਕਿ ਸ੍ਰੀ ਭੈਣੀ ਸਾਹਿਬ ਆਜ਼ਾਦੀ ਸੰਗ੍ਰਾਮੀਆਂ ਦਾ ਕੇਂਦਰ ਬਣ ਚੁਕਿਆ ਸੀ। ਫਿਰ ਵੀ ਬੁਧੀਜੀਵੀ ਲੇਖਕ, ਕੂਕਾ ਲਹਿਰ ਦੇ ਆਦਰ ਨੂੰ ਹੀ ਮੁੱਖ ਰੱਖ ਕੇ ਹੀ ਲੇਖ ਲਿਖ ਜਾਂਦੇ ਸਨ। ਨਾਮਧਾਰੀ ਲਹਿਰ ਦਾ ਅਜੇ ਕੋਈ ਵੀ ਆਧਾਰ ਨਹੀਂ ਸੀ ਬਣ ਸਕਿਆ। ਨਿਰਭ ਲੇਖਕ ਨਾਮਧਾਰੀ ਸ਼ਬਦ ਨਹੀਂ ਸੀ ਵਰਤਦੇ ਉਹ ਤਾਂ ਕੂਕਾ ਲਹਿਰ ਦੇ ਸੰਘਰਸ਼ ਨੂੰ ਮੁੱਖ ਰੱਖਕੇ ਹੀ ਆਮ ਪਿੰਡਾਂ ਵਿਚ ਹੱਲੇ ਦੇ ਸ਼ਬਦ ਪੜ੍ਹਦਿਆਂ ਦੀਵਾਨ ਸਜਾਉਂਦੇ ਸਨ। ਨਾਮਧਾਰੀ ਲਹਿਰ ਤਾਂ ਸ੍ਰੀ ਭੈਣੀ ਸਾਹਿਬ ਤਕ ਹੀ ਸੀਮਤ ਸੀ। ਭੈਣੀ ਸਾਹਿਬ ਤੋਂ ਪੁਲਿਸ ਚੌਕੀ ਕੋਈ ਉਦੋਂ ਨਾਮਧਾਰੀ ਨਾਂ ਲਿਖਣ ਨਾਲ ਨਹੀਂ ਸੀ ਉਠ ਸਕੀ ਸਗੋਂ ਹੋਰ ਵੀ ਸਿਪਾਹੀ ਭੈਣੀ ਸਾਹਿਬ ਆ ਗਏ ਸਨ। ਪੁਲਿਸ ਚੌਕੀ ਤਾਂ ਲਗਾਤਾਰ 50 ਸਾਲ ਬੈਠੀ ਰਹੀ ਸੀ। 1923 ਈ: ਨੂੰ ਜਾਕੇ ਕਿਤੇ ਉੱਠੀ ਸੀ। ਮਾਤਾ ਜੀਵਨ ਕੌਰ ਜੀ ਨੇ ਨਾਮਧਾਰੀ ਨਾਮ ਤਾਂ ਅਜ਼ਾਦੀ ਸੰਗ੍ਰਾਮੀਆਂ ਨੂੰ ਸ਼ਰਨ ਦੇਣ ਵਾਸਤੇ ਰਖਿਆ ਗਿਆ ਸੀ।

ਮਾਤਾ ਜੀਵਨ ਕੌਰ ਜੀ ਨੇ ਭੈਣੀ ਸਾਹਿਬ ਆਉਣ ਵਾਲਿਆਂ ਨੂੰ ਇਕ-ਇਕ ਉੱਨ ਦੀ ਮਾਲਾ ਭਜਨ ਕਰਨ ਨੂੰ ਦਿੱਤੀ ਹੋਈ ਸੀ। ਆਖਿਆ ਸੀ, "ਭਾਰਤ ਮਾਂ ਦੇ ਮਹਾਨ ਪੁਤਰੋ ਤੁਸੀਂ ਇਸ ਮਾਲਾ ਨਾਲ ਭਜਨ ਬੰਦਗੀ ਕਰਦੇ ਰਹਿਉ। ਭਜਨ ਕਰਨ ਨਾਲ ਆਤਮਾ ਬਲਵਾਨ ਹੋ ਜਾਂਦੀ ਹੈ। ਭਗਤੀ ਅਤੇ ਸ਼ਕਤੀ ਭਜਨ ਕਰਨ ਨਾਲ ਹੀ ਜਾਗਦੀ ਹੈ। ਆਪ ਭਜਨ ਕਰ ਕੇ ਆਜ਼ਾਦੀ ਸੰਗ੍ਰਾਮ ਵਾਸਤੇ ਸ਼ਕਤੀ ਪੈਦਾ ਕਰਨੀ ਬਹੁਤ ਜ਼ਰੂਰੀ ਹੈ। ਆਖਦੇ ਮੇਰੀ ਨੌਂ ਮਹੀਨਿਆਂ ਦੀ ਜੇਲ੍ਹ ਯਾਤਰਾ ਦਾ ਆਪਣਾ ਤਜਰਬਾ ਹੈ। ਮੇਰੇ ਵਿਚ ਸ਼ਕਤੀ ਇਕੱਤਰ ਹੋ ਗਈ ਸੀ, ਮੇਰੇ ਸਾਹਮਣੇ ਕੋਈ ਝਾਕ ਨਹੀਂ ਸੀ ਸਕਦਾ, ਵੱਡੇ ਤੋਂ ਵੱਡਾ ਅਫ਼ਸਰ ਸਾਨੂੰ ਬੀਬਾ ਜੀ ਆਖਕੇ ਬੁਲਾਉਂਦੇ ਸਨ। ਜਿੰਨਾ ਆਜ਼ਾਦੀ ਸੰਗ੍ਰਾਮ ਕਰਨਾ ਜ਼ਰੂਰੀ ਹੈ ਉੱਨਾ ਭਜਨ ਕਰਨਾ ਵੀ ਜ਼ਰੂਰੀ ਹੈ। ਭਜਨ ਆਪ ਛੁਟ ਵਾਸਤੇ ਵੀ ਸਹਾਈ ਹੁੰਦਾ ਹੈ। ਮਨੁੱਖੀ ਹੱਕਾਂ ਨੂੰ ਬਰਾਬਰ ਕਰਨ ਵਾਸਤੇ ਵੀ ਸਹਾਈ ਹੁੰਦਾ ਹੈ।

## ਕਾਂਡ—13

ਅੱਗੇ ਮੈਂ ਬਾਬਾ ਰਾਮ ਸਿੰਘ ਜੀ ਸਾਹਿਬ ਦੇ ਮਗਰਲੇ ਪ੍ਰਵਾਰ ਬਾਰੇ ਲਿਖਾਂਗਾ। ਇਸ ਇਨਕਲਾਬੀ ਪ੍ਰਵਾਰ ਦਾ ਆਜ਼ਾਦੀ ਸੰਗਰਾਮ ਦੇ ਮਹਾਨ ਕਾਰਜ ਵਿਚ ਕਿਵੇਂ ਯੋਗਦਾਨ ਪਾਇਆ ਗਿਆ। ਇਸ ਪ੍ਰਵਾਰ ਦਾ ਜੀਵਨ ਸਮਾਜਵਾਦੀ ਜੀਵਨ ਸੀ। ਘਰ ਦੇ ਸਾਰੇ ਮੈਂਬਰਾਂ ਨੇ ਨਿਡਰ ਅਤੇ ਨਿਰਭੈ ਹੋ ਕੇ, ਇਕ ਦੂਸਰੇ ਤੋਂ ਵਧ ਕੇ ਆਜ਼ਾਦੀ ਸੰਗਰਾਮ ਵਿਚ ਸਾਥੀਆਂ ਸਮੇਤ ਰਾਤ ਦਿਨ ਇਕ ਕਰਕੇ ਪੰਜਾਬੀ ਕੌਮ ਦਾ ਸਿਰ ਉੱਚਾ ਕੀਤਾ। ਗੁਰੂ ਨਾਨਕ ਦੇਵ, ਸਰਬੰਸ ਦਾਨੀ ਗੁਰੂ ਗੋਬਿੰਦ ਸਿੰਘ ਜੀ ਦੀ ਚਲਾਈ ਹੋਈ ਸਾਂਝੀਵਾਲਤਾ ਦੀ ਪੰਗਤ ਅਤੇ ਸੰਗਤ ਦੇ ਰੂਪ ਵਿਚ ਅੱਗੇ ਚਲਾਉਣ ਦੀ ਮੁਹਿੰਮ ਨੂੰ ਅੱਗੇ ਤੋਰਨ ਵਿਚ ਯੋਗਦਾਨ ਪਾਇਆ ਗਿਆ ਹੈ।

ਇਸ ਕਿਤਾਬ ਨੂੰ ਬਹੁਤ ਵੱਡੀ ਲਿਖਣੀ ਨਹੀਂ ਚਾਹੁੰਦਾ। ਮੈਂ ਕੇਵਲ ਆਜ਼ਾਦੀ ਸੰਗਰਾਮ: ਯੋਗਦਾਨ ਬਾਰੇ ਹੀ ਸੀਮਤ ਰਹਿਣਾ ਚਾਹੁੰਦਾ ਹਾਂ। ਇਹ ਮੇਰੀ ਚਰੋਕਣੀ ਰੀਝ ਸੀ ਕਿ ਕੂਕਾ ਲਹਿਰ ਸਦੀਵੀ ਲਹਿਰ ਬਣ ਜਾਏ। ਪ੍ਰੋਫੈਸਰ ਸੈਂਸਰ ਦੀਆਂ ਨਜ਼ਰਾਂ ਵਿਚ ! ਕਰਾਮਾਤੀ ਸ਼ਬਦ ਪਾਸ ਨਹੀਂ ਹੋ ਸਕਦੇ। ਅਧਿਆਤਮਿਕਵਾਦ ਵੀ ਕਈ ਰੂਪ ਧਾਰ ਜਾਂਦਾ ਹੈ। ਇਸ ਕਰਕੇ ਮੈਂ ਅਧਿਆਤਮਿਕ ਸ਼ਬਦ ਲਿਖਣ ਤੋਂ ਵੀ ਗੁਰੇਜ਼ ਕਰਦਾ ਹਾਂ। ਮੇਰੀ ਸੋਚ ਇਸ ਛੋਟੀ ਕਿਤਾਬ ਨੂੰ ਸਦੀਵੀ ਬਨਾਉਣ ਦੀ ਸੋਚ ਹੈ ਜੋ ਮਨੁੱਖ ਜਾਤੀ ਅਤੇ ਸਿੱਖ ਲਹਿਰਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਸਾਂਝੀਵਾਲਤਾ ਵਾਸਤੇ ਅਤੇ ਨਿਸ਼ਕਾਮ ਸੇਵਾ, ਮਨੁੱਖੀ ਬਰਾਬਰਤਾ ਦੇ ਹਿੱਤਾਂ ਵਾਸਤੇ ਸੰਗਤ ਅਤੇ ਪੰਗਤ ਦੀ ਸਿਰਜਨਾ ਏਸੇ ਵਾਸਤੇ ਹੀ ਸਾਰੇ ਗੁਰੂਆਂ ਨੇ ਕੀਤੀ ਹੈ।

ਗੁਰੂਆਂ ਦੇ ਸਿਧਾਂਤ ਨੂੰ ਅੱਗੇ ਤੋਰਨ ਵਾਸਤੇ ਬਾਬਾ ਰਾਮ ਸਿੰਘ ਜੀ ਨੇ ਕੂਕਾ ਲਹਿਰ ਸੰਗਠਤ ਕਰਕੇ ਆਜ਼ਾਦੀ ਸੰਗਰਾਮ ਦੇ ਮਾਰਗ ਤੇ ਤੋਰ ਕੇ ਮਨੁੱਖ ਬਰਾਬਰਤਾ ਦਾ ਸੰਘਰਸ਼ ਲੜਿਆ। ਸਾਂਝੀਵਾਲਤਾ ਵਾਸਤੇ ਹੀ ਲਹਿਰ ਦੇ ਮਹਾਨ ਸਾਥੀ ਤੋਪਾਂ ਅੱਗੇ ਖਲੋ ਕੇ ਤੂੰਬਾ-ਤੂੰਬਾ ਸਰੀਰ ਦਾ ਕਰਾ ਕੇ ਉੱਡ ਗਏ, ਫਾਂਸੀਆਂ ਤੇ ਲਟਕ ਗਏ, ਕਾਲੇ ਪਾਣੀਆਂ ਦੀਆਂ ਉਮਰ ਕੈਦਾਂ ਕੱਟਦੇ ਹੋਏ ਅਮਰ ਸ਼ਹੀਦੀਆਂ ਪਾ ਗਏ। ਮਨੁੱਖੀ ਮਰਯਾਦਾ ਨੂੰ ਮੁੜ ਸੁਰਜੀਤ ਕੀਤਾ। ਉੱਕਾ ਘਬਰਾਏ ਨਹੀਂ, ਆਪਣੀਆਂ ਜ਼ਿੰਦਗੀਆਂ ਕੌਮ ਦੇ ਲੇਖੇ ਲਾ ਗਏ।

ਇਹ ਛੋਟੀ ਜਿਹੀ ਕਿਤਾਬ ਜੋ ਕਿ ਇਤਿਹਾਸਕ ਕਿਤਾਬ ਹੈ, ਕਾਫ਼ੀ ਦੇਰ ਤੋਂ ਲਿਖਣੀ ਸੀ। ਇਸ ਪੁਸਤਕ ਨੂੰ ਲਿਖਣ ਵਾਸਤੇ ਬਹੁਤ ਸਾਰੇ ਦੋਸਤਾਂ ਨੇ ਯੋਗਦਾਨ ਪਾਇਆ ਹੈ। ਹੁਣ ਮੈਂ ਆਸ ਰੱਖਦਾ ਹਾਂ ਕਿ ਇਹ ਪੁਸਤਕ ਜ਼ਰੂਰ ਸਿਰੇ ਚੜ੍ਹ ਜਾਵੇਗੀ।

ਆਉਣ ਵਾਲੀ ਨਵੀਂ ਪੀੜ੍ਹੀ ਆਪਣੇ ਪੰਜਾਬੀ ਬਜ਼ੁਰਗਾਂ, ਕੂਕਾ ਲਹਿਰ ਦੀਆਂ ਕੁਰਬਾਨੀਆਂ ਤੋਂ ਜਾਣੂ ਹੋ ਕੇ ਸਾਂਝੀਵਾਲਤਾ ਦੀ ਸਿਰਜਨਾ ਜ਼ਰੂਰ ਕਰਨਗੇ। ਗੁਰੂਆਂ ਦੇ ਪਾਏ ਹੋਏ ਪੂਰਨਿਆਂ ਤੇ ਚਲਣਗੇ। ਉਹੀ ਕੌਮਾਂ ਜਿਉਂਦੀਆਂ ਰਹਿੰਦੀਆਂ ਹਨ, ਜਿਹੜੀਆਂ ਕੌਮਾਂ ਆਪਣੇ-ਆਪਣੇ



Sri Satguru Jagjit Singh Ji Elibrary NamdhariElibrary@gmail.com

ਵਿਰਸੇ ਤੋਂ ਜਾਣੂ ਹੋ ਕੇ ਆਪਣੇ ਬਜ਼ੁਰਗਾਂ ਦੇ ਇਤਿਹਾਸ ਨੂੰ ਫਰੋਲਦੀਆਂ ਹਨ। ਮਨੁੱਖੀ ਹਿੱਤਾਂ ਖ਼ਾਤਰ ਸਾਂਝੀਵਾਲਤਾ ਦੀ ਉਸਾਰੀ ਕਰਦੀਆਂ ਹਨ। ਕੁਰਬਾਨੀਆਂ ਨਿਸ਼ਕਾਮ ਸੇਵਾ ਸਮਝ ਕੇ ਕਰਨੀਆਂ ਹੀ ਲਾਹੇਵੰਦ ਹੁੰਦੀਆਂ ਹਨ।

ਕੂਕਾ ਲਹਿਰ ਦੇ ਮਹਾਨ ਪੈਰੋਕਾਰ ਲੇਖਕ ਵੀ ਹੋਏ ਹਨ। ਇਨ੍ਹਾਂ ਦੀਆਂ ਲਿਖਤਾਂ ਵਿਚ ਮੈਂ ਕੂਕਾ ਲਹਿਰ ਦੇ ਆਜ਼ਾਦੀ ਸੰਗਰਾਮ ਦੇ ਤੱਥ ਇਕੱਤਰਤ ਕੀਤੇ ਹਨ। ਇਨ੍ਹਾਂ ਤੱਥਾਂ ਨੂੰ ਇਕ ਪੁਸਤਕ ਦੇ ਰੂਪ ਵਿਚ ਇਕੱਤਰ ਕਰਨ ਦੀ ਮੇਰੀ ਚਿਰਾਂ ਤੋਂ ਦਿਲੀ ਖ਼ਾਹਿਸ਼ ਸੀ। ਉਸ ਸਮੇਂ ਮੈਂ ਬਿਲਕੁਲ ਬੱਚਾ ਹੁੰਦਾ ਸੀ। ਮੇਰਾ ਬਾਬਾ ਭਗਤ ਸਿੰਘ ਕੂਕਾ ਲਹਿਰ ਨਾਲ ਜੁੜਿਆ ਹੋਇਆ ਸੀ। ਉਹ ਛੋਟੀਆਂ-ਛੋਟੀਆਂ ਕੂਕਾ ਲਹਿਰ ਦੀਆਂ ਕਹਾਣੀਆਂ ਸੁਣਾਇਆ ਕਰਦੇ ਸਨ ਅਤੇ ਆਖਦੇ ਹੁੰਦੇ ਸਨ ਕਿ ਪੁੱਤਰ ਇਹ ਇਤਿਹਾਸ ਲਿਖਣ ਵਾਲਾ ਹੈ। ਜੇ ਕੋਈ ਲਿਖਣ ਵਾਲਾ ਹੋਵੇ ਤਾਂ ਮੈਂ ਭਲੀ ਭਾਂਤ ਲਿਖਾ ਸਕਦਾ ਹਾਂ। ਮੇਰਾ ਪਿਛਲਾ ਪਿੰਡ ਰਾਏਸਰ ਕੂਕਿਆਂ ਵਾਲੀ ਪੱਤੀ ਸੀ। ਮੇਰੇ ਛੋਟੇ ਭਾਈ ਪ੍ਰਕਾਸ਼ ਸਿੰਘ ਰਾਏਸਰੀ, ਲੋਕ ਸੰਤ ਰਾਮ ਉਦਾਸੀ, ਗੁਰਦੇਵ ਸਿੰਘ ਕੰਦਿਲ ਹਨ। ਮੈਂ ਇਹ ਕੂਕਾ ਲਹਿਰ ਦੇ ਤੱਥ ਧੰਨਵਾਦ ਸਹਿਤ ਹੇਠ ਲਿਖੇ ਲੇਖਕਾਂ ਤੋਂ ਵੱਖ-ਵੱਖ ਲਿਖਤਾਂ ਵਿਚੋਂ ਇਕੱਤਰ ਕੀਤੇ ਹਨ। ਇਹ ਕੂਕਾ ਲਹਿਰ ਦੇ ਸੰਗਰਾਮੀਏ ਲੇਖਕ ਸਨ।

(1) ਸਰਦਾਰ ਇੰਦਰ ਸਿੰਘ ਚੱਕਰਵਰਤੀ।

(2) ਸ੍ਰ: ਗੁਰਦਿਆਲ ਸਿੰਘ ਯੂਥ ਕਮੇਟੀ ਪੰਜਾਬ, ਆਜ਼ਾਦੀ ਸੰਗਰਾਮੀ ਪੰਜਾਬ ਕਾਂਗਰਸ ਇਕੱਤਰਤਾ ਦੇ ਮੁਖੀ ਪ੍ਰਧਾਨ।

(3) ਬੀਬੀ ਕਰਤਾਰ ਕੌਰ ਜੀ ਪੰਜਾਬ ਕਾਂਗਰਸ ਸੂਬਾ ਕਮੇਟੀ।
ਸ੍ਰ: ਗੁਰਦਿਆਲ ਸਿੰਘ ਦੀ ਧਰਮ ਪਤਨੀ।

(4) ਸ੍ਰ: ਨਿਧਾਨ ਸਿੰਘ 'ਆਲਮ' ਆਜ਼ਾਦੀ ਘੁਲਾਟੀਏ ਕਾਂਗਰਸ

(5) ਸ੍ਰ: ਨਿਹਾਲ ਸਿੰਘ ਜੀ ਪੰਜਾਬ ਸੂਬਾ ਸਕੱਤਰ ਕਾਂਗਰਸ ਸੂਬਾ ਕਮੇਟੀ ਪੰਜਾਬ।

(6) ਸ੍ਰ: ਮੰਗਲ ਸਿੰਘ ਲਾਇਲਪੁਰੀ (7) ਸ੍ਰ: ਤਰਨ ਸਿੰਘ ਵਹਿਮੀ

(8) ਸ੍ਰ: ਬਿਸ਼ਨ ਸਿੰਘ ਹਿਸਟੋਰੀਅਨ (9) ਸ੍ਰ: ਅਮਰ ਭਾਰਤੀ

(10) ਸ੍ਰ: ਐਰ.ਐਸ. ਮਨਧੀਰ (11) ਸ੍ਰ: ਪ੍ਰੀਤਮ ਸਿੰਘ ਕਵੀ

(12) ਸ੍ਰ: ਸਵਰਨ ਸਿੰਘ ਸਨੇਹੀ (13) ਸ੍ਰ: ਜਗਦੀਸ਼ ਸਿੰਘ ਵਰਿਆਮ।

ਉਪਰੋਕਤ ਲੇਖਕਾਂ ਦੀਆਂ ਲਿਖਤਾਂ ਵਿਚੋਂ ਧੰਨਵਾਦ ਸਹਿਤ ਆਜ਼ਾਦੀ ਸੰਗਰਾਮ ਦੇ ਤੱਥ ਇਕੱਤਰ ਕੀਤੇ ਗਏ ਹਨ।

ਆਓ ਪਹਿਲਾਂ ਮਾਤਾ ਜੀਵਨ ਕੌਰ ਜੀ ਦਾ ਆਜ਼ਾਦੀ ਸੰਗਰਾਮ ਵਿਚ ਅਗਵਾਈ ਕਰਨ ਵਾਲਾ ਹਿੱਸੇ ਦੀ ਜਾਣਕਾਰੀ ਕਰਦੇ ਹਾਂ।

ਮਾਤਾ ਜੀਵਨ ਕੌਰ ਦਾ ਸਮਾਜਿਕ ਰੋਲ ਕੀ ਸੀ? ਆਜ਼ਾਦੀ ਸੰਗਰਾਮ ਦੀ ਅਗਵਾਈ ਕਰਦੇ ਹੋਏ, ਆਖ਼ਰੀ ਦਮ ਤਕ ਹਿੱਸਾ ਪਾਉਂਦੇ ਹੋਏ, ਨਿਮਰਤਾ ਦੇ ਖਜ਼ਾਨੇ ਸਿੱਖ ਲਹਿਰ ਵਿਚ ਪੈਦਾ ਕਰ ਗਏ ਸਨ। ਸਿੱਖ ਅਸੂਲਾਂ ਦੇ ਮੁਤਾਬਿਕ ਨਿਸ਼ਕਾਮ ਸੇਵਾ ਕਰਦੇ ਰਹੇ ਸਨ। ਮਨੁੱਖੀ ਬਰਾਬਰਤਾ

Sri Satguru Jagjit Singh Ji Elibrary NamdhariElibrary@gmail.com

ਦੇ ਹਿੱਤਾਂ ਵਾਸਤੇ ਭਰਪੂਰ ਯਤਨ ਆਖ਼ਰੀ ਦਮ ਤਕ ਕੀਤੇ ਸਨ। ਗੁਲਾਮੀ ਦੀਆਂ ਜ਼ੰਜੀਰਾਂ ਨੂੰ ਤੋੜਦੇ ਹੋਏ ਆਪਣੇ ਮਾਰਗ ਵਿਚ ਅੱਗੇ ਹੀ ਅੱਗੇ ਵੱਧਦੇ ਗਏ।

ਪਾਠਕ ਜੀ ! ਸਿੱਖ ਲਹਿਰ ਨੂੰ ਹੀ ਸਾਂਝੀਵਾਲਤਾ ਅਤੇ ਨਿਸ਼ਕਾਮ ਸੇਵਾ ਕਰਨ ਦਾ ਮਾਣ ਪ੍ਰਾਪਤ ਹੋਇਆ ਹੈ। ਪੰਗਤ ਅਤੇ ਸੰਗਤ ਦੇ ਆਧਾਰ ਤੇ ਹੀ ਪ੍ਰਚਾਰ ਕਰਿਆ ਹੈ। ਸਿੱਖ ਮਾਤਾਵਾਂ ਮਨੁੱਖੀ ਹਿੱਤਾਂ ਦੇ ਅਮਲ ਵਿਚ ਉਤਰ ਕੇ ਸਿੱਖ ਲਹਿਰਾਂ ਨੇ ਸੂਰਜ ਜਿੰਨੀ ਰੋਸ਼ਨੀ ਪ੍ਰਾਪਤ ਕੀਤੀ ਹੈ। ਸਿੱਖ ਲਹਿਰਾਂ ਦੀ ਰੋਸ਼ਨੀ ਸਾਰੀ ਦੁਨੀਆਂ ਵਿਚ ਖਿਲਰਨੀ ਸ਼ੁਰੂ ਹੋ ਗਈ ਹੈ। ਦੂਸਰੀਆਂ ਲਹਿਰਾਂ ਭਾਵੇਂ ਕਿਸੇ ਰੂਪ ਵਿਚ ਮਨੁੱਖੀ ਹਿੱਤਾਂ ਦੀ ਸਾਂਝੀਵਾਲਤਾ ਵਾਸਤੇ ਸੰਘਰਸ਼ ਲੜ ਰਹੀਆਂ ਹਨ, ਇਹ ਰੋਸ਼ਨੀ ਸਿੱਖ ਲਹਿਰ ਤੋਂ ਹੀ ਲੈ ਲਈ ਗਈ ਹੈ। ਮਾਤਾ ਜੀਵਨ ਕੌਰ ਦਾ ਨਿਸ਼ਕਾਮ ਸੇਵਾ ਕਰਨ ਦਾ ਨਿਯਮ ਸਾਰੀ ਉਮਰ ਪੱਕਾ ਰਿਹਾ ਅਤੇ ਨਿਮਰਤਾ ਦੇ ਪੁਜਾਰੀ ਬਣੇ ਰਹੇ ਸਨ।

ਮਾਤਾ ਜੀਵਨ ਕੌਰ 1860 ਈ: ਨੂੰ ਸਾਧਾਰਨ ਕਿਸਾਨ ਸ: ਖੁਸ਼ਹਾਲ ਸਿੰਘ ਜੀ ਕੂਕਾ ਲਹਿਰ ਨਾਲ ਜੁੜੇ ਹੋਏ ਪਿੰਡ ਥਰਾਜ ਮਾਤਾ ਭਾਗਭਰੀ ਦੀ ਕੁਖੋਂ ਜਨਮ ਲਿਆ। ਆਪ ਉਪਰੋਂ ਹੀ ਪੜ੍ਹੇ ਆਏ ਹਨ। ਮਾਤਾ ਭਾਗਭਰੀ ਨੇ ਪੁੱਤਰਾਂ ਵਾਂਗੂ ਖੁਸ਼ੀ ਮਹਿਸੂਸ ਕੀਤੀ ਅਤੇ ਸੂਬਾ ਖੁਸ਼ਹਾਲ ਸਿੰਘ ਜੀ ਨੂੰ ਆਖਿਆ ਕਿ ਇਹ ਕੁੜੀ ਮਹਾਨ ਸ਼ਕਤੀਸ਼ਾਲੀ ਆਪ ਵਾਂਗੂ ਦੇਸ਼ ਭਗਤ ਬਣੇਗੀ। ਬਾਬਾ ਰਾਮ ਸਿੰਘ ਜੀ ਦਾ ਬਚਨ ਬਿਰਥਾ ਨਹੀਂ ਹੋ ਸਕਦਾ। ਮੈਨੂੰ ਪੂਰਨ ਵਿਸ਼ਵਾਸ ਹੈ। ਬਾਬਾ ਰਾਮ ਸਿੰਘ ਜੀ ਸੂਬਾ ਖੁਸ਼ਹਾਲ ਸਿੰਘ ਤਿੰਨ ਵਾਰੀ ਸਾਂਝੀਵਾਲਤਾ ਦਾ ਸਬੂਤ ਲਾ ਕੇ ਆਏ ਸਨ। ਮਾਤਾ ਜੀ ਨੇ ਆਪਣੇ ਬਚਪਨ ਵਿਚ ਬਾਬਾ ਰਾਮ ਸਿੰਘ ਨੂੰ ਉਪਦੇਸ਼ ਕਰਦਿਆਂ ਦੋ ਵਾਰੀ ਸੁਣਿਆ ਸੀ। ਇਸ ਕਰਕੇ ਗੁਰੂਆਂ ਦੀ ਸਾਂਝੀਵਾਲਤਾ ਦੀ ਲਹਿਰ ਨਾਲ ਆਤਮਾ ਇਕਮਿਕ ਹੋ ਗਈ ਸੀ।

ਆਪ ਦੇਸ਼ ਭਗਤੀ ਦੇ ਮਾਰਗ ਤੇ ਤੁਰ ਪਏ ਸਨ। ਆਪ ਜੀ ਨੇ ਹੱਡਾਂ ਨਾਲ ਦੇਸ਼ ਭਗਤੀ ਨੂੰ ਹੰਢਾਇਆ ਸੀ।

ਮਾਤਾ ਜੀਵਨ ਕੌਰ ਜੀ ਆਜ਼ਾਦੀ ਸੰਗਰਾਮੀਆਂ ਦੇ ਘਰਾਂ ਤਕ, ਬੱਚਿਆਂ ਦਾ ਵੀ ਖਿਆਲ ਰੱਖਦੇ ਸਨ। ਖਾਣ ਪੀਣ ਵਾਲੀਆਂ ਚੀਜ਼ਾਂ, ਬੱਚਿਆਂ ਦੇ ਪਹਿਨਣ ਵਾਲੇ ਕੱਪੜੇ ਦੇਸ਼ ਭਗਤਾਂ ਦੇ ਘਰਾਂ ਤਕ ਪਹੁੰਚਾਉਂਦੇ ਸਨ। ਭਾਵ, ਮਾਤਾ ਜੀ ਨੇ ਆਜ਼ਾਦੀ ਸੰਗਰਾਮੀਆਂ ਦੇ ਘਰਾਂ ਦੀ ਵੀ ਜ਼ਿੰਮੇਂਵਾਰੀ ਚੁਕੀ ਹੋਈ ਸੀ। ਇਨ੍ਹਾਂ ਦੇ ਪੁੱਤਰ, ਧੀਆਂ ਨੂੰ ਆਪਣੇ ਧੀਆਂ ਪੁੱਤਰ ਸਮਝਦੇ ਸਨ। ਮਾਤਾ ਜੀ ਦੀ ਅਗਵਾਈ ਵਾਲੇ ਬਹੁਤ ਸਾਰੇ ਸਿੱਖ ਨਿਸ਼ਕਾਮ ਸੇਵਾ ਕਰਦੇ ਸਨ।

1914 ਈ. ਤੋਂ ਬਾਅਦ ਆਜ਼ਾਦੀ ਸੰਗਰਾਮ ਬਹੁਤ ਤੇਜ਼ ਹੋ ਗਿਆ ਸੀ। ਅੰਡਰ ਗਰਾਊਂਡ ਦੇਸ਼ ਭਗਤ ਸ੍ਰੀ ਭੈਣੀ ਸਾਹਿਬ ਦੇ ਜੂਹ ਵਿਚ ਆ ਕੇ ਸ਼ਰਨ ਲੈਂਦੇ ਸਨ। 13 ਅਪ੍ਰੈਲ 1919 ਈ: ਦੇ ਅੰਮ੍ਰਿਤਸਰ ਜਲ੍ਹਿਆਂ ਵਾਲੇ ਬਾਗ ਦੇ ਗੋਲੀ ਕਾਂਡ ਤੋਂ ਬਾਅਦ ਤਾਂ ਪੰਜਾਬ ਦੀ ਹਰੇਕ ਘਰ ਵਿਚੋਂ ਸੰਘਰਸ਼ ਵਿਚ ਕੁੱਦ ਪਏ ਸਨ। ਇਨ੍ਹਾਂ ਦਿਨਾਂ ਵਿਚ ਆਨਕੇ ਲਹਿਰ ਨੇ ਗ਼ਦਰ ਵਿਚ ਆਪਣਾ ਯੋਗਦਾਨ ਪਾਇਆ ਸੀ। 1914 ਈ: ਵਿਚ ਕਾਮਾਗਾਟਾਮਾਰੂ ਜਹਾਜ਼ ਦੇ ਬੇਗੁਨਾਹ ਮੁਸਾਫਰ ਮਾਰੇ ਗਏ ਸਨ।

1920 ਈ: ਨੂੰ ਬੱਬਰ ਲਹਿਰ ਦਾ ਜਨਮ ਹੋਇਆ। ਵਿਆਜ ਲੈਣ ਵਾਲਿਆਂ ਦੇ ਝੋਲੀ

Sri Satguru Jagjit Singh Ji Elibrary NamdhariElibrary@gmail.com

ਖਾਤੇ ਫੂਕ ਦਿੱਤੇ ਗਏ ਸਨ । ਅੰਗਰੇਜ਼ ਦੇ ਝੋਲੀ ਚੁੱਕਾਂ ਨੂੰ ਸੋਧਣਾ ਸ਼ੁਰੂ ਕਰ ਦਿੱਤਾ ਸੀ । ਗੁਰਦੁਆਰੇ ਆਜ਼ਾਦ ਕਰਾਉਣ ਵਾਸਤੇ ਅਕਾਲੀ ਲਹਿਰ ਮੈਦਾਨ ਵਿਚ ਆ ਉਤਰੀ । ਦੇਸ਼ ਗ਼ਦਾਰਾਂ ਉਤੇ ਜਾਨੀ ਹਮਲੇ ਹੋਣ ਲੱਗ ਪਏ ਸਨ।

ਬੱਬਰ ਖਾਲਸਾ ਲਹਿਰ ਵੀ ਸ੍ਰੀ ਭੈਣੀ ਸਾਹਿਬ ਜੂਹ ਵਿਚ ਸ਼ਰਨ ਲੈਂਦੇ ਸਨ । ਬੱਬਰ ਲਹਿਰ ਦੋਆਬੇ ਦੇ ਬਹਾਦਰ ਲੋਕਾਂ ਦੀ ਮਾਰਸ਼ਲ ਲਹਿਰ ਵਜੂਦ ਵਿਚ ਆਈ ਸੀ । ਬੱਬਰ ਲਹਿਰ ਬਾਰੇ ਅੱਗੇ ਜਾ ਕੇ ਜਾਣਕਾਰੀ ਕਰਾਂਗੇ ।

ਆਜ਼ਾਦੀ ਸੰਗਰਾਮੀਆਂ ਦੀਆਂ, ਸ੍ਰੀ ਭੈਣੀ ਸਾਹਿਬ ਦੇ ਖੇਤਾਂ ਵਿਚ ਬਹੁਤ ਵੱਡੀਆਂ-ਵੱਡੀਆਂ ਮੀਟਿੰਗਾਂ ਚਾਨਣੀਆਂ ਰਾਤਾਂ ਵਿਚ ਹੁੰਦੀਆਂ ਸਨ । ਸ੍ਰੀ ਭੈਣੀ ਸਾਹਿਬ ਆਜ਼ਾਦੀ ਸੰਗਰਾਮੀਆਂ ਦਾ ਕੇਂਦਰ ਬਣਿਆ ਹੋਇਆ ਸੀ । ਮਾਤਾ ਜੀਵਨ ਕੌਰ ਜੀ ਬੱਬਰ ਲਹਿਰ ਦੀ ਵੀ ਹਰ ਲੋੜ ਪੂਰੀ ਕਰਿਆ ਕਰਦੇ ਸਨ । ਬੱਬਰ ਵੀ ਭੈਣੀ ਸਾਹਿਬ ਨੂੰ ਆਪਣੀ ਰੱਖਿਆ ਦਾ ਕੇਂਦਰ ਸਮਝਦੇ ਸਨ ।

ਮਾਤਾ ਜੀਵਨ ਕੌਰ ਜੀ ਬਾਬਾ ਰਾਮ ਸਿੰਘ ਜੀ ਦੇ ਹੁਕਮ ਨੂੰ, ਆਪਣੇ ਪਿਤਾ ਸੂਬਾ ਖੁਸ਼ਹਾਲ ਸਿੰਘ ਜੀ ਦੇ ਪਾਏ ਪੂਰਨਿਆਂ ਤੇ ਚਲਦੇ ਸਨ । ਮਾਤਾ ਜੀ ਦਾ ਸਾਰਾ ਜੀਵਨ ਆਜ਼ਾਦੀ ਸੰਗਰਾਮ ਦਾ ਪ੍ਰਬੰਧ ਕਰਦਿਆਂ ਬਤੀਤ ਹੋਇਆ ਸੀ । ਅੰਤ ਸੇਵਾ ਤਿਆਗ, ਨਿਮਰਤਾ, ਸਾਦਗੀ ਅਤੇ ਨਿਰਭੈ ਮਾਤਾ ਦੀ ਮੂਰਤੀ 4 ਮਾਰਚ 1943 ਈ: ਨੂੰ ਸ੍ਰੀ ਭੈਣੀ ਸਾਹਿਬ ਵਿਖੇ ਪੰਜ ਭੂਤਿਕ ਸਰੀਰ ਤਿਆਗ ਕੇ ਪ੍ਰਲੋਕ ਸਿਧਾਰ ਗਏ । ਗੁਰੂਆਂ ਦੀ ਚਲਾਈ ਹੋਈ ਮਨੁੱਖੀ ਹਿੱਤਾਂ ਦੀ ਬਰਾਬਰਤਾ ਬਾਰੇ ਆਪ ਅਮਲ ਵਿਚ ਉੱਤਰ ਕੇ ਸਿੱਖੀ ਮਾਰਗ ਦਸ ਗਏ ਸਨ ।

## ਕਾਂਡ—14

ਬਾਬਾ ਪ੍ਰਤਾਪ ਸਿੰਘ ਜੀ ਦਾ ਜਨਮ 1 ਮਾਰਚ 1890 ਈ: ਨੂੰ ਬਾਬਾ ਹਰੀ ਸਿੰਘ ਜੀ ਦੇ ਘਰ ਮਾਤਾ ਜੀਵਨ ਕੌਰ ਦੀ ਕੁੱਖੋਂ ਹੋਇਆ। ਬਹੁਤ ਖੁਸ਼ੀਆਂ ਮਨਾਈਆਂ ਗਈਆਂ। ਮਾਤਾ ਜੀ ਨੇ ਆਪ ਨੂੰ 5 ਸਾਲਾਂ ਦੀ ਉਮਰ ਵਿਚ ਬਾਬਾ ਸੰਤੋਖ ਸਿੰਘ ਜੀ ਪਾਸ ਗੁਰਮੁਖੀ ਅੱਖਰ ਪੜ੍ਹਨ ਲਾ ਦਿੱਤੇ ਸਨ। ਬਾਬਾ ਜੀ ਨੇ ਆਪ ਨੂੰ ਦਿਨਾਂ ਵਿਚ ਹੀ ਪੈਂਤੀ ਅੱਖਰਾਂ ਦੀ ਪਹਿਚਾਣ ਕਰਾ ਦਿੱਤੀ। ਆਪ ਦੀ ਬੁੱਧੀ ਬਹੁਤ ਉੱਤਮ ਮੰਨੀ ਗਈ। ਛੇਤੀ ਹੀ ਪੰਜ ਗ੍ਰੰਥੀ ਪੜ੍ਹਨ ਲੱਗ ਪਏ ਸਨ।

ਬਾਬਾ ਨਿਧਾਨ ਸਿੰਘ ਜੀ ਪਾਸੋਂ ਪੰਜ ਗ੍ਰੰਥੀ ਗੁਰਬਾਣੀ ਦੇ ਅੱਖਰ ਸਮਝਣੇ ਸ਼ੁਰੂ ਕਰ ਦਿੱਤੇ ਸਨ। ਬਾਬਾ ਸੇਵਾ ਸਿੰਘ ਜੀ ਵੀ ਆਪ ਜੀ ਨੂੰ ਸਮਝਾਉਣ ਵਿਚ ਯੋਗਦਾਨ ਪਾਉਂਦੇ ਸਨ। ਸ਼ੁੱਧ ਗੁਰਬਾਣੀ ਪੜ੍ਹਨੀ (ਨਾਲ ਹੀ) ਗੁਰੂਆਂ ਦੀ ਸਾਂਝੀਵਾਲਤਾ ਵਿਚ ਯੋਗਦਾਨ ਪਾਇਆ ਜਾ ਸਕਦਾ ਹੈ। ਅਰਥ ਸਮਝਣ ਨਾਲ ਗੁਰਬਾਣੀ ਪੜ੍ਹਨ ਦਾ ਮਨੁੱਖੀ ਲਾਹ ਤਾਂ ਹੀ ਖੱਟਿਆ ਜਾਂਦਾ ਹੈ।

ਦੂਸਰੀ ਪੜ੍ਹਾਈ ਸੰਸਕ੍ਰਿਤ, ਹਿੰਦੀ, ਫ਼ਾਰਸੀ ਅਤੇ ਉਰਦੂ ਪੰਡਤ ਬਸੰਤ ਸਿੰਘ ਜੀ ਪਾਸੋਂ ਪੜ੍ਹੇ ਸਨ।

ਮਾਤਾ ਜੀਵਨ ਕੌਰ ਸਮਾਜਕ ਦ੍ਰਿਸ਼ਟੀਕੋਣ ਬਾਰੇ ਸਾਰੀ ਉਮਰ ਜਾਣਕਾਰੀ ਦਿੰਦੇ ਰਹੇ ਸਨ। ਤਾਂ ਹੀ ਗੁਰੂਆਂ ਦਾ ਆਰਥਿਕਵਾਦ ਭਾਵ ਸਾਂਝੀਵਾਲਤਾ ਬਾਰੇ ਦ੍ਰਿਸ਼ਟੀਕੋਣ ਬਣ ਗਿਆ ਸੀ। ਬਾਬਾ ਰਾਮ ਸਿੰਘ ਜੀ ਦੇ ਸਿਰੜੀ ਜੀਵਨ ਵਿਚੋਂ ਬਹੁਤ ਕੁਝ ਪ੍ਰਾਪਤ ਕਰ ਲਿਆ ਸੀ। ਏਸੇ ਕਰਕੇ ਆਪ ਸਾਥੀਆਂ ਸਮੇਤ ਆਪਣੀ ਮੰਜ਼ਲ ਵੱਲ ਨੂੰ ਵਧਦੇ ਹੀ ਗਏ ਸਨ। ਗੁਰੂਆਂ ਦੀ ਮਰਯਾਦਾ ਨੂੰ ਬਰਕਰਾਰ ਰੱਖਿਆ, ਆਪਣੇ ਦੇਸ਼ ਦੇ ਭਵਿੱਖ ਨੂੰ ਉੱਜਲ ਬਣਾਉਣ ਖ਼ਾਤਰ ਆਪਣੇ ਸਾਥੀਆਂ ਸਮੇਤ ਰਾਤ ਦਿਨ ਇਕ ਸਮਝਕੇ ਮੰਜ਼ਲਾਂ ਮਾਰਦੇ ਤੁਰਦੇ ਗਏ ਸਨ।

ਗਊਆਂ ਅਤੇ ਗਰੀਬਾਂ ਨਾਲ ਛੋਟੇ ਹੁੰਦਿਆਂ ਤੋਂ ਬਹੁਤ ਪਿਆਰ ਜਾਗ ਪਿਆ ਸੀ। ਸਵੇਰੇ 4 ਵਜੇ ਉੱਠਣਾ, ਸਣਕੇਸੀ ਇਸ਼ਨਾਨ ਕਰਨਾ, ਭਗਤੀ ਅਤੇ ਸ਼ਕਤੀ ਪੈਦਾ ਕਰਨਾ ਇਹ ਵੀ ਬਚਪਨ ਦਾ ਸ਼ੌਕ ਸੀ। ਘੋੜ ਸਵਾਰੀ ਦਾ ਵੀ ਆਪ ਜੀ ਨੂੰ ਬਹੁਤ ਸ਼ੌਕ ਸੀ। ਬਾਬਾ ਪ੍ਰਤਾਪ ਸਿੰਘ ਜੀ ਮਨੁੱਖੀ ਪਿਆਰ ਨੂੰ ਹੀ ਮੁਖ ਸਮਝਦੇ ਹੋਏ, ਸਮਾਜ ਵਿਚੋਂ ਕੁਰੀਆਂ ਕੱਢਣ ਦੀ ਵੀ ਬਹੁਤ ਉੱਚੀ ਲਗਨ ਸੀ। 16 ਸਾਲ ਦੀ ਉਮਰ ਤਕ ਗੁਰੂਆਂ ਦੀ ਸਾਂਝੀਵਾਲਤਾ ਦਾ ਗਿਆਨ ਪ੍ਰਾਪਤ ਕਰ ਲਿਆ ਸੀ। ਸਿੱਖ ਲਹਿਰਾਂ ਦੀਆਂ ਕੀਤੀਆਂ ਕੁਰਬਾਨੀਆਂ ਤੋਂ ਆਪ ਜਾਣੂ ਹੋ ਗਏ ਸਨ।

ਬਾਬਾ ਪ੍ਰਤਾਪ ਸਿੰਘ ਜੀ ਨੂੰ ਵਿਰਸੇ ਦੀ ਪ੍ਰੰਪਰਾ ਵਿਚ ਅਧਿਆਤਮਕਵਾਦ ਦੀ ਵਾਗਡੋਰ ਨੂੰ 16 ਸਾਲ ਦੀ ਉਮਰ ਵਿਚ 1906 ਈ: ਨੂੰ ਸੰਭਾਲ ਲਿਆ ਸੀ। ਅਧਿਆਤਮਕਵਾਦ ਨੂੰ ਨਾਲ ਜੋੜ ਕੇ ਆਜ਼ਾਦੀ ਸੰਗਰਾਮ ਅੱਗੇ ਚਲਾਉਣਾ, ਆਪਣੀ ਜ਼ਿੰਦਗੀ ਦਾ ਮੁੱਖ ਕਰਤੱਵ ਸਮਝਦੇ ਸਨ।



Sri Satguru Jagjit Singh Ji Elibrary NamdhariElibrary@gmail.com

ਜਿਥੇ ਆਜ਼ਾਦੀ ਸੰਗਰਾਮ ਨੂੰ ਖ਼ਰਚੇ ਦਾ ਮਸਲਾ ਆਉਂਦਾ ਉਥੇ ਅਧਿਆਤਮਕਵਾਦ ਆਮਦਨ ਵਿਚੋਂ ਪੂਰਾ ਕਰਨਾ ਗੁਰ ਮਰਜਾਦਾ ਦਾ ਅੰਗ ਸਮਝਦੇ ਸਨ। ਇਸ ਤੋਂ ਹੋਰ ਵੱਧ ਖਰਚੇ ਦਾ ਸਵਾਲ ਹੁੰਦਾ ਤਾਂ ਉਸਨੂੰ ਪੂਰਾ ਕਰਨਾ ਸਾਥੀਆਂ ਦੀ ਮਦਦ ਨਾਲ ਆਪਣੀ ਜ਼ਿੰਮੇਵਾਰੀ ਸਮਝਦੇ ਸਨ। ਹਰ ਆਜ਼ਾਦੀ ਸੰਗਠਨ ਵਾਸਤੇ ਖ਼ਰਚਾ ਮੁਹਿੰਮ ਚੱਲੀ ਹੀ ਰਹਿੰਦੀ ਹੈ। ਕੁਝ ਦਾਨ ਦੇ ਰੂਪ ਵਿਚ ਸਾਥੀਆਂ ਦੇ ਰਾਹੀਂ ਇਕੱਤਰ ਕਰੀ ਜਾਂਦੀ ਸੀ।

ਪਹਿਲੀ ਵਿਸ਼ਵ ਜੰਗ ਸਮੇਂ—1914 ਈ. ਨੂੰ ਡਿਪਟੀ ਕਮਿਸ਼ਨਰ ਲੁਧਿਆਣਾ ਸ੍ਰੀ ਭੈਣੀ ਸਾਹਿਬ ਆਏ। ਬੜੀ ਨਿਮਰਤਾ ਨਾਲ ਆਖਿਆ ਬਾਬਾ ਜੀ ਆਪ ਨਾਮਧਾਰੀ ਸਿੱਖਾਂ ਨੂੰ ਫੌਜ ਵਿਚ ਭਰਤੀ ਕਰਾਉ। ਆਪ ਨੂੰ ਪਤਾ ਹੈ, ਸਰਕਾਰ ਨੂੰ ਨਾਮੀ ਪਲਟਨਾਂ ਖੜੀਆਂ ਕਰਨ ਦੀ ਬਹੁਤ ਲੋੜ ਹੈ। ਆਪ ਦੂਸਰੇ ਮਹਾਤਮਾਂ ਵਾਂਗੂ ਸਰਕਾਰ ਦੀ ਮਦਦ ਕਰੋ।

ਬਾਬਾ ਪ੍ਰਤਾਪ ਸਿੰਘ ਜੀ ਨੇ ਡਿਪਟੀ ਕਮਿਸ਼ਨਰ ਨੂੰ ਬੜੀ ਨਿਮਰਤਾ ਨਾਲ ਜਵਾਬ ਦਿੰਦਿਆਂ ਆਖਿਆ, "ਨਾਮਧਾਰੀ ਅੰਗਰੇਜ਼ ਸਰਕਾਰ ਦੇ ਵਫ਼ਾਦਾਰ ਨਹੀਂ ਹਨ," ਆਪ ਆਪਣੇ ਵਫ਼ਾਦਾਰਾਂ ਨਾਲ ਮਦਦ ਲੈਣ ਦੀ ਗੱਲ ਕਰੋ। ਅਸੀਂ ਆਪ ਨੂੰ ਭੁਲੇਖੇ ਵਿਚ ਨਹੀਂ ਰਖਣਾ ਚਾਹੁੰਦੇ। ਅਸੀਂ ਵਿਸ਼ਵਾਸ਼ਘਾਤ ਕਰਨਾ ਪਾਪ ਸਮਝਦੇ ਹਾਂ। ਆਪ ਨੂੰ ਸਾਡੇ ਬਾਰੇ ਕੋਈ ਭੁਲੇਖਾ ਨਹੀਂ। ਕੂਕਾ ਲਹਿਰ ਨੇ ਅੰਗਰੇਜ਼ ਸਰਕਾਰ ਨਾਲ ਬਾਈਕਾਟ ਕੀਤਾ ਹੋਇਆ ਹੈ। ਅਸੀਂ ਸੱਚਾ ਅਮਲ ਕਰਨਾ ਜਾਣਦੇ ਹਾਂ। ਕਿਸੇ ਨੂੰ ਭੁਲੇਖੇ ਵਿਚ ਰਖਣਾ, ਸਿੱਖ ਅਸੂਲਾਂ ਵਿਚ ਇਜ਼ਾਜਤ ਨਹੀਂ ਦੇਂਦੇ। ਸਾਡੇ ਵਿਰਸੇ ਬਾਰੇ ਆਪ ਨੂੰ ਚੰਗੀ ਤਰ੍ਹਾਂ ਪਤਾ ਹੈ। ਨਾਮਧਾਰੀ ਝੂਠ ਨਹੀਂ ਬੋਲਦਾ, ਫਾਂਸੀ ਚੜ ਸਕਦਾ ਹੈ। ਅੰਗਰੇਜ਼ ਸੱਚ ਦੇ ਅਗੇ ਲਾ-ਜਵਾਬ ਹੋਕੇ, ਵਾਪਸ ਲੁਧਿਆਣੇ ਆ ਗਿਆ ਸੀ।

ਪਾਠਕ ਜੀ! ਬਾਬਾ ਪ੍ਰਤਾਪ ਸਿੰਘ ਜੀ, ਬਾਬਾ ਨਿਹਾਲ ਸਿੰਘ ਜੀ, ਸ: ਗੁਰਦਿਆਲ ਸਿੰਘ ਜੀ ਬੇਸ਼ੱਕ ਆਜ਼ਾਦੀ ਸੰਗਰਾਮ ਇਕੱਠਿਆਂ ਇਕ ਜਾਨ ਹੋਕੇ ਆਪਣੇ ਸਾਥੀਆਂ ਸਮੇਤ ਲੜਿਆ ਗਿਆ ਹੈ। ਮੈਂ ਉਨ੍ਹਾਂ ਤਿੰਨਾਂ ਭਰਾਵਾਂ ਦੀ ਜੀਵਨੀ ਵੱਖਰੀ-ਵੱਖਰੀ ਇਸ ਕਰਕੇ ਲਿਖ ਰਿਹਾ ਹਾਂ। ਤਿੰਨ ਭਰਾਵਾਂ ਦਾ ਰੋਲ ਸਮਾਜ ਵਿਚ ਇਕੋ ਜੇਹਾ ਰਿਹਾ ਹੈ।

ਪੰਜਾਬ ਕਾਂਗਰਸ ਦੇ ਪ੍ਰਧਾਨ ਸ: ਗੁਰਦਿਆਲ ਸਿੰਘ ਜੀ ਦੀ ਮੰਗ ਕਰਨ ਕਰਕੇ ਆਲ ਇੰਡੀਆ ਕਾਂਗਰਸ ਦਾਂ ਤਿੰਨ ਰੋਜ਼ਾ ਇਜਲਾਸ 1929 ਈ: ਨੂੰ ਲਾਹੌਰ ਬੁਲਾਈ ਗਈ। ਪੰਜਾਬ ਵਿਚ ਕਾਨਫਰੰਸ ਕਰਨ ਦਾ ਆਲ ਇੰਡੀਆ ਕਾਂਗਰਸ ਕਮੇਟੀ ਨੇ ਫੈਸਲਾ ਸ: ਗੁਰਦਿਆਲ ਸਿੰਘ ਜੀ ਦੀ ਮਜੂਦਗੀ ਵਿਚ 1926 ਈ ਨੂੰ ਇਸ ਤੋਂ ਪਹਿਲੀ ਹੋਈ ਕਾਨਫਰੰਸ ਵਿਚ ਹੋ ਚੁਕਿਆ ਸੀ। ਲਿਖ ਪੜ੍ਹੀ ਦਾ ਕੰਮ ਬਹੁਤ ਹੋਣ ਕਰਕੇ ਸਿਹਤ ਪਖੋਂ ਬੀਮਾਰ ਸਨ। ਬਾਬਾ ਪ੍ਰਤਾਪ ਸਿੰਘ ਅਤੇ ਬਾਬਾ ਨਿਹਾਲ ਸਿੰਘ ਜੀ ਨੇ ਹੀ ਇਜਲਾਸ ਦੀ ਪੂਰੀ ਜ਼ੁੰਮੇਵਾਰੀ ਨਭਾਈ। ਆਓ ਆਪਾਂ ਉਸ ਵੇਲੇ ਦੀ (ਸਿੰਘ ਸਭਾ) ਵੱਲੋਂ ਦੀ ਜਾਣਕਾਰੀ ਕਰਦੇ ਹਾਂ। ਸਿੰਘ ਸਭਾ ਦਾ ਲੀਡਰ ਬਾਬਾ ਖੜਕ ਸਿੰਘ ਜੀ। ਅੰਗਰੇਜ਼ ਨੇ ਸਿੱਖਾਂ ਦਾ ਬੇਤਾਜ਼ ਬਾਦਸ਼ਾਹ ਮੰਨਿਆ ਹੋਇਆ ਸੀ। ਇਹ ਸਿੰਘ ਸਭਾ ਵਾਲੇ ਅੰਗਰੇਜ਼ ਸਰਕਾਰ ਨਾਲ ਮਿਲਕੇ ਚਲਦੇ ਸਨ। ਇਸੇ ਕਰਕੇ ਬਾਬਾ ਖੜਕ ਸਿੰਘ ਨੂੰ ਸਿੱਖਾਂ ਦਾ ਬੇ-ਤਾਜ ਬਾਦਸ਼ਾਹ ਮੰਨਦੇ ਸਨ। ਸਿੰਘ ਸਭਾ ਵਾਲੇ ਕੂਕਾ ਲਹਿਰ ਜਾਂ ਨਾਮਧਾਰੀ ਲਹਿਰ ਨਾਲ ਸੰਘਰਸ਼ ਕਰਦੇ ਸਨ। ਬਾਬਾ ਖੜਕ ਸਿੰਘ ਵਲੋਂ ਇਸ ਲਾਹੌਰ ਕਾਨਫਰੰਸ ਦਾ ਬਾਈਕਾਟ ਕਰ ਦਿਤਾ ਗਿਆ। ਆਖਿਆ ਕੋਈ ਸਿੱਖ ਇਸ ਕਾਨਫਰੰਸ ਵਿਚ ਸ਼ਾਮਲ ਨਾ ਹੋਵੇ।

ਬਾਬਾ ਪ੍ਰਤਾਪ ਸਿੰਘ ਜੀ ਨੇ ਬਾਬਾ ਨਿਹਾਲ ਸਿੰਘ ਅਤੇ ਗੁਰਦਿਆਲ ਸਿੰਘ ਜੀ ਨੇ ਸਾਥੀਆਂ ਸਮੇਤ ਕਾਨਫਰੰਸ ਦਾ ਪੂਰਾ ਪ੍ਰਬੰਧ ਕਰ ਲਿਆ ਗਿਆ ਸੀ। ਮਾਤਾ ਜੀਵਨ ਕੌਰ ਨੇ ਲੰਗਰ ਦੀ ਅਗਵਾਈ ਕਰਨ ਦੀ ਜ਼ੁੰਮੇਂਵਾਰੀ ਆਪਣੇ ਸਿਰ ਲਈ। ਬਹੁਤ ਸਾਰਾ ਖ਼ਰਚਾ ਸਾਡਾ ਪ੍ਰਤਾਪ ਸਿੰਘ ਜੀ ਨੇ ਉਠਾ ਲਿਆ। ਹਜ਼ਾਰਾਂ ਦੀ ਗਿਣਤੀ ਵਿਚ ਨਾਮਧਾਰੀ ਸਫੇਦ ਖੱਦਰ ਦੇ ਬਸਤਰ ਪਹਿਨਕੇ ਇਸ ਲਾਹੌਰ ਦੇ ਜਲੂਸ ਵਿਚ ਪਹੁੰਚ ਗਏ ਸਨ। ਤਿੰਨੇ ਭਾਈ ਘੋੜੇ ਘੋੜੀਆਂ ਸ਼ਿੰਗਾਰ ਕੇ ਮੂਹਰਲੀ ਕਤਾਰ ਵਿਚ ਮਾਰਚ ਕਰ ਰਹੇ ਸਨ। ਮਾਤਾ ਜੀਵਨ ਕੌਰ ਜੀ ਦੀ ਅਗਵਾਈ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਬੀਬੀਆਂ ਦਾ ਜਥਾ ਵੀ ਇਸ ਵਿਚ ਸ਼ਾਮਲ ਹੋਇਆ ਸੀ।

ਕੂਕਾ ਲਹਿਰ ਵਿਚ ਲੋਹੜੇ ਦਾ ਜੋਸ਼ ਠਾਠਾਂ ਮਾਰਦਾ ਵੇਖਿਆ ਗਿਆ। ਜਥੇਦਾਰ ਅੱਛਰ ਸਿੰਘ ਜੀ ਜ: ਕਰਮ ਸਿੰਘ ਅਗਲ ਪਿੱਛਲ ਸ਼ਬਦ ਪੜ੍ਹਦੇ ਜਾ ਰਹੇ ਸਨ। ਹੋਰ ਬੇਗਿਣਤ ਨਾਮਧਾਰੀ ਕੌਮ ਨਾਹਰੇ ਤੇ ਨਾਹਰੇ ਲਾਈ ਜਾਂਦੇ ਅਤੇ ਜੈਕਾਰੇ ਤੇ ਜੈਕਾਰੇ ਬੋਲਦੇ ਹੋਏ ਜਲੂਸ ਅਗੇ ਹੀ ਅਗੇ ਵਧਦਾ ਗਿਆ।

ਸਭ ਤੋਂ ਅਗੇ ਕੇਸਰੀ ਝੰਡਾ "ਕੂਕਾ ਲਹਿਰ" ਦੇ ਘੋੜੇ ਤੇ ਸਜਾਇਆ ਹੋਇਆ ਸੀ। ਮਗਰ ਨਾਮਧਾਰੀ ਸੰਪ੍ਰਦਾਏ ਦਾ ਝੰਡਾ ਚਿੱਟਾ ਸੀ। ਉਸ ਤੋਂ ਮਗਰ ਤਿਰੰਗਾ ਝੰਡਾ ਸੀ। ਸਭ ਤੋਂ ਅਗੇ ਬਾਬਾ ਪ੍ਰਤਾਪ ਸਿੰਘ ਦਾ ਘੋੜਾ ਅਤੇ ਪੰਡਿਤ ਜਵਾਹਰ ਲਾਲ ਨਹਿਰੂ ਦਾ ਘੋੜਾ ਸੀ। ਸੌ ਘੋੜੇ ਸਮੇਤ ਸ ਗੁਰਦਿਆਲ ਸਿੰਘ ਜੀ ਬਾਬਾ ਨਿਹਾਲ ਸਿੰਘ ਜੀ ਮਾਰਚ ਅਗੇ ਚਲ ਰਿਹਾ ਸੀ, ਮਗਰ ਚਿੱਟੇ ਖੱਦਰ ਦੇ ਕਪੜੇ ਪਹਿਨਕੇ ਹਜ਼ਾਰਾਂ ਦੀ ਗਿਣਤੀ ਵਿਚ ਵਾਲੰਟੀਅਰ ਮਾਰਚ ਕਰਦੇ ਸਨ। ਇਸ ਤੋਂ ਮਗਰ ਬੀਬੀਆਂ ਆਜ਼ਾਦੀ ਸੰਗਰਾਮ ਦੇ ਸ਼ਬਦ ਪੜ੍ਹਦੀਆਂ ਆ ਰਹੀਆਂ ਸਨ। ਇਸ ਤੋਂ ਮਗਰ ਸਾਰੀ ਪੰਜਾਬੀ ਕੌਮ ਨਾਹਰੇ ਅਤੇ ਜੈਕਾਰੇ ਬੋਲਦੇ ਹੋਏ ਅਗੇ ਹੀ ਅਗੇ ਵਧੀ ਜਾ ਰਹੇ ਸਨ। ਲਾਹੌਰ ਦੇ ਬਾਜ਼ਾਰ, ਹਿੰਦੂ, ਮੁਸਲਮਾਨ ਸਿੱਖਾਂ ਮਜ਼ਦੂਰ ਕਿਸਾਨਾਂ ਨਾਲ ਭਰੇ ਪਏ, ਮੋਢੇ ਨਾਲ ਮੋਢਾ ਜੋੜਕੇ ਜਲੂਸ ਵਧਦਾ ਗਿਆ। ਜਲੂਸ ਆਪਣੇ ਮਿਥੇ ਹੋਏ ਸਮੇਂ ਨਾਲ ਬਹੁਤ ਵੱਡੇ ਪੰਡਾਲ ਵਿਚ ਪਹੁੰਚ ਗਿਆ। ਜਲੂਸ ਨੇ ਬਹੁਤ ਵੱਡੇ ਇਕੱਠ ਦੀ ਸ਼ਕਲ ਅਖਤਿਆਰ ਕਰ ਲਈ ਅਤੇ ਬੁਲਾਰਿਆਂ ਨੇ ਬੋਲਣਾ ਸ਼ੁਰੂ ਕਰ ਦਿੱਤਾ।

ਸ: ਗੁਰਦਿੱਤ ਸਿੰਘ ਜੀ : ਕਾਮਾਗਾਟਾਮਾਰੂ ਦੇ ਮੁਖੀ ਬੁਲਾਰੇ ਨੇ ਬੋਲਦਿਆਂ, ਕੂਕਾ ਲਹਿਰ ਬਾਰੇ ਆਖਿਆ, "ਅਗਰ ਕੂਕਾ ਲਹਿਰ ਅਤੇ ਨਾਮਧਾਰੀ ਲਹਿਰ ਲੰਗਰ ਦਾ ਪ੍ਰਬੰਧ ਨਾ ਕਰਦੀ, ਸਿੰਘ ਸਭਾ ਦੇ ਆਗੂ ਬਾਬਾ ਖੜਕ ਸਿੰਘ ਦੇ ਹੁਕਮ ਮੁਤਾਬਕ ਹੁੰਦਾ। ਫਿਰ ਕਿਸੇ ਸਿੱਖ ਦੀ ਸ਼ਕਲ ਨਹੀਂ ਸੀ ਦਿਸਣੀ। ਸਾਰੇ ਹਿੰਦੁਸਤਾਨ ਦੇ ਸ਼ਾਮਲ ਹੋਏ ਨੁਮਾਇੰਦੇ ਸਿੱਖ ਲਹਿਰਾਂ ਬਾਰੇ ਬੁਰਾ ਅਸਰ ਲੈ ਕੇ ਜਾਣਾ ਸੀ। ਇਹ ਨੁਮਾਇੰਦੇ ਸਮਝਦੇ ਕਿ ਪੰਜਾਬ ਵਿਚ ਸਿੱਖ ਲਹਿਰ ਦੀ ਕੋਈ ਜਥੇਬੰਦੀ ਨਹੀਂ ਹੈ। ਅਗਰ ਕੋਈ ਹੋਵੇ ਤਾਂ (ਸਰਕਾਰ ਪੱਖੀ ਜਾਂ ਸਰਕਾਰ ਤੋਂ ਡਰਦੀ) ਸਮਝੀ ਜਾਣੀ ਸੀ। ਇਸ ਤੋਂ ਖਾਲਾ ਬਾ ਰਾਜਨੀਤੀ ਤੋਂ ਕੋਰੇ ਵੀ ਸਮਝੇ ਜਾਣੇ ਸਨ।

ਅਫਰੀਨ ਹੈ! ਬਾਬਾ ਪ੍ਰਤਾਪ ਸਿੰਘ ਜੀ ਦੀ ਨਾਮਧਾਰੀ ਲਹਿਰ ਅਤੇ ਕੂਕਾ ਲਹਿਰ ਦੇ ਜਿਨ੍ਹਾਂ ਸਿੱਖ ਲਹਿਰਾਂ ਨੂੰ ਕਾਲੇ ਧੱਬੇ ਲਗਣ ਤੋਂ ਬਚਾ ਲਿਆ ਗਿਆ ਹੈ। ਪੰਜਾਬ ਦੀ ਮਹਾਨ ਧਰਤੀ ਦੇ ਲੋਕਾਂ ਦੀ ਅਗਵਾਈ ਕੀਤੀ ਹੈ। ਬਾਬਾ ਪ੍ਰਤਾਪ ਸਿੰਘ ਜੀ ਨੇ। ਮਨੁੱਖੀ ਹਿੱਤਾਂ ਦੀ ਬਰਾਬਰਤਾ ਨੂੰ ਸਮਝਦਿਆਂ ਦੇਸ਼ ਭਗਤਾਂ ਦੀ ਮਦਦ ਕੀਤੀ ਹੈ। ਮਦਦ ਕਰਨੀ ਆਪਣੇ ਜੀਵਨ ਦਾ ਮੁੱਖ ਕੰਮ ਸਮਝਿਆ ਹੈ।

ਬਾਬਾ ਪ੍ਰਤਾਪ ਸਿੰਘ ਜੀ ਨੇ ਅਧਿਆਤਮਕਵਾਦ ਦੀ ਆਮਦਨ ਵਿਚੋਂ ਹੀ ਆਜ਼ਾਦੀ ਸੰਗ-ਰਾਮ ਦਾ ਖ਼ਰਚ ਪੂਰਾ ਕਰਨ ਦਾ ਟੀਚਾ ਰਖਿਆ ਸੀ। ਆਪਣੇ ਸਾਥੀਆਂ ਸਮੇਤ ਆਜ਼ਾਦੀ ਸੰਗਰਾਮ ਦਾ ਪ੍ਰਚਾਰ ਕਰਦੇ ਹੋਏ, ਸਮਾਜਕ ਕੁਰੀਤੀਆਂ ਦੀ ਅਲੋਚਨਾ ਕਰਦੇ ਹੋਏ ਸਮਾਜ ਨੂੰ ਚੰਗਾ ਬਣਾਉਣਾ ਚਾਹੁੰਦੇ ਸਨ।

ਬਾਬਾ ਨਿਹਾਲ ਸਿੰਘ, ਸ: ਗੁਰਦਿਆਲ ਸਿੰਘ ਜੀ ਨੇ ਆਜ਼ਾਦੀ ਸੰਗਰਾਮ ਪੰਜਾਬ ਦਾ ਕੇਂਦਰ ਲਾਹੌਰ ਬਣਾਇਆ ਹੋਇਆ ਸੀ ਅਤੇ ਬਾਬਾ ਪ੍ਰਤਾਪ ਸਿੰਘ ਅਤੇ ਮਾਤਾ ਜੀਵਨ ਕੌਰ ਨੇ ਦੂਸਰਾ ਕੇਂਦਰ ਸ੍ਰੀ ਭੈਣੀ ਸਾਹਿਬ ਬਣਾਇਆ ਸੀ। ਉਪ੍ਰੋਕਤ ਦੋਨਾਂ ਕੇਂਦਰਾਂ ਵਿਚ ਹਜ਼ਾਰਾਂ ਦੇਸ਼ ਭਗਤ ਕੰਮ ਕਰਦੇ ਸਨ।

ਅੰਗਰੇਜ਼ ਸਰਕਾਰ 1872 ਈ: ਤੋਂ ਲੈ ਕੇ ਸ੍ਰੀ ਭੈਣੀ ਸਾਹਿਬ ਤੇ ਪੂਰੀ ਨਿਗਰਾਨੀ ਰਖ ਰਹੀ ਸੀ। ਸਰਕਾਰ ਨੇ ਕੂਕਾ ਲਹਿਰ ਉਤੇ ਤਸ਼ੱਦਦ ਕਰਕੇ ਪੰਜਾਬ ਵਿਚ ਆਪਣੀ ਮੌਤ ਨੂੰ ਆਪੇ ਹੀ ਆਵਾਜ਼ਾਂ ਮਾਰ ਲਈਆਂ। ਆਮ ਲੋਕਾਂ ਨਾਲ ਕੀਤੀਆਂ ਵਧੀਕੀਆਂ, ਅੰਗਰੇਜ਼ ਸਰਕਾਰ ਆਪਣਾ ਕਸੂਰ ਸਮਝਦੀ ਸੀ। ਜਿਵੇਂ ਇਸ ਗਲਤੀ ਲੁਕੋਣ ਨਾਲ ਹਜ਼ਾਰਾਂ ਗਲਤੀਆਂ ਦੇ ਸ਼ਿਕਾਰ ਹੋ ਗਏ ਸਨ। ਇਕ ਗਲਤੀ ਦਾ ਭਾਰ ਨਾ ਚੁੱਕਣਾ ਲੱਖਾਂ ਗਲਤੀਆਂ ਦਾ ਭਾਰ ਬਣ ਜਾਂਦਾ ਹੈ। ਅੰਤ ਉਸ ਭਾਰ ਥਲੇ ਆਕੇ ਮਰ ਜਾਂਦਾ ਹੈ। ਅੰਗਰੇਜ਼ ਵਿਰੋਧੀ ਇਨਕਲਾਬੀ ਲਾਵਾ ਪੰਜਾਬ ਵਿਚ ਫੁੱਟ ਚੁਕਿਆ ਸੀ।

ਇਕ ਵਾਰ, ਸ੍ਰੀ ਭੈਣੀ ਸਾਹਿਬ ਅੰਗਰੇਜ਼ ਲਾਟ ਆਇਆ। ਬਾਬਾ ਪ੍ਰਤਾਪ ਸਿੰਘ ਜੀ ਨੂੰ ਆਖਣ ਲਗਾ, "ਆਪ ਨੇ ਸ: ਰਤਨ ਸਿੰਘ ਬੱਬਰ ਅਕਾਲੀ ਨੂੰ ਸ਼ਰਨ ਦਿੱਤੀ ਹੈ ਅਤੇ ਖਾਣਾ ਵੀ ਖੁਆਇਆ ਹੈ। ਆਪ ਨੂੰ ਪਤਾ ਹੋਣਾ ਚਾਹੀਦਾ ਹੈ। ਸ: ਰਤਨ ਸਿੰਘ ਬੱਬਰ ਅੰਗਰੇਜ਼ ਸਰਕਾਰ ਦਾ ਦੁਸ਼ਮਣ ਹੈ। ਕਈ ਅੰਗਰੇਜ਼ ਅਫਸਰਾਂ ਦਾ ਕਾਤਲ ਹੈ। ਡਾਕੂ ਹੈ, ਆਪ ਨੂੰ ਪਤਾ ਹੋਣਾ ਚਾਹੀਦਾ ਹੈ। ਆਪ ਨੂੰ ਦਿਸਦਾ ਕੀ ਫਲ ਮਿਲ ਸਕਦਾ ਹੈ।" ਬਾਬਾ ਪ੍ਰਤਾਪ ਸਿੰਘ ਜੀ ਨੇ ਆਖਿਆ, "ਲਾਟ ਸਾਹਿਬ ਜਿਹੜਾ ਮਨੁੱਖ ਸਾਂਝੀਵਾਲਤਾਂ ਦੇ ਲੰਗਰ ਵਿਚ ਆ ਜਾਂਦਾ ਹੈ, ਉਸਨੂੰ ਲੰਗਰ ਜ਼ਰੂਰ ਮਿਲਦਾ ਹੈ। ਜੋ ਬਾਬਾ ਰਾਮ ਸਿੰਘ ਦੇ ਦਰ ਤੇ ਆਉਂਦਾ ਹੈ, ਉਹ ਭੁੱਖਾ ਨੰਗਾ ਨਹੀਂ ਜਾ ਸਕਦਾ ਹੈ। ਇਹ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਲਹਿਰ ਦਾ ਇਹ ਕੇਂਦਰ ਹੈ। ਇਥੇ ਪੰਗਤ ਅਤੇ ਸੰਗਤ ਨੂੰ ਕੋਈ ਨਹੀਂ ਰੋਕ ਸਕਦਾ। ਇਹ ਮਨੁੱਖੀ ਸਾਂਝੀਵਾਲਤਾ ਦਾ ਕੇਂਦਰ ਹੈ। ਗੁਰੂਆਂ ਨੇ ਰਾਜੇ ਅਤੇ ਰੰਕ ਨੂੰ ਬਰਾਬਰਤਾ ਦਿੱਤੀ ਹੈ ਇਥੇ ਕਿਸੇ ਨੂੰ ਰੋਕਿਆ ਨਹੀਂ ਜਾਂਦਾ।"

ਲਾਟ ਸਾਹਿਬ ਭਰਿਆ ਪੀਤਿਆ ਲਾਜਵਾਬ ਹੁੰਦਾ ਹੋਇਆ ਆਪਣੇ ਅਮਲੇ ਨਾਲ ਵਾਪਸ ਮੁੜ ਗਿਆ ਸੀ।

ਵੱਖ-ਵੱਖ ਝੰਡਿਆਂ ਥਲੇ ਆਜ਼ਾਦੀ ਸੰਗਰਾਮ ਸਾਂਝਾ ਫਰੰਟ ਬਣਕੇ ਲੜਿਆ ਜਾ ਰਿਹਾ ਸੀ। ਸਾਰੀਆਂ ਪਾਰਟੀਆਂ ਨੇ ਪਹਿਲਾਂ ਅੰਗਰੇਜ਼ ਨੂੰ ਦੇਸ਼ ਵਿਚੋਂ ਕੱਢਣ ਦਾ ਫੈਸਲਾ ਕੀਤਾ ਹੋਇਆ ਸੀ। ਅੰਗਰੇਜ਼ ਸਰਕਾਰ ਨੇ ਮਜਬੂਰ ਹੋ ਕੇ 1937 ਈ: ਨੂੰ ਆਮ ਚੋਣਾਂ ਪਹਿਲੀ ਵਾਰ ਕਰਨ ਦਾ ਐਲਾਨ ਕੀਤਾ ਸੀ। ਜ਼ਿਮੀਂਦਾਰਾ ਦੇ ਅਮੀਰ ਜਾਦਿਆਂ ਨੇ ਅਲੈਕਸ਼ਨ ਕਰਨ ਦੀ ਮੁਖਾਲਫ਼ਿਤ ਕਰਨੀ ਸ਼ੁਰੂ ਕਰ ਦਿੱਤੀ ਸੀ। ਕੂਕਾ ਲਹਿਰ ਨੇ ਸਾਰੇ ਪੰਜਾਬ ਵਿਚ ਅਲੈਕਸ਼ਨ ਮੁਹਿੰਮ ਨੂੰ ਪੂਰੇ ਜ਼ੋਰਾਂ ਨਾਲ

ਤੇਜ਼ ਕੀਤਾ । ਨਾਮਧਾਰੀ ਲਹਿਰ ਨੇ ਕਾਂਗਰਸ ਦੇ ਝੰਡੇ ਥੱਲੇ ਵੋਟਾਂ ਕਾਂਗਰਸ ਨੂੰ ਪਾਈਆਂ । ਅਤੇ ਪਵਾਈਆਂ ਗਈਆਂ । ਆਪਣੇ ਝੰਡੇ ਨੂੰ ਵੀ ਕਾਂਗਰਸ ਦੇ ਹੱਕ ਵਿਚ ਚੁੱਕੀ ਰਖਿਆ ਸੀ । ਕਾਫੀ ਕਾਂਗਰਸ ਦੇ ਨੁਮਾਇੰਦੇ ਜਿੱਤ ਗਏ ਸਨ । ਨਹਿਰੂ ਵਰਗੇ ਨੀਤੀ ਵਾਲਿਆਂ ਨੇ, ਰਾਜ ਗੱਦੀਆਂ ਦੀ ਕਾਹਲ ਨੇ, ਨਿਜੀ ਮਾਲਕੀ ਦੀ ਹਰਸ਼ ਨੇ ਆਜ਼ਾਦੀ ਦੇ ਭਵਿੱਖ ਵਲੋਂ ਅੱਖਾਂ ਮੀਟ ਲਈਆਂ ਸਨ । ਅੰਗਰੇਜ਼ ਦੀ ਹਾਂ ਵਿਚ ਹਾਂ, ਮਿਲਾਉਣ ਲਗ ਪਏ ਸਨ । ਅੰਗਰੇਜ਼ ਨੇ ਹਿੰਦੁਸਤਾਨ ਦੀ ਲੁੱਟ ਦਾ ਮਾਲ ਇੰਗਲੈਂਡ ਨੂੰ ਢੋਣਾ ਸ਼ੁਰੂ ਕਰ ਦਿਤਾ ਸੀ । ਤੇਜ਼ੀ ਨਾਲ ਸਰਮਾਏਦਾਰੀ ਰਾਜ ਸਤਾ ਵਲ ਨੂੰ ਵਧ ਰਹੀ ਸੀ । ਸਰਮਾਏਦਾਰੀ ਦੀ ਨੁਮਾਇੰਦਗੀ ਮਹਾਤਮਾ ਗਾਂਧੀ ਜੀ ਕਰ ਰਹੇ ਸਨ । (ਚਲੋ !) ਆਪਾਂ ਆਜ਼ਾਦੀ ਸੰਗਰਾਮ ਬਾਰੇ ਹੀ ਜਾਣਕਾਰੀ ਕਰਾਂਦਾ ਹਾਂ ।

ਪੰਜਾਬ ਸਟੇਟ ਲੁਧਿਆਣੇ ਪੀਪਲਜ਼ ਕਾਨਫਰੰਸ 1939 ਈ: ਨੂੰ ਹੋਈ । ਇਸ ਵਿਚ ਪੰਡਤ ਜਵਾਹਰ ਲਾਲ ਨਹਿਰੂ ਜੀ ਆਏ ਸਨ । ਹੋਰ ਵੱਡੇ ਵੱਡੇ ਨੇਤਾ ਵੀ ਬਹੁਤ ਆਏ ਹੋਏ ਸਨ । ਮਾਤਾ ਜੀਵਨ ਕੌਰ ਜੀ ਦੀ ਅਗਵਾਈ ਹੇਠ ਅਟੁੱਟ ਲੰਗਰ ਵਰਤਿਆ । ਬਾਬਾ ਪ੍ਰਤਾਪ ਸਿੰਘ ਜੀ ਨੇ ਆਪਣੇ ਸਾਥੀਆਂ ਸਮੇਤ ਜਲੂਸ ਕੱਢਣ ਸਮੇਂ ਜਥੇਦਾਰ ਅਤਰ ਸਿੰਘ ਅਤੇ ਜਥੇਦਾਰ ਸੇਵਾ ਸਿੰਘ ਹੱਲੇ ਦੇ ਸ਼ਬਦ ਪੜ੍ਹਦੇ ਪੜ੍ਹਦੇ ਜਲੂਸ ਮਾਰਚ ਕਰਦਾ ਹੋਇਆ ਅਗੇ ਜਾ ਰਿਹਾ ਸੀ । ਅੰਗਰੇਜ਼ ਸਰਕਾਰ ਨੂੰ ਹੋਲ ਪੈ ਰਹੇ ਸਨ । ਇਹ ਜਲੂਸ ਵੀ ਘੋੜਿਆਂ ਤੇ ਕਢਿਆ ਗਿਆ ਸੀ । ਨਹਿਰੂ ਦੇ ਬਰਾਬਰ ਬਾਬਾ ਪ੍ਰਤਾਪ ਸਿੰਘ ਜੀ ਅਤੇ ਬਾਬਾ ਨਿਹਾਲ ਸਿੰਘ ਜੀ ! ਬਾਕੀ ਹੋਰ ਲੀਡਰ ਘੋੜਿਆਂ ਤੇ ਅਗੇ ਅਗੇ ਸਨ । ਪੰਡਤ ਨਹਿਰੂ ਨੂੰ ਪੰਜਾਬੀ ਕੌਮ ਉਤੇ ਬਹੁਤ ਵਿਸ਼ਵਾਸ ਹੋ ਗਿਆ ਸੀ । ਵਾਰੀ ਵਾਰੀ ਪੰਡਤ ਨਹਿਰੂ ਜੀ ਦੇ ਪੰਜਾਬ ਦੇ ਅਮਰ ਸ਼ਹੀਦਾਂ ਬਾਰੇ ਹੰਝੂ ਕੇਰਦੇ ਦੇਖੇ ਗਏ ।

ਇਹ ਕਾਨਫਰੰਸ ਸਮਾਪਤ ਹੋਣ ਤੋਂ ਬਾਅਦ ਪੰਜਾਬ ਦੇ ਗਵਰਨਰ......ਸ੍ਰੀ ਛੋਟੀ ਸਾਹਿਬ ਜਾ ਕੇ ਬਾਬਾ ਪ੍ਰਤਾਪ ਸਿੰਘ ਜੀ ਨੂੰ ਆਖਣ ਲਗੇ । ਤੁਸੀਂ ਪੰਡਤ ਨਹਿਰੂ ਨਾਲ ਕੀ ਮਸ਼ਵਰਾ ਕੀਤਾ ਹੈ ? ਬਾਬਾ ਜੀ ਨੇ ਜਵਾਬ ਦਿੰਦਿਆਂ ਆਖਿਆ, "ਅਸੀਂ ਆਪਣੀਆਂ ਤਕਲੀਫ਼ਾਂ ਪੰਡਤ ਜੀ ਨੂੰ ਦਸੀਆਂ ਹਨ । ਪੰਡਤ ਨਹਿਰੂ ਨੇ ਆਪਣੀਆਂ ਤਕਲੀਫਾਂ ਮੇਰੇ ਨਾਲ ਸਾਂਝੀਆਂ ਕੀਤੀਆਂ ਹਨ । ਭਾਵ : ਆਪੋ ਆਪਣੀਆਂ ਤਕਲੀਫਾਂ ਇਕ ਦੂਸਰੇ ਨਾਲ ਸਾਂਝੀਆਂ ਕੀਤੀਆਂ ਹਨ ।

ਇਨੀ ਦਿਨੀਂ ਦੂਸਰਾ 1942 ਈ: ਦਾ ਆਲਮੀ ਜੰਗ ਲਗ ਗਿਆ ਸੀ । ਅੰਗਰੇਜ਼ ਦਾ ਰਾਜ ਕੜਿੱਕੀ ਵਿਚ ਫਸ ਗਿਆ । ਸਰਕਾਰ ਨੇ ਮਹਾਤਮਾ ਗਾਂਧੀ ਨੂੰ ਆਖਿਆ, "ਗਾਂਧੀ ਜੀ ਆਪ ਹਮਾਰੀ ਮਦਦ ਕਰੋ ।" ਹਮ ਆਪ ਕੋ ਘਰੇਲੂ ਆਜ਼ਾਦੀ ਦੇਂਗੇ ਨੌਜਵਾਨਾਂ ਨੂੰ ਫੌਜ ਵਿਚ ਭਰਤੀ ਹੋਣ ਵਾਸਤੇ ਅਖ਼ਬਾਰਾਂ ਵਿਚ ਬਿਆਨ ਦਿਉ । ਗਾਂਧੀ ਜੀ ਨੇ ਅਖ਼ਬਾਰਾਂ ਨੂੰ ਬਿਆਨ ਦੇ ਦਿਤੇ । ਇਹ ਬਿਆਨ ਦੇਣ ਨਾਲ ਹਜ਼ਾਰਾਂ ਚਿੱਠੀਆਂ ਨੇ ਗਾਂਧੀ ਜੀ ਨੂੰ ਦੇਸ਼ ਦਾ ਗ਼ਦਾਰ ਆਖਿਆ ਸੀ । ਅੰਗਰੇਜ਼ ਨੂੰ ਖੁਸ਼ ਕਰਨ ਵਾਸਤੇ ਗਾਂਧੀ ਜੀ ਨੂੰ ਸਰਕਾਰ ਦਾ ਝੋਲੀ ਚੁੱਕ ਚਮਚਾ ਆਖਿਆ ਗਿਆ ।

ਬਾਬਾ ਪ੍ਰਤਾਪ ਸਿੰਘ ਅੰਗਰੇਜ਼ ਅਫਸਰ ਨੇ ਭਰਤੀ ਵਾਸਤੇ ਆਖਿਆ । ਬਾਬਾ ਪ੍ਰਤਾਪ ਸਿੰਘ ਜੀ ਨੇ ਨਿਝੱਕ ਹੋਕੇ ਆਖਿਆ, ਅੰਗਰੇਜ਼ ਨਾਲ ਸਾਡੀ ਪੁਰਾਣੀ ਟੱਕਰ ਹੈ । ਕਿਉਂਕਿ ਅੰਗਰੇਜ਼ ਨੇ ਸਾਡੇ ਬਜ਼ੁਰਗਾਂ ਨੂੰ ਕਈ ਤਰ੍ਹਾਂ ਦੇ ਕਸ਼ਟ ਦਿੱਤੇ ਸਨ । ਕੌਮ ਦਾ ਬਹੁਤ ਅਪਮਾਨ ਕੀਤਾ ਹੈ । ਇਸ ਅਪਮਾਨ ਨੂੰ ਪੰਜਾਬੀ ਕੌਮ ਭੁੱਲ ਨਹੀਂ ਸਕਦੀ ਅਤੇ ਨਾ ਹੀ ਅੰਗਰੇਜ਼ ਸਰਕਾਰ ਨੂੰ ਮੁਆਫ਼ ਕਰ

ਸਕਦੀ ਹੈ। ਕੂਕਾ ਲਹਿਰ ਅਤੇ ਨਾਮਧਾਰੀ ਲਹਿਰ ਆਪ ਦੇ ਵਫ਼ਾਦਾਰ ਨਹੀਂ ਹੋ ਸਕਦੇ। ਕੂਕਾ ਕਿਸੇ ਨਾਲ ਵਿਸ਼ਵਾਸਘਾਤ ਨਹੀਂ ਕਰ ਸਕਦਾ। ਸਾਰੇ ਅਫ਼ਸਰ ਨੀਵੀਆਂ ਪਾ ਕੇ ਵਾਪਸ ਮੁੜ ਗਏ ਸਨ। ਬਾਬਾ ਪ੍ਰਤਾਪ ਸਿੰਘ ਜੀ ਆਪਣੀ ਮਾਂ ਪੰਜਾਬੀ ਬੋਲੀ ਨੂੰ ਆਜ਼ਾਦੀ ਦੀ ਰਾਜ ਗੱਦੀ ਤੇ ਬਿਠਾਉਣਾਂ ਚਾਹੁੰਦੇ ਸਨ। ਮਾਂ ਬੋਲੀ ਦੀ ਅਰਾਧਨਾ ਸਾਰੀ ਦੁਨੀਆਂ ਨੇ ਮੰਨੀ ਹੈ। ਜਿਵੇਂ ਰੂਸ, ਜਾਪਾਨ, ਫਰਾਂਸ, ਚੀਨ, ਇੰਗਲੈਂਡ ਇਨ੍ਹਾਂ ਦੇਸ਼ਾਂ ਨੇ ਆਪਣੀ ਮਾਂ ਬੋਲੀ ਨੂੰ (ਰਾਜਸੀ ਸਿੰਘਾਸਣ) ਤੇ ਬਿਠਾਉਣ ਕਰਕੇ ਆਪਣੀ ਮਾਂ ਬੋਲੀ ਦੇ ਆਧਾਰ ਤੇ ਹੀ। ਭਾਵ ਭਾਸ਼ਾ ਦੇ ਆਧਾਰ ਤੇ ਹੀ ਬਹੁਤ ਤਰੱਕੀ ਕਰ ਗਏ ਹਨ। ਇਸ ਕਰਕੇ ਹੀ ਇਹ ਦੇਸ਼ ਤਰੱਕੀ ਕਰਕੇ ਦੁਨੀਆਂ ਦੀ ਪਹਿਲੀ ਕਤਾਰ ਵਿਚ ਆ ਖਲੋਤੇ ਹਨ। ਅੱਗੇ ਵਧਦੇ ਹੋਏ ਦੁਨੀਆਂ ਨੂੰ ਮਾਂ ਬੋਲੀ ਦੀ ਮਸਾਲ ਦਿੰਦੇ ਹਨ।

ਬਾਬਾ ਪ੍ਰਤਾਪ ਸਿੰਘ ਜੀ ਨੇ ਆਪਣੇ ਛੋਟੇ ਭਾਈ ਬਾਬਾ ਨਿਹਾਲ ਸਿੰਘ ਜੀ ਦੀ ਅਗਵਾਈ ਥੱਲੇ 1942 ਈ: ਨੂੰ ਮਾਂ ਬੋਲੀ ਦੀ ਮਹਾਨਤਾ ਵਾਸਤੇ ਸ੍ਰੀ ਭੈਣੀ ਸਾਹਿਬ ਵਿਖੇ ਪੰਜਾਬੀ ਕਾਨਫਰੰਸ ਬੁਲਾਈ ਗਈ। ਇਸਦੇ ਪ੍ਰਧਾਨ ਸ: ਬਲਦੇਵ ਸਿੰਘ ਸਾਬਕਾ ਰੱਖਿਆ ਮੰਤਰੀ ਸਨ। ਭਾਈ ਸਾਹਿਬ, ਅਰਜਨ ਸਿੰਘ ਜੀ ਬਾਗੜੀਆ, ਬਾਬਾ ਗੁਰਮੁਖ ਸਿੰਘ ਜੀ, ਪ੍ਰਿੰਸੀਪਲ ਗੰਗਾ ਸਿੰਘ ਜੀ, ਸ੍ਰੀ ਐਸ.ਪੀ. ਸਿੰਘ ਰਜਿਸਟਰਾਰ ਪੰਜਾਬੀ ਯੂਨੀਵਰਸਿਟੀ, ਸ: ਕਪੂਰ ਸਿੰਘ ਆਈ. ਸੀ. ਐਸ. ਸਰਦਾਰ ਰਣਵੀਰ ਸਿੰਘ ਜੀ ਪ੍ਰਿੰਸੀਪਲ, ਸ: ਤੇਜਾ ਸਿੰਘ ਜੀ, ਮਾਸਟਰ ਤਾਰਾ ਸਿੰਘ ਜੀ ਆਦਿ ਨੇ ਆਪੋ ਆਪਣੇ ਵਿਚਾਰ ਪੇਸ਼ ਕਰਦਿਆਂ ਮਾਂ ਬੋਲੀ ਦੇ ਲਾਭ ਦਸਦਿਆਂ ਪੰਜਾਬੀ ਨੂੰ ਰਾਜ ਗੱਦੀ ਤੇ ਬਿਠਾਉਣ ਵਾਸਤੇ ਜ਼ੋਰ ਪਾਇਆ ਗਿਆ। ਪੰਜਾਬੀ ਬੋਲੀ ਦੇ ਆਧਾਰ ਤੇ ਹੀ ਪੰਜਾਬ ਰਾਜ ਦੀ ਹੱਦ ਮਿਥਣ ਦਾ ਪ੍ਰਸਤਾਵ ਪੇਸ਼ ਕਰਕੇ ਹੱਦਬੰਦੀ ਕਮਿਸ਼ਨ ਨੂੰ ਭੇਜ ਦਿੱਤਾ ਗਿਆ ਸੀ।

ਬਾਬਾ ਪ੍ਰਤਾਪ ਸਿੰਘ ਜੀ ਨੇ ਆਪਣੇ ਲੈਕਚਰ ਵਿਚ ਫਰਮਾਉਂਦਿਆਂ ਆਖਿਆ, "ਬੱਚਿਆਂ ਨੂੰ ਮੁੱਢਲੀ ਸਿਖਿਆ, ਮਾਂ ਬੋਲੀ ਵਿਚ ਦਿੱਤੀ ਜਾਣੀ ਚਾਹੀਦੀ ਹੈ। ਬੱਚੇ ਦੇ ਭਵਿਖ ਵਾਸਤੇ ਅਤੇ ਦੇਸ਼ ਦੇ ਭਵਿੱਖ ਵਾਸਤੇ ਬਹੁਤ ਜ਼ਰੂਰੀ ਹੈ। ਮਾਂ ਬੋਲੀ ਵਿਚ ਬੱਚਾ ਵੱਧ ਗਿਆਨ ਪ੍ਰਾਪਤ ਕਰ ਸਕਦਾ ਹੈ। ਮਾਂ ਬੋਲੀ ਚੰਗਾ ਜੀਵਨ ਬਣਾਉਣ ਵਿਚ ਮਦਦ ਕਰਦੀ ਹੋਈ ਮਨੁੱਖੀ ਵਰੋਸ਼ ਨੂੰ ਯਾਦ ਕਰਾਉਂਦੀ ਹੈ। ਮਾਂ ਬੋਲੀ ਮਨੁੱਖ ਨੂੰ ਥੱਕਣ ਨਹੀਂ ਦਿੰਦੀ, ਮਨੁੱਖ ਨੂੰ ਸਾਰੇ ਜੀਵਨ ਵਿਚ ਥਿੜਕਣ ਨਹੀਂ ਦਿੰਦੀ। ਸਮਾਜਕ ਭਵਿੱਖ ਦੀ ਉਸਾਰੀ ਹੁੰਦੀ ਰਹਿੰਦੀ ਹੈ। ਆਪਣੇ ਕਲਚਰ ਨਾਲ ਗਿਆਨ ਵੱਧਦਾ ਰਹਿੰਦਾ ਹੈ। ਮਾਂ ਬੋਲੀ ਵਿਚ ਹੀ ਆਪਣੇ ਕਲਚਰ ਦੀ ਸਿਰਜਨਾ ਹੁੰਦੀ ਹੈ।"

ਪੰਜਾਬ ਦੀਆਂ ਰਾਜਨੀਤਕ ਪਾਰਟੀਆਂ ਦਾ ਸਮੇਲਨ ਸ਼ਿਮਲੇ ਵਿਖੇ 1945 ਈ: ਨੂੰ ਰਾਜ ਦੀਆਂ ਆਰਥਕ ਲੋੜਾਂ ਨੂੰ ਮੁਖ ਰਖਕੇ ਹੋਇਆ। ਇਥੇ ਵੀ ਲੰਗਰ ਦਾ ਪ੍ਰਬੰਧ ਕੂਕਾ ਲਹਿਰ ਨੇ ਕੀਤਾ। ਦੇਸ਼ ਭਗਤਾਂ ਦਾ ਵਿਸ਼ਵਾਸ ਬਾਬਾ ਨਿਹਾਲ ਜੀ ਨੇ ਆਪਣੇ ਸਾਥੀਆਂ ਸਮੇਤ ਅਣਥੱਕ ਸੇਵਾ ਕਰਕੇ ਜਿੱਤ ਲਿਆ ਸੀ। ਨਿਸ਼ਕਾਮ ਸੇਵਾ ਕਰਨਾ ਹੀ ਗੁਰੂਆਂ ਦੀ ਮਰਯਾਦਾ ਸੀ ਅਤੇ ਇਸ ਮਰਯਾਦਾ ਨੂੰ ਕਾਇਮ ਰਖਿਆ ਗਿਆ।

ਪੰਡਤ ਨਹਿਰੂ ਨੇ ਬਾਬਾ ਪ੍ਰਤਾਪ ਸਿੰਘ ਜੀ ਨੂੰ ਆਖਿਆ, ਬਾਬਾ ਜੀ ਆਪ ਜੀ ਦੀ ਕੀ ਮੰਗ ਹੈ ?

Sri Satguru Jagjit Singh Ji Elibrary NamdhariElibrary@gmail.com

ਬਾਬਾ ਜੀ ਨੇ ਆਖਿਆ, "ਮੇਰੀ ਤਾਂ ਇੱਛਾ ਹੈ, ਸਾਡੇ ਦੇਸ਼ ਨੂੰ ਆਰਥਿਕ ਆਜ਼ਾਦੀ ਹੋਣੀ ਬਹੁਤ ਜ਼ਰੂਰੀ ਹੈ। ਆਰਥਿਕ ਆਜ਼ਾਦੀ ਨਾਲ ਹੀ ਮਨੁੱਖਤਾ ਦੀ ਬਰਾਬਰਤਾ ਆਵੇਗੀ। ਤਾਂ ਹੀ ਹਰੇਕ ਮਨੁੱਖ ਨੂੰ ਜਿਉਣ ਦੇ ਬਰਾਬਰ ਹੱਕ ਮਿਲ ਸਕਦੇ ਹਨ। ਹਰੇਕ ਦੇਸ਼ ਵਾਸੀ ਦਾ ਜਿਊਣਾ ਬਹੁਤ ਜ਼ਰੂਰੀ ਹੈ। ਜਿਵੇਂ ਗੁਰੂਆਂ ਨੇ ਸਾਂਝੀਵਾਲਤਾ ਵਾਸਤੇ ਮਨੁੱਖੀ ਬਰਾਬਰਤਾ ਦੀ ਲਹਿਰ ਚਲਾਈ ਹੋਈ ਹੈ। ਮੈਂ ਇਸ ਤੋਂ ਵੱਖਰੀ ਜਾਂ ਨਿੱਜੀ ਮੰਗ ਨਹੀਂ ਕਰਨੀ। ਮੈਂ ਤਾਂ ਸਾਂਝੀਵਾਲਤਾ ਅਤੇ ਮਨੁੱਖੀ ਬਰਾਬਰਤਾ ਦਾ ਚੌਂਕੀਦਾਰ ਹਾਂ। ਅਗਰ ਤੂੰ (ਪੰਡਤ ਜੀ) ਸਾਂਝੀਵਾਲਤਾ ਦਾ ਪ੍ਰਧਾਨ ਬਣੇਂਗਾ ਤਾਂ ਮੈਥੋਂ ਬੇਸ਼ੱਕ ਕੋਰੇ ਕਾਗਜ਼ ਤੇ ਦਸਤਖ਼ਤ ਕਰਵਾ ਲਉ, ਮੈਂ ਕਰ ਦਿੰਦਾ ਹਾਂ। ਪਰ ਆਪ ਨੂੰ ਪ੍ਰਧਾਨ ਬਣ ਕੇ ਸਾਂਝੀਵਾਲਤਾ ਦਾ ਕੰਮ ਕਰਨਾ ਪਵੇਗਾ। ਪੰਡਤ ਨਹਿਰੂ ਜੀ ਇਸ ਕਾਨਫਰੰਸ ਵਿਚ ਮੰਨ ਕੇ ਗਏ ਸਨ। ਕੂਕਾ ਲਹਿਰ ਦੀਆਂ ਮਹਾਨ ਕੁਰਬਾਨੀਆਂ ਸਦਕਾ ਹਿੰਦੁਸਤਾਨ (4 ਨੁਕਤਿਆਂ ਗੁਲਾਮ ਹੋ ਕੇ) ਮਹਾਤਮਾ ਗਾਂਧੀ ਅਤੇ ਨਹਿਰੂ ਗਰੁੱਪ ਦੀ 15 ਅਗਸਤ, 1947 ਈ: ਨੂੰ ਸਰਮਾਏਦਾਰਾਂ ਦੀ ਜਕੜ ਥੱਲੇ ਆਜ਼ਾਦੀ ਆ ਗਈ।

ਕੂਕਾ ਲਹਿਰ 1849 ਈਸਵੀ ਤੋਂ ਲੈ ਕੇ 1947 ਈਸਵੀ ਤੱਕ ਆਜ਼ਾਦੀ ਸੰਗਰਾਮ ਲਗਾਤਾਰ ਲੜਦੀ ਅੱਗੇ ਹੀ ਅੱਗੇ ਮਨੁੱਖੀ ਬਰਾਬਰਤਾ ਵਾਸਤੇ ਆਪਣੀ ਰਫ਼ਤਾਰ ਨਾਲ ਸਾਥੀਆਂ ਸਮੇਤ ਤੁਰੀ ਗਈ। ਅੰਗਰੇਜ਼ ਸਾਮਰਾਜ ਦੇ ਖ਼ਿਲਾਫ਼ ਆਜ਼ਾਦੀ ਸੰਘਰਸ਼ 103 ਸਾਲ ਲਗਾਤਾਰ ਲੜਦੇ ਰਹੇ ਸਨ।

ਪੂੰਜੀਪਤੀਆਂ ਵਾਸਤੇ ਆਜ਼ਾਦੀ ਆ ਗਈ ਸੀ। ਇਨ੍ਹਾਂ ਪੂੰਜੀਪਤੀਆਂ ਦੀ ਰਾਜ ਕਰਨ ਦੀ ਕਾਹਲ ਨੇ, ਇਸਦਾ ਰੁੱਖ ਸਰਮਾਏਦਾਰੀ, ਨਿੱਜੀ ਮਾਲਕੀ ਬੜੀ ਤੇਜ਼ੀ ਨਾਲ ਮੁੜਦਾ ਗਿਆ। ਮਨੁੱਖੀ ਬਰਾਬਰਤਾ ਅਧੂਰੀ ਰਹਿ ਗਈ। ਇਹ ਸਰਮਾਏਦਾਰੀ ਲੀਡਰਾਂ ਦੀ ਗ਼ਦਾਰੀ ਦਾ ਨਤੀਜਾ ਹੈ। ਆਰਥਿਕ ਆਜ਼ਾਦੀ ਸੰਗਰਾਮੀਏ ਤਾਂ ਮਨੁੱਖੀ ਹਿੱਤਾਂ ਵਾਸਤੇ ਅਤੇ ਮਨੁੱਖੀ ਬਰਾਬਰਤਾ ਵਾਸਤੇ ਲਗਾਤਾਰ ਆਪਣੀ ਜੰਗ ਕਿਸੇ ਨਾ ਕਿਸੇ ਰੂਪ ਵਿਚ ਜਾਰੀ ਰਹਿਣਗੇ।

ਬਾਬਾ ਪ੍ਰਤਾਪ ਸਿੰਘ ਜੀ ਇਸ ਸਰਕਾਰ ਅੱਗੇ ਨਿੱਜੀ ਜਾਂ ਵਿਅਕਤੀਗਤ ਸੁਆਰਥ ਵਾਸਤੇ ਆਪਣੀ ਜ਼ਿੰਦਗੀ ਵਿਚ ਕਦੇ ਹੱਥ ਨਹੀਂ ਔਂਡਿਆ।

ਕੂਕਾ ਲਹਿਰ ਦੀਆਂ ਕੁਰਬਾਨੀਆਂ ਨੂੰ ਪੂੰਜੀਪਤੀਆਂ ਨੇ ਛਿੱਕੇ ਉਤੇ ਟੰਗ ਕੇ, ਰਾਜਨੀਤਕ ਦਾਵਾ ਪੇਚ ਖ਼ਾਤਰ ਵਿਅਕਤੀਗਤ ਸੁਆਰਥ ਵਾਸਤੇ ਲੜਾਈਆਂ ਸ਼ੁਰੂ ਕਰ ਦਿੱਤੀਆਂ ਗਈਆਂ, ਜਬਰ ਜ਼ੁਲਮ ਦਾ ਚੱਕਰ ਸ਼ੁਰੂ ਕਰ ਦਿੱਤਾ ਗਿਆ।

ਉਹੀ ਅੰਗਰੇਜ਼ ਸਰਕਾਰ ਵਾਲੀ ਨੀਤੀ। "ਪਾੜੋ ਅਤੇ ਰਾਜ ਕਰੋ" ਨਾਮਧਾਰੀ ਲਹਿਰ ਦੇ ਏਕੇ ਵਿਚ 1952 ਈ: ਤੋਂ ਲੈ ਕੇ ਅਗਸਤ 1950 ਈ: ਤੱਕ ਨਿੱਜੀ ਮਾਲਕੀ ਦਾ ਭੂਤ ਛੱਡਕੇ ਸਿੱਖ ਲਹਿਰ ਨੂੰ ਖੇਰੂੰ ਖੇਰੂੰ ਕਰਨ ਖ਼ਾਤਰ ਇਸ ਸਿੱਖ ਲਹਿਰ ਨੂੰ ਰਾਜਨੀਤੀ ਦੀਆਂ ਕੁਰੀਤੀਆਂ ਨਾਲ ਦੋ ਧੜਿਆਂ ਵਿਚ ਵੰਡਿਆ ਗਿਆ।

ਜਿਨ੍ਹਾਂ ਦੇ ਸਿੱਖ ਬਜ਼ੁਰਗਾਂ ਨੇ 103 ਸਾਲ ਲਗਾਤਾਰ ਅੰਗਰੇਜ਼ ਸਰਕਾਰ ਨਾਲ ਜੰਗ ਜਾਰੀ

Sri Satguru Jagjit Singh Ji Elibrary NamdhariElibrary@gmail.com

ਰੱਖਿਆ। ਮੈਨੂੰ ਪੂਰਾ ਵਿਸ਼ਵਾਸ ਹੈ। ਜ਼ਰੂਰ ਗੁਰੂਆਂ ਦੀ ਚਲਾਈ ਹੋਈ ਮਨੁੱਖੀ ਬਰਾਬਰਤਾ ਦੀ ਲਹਿਰ ਕਾਮਯਾਬ ਹੋਵੇਗੀ। ਉਹ ਦਿਨ ਦੂਰ ਨਹੀਂ ਆਪਣਾ ਫਾਸਲਾ ਤਹਿ ਕਰਕੇ ਮਨੁੱਖੀ ਬਰਾਬਰਤਾ ਹੋ ਜਾਵੇਗੀ। ਇਸ ਸਰਮਾਏਦਾਰ ਨੂੰ ਐਵੇਂ ਭੁਲੇਖਾ ਹੈ। ਇਸ ਧਰਤੀ ਤੋਂ ਮਰਨ ਲੱਗਿਆ, ਕੋਈ ਧੰਨ ਨਾਲ ਲੈ ਕੇ ਨਹੀਂ ਜਾਵੇਗਾ ਅਤੇ ਨਾ ਹੀ ਲੈ ਕੇ ਆਉਂਦਾ ਹੈ। ਜਦੋਂ ਮਨੁੱਖੀ ਗਿਆਨ ਸਰਮਾਏਦਾਰਾਂ ਨੂੰ ਆਵੇਗਾ ਫਿਰ ਉਹ ਗਰੀਬ ਵਰਗ ਦੀ ਕਿਰਤ ਨੂੰ ਕਿਰਤ ਸਮਝੇਗਾ। ਮੁਨਾਫਾ ਕਮਾਣਾ ਮਨੁੱਖ ਦਾ ਜੰਮਾਂਦਰੂ ਹੱਕ ਨਹੀਂ, ਨਿਸ਼ਕਾਮ ਸੇਵਾ ਕਰਨਾ ਹੀ ਮਨੁੱਖੀ ਬਰਾਬਦਤਾ ਦਾ ਜੀਵਨ ਜਿਊਣਾ ਹੀ ਮਨੁੱਖੀ ਫਰਜ਼ ਹੈ ਉਸਦਾ ਦੁਨੀਆਂ ਤੇ ਆਉਣਾ ਸਫਲ ਹੈ।

Sri Satguru Jagjit Singh Ji Elibrary NamdhariElibrary@gmail.com

# ਕਾਂਡ—15

ਬਾਬਾ ਨਿਹਾਲ ਸਿੰਘ ਜੀ ਮਾਤਾ ਜੀਵਨ ਕੌਰ ਦੀ ਕੁਖੋਂ ਬਾਬਾ ਹਰੀ ਸਿੰਘ ਦੇ ਘਰ ਸ੍ਰੀ ਭੈਣੀ ਸਾਹਿਬ ਵਿਖੇ 1893 ਈ: ਨੂੰ ਜਨਮ ਲਿਆ। ਸ: ਗੁਰਦਿਆਲ ਸਿੰਘ ਜੀ ਦਾ ਜਨਮ 1898 ਈ: ਨੂੰ ਹੋਇਆ।

ਮਾਤਾ ਜੀਵਨ ਕੌਰ ਆਪਣੇ ਪੁੱਤਰਾਂ ਨੂੰ ਦੁੱਧ ਚੁੰਘਾਉਂਦਿਆਂ ਆਜ਼ਾਦੀ ਸੰਗਰਾਮ ਵਾਸਤੇ ਅਕਾਲ ਪੁਰਖ ਦੇ ਚਰਨਾਂ ਵਿਚ ਅਰਦਾਸ ਕਰਦੇ ਹੋਏ ਮੰਗ ਕਰਦੇ ਸਨ ਕਿ "ਐ ਅਕਾਲ ਪੁਰਖ ਮੇਰੇ ਤਿੰਨਾਂ ਪੁੱਤਰਾਂ ਨੂੰ ਦੇਸ਼ ਪਿਆਰ ਦੀ ਲਗਨ ਨਾਲ ਜੋੜੀ ਰੱਖੀਂ। ਮੈਂ ਆਪਣੇ ਗੁਰੂਆਂ ਦੇ ਪਾਏ ਹੋਏ ਪੂਰਨਿਆਂ ਤੇ ਤੁਰ ਸਕਾਂ। ਗੁਰੂ ਨਾਨਕ ਸਾਹਿਬ, ਗੁਰੂ ਗੋਬਿੰਦ ਸਿੰਘ ਜੀ ਅਤੇ ਬਾਬਾ ਰਾਮ ਸਿੰਘ ਜੀ ਦੀ ਚਲਾਈ ਹੋਈ ਸਾਂਝੀਵਾਲਤਾ ਦੀ ਲਹਿਰ ਨਾਲ ਜੋੜੀ ਰੱਖੀਂ। ਮੇਰਾ ਕੀਤਾ ਹੋਇਆ ਪ੍ਰਣ ਦੇਸ਼ ਭਗਤੀ ਦਾ ਪੂਰਾ ਹੋ ਜਾਵੇ। ਮੈਂ ਆਪਣੇ ਕੀਤੇ ਹੋਏ ਪ੍ਰਣ ਤੇ ਪੂਰੀ ਉਤਰ ਸਕਾਂ ਅਤੇ ਤੇਰੇ ਚਰਨਾਂ ਵਿਚ ਸੁਰਖ਼ਰੂ ਹੋ ਕੇ ਆਵਾਂ। ਮੈਂ ਆਪਣੀ ਚਲਾਈ ਹੋਈ ਮਨੁੱਖੀ ਬਰਾਬਰਤਾ, ਆਜ਼ਾਦੀ ਸੰਗਰਾਮ ਵਿਚ ਆਪਣੇ ਜੀਵਨ ਵਿਚੋਂ ਹਿੱਸਾ ਪਾ ਸਕਾਂ। ਮੇਰਾ ਦੇਸ਼ ਮਨੁੱਖੀ ਹਿੱਤਾਂ ਦਾ ਰਾਖਾ ਬਣ ਜਾਵੇ ਅਤੇ ਗੁਲਾਮੀ ਦਾ ਨਾਮ ਹੀ ਖ਼ਤਮ ਹੋ ਜਾਵੇ।

ਮਾਤਾ ਜੀਵਨ ਕੌਰ ਜੀ ਅਜ਼ਾਦੀ ਸੰਗਰਾਮੀਆਂ ਨੂੰ ਆਪਣੇ ਪੁੱਤਰਾਂ ਵਾਂਗੂ ਹੀ ਪਿਆਰ ਕਰਦੇ ਸਨ। ਬਾਬਾ ਰਾਮ ਸਿੰਘ ਜੀ ਦੇ ਉਪਦੇਸ਼ ਨੂੰ ਆਪਣੇ ਜੀਵਨ ਦਾ ਮੁੱਖ ਸਾਰ ਸਮਝਦੇ ਸਨ। ਹਰ ਇਕ ਦੇਸ਼ ਭਗਤ ਦੇ ਉਸਤਾਦ ਬਣੇ ਹੋਏ ਸਨ। ਮਾਵਾਂ ਵਰਗੇ ਪਿਆਰ ਨਾਲ ਮਨੁੱਖੀ ਵਿਚਾਰਧਾਰਾ ਨੂੰ ਹੋਰ ਤੇਜ਼ ਕਰਨ ਵਾਸਤੇ ਯੋਗਦਾਨ ਪਾਉਂਦੇ ਸਨ। ਆਪਣੇ ਯੋਗਤਾ ਨਾਲ ਆਮ ਲੋਕਾਂ ਤੋਂ ਵੀ ਆਜ਼ਾਦੀ ਸੰਗਰਾਮ ਦੇ ਸਮੇਂ ਹਿੱਸਾ ਪਾਉਂਦੇ ਰਹੇ ਸਨ।

ਬਾਬਾ ਨਿਹਾਲ ਸਿੰਘ ਜੀ ਬਾਬਾ ਸੰਤੋਖ ਸਿੰਘ ਜੀ ਤੋਂ ਪੜ੍ਹੇ ਸਨ। ਪੜ੍ਹਾਈ ਕਰਨ ਸਮੇਂ ਬਾਬਾ ਸੰਤੋਖ ਸਿੰਘ ਜੀ ਦੇਸ਼ ਪਿਆਰ ਦੀਆਂ ਸਾਖੀਆਂ, ਕਹਾਣੀਆਂ ਸੁਣਾਉਂਦੇ ਸਨ। ਗੁਰਬਾਣੀ ਦੇ ਅਰਥ ਕਰਕੇ ਵੀ ਮਨੁੱਖੀ ਬਰਾਬਰਤਾ ਦਾ ਅਤੇ ਗੁਰੂਆਂ ਦਾ ਦਸਿਆ ਮਾਰਗ ਵੀ ਬੜੇ ਵਿਸਥਾਰ ਨਾਲ ਪੜ੍ਹਾਇਆ ਜਾਂਦਾ ਸੀ। ਸਿੱਖੀ ਅਸੂਲਾਂ ਦੀ ਪਰਖ ਨਿਸ਼ਕਾਮ ਸੇਵਾ ਕਰਨੀ ਹੀ ਦੱਸਦੇ ਸਨ।

ਸ: ਗੁਰਦਿਆਲ ਸਿੰਘ ਵੀ ਬਾਬਾ ਸੰਤੋਖ ਸਿੰਘ ਜੀ ਕੋਲ ਹੀ ਲਗਾਤਾਰ ਦੋਵੇਂ ਭਾਈ ਪੜ੍ਹਦੇ ਰਹੇ ਸਨ। ਬਾਬਾ ਸੰਤੋਖ ਸਿੰਘ ਜੀ ਪਾਸੋਂ 5-6 ਸਾਲ ਤੱਕ ਸਿਖਿਆ ਮਿਲਦੀ ਰਹੀ। ਅਸਲੀ ਜੀਵਨ ਗੁਰਬਾਣੀ ਦੀਆਂ ਸਾਖੀਆਂ ਮੁਤਾਬਕ ਸ਼ੁਰੂ ਹੋਇਆ ਸੀ। ਜੀਵਨ ਦਾ ਅਰਥ ਹੀ ਮਨੁੱਖੀ ਬਰਾਬਰਤਾ ਦੇ ਸਿਧਾਂਤ ਨਾਲ ਜਿਊਣਾ ਸੀ। ਨਿਸ਼ਕਾਮ ਸੇਵਾ ਕਰਨੀ ਮਨੁੱਖੀ ਫਰਜ਼ ਸਮਝਦੇ ਸਨ। ਬਾਬਾ ਸੰਤੋਖ ਸਿੰਘ ਜੀ ਨੇ ਸੰਸਕ੍ਰਿਤ, ਫਾਰਸੀ, ਉਰਦੂ, ਹਿੰਦੀ ਪੜ੍ਹਨ ਵਾਸਤੇ ਦੋਨਾਂ ਭਾਈਆਂ ਨੂੰ ਪ੍ਰੇਰਿਆ ਸੀ।



Sri Satguru Jagjit Singh Ji Elibrary NamdhariElibrary@gmail.com

ਅੰਗਰੇਜ਼ੀ ਦੋਨੋਂ ਭਾਈਆਂ ਨੇ ਮਾਸਟਰ ਗੁਰਬਖਸ਼ ਸਿੰਘ ਪਾਸੋਂ ਪੜ੍ਹੀ ਸੀ। ਮਾਸਟਰ ਜੀ ਅੰਗਰੇਜ਼ੀ ਭਾਸ਼ਾ ਦੇ ਸ਼ਕਾਲਰ ਮੰਨੇ ਹੋਏ ਸਨ। ਮਾਸਟਰ ਜੀ ਨੇ ਬਾਬਾ ਨਿਹਾਲ ਸਿੰਘ ਅਤੇ ਸਰਦਾਰ ਗੁਰਦਿਆਲ ਸਿੰਘ ਨੂੰ ਬਹੁਤ ਵਧੀਆ ਢੰਗ ਨਾਲ ਅੰਗਰੇਜ਼ੀ, ਹਿੰਦੀ, ਉਰਦੂ ਅਤੇ ਫਾਰਸੀ ਮਨੁੱਖੀ ਯੋਗਤਾ ਦੀ ਕੁਠਾਲੀ ਵਿਚ ਪਾਕੇ ਦੋਵਾਂ ਭਰਾਵਾਂ ਨੂੰ ਢਾਲ ਦਿੱਤਾ ਸੀ।

ਸ: ਗੁਰਦਿਆਲ ਸਿੰਘ ਜੀ ਦਾ ਬਹੁਤ ਸਿਰੜੀ ਜੀਵਨ ਸੀ। ਗੁਰੂਆਂ ਦੀ ਚਲਾਈ ਹੋਈ ਸਾਂਝੀਵਾਲਤਾ ਮੁਤਾਬਕ ਮਨੁੱਖੀ ਬਰਾਬਰਤਾ ਵਾਸਤੇ ਯੋਗਦਾਨ ਦੇ ਧੂਪੱਕ ਹੋ ਚੁੱਕੇ ਸਨ। ਬਾਬਾ ਨਿਹਾਲ ਸਿੰਘ ਜੀ ਨਾਲ ਹਰ ਕੰਮ ਮਿਲਕੇ ਕਰਨ ਵਿਚ ਆਪਣੀ ਸੋਚ ਦੇ ਅੰਤਮ ਫੈਸਲੇ ਕਰਨੇ ਆਪਣੇ ਜੀਵਨ ਨੂੰ ਸਫਲ ਸਮਝਦੇ ਸਨ। ਕਦੇ ਉਨ੍ਹਾਂ ਦੇ ਫੈਸਲਿਆਂ ਨਾਲ ਆਪ ਜੁੜਕੇ ਅਤੇ ਕਦੇ ਆਪਦਿਆਂ ਫੈਸਲਿਆਂ ਨਾਲ ਬਾਬਾ ਨਿਹਾਲ ਸਿੰਘ ਜੀ ਨੂੰ ਜੋੜਕੇ ਆਜ਼ਾਦੀ ਸੰਗਰਾਮ ਦੇ ਮਾਰਗ ਵੱਲ ਵਧਦੇ ਜਾ ਰਹੇ ਸਨ।

ਕਦੇ-ਕਦੇ ਤਿੰਨਾਂ ਭਰਾਵਾਂ ਵਿਚ ਬਹੁਤ ਪਿਆਰ ਨਾਲ ਬਹਿਸ ਰਾਜਨੀਤੀ ਵਲ ਪੈਂਦੀ ਸੀ। ਕਦੀ-ਕਦੀ ਲੰਮੀ ਹੋ ਜਾਂਦੀ। ਮਾਤਾ ਜੀਵਨ ਕੌਰ ਆਪਣੇ ਜੀਵਨ ਤਜ਼ਰਬੇ ਵਿਚੋਂ ਬਹਿਸ ਦੇ ਵਿਸ਼ੇ ਨੂੰ ਮਨੁੱਖੀ ਬਰਾਬਰਤਾ ਮਨੁੱਖੀ ਜੀਵਨ ਨਾਲ ਜੋੜਕੇ ਆਰਥਕ ਲੋੜਾਂ ਦੇ ਸੰਘਰਸ਼ ਨਾਲ ਜੋੜ ਦੇਂਦੇ ਸਨ। ਆਪੋ ਆਪਣੀ ਗੱਲ ਮਨਾਉਣ ਦੀ ਮਾਨਸਕ ਕਮਜ਼ੋਰੀ ਦੇ ਸ਼ਿਕਾਰ ਨਹੀਂ ਸੀ ਹੁੰਦੇ। ਆਜ਼ਾਦੀ ਸੰਗਰਾਮ ਦੇ ਮਾਰਗ ਤੇ 10-15 ਸਾਲਾਂ ਦੀ ਉਮਰ ਵਿਚ ਹੁੰਦਿਆਂ ਹੀ ਤੁਰ ਪਏ ਸਨ। ਆਪਣੇ ਸਾਥੀਆਂ ਦਾ ਵੀ ਬਹੁਤ ਖਿਆਲ ਰੱਖਦੇ ਸਨ। ਆਜ਼ਾਦੀ ਸੰਗਰਾਮ ਦੇ ਹਰ ਇਕ ਮੈਂਬਰ ਨੂੰ ਆਪੋ-ਆਪਣੀ ਰੈਅ ਦੇਣ ਦੀ ਪੂਰਨ ਆਜ਼ਾਦੀ ਸੀ। ਸ: ਗੁਰਦਿਆਲ ਸਿੰਘ ਜੀ ਮਾਤਾ ਜੀ ਦੇ ਜੀਵਨ ਤਜ਼ਰਬੇ ਹਾਈ ਕਮਾਨ ਦੇ ਹੁਕਮ ਮੁਤਾਬਕ ਸਤਿਕਾਰ ਕਰਦੇ ਸਨ। ਕਿਉਂਕਿ ਗੁਰੂਆਂ ਦੀ ਚਲਾਈ ਹੋਈ ਸਾਂਝੀਵਾਲਤਾ ਦੀ ਲਹਿਰ ਬਾਰੇ ਮਾਤਾ ਜੀ ਤੋਂ ਬਹੁਤ ਕੁਝ ਸਿੱਖਿਆ ਸੀ। ਅੱਗੋਂ ਵੀ ਸਿਖਣ ਦੇ ਯਤਨ ਕਰਦੇ ਸਨ। ਆਪਣੇ ਸਾਥੀਆਂ ਨੂੰ ਵੀ ਸਿਖਣ ਦੀ ਪ੍ਰੇਰਨਾ ਕਰਦੇ ਸਨ।

ਬਾਬਾ ਨਿਹਾਲ ਸਿੰਘ ਜੀ ਅੰਗਰੇਜ਼ੀ ਭਾਸ਼ਾ ਦੇ ਮੁਕਾਬਲੇ ਨਿਰੋਲ ਲੇਖ ਲਿਖ ਨਹੀਂ ਸੀ ਸਕਦੇ। ਇਸ ਭਾਸ਼ਾ ਵਿਚ ਲੇਖ ਲਿਖਣਾ ਇਨ੍ਹਾਂ ਦੇ ਵਸ ਦਾ ਰੋਗ ਨਹੀਂ ਸੀ। ਹਿੰਦੀ, ਉਰਦੂ ਪੰਜਾਬੀ ਵਿਚ ਲੇਖ ਲਿਖਣ ਦੇ ਬਹੁਤ ਧਨੀ ਸਨ। ਮਾਦਰੀ ਭਾਸ਼ਾ ਦੇ ਬਹੁਤ ਵਿਦਵਾਨ ਸਨ। ਆਮ ਲੋਕਾਂ ਦੀ ਬੋਲੀ ਨੂੰ ਹੀ ਠੀਕ ਮੰਨਦੇ ਸਨ। ਇਨ੍ਹਾਂ ਦੇ ਲੇਖ ਥੋੜ੍ਹੇ ਪੜ੍ਹੇ ਲਿਖੇ ਦੇ ਵੀ ਛੇਤੀ ਸਮਝ ਵਿਚ ਆ ਜਾਂਦੇ ਸਨ। ਇਨ੍ਹਾਂ ਦੇ ਲੇਖਾਂ ਦੀ ਸਾਧਾਰਨ ਭਾਸ਼ਾ ਹੁੰਦੀ ਸੀ।

ਸ: ਗੁਰਦਿਆਲ ਸਿੰਘ ਜੀ ਆਪਣੇ ਲੇਖ ਪੰਜਾਬੀ, ਹਿੰਦੀ, ਉਰਦੂ ਅਤੇ ਅੰਗਰੇਜ਼ੀ ਭਾਸ਼ਾ ਵਿਚ ਵੀ ਬਹੁਤ ਤਕੜੇ ਲੰਮੇਂ ਲੇਖ ਲਿਖੇ ਜਾਂਦੇ ਸਨ। ਇਨ੍ਹਾਂ ਚਾਰੇ ਭਾਸ਼ਾਵਾਂ ਦੀ ਗਰਾਮਰ ਅਤੇ ਚੰਗੀ ਸ਼ਬਦ ਸ਼ੁੱਧ ਕਰਨ ਜਾਣਦੇ ਸਨ। ਨਿਸ਼ਕਾਮ ਸੇਵਾ ਕਰਨ ਦੇ ਸਿਧਾਂਤ ਉੱਤੇ ਬਹੁਤ ਲੇਖ ਲਿਖਦੇ ਸਨ। ਬਾਬਾ ਬੰਦਾ ਬਹਾਦਰ ਸਿੰਘ ਬਣਕੇ ਬੈਠਣਾ ਨਿਆਂ ਆਦਿ ਕਰਾਉਣ ਉੱਤੇ, ਨਵਾਬ ਕਪੂਰ ਸਿੰਘ ਨੇ ਨਵਾਬੀ ਛੱਡ ਕੇ ਖਾਲਸਾ ਲਹਿਰ ਨੂੰ ਦੋ ਧੜਿਆਂ ਵਿਚ ਵੰਡ ਦੇਣ ਉੱਤੇ। ਮਹਾਰਾਜਾ ਰਣਜੀਤ ਸਿੰਘ ਦੀ ਨਿਜੀ ਮਾਲਕੀ ਵਿਚ ਡੁਬਕੇ ਮਰ ਜਾਣ ਉੱਤੇ ਗੁਰੂਆਂ ਦੀ ਚਲਾਈ ਹੋਈ ਮਨੁੱਖੀ ਬਰਾਬਰਤਾ ਦੇ ਸੰਘਰਸ਼ ਉੱਤੇ ਟਿੱਪਣੀਆਂ ਕਰਦਿਆਂ ਬਹੁਤ ਲੰਮੇ-ਲੰਮੇ ਲੇਖ ਲਿਖੇ ਜਾਂਦੇ

ਸਨ। ਇਨ੍ਹਾਂ ਇਤਿਹਾਸਕ ਅਤੇ ਰਾਜਨੀਤਕ ਲੇਖ ਲਿਖਣ ਨਾਲ ਸਿੱਖ ਲਹਿਰ ਵਿਚ ਮੁੜ ਜਾਨ ਪੈਂਦੀ ਜਾ ਰਹੀ ਸੀ। ਸਿੱਖ ਲਹਿਰ ਨੂੰ ਨਿਜੀ ਮਾਲਕੀ ਅਤੇ ਕੁਰੀਤੀਆਂ ਨੂੰ ਇਨ੍ਹਾਂ ਲੇਖਾਂ ਰਾਹੀਂ ਜਾਣਕਾਰੀ ਦੇਣਾ ਚੰਗੀ ਸਮਝਦੇ ਸਨ। ਪਹਿਲਾਂ ਸਿੱਖ ਇਤਿਹਾਸਕ ਵਿਰਸੇ ਤੋਂ ਜਾਣੂ ਹੋਣਾ ਅਤੇ ਕਰਾਉਣਾ ਮਨੁੱਖੀ ਬਰਾਬਰਤਾ ਦੀ ਬੁਨਿਆਦ ਪੱਕੀ ਕਰਨੀ ਚਾਹੁੰਦੇ ਸਨ। ਜਿਵੇਂ ਮਨੁੱਖੀ ਬਰਾਬਰਤਾ ਦਾ ਗੁਰੂ ਨਾਨਕ ਜੀ ਤੋਂ ਸ਼ੁਰੂ ਹੋਕੇ ਸਿੱਖ ਲਹਿਰ ਨੂੰ ਨਿਸ਼ਕਾਮ ਸੇਵਾ ਕਰਨ ਦਾ ਮਾਨ ਪ੍ਰਾਪਤ ਹੈ। ਇਸੇ ਕਰਕੇ ਸਿੱਖ ਕੌਮ, ਪੰਜਬੀ ਕੌਮ ਨੂੰ ਦੁਨੀਆਂ ਦੇ ਕ੍ਰਾਂਤੀਕਾਰੀ ਇਤਿਹਾਸ ਵਿਚ ਮਾਣ ਪ੍ਰਾਪਤ ਹੋਇਆ ਹੈ। ਇਥੇ ਮਾਤਾ ਜੀਵਨ ਕੌਰ ਵਰਗੀਆਂ ਮਾਤਾਵਾਂ ਨੇ ਜਨਮ ਲਿਆ ਹੈ। ਜਦੋਂ ਸਕੰਦਰ ਦਾ ਪੋਰਸ ਤੇ ਹਮਲਾ ਕਰਨ ਦਾ ਸਵਾਲ ਆਇਆ, ਜਦੋਂ ਅਹਿਮਦਸ਼ਾਹ ਅਬਦਾਲੀ ਵਾਰੀ-ਵਾਰੀ ਹਮਲੇ ਕਰਦਾ ਰਿਹਾ, ਜਦੋਂ ਅੰਗਰੇਜ਼ ਸਾਮਰਾਜ ਦੀ ਤਾਨਾਸ਼ਾਹੀ ਤੋਂ ਆਜ਼ਾਦ ਹੋਣ ਦਾ ਸਵਾਲ ਆਇਆ, ਪੰਜਾਬੀ ਕੌਮ ਕਿਸੇ ਨਾ ਕਿਸੇ ਰੂਪ ਵਿਚ ਸੰਘਰਸ਼ ਕਰਦੀ ਰਹੀ। ਪੰਜਾਬੀ ਕੌਮ ਦੇ ਹੱਥੋਂ ਮਨੁੱਖੀ ਬਰਾਬਰਤਾ ਦਾ ਝੰਡਾ ਕਦੇ ਨਹੀਂ ਡਿਗਿਆ। ਇਸਦੇ ਕਾਰਨ ਪੰਜਾਬ ਦੀ ਮਿੱਟੀ ਵਿਚੋਂ ਅਣਗਿਣਤ ਮਾਵਾਂ ਨੇ ਜਨਮ ਲਏ। ਇਨ੍ਹਾਂ ਮਾਵਾਂ ਵਿਚੋਂ ਹੀ ਅਤੇ ਪੰਜਾਬ ਦੀ ਪਵਿੱਤਰ ਮਿੱਟੀ ਵਿਚੋਂ ਮਾਤਾ ਜੀਵਨ ਕੌਰ ਨੇ ਜਨਮ ਲਿਆ ਸੀ। ਆਪਣੇ ਜਿਗਰ ਦੇ ਟੋਟਿਆਂ ਨੂੰ ਇਨਕਲਾਬ ਦੀਆਂ ਲੋਰੀਆਂ ਦਿੱਤੀਆਂ ਸਨ। ਏਥੇ ਹੀ ਬਸ ਨਹੀਂ, ਅਨੇਕ ਪੰਜਾਬੀ ਮਾਵਾਂ ਨੇ ਆਪੋ ਆਪਣੇ ਪੁੱਤਰਾਂ ਦੇ ਟੋਟੇ ਕਰਵਾ ਕੇ ਝੋਲੀਆਂ ਵਿਚ ਗੁਰੂਆਂ ਦੀ ਚਲਾਈ ਹੋਈ ਮਨੁੱਖੀ ਬਰਾਬਰਤਾ ਵਾਸਤੇ ਪਵਾਏ ਹਨ। ਆਪਣੀਆਂ ਅੱਖਾਂ ਵਿਚੋਂ ਇਕ ਵੀ ਹੰਝੂ ਨਹੀਂ ਕੇਰਿਆ। ਹਨੇਰੀਆਂ ਰਾਤਾਂ ਵਿਚ ਜੰਗਲਾਂ ਨੂੰ ਚੀਰਦੀਆਂ ਨੇ ਮਨੁੱਖੀ ਬਰਾਬਰਤਾ ਵਾਸਤੇ ਅੱਗੇ ਹੀ ਅੱਗੇ ਵਧਦੀਆਂ ਗਈਆਂ ਸਨ। ਇਹ ਪੰਜਾਬੀ ਕੌਮ ਦਾ ਮਹਾਨ ਇਤਿਹਾਸ ਸਾਡੇ ਸਾਹਮਣੇ ਮਜੂਦ ਹੈ। ਨਿਸ਼ਕਾਮ ਸੇਵਾ ਨੂੰ ਹੀ ਪਵਿੱਤਰ ਮੰਨਿਆ ਗਿਆ ਹੈ।

ਇਸੇ ਤਰ੍ਹਾਂ ਕੂਕਾ ਲਹਿਰ ਦੇ ਸੰਘਰਸ਼ਸ਼ੀਲ ਸਮੇਂ ਨੂੰ ਪਵਿੱਤਰ ਰੂਪ ਦਿੱਤਾ ਗਿਆ ਸੀ। ਏਸ ਮਰਯਾਦਾ ਕਾਰਨ ਹੀ ਕੂਕਾ ਲਹਿਰ ਨੇ ਇਤਿਹਾਸ ਦਾ......

ਪਹਿਲਾਂ ਬਾਬਾ ਰਾਮ ਸਿੰਘ ਜੀ ਨੇ ਗੁਰੂਆਂ ਦੀ ਮਰਯਾਦਾ ਨੇ ਮੁੱਖ ਰੱਖਦਿਆਂ ਚੰਗੀ ਤਰ੍ਹਾਂ ਜਾਣਕਾਰੀ ਕਰਾਉਂਦਿਆਂ 1862 ਈ: ਨੂੰ ਪੰਗਤ ਅਤੇ ਸੰਗਤ ਦੀ ਸਾਂਝੀਵਾਲਤਾ ਦੀ ਲਹਿਰ ਨੂੰ ਮੁੜ ਚਲਾਉਣ ਵਾਸਤੇ ਲੰਗਰ ਚਾਲੂ ਕੀਤਾ ਗਿਆ ਸੀ। ਇਹ ਲੰਗਰ ਅਜੇ ਭੀ ਸ੍ਰੀ ਭੈਣੀ ਸਾਹਿਬ ਅਟੁੱਟ ਚੱਲ ਰਿਹਾ ਹੈ। ਲੰਗਰ ਹੀ ਸਾਂਝੀਵਾਲਤਾ ਦਾ ਚਿੰਨ੍ਹ ਹੈ। ਲੰਗਰ ਹੀ ਮਨੁੱਖੀ ਆਤਮਾ ਤੇ ਕਬਜ਼ਾ ਕਰਦਾ ਹੈ। ਲੰਗਰ ਹੀ ਸਾਂਝੀਵਾਲਤਾ ਦਾ ਉਪਦੇਸ਼ ਦਿੰਦਾ ਹੈ। ਲੰਗਰ ਹੀ ਮਨੁੱਖੀ ਏਕਤਾ ਕਾਇਮ ਕਰਦਾ ਹੈ।

ਲੰਗਰ ਹੀ ਮਨੁੱਖੀ ਹਿੱਤਾਂ ਵਾਸਤੇ ਸੰਘਰਸ਼ ਕਰਾਉਂਦਾ ਹੈ। ਲੰਗਰ ਹੀ ਨਿੱਜੀ ਮਾਲਕੀ ਨੂੰ ਖ਼ਤਮ ਕਰਨ ਦਾ ਰੋਲ ਕਰਦਾ ਹੈ। ਲੰਗਰ ਹੀ ਜ਼ੁਲਮ ਨੂੰ ਖ਼ਤਮ ਕਰਨ ਵਾਸਤੇ ਉਪਦੇਸ਼ ਕਰਦਾ ਹੈ। ਇਕਾਂਕਣ ਕਰਾਉਣ ਵਾਸਤੇ ਸਹਾਇਤਾ ਕਰਦਾ ਹੈ। ਲੰਗਰ ਹੀ ਆਮ ਲੋਕਾਂ ਤੋਂ ਦਸਵੰਧ ਮੰਗਦਾ ਹੈ। ਸਾਂਝੀਵਾਲਤਾ ਦਾ ਮੁੱਢ ਲੰਗਰ ਹੀ ਹੈ। ਉਹ ਕੌਮ ਕਦੇ ਹਾਰ ਨਹੀਂ ਖਾਂਦੀ ਜਿੱਥੇ ਸਾਂਝੀਵਾਲਤਾ ਦਾ ਮੋਢੀ ਲੰਗਰ ਬਣ ਜਾਂਦਾ ਹੈ। ਲੰਗਰ ਹੀ ਮਨੁੱਖੀ ਜੀਵਨ ਦੀ ਕਾਇਆਂ ਪਲਟ ਕੇ ਬਹਾਦਰਾਂ ਦੀ ਕਤਾਰ ਵਿਚ ਸ਼ਾਮਲ ਕਰਾਉਂਦਾ ਹੈ। ਮਾਤਾ ਜੀਵਨ ਕੌਰ ਨੇ ਆਪਣੇ ਦੇਸ਼

ਭਗਤ ਪੁੱਤਰਾਂ ਨੂੰ ਬਚਪਨ ਤੋਂ ਹੀ ਲੰਗਰ ਦੀ ਮਹਾਨਤਾ ਦੱਸਦਿਆਂ, ਮਨੁੱਖੀ ਬਰਾਬਰਤਾ ਦੀ ਜਾਣਕਾਰੀ ਦਿੰਦਿਆਂ ਆਜ਼ਾਦੀ ਸੰਗ੍ਰਾਮ ਵਿਚ ਤੋਰੇ ਸਨ।

ਬਾਬਾ ਨਿਹਾਲ ਸਿੰਘ, ਸ: ਗੁਰਦਿਆਲ ਸਿੰਘ ਜੀ ਦੋਨਾਂ ਭਰਾਵਾਂ ਨੇ ਲਾਹੌਰ ਨੂੰ ਕੂਕਾ ਲਹਿਰ ਕੇਂਦਰ ਬਣਾ ਕੇ ਅਤੇ ਕੂਕਾ ਲਹਿਰ ਦੀ ਜਥੇਬੰਦੀ ਸਮੇਤ ਆਜ਼ਾਦੀ ਸੰਘਰਸ਼ ਦੀ ਅਗਵਾਈ ਕਰਨੀ ਸ਼ੁਰੂ ਕਰ ਦਿੱਤੀ। ਇਹ ਕੂਕਾ ਲਹਿਰ ਦੇ ਝੰਡੇ ਹੇਠਲੀ ਵਰਕਿੰਗ ਕਲਾਸ ਨੂੰ ਜੋੜ ਰਹੇ ਜਨ। ਕਿਉਂਕਿ ਕੂਕਾ ਲਹਿਰ ਦੀਆਂ ਮਹਾਨ ਕੁਰਬਾਨੀਆਂ ਦੁਨੀਆਂ ਦੇ ਸੰਗ੍ਰਾਮ ਨੂੰ ਰੋਸ਼ਨ ਕਰਦੀਆਂ ਮਾਰਗ ਦਰਸਾ ਰਹੀਆਂ ਸਨ ਅਤੇ ਸਰਕਾਰ ਦੀਆਂ ਗਤੀਵਿਧੀਆਂ ਤੋਂ ਜਾਣੂੰ ਹੋਣ ਖ਼ਾਤਰ ਲਾਹੌਰ ਨੂੰ ਕੇਂਦਰ ਬਣਾ ਕੇ ਸੰਗ੍ਰਾਮ ਦੀਆਂ ਮੁਹਿੰਮਾਂ ਤੋਰੀਆਂ ਜਾਂਦੀਆਂ ਸਨ।

ਸ: ਗੁਰਦਿਆਲ ਸਿੰਘ 13-14 ਸਾਲ ਦੀ ਉਮਰ ਪੂਰੀ ਕਰਦਿਆਂ ਚੰਗੇ ਬੁਲਾਰੇ ਬਣ ਗਏ ਸਨ। 1912 ਈ: ਨੂੰ ਆਜ਼ਾਦੀ ਸੰਗ੍ਰਾਮ ਦਾ ਸੁਨਹਿਰੀ ਝੰਡਾ ਫੜਕੇ ਸਾਥੀਆਂ ਸਮੇਤ ਮੈਦਾਨ ਵਿਚ ਉਤਰ ਗਏ ਸਨ। ਇਨ੍ਹਾਂ ਦੇ ਲੈਕਚਰ ਕਰਨ ਦੀ ਸਪੀਡ ਬਹੁਤ ਤੇਜ਼ ਸੀ। ਹਰ ਦੂਜੇ ਚੌਥੇ ਮਿੰਟ ਅੰਗਰੇਜ਼ ਸਰਕਾਰ ਦੇ ਖ਼ਿਲਾਫ਼ ਤੱਥ ਘਾੜ ਕੇ ਸਰੋਤਿਆਂ ਦੇ ਦਿਮਾਗ ਦਾ ਹਿੱਸਾ ਬਣਾ ਦਿੰਦੇ ਸਨ। ਸਰੋਤੇ ਮਨੁੱਖੀ ਬਰਾਬਰਤਾ ਵਾਸਤੇ ਲਾਮਬੰਦ ਹੋਣੇ ਸ਼ੁਰੂ ਹੋ ਜਾਂਦੇ ਸਨ। ਜਿਸ ਮੀਟਿੰਗ ਜਾਂ ਕਾਨਫਰੰਸ ਵਿਚ ਲੈਕਚਰ ਕਰਦੇ ਸਨ, ਸਰੋਤਿਆਂ ਨੂੰ ਨਵਾਂ ਜੀਵਨ ਮਾਰਗ ਉਤੇ ਤੋਰ ਦਿੰਦੇ ਸਨ। ਪਿੰਡ ਪਿੰਡ ਮਨੁੱਖੀ ਹਿੱਤਾਂ ਵਾਸਤੇ ਮੀਟਿੰਗ ਜਾਂ ਕਾਨਫ਼ਰੰਸਾਂ ਕਰਦੇ ਸਨ। ਸਾਥੀਆਂ ਦੇ ਰੈਅ ਮੁਤਾਬਿਕ 1914 ਈ: ਨੂੰ ਲਾਹੌਰ ਕੇਂਦਰ ਬਣਾ ਕੇ ਇਕੱਤਰਤਾ ਕਰਨੀ ਸ਼ੁਰੂ ਦਿੱਤੀ ਸੀ। ਸ: ਗੁਰਦਿਆਲ ਸਿੰਘ ਜੀ ਦੇ ਲੈਕਚਰ ਅਤੇ ਕੰਮ ਕਰਨ ਦੇ ਤਰੀਕੇ ਨਾਲ ਕੂਕਾ ਲਹਿਰ ਦੇ ਮੈਂਬਰ ਬਣ ਜਾਣ ਦੀ ਤੇਜ਼ੀ ਪੰਜਾਬ ਦੇ ਲੋਕਾਂ ਵਿਚ ਦੁੱਧ ਦੇ ਉਬਾਲੇ ਵਾਂਗੂ ਲਹਿਰ ਵਿਚ ਆ ਰਹੇ ਸਨ। ਜਿੱਧਰ ਜਾਂਦੇ ਦੋਵੇਂ ਭਾਈ ਇਕੱਠੇ ਜਾਂਦੇ ਸਨ। ਦੋਨਾਂ ਭਾਈਆਂ ਦਾ ਆਪਸ ਵਿਚ ਅਥਾਹ ਪਿਆਰ ਸੀ।

ਬਾਬਾ ਨਿਹਾਲ ਸਿੰਘ ਜੀ ਨੂੰ 20 ਸਤੰਬਰ 1919 ਈ: ਨੂੰ ਪੰਜਾਬ ਕਾਂਗਰਸ ਦਾ ਸਕੱਤਰ ਅਤੇ ਸ: ਗੁਰਦਿਆਲ ਸਿੰਘ ਨੂੰ ਪੰਜਾਬ ਕਾਂਗਰਸ ਦਾ ਪ੍ਰਧਾਨ ਬਣਾ ਦਿੱਤਾ ਗਿਆ ਸੀ।

ਜਦੋਂ ਕਿ ਮਹਾਂ ਪੰਜਾਬ ਦਾ ਖੇਤਰਫਲ ਬਹੁਤ ਲੰਮਾ ਚੌੜਾ ਸੀ। ਵਰਤਮਾਨ ਪਾਕਿਸਤਾਨ ਹਿਮਾਚਲ ਪ੍ਰਦੇਸ਼ ਹਰਿਆਣਾ ਰਾਜਾਂ ਨੂੰ ਜੋੜ ਕੇ ਮਹਾਂ ਪੰਜਾਬ ਆਖਿਆ ਜਾਂਦਾ ਸੀ। ਕੂਕਾ ਲਹਿਰ ਬਾਰੇ ਅਤੇ ਕਾਂਗਰਸ ਬਾਰੇ ਅੱਗੇ ਜਾ ਕੇ ਵਿਚਾਰ ਕਰਾਂਗੇ। ਪੁਰਾਣੇ ਪੰਜਾਬ ਦੀ ਕੂਕਾ ਲਹਿਰ ਦੀ ਮੈਂਬਰਸ਼ਿਪ ਸਾਰੇ ਹਿੰਦੁਸਤਾਨ ਦੇ ਮੁਕਾਬਲੇ ਮੰਨੀ ਜਾਂਦੀ ਸੀ। ਮਹਾਂ ਪੰਜਾਬ ਦੀ ਮੈਂਬਰਸ਼ਿਪ ਇਕ ਨੰਬਰ ਤੇ ਸੀ। ਬੰਗਾਲ ਦੀ ਦੂਜੇ ਨੰਬਰ ਤੇ ਮੰਨੀ ਜਾਂਦੀ ਸੀ। ਪੰਜਾਬ ਅਤੇ ਬੰਗਾਲ ਤੋਂ ਅੰਗਰੇਜ਼ ਸਰਕਾਰ ਦਾ ਬਹੁਤ ਨੁਕਸਾਨ ਹੋਇਆ ਸੀ। ਅੰਗਰੇਜ਼ ਨੇ ਇਸੇ ਕਰਕੇ ਬੰਗਾਲ ਅਤੇ ਪੰਜਾਬ ਦੇ ਟੋਟੇ ਕਰ ਦਿੱਤੇ ਗਏ ਸਨ। ਅੰਗਰੇਜ਼ ਪੰਜਾਬ ਨੂੰ ਇਕ ਨੰਬਰ ਦਾ ਦੁਸ਼ਮਣ ਸਮਝਦਾ ਸੀ। ਘੁੱਗ ਵਸਦੇ ਪੰਜਾਬ ਦੇ ਖੰਡਰ ਬਣਾ ਦਿੱਤੇ ਸਨ। ਅੰਗਰੇਜ਼ ਦੇ ਚੇਲੇ ਚਪਟਿਆਂ ਨੇ ਭਾਈ-ਭਾਈ ਨੂੰ ਦੁਸ਼ਮਣ ਬਣਾ ਦਿੱਤਾ ਗਿਆ ਸੀ। ਇਸੇ ਕਰਕੇ ਮੁੱਠੀ ਭਰ ਮੈਂਬਰਸ਼ਿਪ ਨੂੰ 15 ਅਗਸਤ 1947 ਈ: ਨੂੰ ਹਿੰਦੁਸਤਾਨ ਦੇ ਰਾਜ ਭਾਗ ਦੀ ਵਾਗਡੋਰ ਆਪਣੇ ਹਿਤੈਸ਼ੀਆਂ ਦੇ ਹੱਥਾਂ ਵਿਚ ਸੌਂਪ ਦਿੱਤੀ ਗਈ ਸੀ। ਰਾਜ ਕਰਨ ਦੀ ਕਾਹਲ ਕਾਰਨ ਵਾਲੀ ਲੀਡਰਸ਼ਿਪ ਨੂੰ ਗੁਮਰਾਹ ਕਰਕੇ ਜੋ ਹਿੰਦੁਸਤਾਨ ਵਿਚ ਅੰਗਰੇਜ਼ ਸਰਕਾਰ ਨੇ ਲੁੱਟ ਕੀਤੀ ਸੀ, ਗੁਮਰਾਹ ਹੋਈ ਲੀਡਰਸ਼ਿਪ ਨੇ ਅੰਗਰੇਜ਼ ਸਰਕਾਰ

ਦੀ ਨੀਤੀ ਮਾਲਕੀ ਲਿਖ ਦਿੱਤੀ ਗਈ ਸੀ। ਇਹ ਸਨ ਦੇਸ਼ ਭਗਤਾਂ ਨਾਲ ਅਤੇ ਅਮਰ ਸ਼ਹੀਦਾਂ ਨਾਲ ਮੁਖੀ ਲੀਡਰਾਂ ਦੇ ਗ਼ਦਾਰੀ ਦੇ ਤੱਥ। ਦੇਸ਼ ਉਸੇ ਤਰ੍ਹਾਂ ਹੀ ਆਰਥਿਕ ਸੰਕਟ ਦਾ ਸ਼ਿਕਾਰ ਹੋਇਆ ਤੁਰਿਆ ਆ ਰਿਹਾ ਹੈ। ਮਨੁੱਖੀ ਬਰਾਬਰਤਾ ਵਾਸਤੇ ਜੰਗ ਜਾਰੀ ਹੈ। ਜਦ ਤੱਕ ਮਨੁੱਖੀ ਬਰਾਬਰਤਾ ਅਤੇ ਮਨੁੱਖੀ ਏਕਤਾ ਇਕਮਿਕ ਨਹੀਂ ਹੋ ਸਕਦੀ ਉੱਨਾ ਚਿਰ ਸੰਘਰਸ਼ ਜਾਰੀ ਰਹੇਗਾ।

ਰਾਜ ਗੱਦੀ ਤੇ ਬਹਿੰਦਿਆਂ ਇਨ੍ਹਾਂ ਲੀਡਰਾਂ ਨੇ, ਇਨਕਲਾਬੀ ਦੇਸ਼ ਭਗਤਾਂ ਦੇ ਵਾਰੰਟ ਜਾਰੀ ਕਰ ਦਿੱਤੇ ਸਨ। ਪੂੰਜੀਪਤੀ ਲੀਡਰਾਂ, ਦੇਸ਼ ਦੀ ਸਤਾ ਹੜੱਪ ਕਰ ਲਈ। ਕੂਕਾ ਲਹਿਰ ਦੇ ਜੁਝਾਰੂ ਸੰਘਰਸ਼ ਨੂੰ ਨਜ਼ਰ ਅੰਦਾਜ਼ ਕਰ ਦਿੱਤਾ ਗਿਆ ਸੀ। ਦੂਸਰੀਆਂ ਲਹਿਰਾਂ ਨੂੰ ਵੀ ਖੂੰਡੇ ਲਾ ਦਿੱਤਾ ਸੀ। ਜਿੰਨਾ ਚਿਰ ਪੈਪਸੂ ਰਾਜ ਨਾ ਤੋੜਿਆ ਸੈਂਟਰ ਦੇ ਲੀਡਰਾਂ ਨੂੰ ਨੀਂਦ ਨਹੀਂ ਸੀ ਆਈ।

---

ਨੋਟ—ਬਾਬਾ ਪ੍ਰਤਾਪ ਸਿੰਘ ਜੀ ਸਾਹਿਬ ਨੇ 1931 ਈ: ਨੂੰ ਜਦੋਂ ਸਰਦਾਰ ਗੁਰਦਿਆਲ ਸਿੰਘ ਜੀ ਸਾਹਿਬ ! ਆਪਣੀ ਜੀਵਨ ਯਾਤਰਾ ਆਜ਼ਾਦੀ ਸੰਗਰਾਮ ਦੇ ਲੇਖੇ ਲਾ ਕੇ ਸਫਰ ਪੂਰਾ ਕਰ ਗਏ ਸਨ। ਬਾਬਾ ਪ੍ਰਤਾਪ ਸਿੰਘ ਜੀ ਸਾਹਿਬ ਨੇ ਉਨ੍ਹਾਂ ਦਿਨਾਂ ਵਿਚ, ਬਹਾਦਰ ਸਿੱਖਾਂ ਦੀ ਹੇਠਲੀ ਜਥੇਬੰਦੀ ਕਾਇਮ ਕਰਕੇ ਹਰ ਇਕ ਅਮਰ ਸ਼ਹੀਦ ਅਤੇ ਦੇਸ਼ ਭਗਤਾਂ ਪ੍ਰਵਾਰ ਦਾ ਪਤਾ ਕਰਨ ਵਾਸਤੇ ਯੋਗਤਾ ਮੁਤਾਬਕ ਮਹਾਨ ਟੋਲਾ ਤਿਆਰ ਕਰ ਲਿਆ ਸੀ। ਬਾਬਾ ਪ੍ਰਤਾਪ ਸਿੰਘ ਜੀ ਆਪ ਵੀ ਪਿੰਡਾਂ ਦਾ ਦੌਰਾ ਕਰਕੇ ਉਨ੍ਹਾਂ ਦੇਸ਼ ਭਗਤਾਂ ਦੇ ਪ੍ਰਵਾਰਾਂ ਨੂੰ ਮਿਲਦੇ ਰਹਿੰਦੇ ਸਨ।

ਹੇਠ ਲਿਖਿਆ ਬਹਾਦਰ ਸਿੱਖਾਂ ਦਾ ਟੋਲਾ ਪਿੰਡਾਂ ਵਿਚੋਂ ਆਪ ਹੀ ਉਗਰਾਹੀ ਇਕੱਠੀ ਕਰਕੇ ਲੋੜਵੰਦ ਅਮਰ ਸ਼ਹੀਦਾਂ ਦੇ ਅਤੇ ਦੇਸ਼ ਭਗਤਾਂ ਦੇ ਘਰ ਵਿਚ ਪੁਚਾ ਆਉਂਦੇ ਸਨ। ਹਰ ਪੱਖ ਤੋਂ ਉਨ੍ਹਾਂ ਪ੍ਰਵਾਰਾਂ ਦੀ ਲੋੜ ਮੁਤਾਬਕ ਮਦਦ ਕਰਦੇ ਸਨ। ਇਸ ਲਿਸਟ ਵਿਚ ਦੋਆਬੇ ਦੇ ਅਤੇ ਮਾਝੇ ਮਾਲਵੇ ਦੀ ਨਿਸ਼ਕਾਮ ਸੇਵਾ ਕਰਨ ਵਾਲੇ ਸਿੱਖ ਹਨ।

ਕਈ ਵਾਰੀ ਅੰਗਰੇਜ਼ ਸਰਕਾਰ ਇਸ ਟੋਲੇ ਨੂੰ ਹਿਰਾਸਤ ਵਿਚ ਲੈ ਕੇ ਕੂਕਾ ਲਹਿਰ ਦੀਆਂ ਗਤੀਵਿਧੀਆਂ ਬਾਰੇ ਸਵਾਲ ਕਰਦੀ ਸੀ। ਜਦੋਂ ਅੰਗਰੇਜ਼ ਸਰਕਾਰ ਦੇ ਕੁਝ ਪੱਲੇ ਨਾ ਪਾਉਂਦੇ, ਫੇਰ ਆਪੇ ਹੀ ਛੱਡ ਦਿੰਦੇ ਸਨ। ਇਨ੍ਹਾਂ ਕੂਕਾ ਲਹਿਰ ਦੇ ਵਰਕਰਾਂ ਦੇ ਚਰਿੱਤਰ ਉੱਚੇ ਤੇ ਸੁੱਚੇ ਸਨ। ਪੰਗਤ ਅਤੇ ਸੰਗਤ ਦੀ ਨਿਸ਼ਕਾਮ ਸੇਵਾ ਕਰਦੇ ਸਨ। ਬਾਬਾ ਪ੍ਰਤਾਪ ਸਿੰਘ ਜੀ ਸਾਹਿਬ ਦੇ ਹੁਕਮ ਨੂੰ ਰੱਬ ਦੇ ਰੂਪ ਦਾ ਹੁਕਮ ਸਮਝਦੇ ਸਨ। ਦੇਸ਼ ਭਗਤੀ ਦੇ ਰੰਗ ਵਿਚ ਰੰਗੇ ਰਹਿੰਦੇ ਸਨ।

ਅੱਜ ਉਨ੍ਹਾਂ ਦੇ ਵਾਰਸਾਂ ਨੂੰ (ਕੁਦਰਤੀ) ਯੋਗਤਾ ਨੂੰ ਮੁੱਖ ਰਖਦਿਆਂ ਮਾਣ ਪ੍ਰਾਪਤ ਹੈ। ਕੂਕਾ ਲਹਿਰ ਬਾਰੇ ਅਤੇ ਆਪਣੇ ਬਜ਼ੁਰਗਾਂ ਬਾਰੇ ਆਪਣਾ ਸਿਰ ਉੱਚਾ ਕਰਕੇ ਆਪਣੇ ਵਿਰਸੇ ਦੀ ਗੱਲ ਕਰ ਸਕਦੇ ਹਨ। ਇਨ੍ਹਾਂ ਬਜ਼ੁਰਗਾਂ ਬਾਰੇ ਲੇਖਕ ਦੀ ਆਪਣੀ ਖੋਜ ਹੈ।

(1) ਸ੍ਰ: ਸਾਹਿਬ ਸਿੰਘ ਜੀ, ਪਿੰਡ ਗੁਰੂ ਚਾਕੀਏ, ਤਹਿਸੀਲ ਡਾਸਕਾਂ, ਜ਼ਿਲ੍ਹਾ ਸਿਆਲਕੋਟ, ਅਜ ਪ੍ਰਵਾਰ, ਹਾਰਨੀਆਂ, ਜ਼ਿਲ੍ਹਾ ਸਿਰਸਾ। (2) ਸ੍ਰ: ਹਰਨਾਮ ਸਿੰਘ ਜੀ, ਪਿੰਡ ਗੁਰੂ ਚਾਕੀਏ, ਤਹਿਸੀਲ ਡਾਸਕਾਂ, ਜ਼ਿਲ੍ਹਾ ਸਿਆਲਕੋਟ, ਅਜ ਪ੍ਰਵਾਰ, ਹਾਰਨੀਆਂ, ਜ਼ਿਲ੍ਹਾ ਸਿਰਸਾ। (3) ਸ੍ਰ: ਹਰਭਜਨ ਸਿੰਘ ਜੀ, ਪਿੰਡ ਗੁਰੂ ਚਾਕੀਏ, ਤਹਿਸੀਲ ਡਾਸਕਾਂ, ਜ਼ਿਲ੍ਹਾ ਸਿਆਲਕੋਟ ਅਜ ਪ੍ਰਵਾਰ

Sri Satguru Jagjit Singh Ji Elibrary NamdhariElibrary@gmail.com

ਹਾਰਨੀਆਂ, ਜ਼ਿਲ੍ਹਾ ਸਿਰਸਾ। (4) ਸ: ਪ੍ਰਤਾਪ ਸਿੰਘ ਜੀ, ਪਿੰਡ ਗੁਰੂ ਚਾਕੀਏ, ਤਹਿ: ਡਾਸਕਾ, ਜ਼ਿਲ੍ਹਾ ਸਿਆਲਕੋਟ, ਆਜ ਪ੍ਰਵਾਰ, ਹਾਰਨੀਆਂ, ਜ਼ਿਲ੍ਹਾ ਸਿਰਸਾ। (5) ਸ: ਭਾਗਵਾਨ ਸਿੰਘ ਜੀ, ਪਿੰਡ ਗੁਰੂ ਚਾਕੀਏ, ਤਹਿਸੀਲ ਡਾਸਕਾ, ਜ਼ਿਲ੍ਹਾ ਸਿਆਲਕੋਟ, ਆਜ ਪ੍ਰਵਾਰ, ਹਾਰਨੀਆਂ, ਜ਼ਿਲ੍ਹਾ ਸਿਰਸਾ। (6) ਸ: ਸੰਗਰਾ ਸਿੰਘ ਜੀ, ਪਿੰਡ ਗੁਰੂ ਚਾਕੀਏ, ਤਹਿਸੀਲ ਡਾਸਕਾ, ਜ਼ਿਲ੍ਹਾ ਸਿਆਲਕੋਟ, ਆਜ ਪ੍ਰਵਾਰ, ਹਾਰਨੀਆਂ, ਜ਼ਿਲ੍ਹਾ ਸਿਰਸਾ। (7) ਸ: ਹਜ਼ਾਰਾ ਸਿੰਘ ਜੀ, ਪਿੰਡ ਗੁਰੂ ਚਕੀਏ, ਤਹਿਸੀਲ ਡਾਸਕਾ, ਜ਼ਿਲ੍ਹਾ ਸਿਆਲਕੋਟ ਆਜ ਪ੍ਰਵਾਰ, ਹਰਨੀਆਂ, ਜ਼ਿਲ੍ਹਾ ਸਿਰਸਾ, (8) ਸ: ਹਜ਼ਾਰਾ ਸਿੰਘ ਜੀ, ਪਿੰਡ ਗਿਲਾ, ਜ਼ਿਲ੍ਹਾ ਸਿਆਲਕੋਟ, ਆਜ ਪ੍ਰਵਾਰ, ਜਗਜੀਤ ਨਗਰ, ਸਿਰਸਾ। (9) ਸ: ਨਰੈਣ ਸਿੰਘ ਜੀ ਪਿੰਡ ਗਿਲ, ਜ਼ਿਲ੍ਹਾ ਸਿਆਲਕੋਟ, ਆਜ ਪ੍ਰਵਾਰ, ਜਗਜੀਤ ਨਗਰ, ਸਿਰਸਾ। (10) ਸ: ਪੰਜਾਬ ਸਿੰਘ ਪਿੰਡ ਮਠਾਡਾ ਕਾਲਾਂ, ਜ਼ਿਲ੍ਹਾ ਜਲੰਧਰ, ਆਜ ਪ੍ਰਵਾਰ, ਮਸਤਾਨਗੜ੍ਹ, ਸਿਰਸਾ। (11) ਸ: ਕਰਤਾਰ ਸਿੰਘ ਜੀ ਪਿੰਡ ਮਠਾਡਾ, ਜ਼ਿਲ੍ਹਾ ਜਲੰਧਰ, ਆਜ ਪ੍ਰਵਾਰ, ਮਸਤਾਨਗੜ੍ਹ, ਸਿਰਸਾ। (12) ਸ: ਦਾਲ ਸਿੰਘ ਜੀ ਪਿੰਡ ਭਾਕਰਨਾਂ, ਸਮਰਾਲਾ, ਆਜ ਪ੍ਰਵਾਰ, ਬੀੜ ਨਾਭੇ ਵਾਲੀ। (13) ਸ: ਪਿਆਰਾ ਸਿੰਘ ਜੀ ਪਿੰਡ ਭਾਕਰਨਾ, ਸਮਰਾਲਾ, ਆਜ ਪ੍ਰਵਾਰ, ਬੀੜ ਨਾਭੇ ਵਾਲੀ। (14) ਸ: ਖੜਕ ਸਿੰਘ ਜੀ ਪਿੰਡ ਖਰਪਾ, ਜ਼ਿਲ੍ਹਾ ਸਿਆਲਕੋਟ, ਆਜ ਪ੍ਰਵਾਰ, ਰਾਣੀਆਂ, ਸਿਰਸਾ। (15) ਸ: ਬਹਾਲ ਸਿੰਘ ਜੀ ਪਿੰਡ, ਖੁਰਪਾ, ਜ਼ਿਲ੍ਹਾ ਸਿਆਲ-ਕੋਟ, ਆਜ ਪ੍ਰਵਾਰ, ਰਾਣੀਆਂ, ਸਿਰਸਾ। (16) ਸੰਤ ਜਗਤ ਸਿੰਘ ਜੀ ਖੜੂਵਾਲੀਏ, ਜ਼ਿਲ੍ਹਾ ਸਿਆਲਕੋਟ, ਆਜ ਪ੍ਰਵਾਰ ਪਿੰਡ ਭੱਲ, ਤਹਿਸੀਲ ਮਲੇਰਕੋਟਲਾ। (17) ਸੰਤ ਭਗਤ ਸਿੰਘ ਜੀ ਪਿੰਡ ਖੜੂਆਲੇਏ, ਜ਼ਿਲ੍ਹਾ ਸਿਆਲਕੋਟ, ਆਜ ਪ੍ਰਵਾਰ ਪਿੰਡ ਭੱਲ, ਤਹਿਸੀਲ ਮਲੇਰਕੋਟਲਾ। (19) ਸ: ਲਾਭ ਸਿੰਘ ਜੀ ਪਿੰਡ ਖੜੂ ਬਾਲੀਆਂ, ਜ਼ਿਲ੍ਹਾ ਸਿਆਲਕੋਟ, ਆਜ ਪ੍ਰਵਾਰ ਪਿੰਡ ਭੱਲ, ਤਹਿਸੀਲ ਮਲੇਰਕੋਟਲਾ। (20) ਜਥੇਦਾਰ ਰਘਬੀਰ ਸਿੰਘ ਜੀ ਪਿੰਡ ਖੜੂ ਵਾਲੀਆ, ਜ਼ਿਲ੍ਹਾ ਸਿਆਲਕੋਟ, ਆਜ ਪ੍ਰਵਾਰ, ਪਿੰਡ ਭੱਲ, ਤਹਿਸੀਲ ਮਲੇਰਕੋਟਲਾ। (21) ਸ: ਇੰਦਰ ਸਿੰਘ ਜੀ ਪਿੰਡ ਖੜੂ ਵਾਲੀਆਂ, ਜ਼ਿਲ੍ਹਾ ਸਿਆਲਕੋਟ, ਆਜ ਪ੍ਰਵਾਰ ਪਿੰਡ ਭੱਲ, ਤਹਿਸੀਲ ਮਲੇਰਕੋਟਲਾ। (22) ਸ: ਚੇਨ ਸਿੰਘ ਜੀ ਪਿੰਡ ਖੜੂ ਵਾਲੀਆਂ, ਜ਼ਿਲ੍ਹਾ ਸਿਆਲਕੋਟ, ਆਜ ਪ੍ਰਵਾਰ ਪਿੰਡ ਭੱਲ, ਤਹਿਸੀਲ ਮਲੇਰਕੋਟਲਾ। (23) ਸ: ਕਰਤਾਰ ਸਿੰਘ ਜੀ ਪਿੰਡ ਟਾਲੀਆਲ, ਜ਼ਿਲ੍ਹਾ ਸਿਆਲਕੋਟ, ਆਜ ਪ੍ਰਵਾਰ, ਪਿੰਡ ਭੱਲ, ਤਹਿਸੀਲ ਮਲੇਰਕੋਟਲਾ, (24) ਸ: ਹਰਦਿਆਲ ਸਿੰਘ ਜੀ ਪਿੰਡ ਰਫਯਲ, ਜ਼ਿਲ੍ਹਾ ਸਿਆਲਕੋਟ।

ਨੋਟ:—ਉਪਰਲੀ ਲਿਸਟ-9 ਆਜ਼ਾਦੀ ਸੰਗਰਾਮੀਆਂ ਦੀ, ਸ: ਸਵਰਨ ਸਿੰਘ ਜੀ ਸਰਪੰਚ ਪਿੰਡ ਭਲਤੋ (ਧੰਨਵਾਦ ਸਹਿਤ ਪ੍ਰਾਪਤ ਕੀਤੀ)।

(25) ਸ: ਗੰਡਾ ਸਿੰਘ ਜੀ ਮਜ਼੍ਹਬੀ ਸਿੱਖ, ਪਿੰਡ ਠਾਠ, ਜ਼ਿਲ੍ਹਾ ਅੰਮ੍ਰਿਤਸਰ, ਆਜ ਪ੍ਰਵਾਰ ਸ੍ਰੀ ਭੈਣੀ ਸਾਹਿਬ, ਲੁਧਿਆਣਾ। (26) ਸ: ਕਿਸ਼ਨ ਜੀ ਮਜ਼੍ਹਬੀ ਸਿੱਖ, ਪਿੰਡ ਬਡਲਾ, ਜ਼ਿਲ੍ਹਾ ਅੰਮ੍ਰਿਤਸਰ, ਆਜ ਪ੍ਰਵਾਰ ਪਿੰਡ ਬੜੇਲਿਆਂ ਵਾਲੀ, ਜ਼ਿਲ੍ਹਾ ਸਿਰਸਾ। (27) ਸ: ਇੰਦਰ ਸਿੰਘ ਜੀ ਮਜ਼੍ਹਬੀ ਸਿੱਖ, ਪਿੰਡ ਬਡਾਲਾਂ, ਜ਼ਿਲ੍ਹਾ ਅੰਮ੍ਰਿਤਸਰ, ਆਜ ਪ੍ਰਵਾਰ ਪਿੰਡ ਭੰਗੂਰ, ਜ਼ਿਲ੍ਹਾ ਸਿਰਸਾ। (28) ਸ: ਬਹਾਦਰ ਸਿੰਘ ਜੀ ਮਜ਼੍ਹਬੀ ਸਿੱਖ ਪਿੰਡ ਮੀਆਂ ਬੇਡ ਜ਼ਿਲ੍ਹਾ ਅੰਮ੍ਰਿਤਸਰ, ਆਜ ਪ੍ਰਵਾਰ, ਜੀਵਨ ਨਗਰ (ਸੁਤੰਤਰ ਨਗਰ) ਸਿਰਸਾ। (29) ਸ: ਸੋਹਣ ਸਿੰਘ ਜੀ ਮਜ਼੍ਹਬੀ

Sri Satguru Jagjit Singh Ji Elibrary NamdhariElibrary@gmail.com

ਸਿੱਖ ਪਿੰਡ ਚੀਮੇ ਜ਼ਿਲ੍ਹਾ ਅੰਮ੍ਰਿਤਸਰ, ਆਜ ਪ੍ਰਵਾਰ, ਜੀਵਨ ਨਗਰ, ਸਤੰਤਰ ਨਗਰ ਨੇੜੇ ਸਿਰਸਾ। (30) ਸੁ: ਉਜਾਗਰ ਸਿੰਘ ਜੀ ਮਜ਼ਬੀ ਸਿੱਖ ਪਿੰਡ ਬਡਾਲਾ, ਜ਼ਿਲ੍ਹਾ ਅੰਮ੍ਰਿਤਸਰ, ਆਜ ਪ੍ਰਵਾਰ ਪਿੰਡ ਭਾੜੋਲੀਆਂ ਬਾਲੀ, ਸਿਰਸਾ। (31) ਸੁ: ਬਲਵੰਤ ਸਿੰਘ ਜੀ, ਮਜ਼ਬੀ ਸਿੱਖ ਪਿੰਡ ਵੀਪੋਈ, ਜ਼ਿਲ੍ਹਾ ਅੰਮ੍ਰਿਤਸਰ, ਆਜ ਪ੍ਰਵਾਰ, ਭਾੜੋਲਿਆਂ ਬਾਲੀ, ਸਿਰਸਾ। (32) ਸੁ: ਸਾਧਾ ਸਿੰਘ ਜੀ ਮਜ਼ਬੀ ਸਿੱਖ ਪਿੰਡ ਬਡਾਲਾ, ਜ਼ਿਲ੍ਹਾ ਅੰਮ੍ਰਿਤਸਰ, ਆਜ ਪ੍ਰਵਾਰ ਪਡੋਲਿਆਂ ਬਾਲੀ, ਜ਼ਿਲ੍ਹਾ ਸਿਰਸਾ। (34) ਜਥੇਦਾਰ ਕਾਲਾ ਸਿੰਘ ਜੀ ਮਜ਼ਬੀ ਸਿੱਖ, ਆਜ ਪ੍ਰਵਾਰ ਸਿਰਸਾ-ਸੀ-ਸੰਤ ਨਗਰ, ਜ਼ਿਲ੍ਹਾ ਸਿਰਸਾ। (35) ਸੁ: ਨੰਦ ਸਿੰਘ ਜੀ ਮਜ਼ਬੀ ਸਿੱਖ ਪਿੰਡ ਬੇੜਬਾਲ, ਜ਼ਿਲ੍ਹਾ ਅੰਮ੍ਰਿਤਸਰ, ਆਜ ਪ੍ਰਵਾਰ ਭੜੋਲਿਆਂ ਬਾਲ, ਜ਼ਿਲ੍ਹਾ ਸਿਰਸਾ। (37) ਪੰਡਤ ਗਿਆਨ ਸਿੰਘ ਜੀ ਪਿੰਡ ਬਾਣੀਆਕੇ, ਜ਼ਿਲ੍ਹਾ ਅੰਮ੍ਰਿਤਸਰ, ਆਜ ਪ੍ਰਵਾਰ, ਸੰਤ ਨਗਰ, ਦੋਲਨਾਬਾਦ, ਜ਼ਿਲ੍ਹਾ ਸਿਰਸਾ।

ਨੋਟ :—ਉਪਰਲੀ ਲਿਸਟ 12 ਆਜ਼ਾਦੀ ਸੰਗਰਾਮੀਆਂ ਦੀ—ਬਾਬਾ ਗੇਂਡਾ ਸਿੰਘ ਮਜ਼ਬੀ ਸਿੱਖ ਜੀ ਪਿੰਡ ਨਾਥਾ ਦੇ ਜ਼ਬਾਨੀ (ਧੰਨਵਾਦ ਸਹਿਤ) ਪ੍ਰਾਪਤ ਕੀਤੀ ਗਈ।

(38) ਸੁ: ਕਿਸ਼ਨ ਸਿੰਘ ਪਿੰਡ ਬਾਣੀਏਕੇ ਜ਼ਿਲ੍ਹਾ ਅੰਮ੍ਰਿਤਸਰ, ਆਜ ਪ੍ਰਵਾਰ ਸੰਤ ਨਗਰ ਢਾਣੀ ਰਸਾਲ ਸਿੰਘ ਬਾਲ ਸਿਰਸਾ। (39) ਸੁ: ਰਸਾਲ ਸਿੰਘ ਜੀ, ਪਿੰਡ ਬਾਣੀਏਕੇ ਜ਼ਿਲ੍ਹਾ ਅੰਮ੍ਰਿਤਸਰ, ਆਜ ਪ੍ਰਵਾਰ ਸੰਤ ਨਗਰ, ਢਾਣੀ ਰਸਾਲ ਸਿੰਘ ਬਾਲ, ਸਿਰਸਾ। (40) ਸੁ: ਜੰਗ ਸਿੰਘ ਜੀ ਚੀਮਾ, ਪਿੰਡ ਚੀਮਾ, ਜ਼ਿਲ੍ਹਾ ਲਾਹੌਰ, ਪਾਕਿਸਤਾਨ, ਆਜ ਪ੍ਰਵਾਰ ਖੂਹ ਅੰਮ੍ਰਿਤਸਰੀਆਂ, ਜ਼ਿਲ੍ਹਾ ਸਿਰਸਾ। (41) ਸੁ: ਪਾਲ ਸਿੰਘ ਜੀ ਪਿੰਡ ਬਾਣੀਆਕੇ ਜ਼ਿਲ੍ਹਾ ਅੰਮ੍ਰਿਤਸਰ, ਆਜ ਪ੍ਰਵਾਰ ਸੰਤ ਨਗਰ, ਜ਼ਿਲ੍ਹਾ ਸਿਰਸਾ। (42) ਸੁ: ਲਦਾ ਸਿੰਘ ਜੀ (ਸੂਬਾ) ਜ਼ਿਲ੍ਹਾ ਮਿੰਟਗੁਮਰੀ, ਪਾਕਿਸਤਾਨ, ਆਜ ਪ੍ਰਵਾਰ ਖੂਹ ਅੰਮ੍ਰਿਤਸਰੀਆਂ ਜ਼ਿਲ੍ਹਾ ਸਿਰਸਾ। (43) ਸੁ: ਅਰਜਨ ਸਿੰਘ ਜੀ ਪਿੰਡ ਕਾਲੇਰਾ, ਜ਼ਿਲ੍ਹਾ ਅੰਮ੍ਰਿਤਸਰ, ਆਜ ਪ੍ਰਵਾਰ ਖੂਹ ਅੰਮ੍ਰਿਤਸਰੀਆਂ, ਸਿਰਸਾ। (44) ਸੁ: ਸੁਰਜਨ ਸਿੰਘ ਜੀ ਪਿੰਡ ਬਾਚੀਵੇਡ, ਜ਼ਿਲ੍ਹਾ ਅੰਮ੍ਰਿਤਸਰ, ਆਜ ਪ੍ਰਵਾਰ ਖੂਹ ਅੰਮ੍ਰਿਤਸਰੀਆਂ, ਸਿਰਸਾ। (45) ਸੁ: ਲਾਭ ਸਿੰਘ ਜੀ ਪਿੰਡ ਗਿਲ, ਜ਼ਿਲ੍ਹਾ ਸੇਖੂ ਪੁਰੇ ਪਾਕਿਸਤਾਨ ਆਜ ਪ੍ਰਵਾਰ ਖੂਹ ਅੰਮ੍ਰਿਤਸਰੀਆਂ, ਸਿਰਸਾ। (46) ਸੁ: ਬਘੇਲ ਸਿੰਘ ਜੀ ਹਕੀਮ ਪਿੰਡ ਮੁਗਲ ਚਾਕ, ਜ਼ਿਲ੍ਹਾ ਅੰਮ੍ਰਿਤਸਰ, ਆਜ ਪ੍ਰਵਾਰ ਖੂਹ ਅੰਮ੍ਰਿਤਸਰੀਆਂ, ਜ਼ਿਲ੍ਹਾ ਸਿਰਸਾ। (47) ਸੁ: ਤੇਜਾ ਸਿੰਘ ਜੀ ਬਡਾਲੀਆ, ਪਿੰਡ ਬਡਾਲਾ, ਜ਼ਿਲ੍ਹਾ ਅੰਮ੍ਰਿਤਸਰ, ਆਜ ਪ੍ਰਵਾਰ ਖੂਹ ਅੰਮ੍ਰਿਤਸਰੀਆਂ, ਜ਼ਿਲ੍ਹਾ ਸਿਰਸਾ। (48) ਸੰਤ ਉੱਤਮ ਸਿੰਘ ਜੀ ਬੁਰੀਵਾਲਾ ਪਿੰਡ ਭਬਾਲ, ਜ਼ਿਲ੍ਹਾ ਅੰਮ੍ਰਿਤਸਰ, ਆਜ ਪ੍ਰਵਾਰ ਖੂਹ ਅੰਮ੍ਰਿਤਸਰੀਆਂ, ਜ਼ਿਲ੍ਹਾ ਸਿਰਸਾ। (49) ਸੁ: ਅੱਛਰ ਸਿੰਘ ਜੀ ਪਿੰਡ ਬਡਾਲਾ, ਜ਼ਿਲ੍ਹਾ ਅੰਮ੍ਰਿਤਸਰ, (50) ਸੁ: ਸਰੈਣ ਸਿੰਘ ਜੀ ਚਕ ਨੰਬਰ 30 ਜ਼ਿਲ੍ਹਾ ਗੰਗਾ ਨਗਰ, ਆਜ ਪ੍ਰਵਾਰ ਖੂਹ ਅੰਮ੍ਰਿਤਸਰੀਆਂ (ਸੰਤ ਨਗਰ) ਸਿਰਸਾ। (51) ਸੁ: ਹਰਬੰਸ ਸਿੰਘ ਜੀ ਹਕੀਮ, ਪਿੰਡ ਜਗਦੇਵੇ, ਜ਼ਿਲ੍ਹਾ ਅੰਮ੍ਰਿਤਸਰ, ਆਜ ਪ੍ਰਵਾਰ ਖੂਹ ਅੰਮ੍ਰਿਤਸਰੀਆਂ, ਜ਼ਿਲ੍ਹਾ ਸਿਰਸਾ। (52) ਸੁ: ਜੈ ਸਿੰਘ ਅਤੇ ਜਿਓਣ ਸਿੰਘ ਜੀ ਪਿੰਡ ਗੜੀਖੇਤ, ਜ਼ਿਲ੍ਹਾ ਅੰਮ੍ਰਿਤਸਰ।

ਨੋਟ :—ਉਪਰਲੀ ਲਿਸਟ 15 ਆਜ਼ਾਦੀ ਸੰਗਰਾਮੀਆਂ ਦੀ, ਬਾਬਾ ਰਸਾਲ ਸਿੰਘ ਜੀਤੋ ਅਤੇ ਜਗਤਾਰ ਸਿੰਘ ਸਰਪੰਚ ਜੀ ਤੋਂ (ਧੰਨਵਾਦ ਸਹਿਤ) ਪ੍ਰਾਪਤ ਕੀਤੀ ਹੈ।

Sri Satguru Jagjit Singh Ji Elibrary NamdhariElibrary@gmail.com

(53) ਸ੍ਰ: ਖੜਕ ਸਿੰਘ ਜੀ ਪਿੰਡ ਖੁਰਪਾ, ਜ਼ਿਲ੍ਹਾ ਸਿਆਲਕੋਟ ਪਾਕਿਸਤਾਨ, ਆਜ ਪ੍ਰਵਾਰ ਰਾਣੀਆਂ ਜ਼ਿਲ੍ਹਾ ਸਿਰਸਾ। (54) ਸ੍ਰ: ਬਹਾਲ ਸਿੰਘ ਜੀ ਖੁਰਪਾ, ਜ਼ਿਲਾ ਸਿਆਲਕੋਟ, ਪਾਕਿਸਤਾਨ ਆਜ ਪ੍ਰਵਾਰ ਰਾਣੀਆਂ ਜ਼ਿਲ੍ਹਾ ਸਿਰਸਾ। (55). ਬਾਬਾ ਬੰਤਾ ਸਿੰਘ ਜੀ ਵੈਦ ਪਿੰਡ ਚੂਹਿਚੜ ਜ਼ਿਲ੍ਹਾ ਲਾਇਲਪੁਰ ਪਾਕਿਸਤਾਨ।

ਅਜ ਰਾਣੀਆਂ ਕਸਬੇ ਵਿਚ ਕਮਿਊਨਿਸਟ ਲਹਿਰ ਦਾ ਦਫਤਰ ਬਾਬਾ ਬੰਤਾ ਸਿੰਘ ਦੀ ਯਾਦ ਵਾਸਤੇ ਬਣਾਇਆ ਗਿਆ ਹੈ।

ਨੋਟ :—ਇਹ ਤਿੰਨੋ ਆਜ਼ਾਦੀ ਸੰਗਰਾਮੀਏ ਬਾਬਾ ਪ੍ਰਤਾਪ ਸਿੰਘ ਜੀ ਸਾਹਿਬ ਦੇ ਸੰਪਰਕ ਵਿਚ ਆਜ਼ਾਦੀ ਸੰਘਰਸ਼ ਲੜਦੇ ਰਹੇ ਸਨ।

Sri Satguru Jagjit Singh Ji Elibrary NamdhariElibrary@gmail.com

## ਕਾਂਡ—16

ਪਾਠਕ ਜੀ ਆਪਾਂ ਮਗਰ ਮੁੜਦੇ ਹੋਏ ਕੂਕਾ ਲਹਿਰ ਬਾਰੇ ਜਾਣਕਾਰੀ ਕਰਦੇ ਹਾਂ। ਇਸ ਆਜ਼ਾਦੀ ਸੰਗ੍ਰਾਮ ਬਾਰੇ ਪੰਜਾਬੀ ਕੌਮ ਨੇ ਕਿਵੇਂ ਸੰਘਰਸ਼ ਲੜਦਿਆਂ ਅੰਗਰੇਜ਼ ਸਰਕਾਰ ਦੀਆਂ ਜੜ੍ਹਾਂ ਹਲੂਣ ਕੇ ਦੇਸ਼ ਵਿਚੋਂ ਕੱਢਿਆ।

ਵਿਸਾਖੀ ਵਾਲੇ ਦਿਨ 13 ਅਪ੍ਰੈਲ 1919 ਈ: ਨੂੰ ਅੰਗਰੇਜ਼ ਸਰਕਾਰ ਨੇ ਵਿਸਾਖੀ ਵੇਖਣ ਆਏ ਆਮ ਲੋਕਾਂ ਉੱਤੇ ਜਲ੍ਹਿਆਂ ਵਾਲੇ ਬਾਗ ਸ੍ਰੀ ਅੰਮ੍ਰਿਤਸਰ ਵਿਚ ਹੋਏ ਇਕੱਠ ਉਤੇ ਅੰਨ੍ਹੇਵਾਹ ਗੋਲੀਆਂ ਚਲਾਕੇ 1300 ਆਮ ਲੋਕਾਂ ਨੂੰ ਸ਼ਹੀਦ ਕਰ ਦਿਤਾ ਗਿਆ ਸੀ। ਸ਼ਹੀਦ ਹੋਣ ਵਾਲਿਆਂ ਵਿਚ ਔਰਤਾਂ ਅਤੇ ਬੱਚੇ ਵੀ ਸ਼ਾਮਲ ਸਨ। ਇਹ ਖ਼ਬਰ ਫੂਸ ਦੀ ਅੱਗ ਵਾਂਗੂੰ ਸਾਰੀ ਦੁਨੀਆਂ ਵਿਚ ਫੈਲ ਗਈ ਸੀ। ਇਹ ਕੂਕਾ ਲਹਿਰ ਬਾਰੇ ਚੌਥੀ ਚੁਣੌਤੀ ਸੀ। ਆਜ਼ਾਦੀ ਸੰਗ੍ਰਾਮੀਆਂ ਦਾ ਖ਼ੂਨ ਖੌਲ ਉਠਿਆ ਸੀ।

1. ਪਹਿਲੀ ਚੁਣੌਤੀ 1857 ਈ ਨੂੰ ਗ਼ਦਰ ਵਿਚ ਬਾਬਾ ਰਾਮ ਸਿੰਘ ਦੇ ਬਹੁਤ ਸਾਰੇ ਵੱਡੇ ਸਾਥੀ ਅਮਰ ਸ਼ਹੀਦੀਆਂ ਪਾ ਗਏ ਸਨ। ਬਾਬਾ ਜੀ ਨੂੰ ਦੂਜੀ ਵਾਰ ਆਪਣੀ ਲਹਿਰ ਦਾ ਸੰਗਠਨ ਕਰਨਾ ਪਿਆ।

2. ਦੂਸਰੀ ਚੁਣੌਤੀ ਕੂਕਾ ਲਹਿਰ 1872 ਈ: ਨੂੰ ਮਲੇਰਕੋਟਲੇ ਦੇ ਕੱਲਰ ਵਿਚ ਬਗੈਰ ਮੁਕੱਦਮਾ ਚਲਾਏ ਬਹੁਤ ਸਾਰੇ ਕੂਕਿਆਂ ਨੂੰ ਤੋਪਾਂ ਦੇ ਗੋਲਿਆਂ ਨਾਲ ਕੱਲਰ ਵਿਚ ਖੜੇ ਕਰ ਕੇ, ਹਵਾ ਵਿਚ ਉਡਾ ਦਿਤਾ ਗਿਆ ਸੀ। ਬਰਦੇ ਬੁਝ ਫਾਂਸੀਆਂ ਨਾਲ ਲਟਕਾ ਦਿੱਤੇ ਸਨ। ਇਸ ਤੋਂ ਇਲਾਵਾ ਸਮੇਤ ਬਾਬਾ ਰਾਮ ਸਿੰਘ ਜੀ ਦੇ ਕਾਲੇ ਪਾਣੀਆਂ ਦੀਆਂ ਉਮਰ ਕੈਦਾਂ ਕਰਕੇ ਬਹੁਤ ਦੂਰ ਪ੍ਰਦੇਸ਼ਾਂ ਵਿਚ ਘਲ ਦਿੱਤੇ ਸਨ। ਕੂਕਾ ਲਹਿਰ ਦੇ ਮੁੱਖੀਆਂ ਦੀ ਜ਼ਮੀਨ ਜਾਇਦਾਦ ਜ਼ਬਤ ਕਰ ਦਿੱਤੀ ਗਈ ਸੀ।

3. ਤੀਸਰੀ ਚੁਣੌਤੀ 21 ਸਤੰਬਰ 1914 ਈ: ਨੂੰ ਕਾਮਾਗਾਟਾਮਾਰੂ ਜ਼ਹਾਜ਼ ਦੇ ਮੁਸਾਫਰਾਂ ਨੂੰ ਕਲਕੱਤਾ......ਘਾਟ ਤੇ ਉਤਰਦੇ ਜਹਾਜ਼ ਦੇ ਮੁਸਾਫਰਾਂ ਨੂੰ ਆਪਣੇ ਦੇਸ਼ ਪਰਤਦੇ ਲੋਕਾਂ ਨੂੰ, ਮਾਸੂਮ ਬੱਚੇ ਅਤੇ ਔਰਤਾਂ ਨੂੰ ਗੋਲੀਆਂ ਚਲਾ ਕੇ ਸੈਂਕੜੇ ਜਾਨਾਂ ਨੂੰ ਸ਼ਹੀਦ ਕਰ ਕੇ ਮਿੱਟੀ ਵਿਚ ਮਿਲਾ ਦਿੱਤਾ ਗਿਆ ਸੀ। ਹੋਰ ਮੁਸਾਫਰਾਂ ਨੂੰ ਫੜਕੇ ਕਾਲੇ ਪਾਣੀਆਂ ਦੀਆਂ ਸਜ਼ਾਵਾਂ ਦਿਤੀਆਂ ਗਈਆਂ ਸਨ। ਕਈਆਂ ਨੂੰ ਫਾਂਸੀ ਲਾ ਦਿਤਾ ਗਿਆ ਸੀ। ਇਹਨਾਂ ਵਿਚੋਂ ਥੋੜ੍ਹੇ ਹੀ ਅੰਡਰ ਗਰਾਊਂਡ ਹੋਏ ਸੀ। ਉਹ ਵੀ ਸਾਰੀ ਉਮਰ ਆਪਣੇ ਘਰ ਦਾ ਬੂਹਾ ਨਹੀਂ ਸੀ ਲੰਘ ਸਕੇ। ਉਹਨਾਂ ਦੇ ਘਰ-ਘਾਟ ਖ਼ਤਮ ਕਰ ਦਿਤੇ ਗਏ।

4. ਜਲ੍ਹਿਆਂ ਵਾਲੇ ਬਾਗ ਦੀ ਇਹ ਚੌਥੀ ਚੁਣੌਤੀ ਸੀ। ਅੰਮ੍ਰਿਤਸਰ ਗੁਰਦੁਆਰੇ ਆਏ ਮੱਥਾ ਟੇਕਣ ਆਏ ਆਮ ਲੋਕਾਂ ਤੇ ਅੰਨ੍ਹੇਵਾਹ ਗੋਲੀਆਂ ਚਲਾਕੇ ਬਾਲ, ਬੁੱਢੇ, ਬੱਚੇ ਅਤੇ ਔਰਤਾਂ



Sri Satguru Jagjit Singh Ji Elibrary NamdhariElibrary@gmail.com

13 ਅਪ੍ਰੈਲ 1919 ਨੂੰ ਸ਼ਹੀਦ ਕਰ ਦਿੱਤੇ ਸਨ । ਬਾਬਾ ਰਾਮ ਸਿੰਘ ਦੀ ਚਲਾਈ ਹੋਈ ਕੂਕਾ ਲਹਿਰ ਨੂੰ, ਸ੍ਰ: ਗੁਰਦਿਆਲ ਸਿੰਘ ਨੂੰ ਇਹ ਸਦਮਾ ਉਸ ਦੇ ਜ਼ਖਮਾਂ ਨੂੰ ਹੋਰ ਡੂੰਘੇ ਕਰ ਕੇ ਚੀਰ ਗਿਆ ਸੀ । ਇਸ ਦਾ ਬਦਲਾ ਲੈਣ ਵਾਸਤੇ ਆਮ ਲੋਕਾਂ ਨੂੰ ਜੋੜਨਾ ਸੀ ਅਤੇ ਸੰਘਰਸ਼ ਨੂੰ ਹੋਰ ਤੇਜ਼ ਕਰਨਾ ਸੀ । ਕੂਕਾ ਲਹਿਰ ਨੇ 1920 ਈ: ਨੂੰ ਬਸੰਤ ਰੁਤ ਬਾਬਾ ਰਾਮ ਸਿੰਘ ਨੂੰ ਸਮਰਪਤ ਕਰਨ ਵਾਸਤੇ ਕੂਕਾ ਅਖ਼ਬਾਰ ਪਹਿਲਾਂ ਹਫਤਾਵਾਰੀ ਅਤੇ ਫਿਰ ਰੋਜ਼ਾਨਾ ਕੱਢਣਾ ਸ਼ੁਰੂ ਕੀਤਾ । ਕੂਕਾ ਅਖ਼ਬਾਰ ਲਗਾਤਾਰ 18 ਮਹੀਨੇ ਚਲਦਾ ਰਿਹਾ । ਇਹ ਕੂਕਾ ਅਖ਼ਬਾਰ ਪਹਿਲਾਂ ਅੰਡਰ-ਗਰਾਊਂਡ ਹੀ ਛਪਦਾ ਸੀ । ਕੂਕਾ ਲਹਿਰ ਦੀ ਆਪਣੀ ਚਲਾਈ ਹੋਈ ਡਾਕ ਰਾਹੀਂ ਵੰਡਿਆ ਜਾਂਦਾ ਸੀ ।

ਉਸ ਸਮੇਂ ਸਿੰਘ ਸਭਾ ਦਾ ਰੋਲ ਦੋਗਲਾ ਸੀ । ਅਤਵਾਦਿਰ ਨੂੰ ਹੈਡ ਗ੍ਰੰਥੀ ਸ੍ਰੀ ਅੰਮ੍ਰਿਤਸਰ ਵਲੋਂ ਸਰੋਪਾ ਦਿਤਾ ਗਿਆ । ਇਹ ਆਮ ਲੋਕਾਂ ਵਿਚ ਚਰਚਾ ਦਾ ਵਿਸ਼ਾ ਸੀ । ਗੁਰਦੁਆਰੇ ਦੇ ਮਹੰਤਾਂ ਨੂੰ ਲੋਕ ਲਾਹਨਤਾਂ ਪਾਉਣ ਲਗ ਪਏ ਸਨ । ਲੋਕ ਇਹਨਾਂ ਨੂੰ ਪੂਜਾ ਧਾਨ ਖਾਣ ਕਰ ਕੇ ਮਤ ਮਾਰੇ ਕਹਿਣ ਲਗ ਪਏ ਸਨ ।

ਜਲ੍ਹਿਆਂ ਵਾਲੇ ਕਾਂਡ ਨੇ ਆਮ ਲੋਕਾਂ ਦੇ ਲੂੰ ਕੰਡੇ ਖੜ ਦਿਤੇ ਸਨ । ਜੁਝਾਰੂ ਰੋਲ ਕਰਨ ਵਾਸਤੇ ਲੋਕ ਘਰਾਂ ਤੋਂ ਨਿਕਲ ਰਹੇ ਸਨ । ਇਸ ਸਮੇਂ ਬਹੁਤ ਲੋਕ ਲਹਿਰਾਂ ਨੇ ਜਨਮ ਲਿਆ । ਇਹ ਪੰਜਾਬੀ ਕੌਮ ਨੂੰ ਹਲੂਣ ਦੇਣ ਵਾਲੀ ਵੰਗਾਰ ਸੀ । 14 ਦਸੰਬਰ 1920 ਈ: ਨੂੰ ਖਾੜਕੂ ਲਹਿਰਾਂ ਦਾ ਜਨਮ ਹੋਇਆ । ਮਹੰਤਾਂ ਦੇ ਖਿਲਾਫ ਜਥੇਬੰਦੀ ਦੇ ਰੂਪ ਵਿਚ ਗੁਰਦੁਆਰਿਆਂ ਦੇ ਕਬਜ਼ੇ ਲੈਣ ਲਈ ਕੇਸਰੀ ਝੰਡਾ ਚੁੱਕ ਲਿਆ ਗਿਆ ਸੀ । ਇਤਿਹਾਸਕ ਗੁਰਦੁਆਰੇ ਆਜ਼ਾਦ ਕਰਾਉਣੇ, ਜਿਥੇ ਅੰਗਰੇਜ਼ ਸਰਕਾਰ ਦੇ ਝੋਲੀ ਚੁੱਕ ਰਹਿੰਦੇ ਸਨ, ਉਹ ਮਹੰਤਾਂ ਦੇ ਹਥ਼ ਅੱਗੇ ਰੁਲ੍ਹ ਗਏ ਅਤੇ ਨਾਲ ਹੀ ਅੰਗਰੇਜ਼ ਰੋੜ੍ਹਿਆ ਸੀ ।

ਬੱਬਰ ਲਹਿਰ ਦਾ ਜਨਮ 21 ਮਾਰਚ 1921 ਈ: ਨੂੰ ਹੋਇਆ । ਇਹ ਬਹੁਤ ਸਾਰੇ ਬਹਾਦਰ ਲੋਕਾਂ ਦਾ ਇਕੱਠ, ਜਥੇਦਾਰ ਕਿਸ਼ਨ ਸਿੰਘ ਗੜਗੱਜ ਦੀ ਅਗਵਾਈ ਥੱਲੇ ਕੇਸਰੀ ਝੰਡਾ ਉੱਚਾ ਕਰਦੇ ਹੋਏ ਅੰਗਰੇਜ਼ ਸਰਕਾਰ ਦੇ ਵਫ਼ਦਾਰਾਂ ਨੂੰ ਸੋਧਣਾ ਸ਼ੁਰੂ ਕਰ ਦਿੱਤਾ ਗਿਆ ਸੀ । ਇਹਨਾਂ ਦੇ ਮੁੱਢਲੇ ਸਾਥੀ ਬਾਬੂ ਸੰਤਾ ਸਿੰਘ ਜੀ ਸਨ ।

ਸ੍ਰ: ਗੁਰਦਿਆਲ ਸਿੰਘ ਕੂਕਾ ਲਹਿਰ ਨੂੰ ਹੋਰ ਸਰਗਰਮ ਕਰਨਾ ਚਾਹੁੰਦੇ ਸਨ । ਜਦੋਂ ਲੋਹਾ ਗਰਮ ਹੋ ਜਾਂਦਾ ਹੈ, ਵਦਾਨਾਂ ਦੀਆਂ ਸੱਟਾਂ ਨਾਲ ਨਰਮ ਅਤੇ ਵਧ ਜਾਂਦਾ ਹੈ । ਸ੍ਰ: ਗੁਰਦਿਆਲ ਸਿੰਘ ਦਾ ਕਾਜ ਬਾਬਾ ਨਿਹਾਲ ਸਿੰਘ ਨੂੰ ਦਿਤਾ ਗਿਆ ਸੀ । ਫਿਰ ਬਾਬਾ ਜੀ ਕਿਵੇਂ ਚੁੱਪ ਰਹਿ ਸਕਦੇ ਸਨ ।

ਬਾਬਾ ਨਿਹਾਲ ਸਿੰਘ ਜੀ ਨੇ ਬੰਦ ਕਮਰੇ ਵਿਚ 10 ਅਕਤੂਬਰ 1919 ਈ: ਨੂੰ ਲਾਹੌਰ ਵਿਚ ਇਕ ਮੀਟਿੰਗ ਕੀਤੀ ਅਤੇ ਆਖਿਆ, "ਸਾਥੀਓ ਆਪ ਜੀ ਤੋਂ ਸ੍ਰ: ਗੁਰਦਿਆਲ ਸਿੰਘ ਕੂਕਾ ਲਹਿਰ ਨੂੰ ਤੇਜ਼ ਕਰਨ ਵਾਸਤੇ ਰਾਇ ਲੈਣਾ ਚਾਹੁੰਦੇ ਸਨ । ਅੱਜ ਪੰਜਾਬੀ ਕੌਮ ਵਿਚ ਵੱਖ-ਵੱਖ ਲਹਿਰਾਂ ਆਪ ਮੁਹਾਰੇ ਫੁੱਟ ਰਹੀਆਂ ਸਨ । ਬੇਸ਼ਕ ਕੂਕਾ ਲਹਿਰ ਬਹੁਤ ਸੰਘਰਸ਼ ਲੜ ਚੁੱਕੀ ਹੈ, ਅਸੀਂ ਇਕ ਨਵੇਂ ਸੰਘਰਸ਼ ਦੀ ਤਿਆਰੀ ਕਰਨੀ ਹੈ ।"

Sri Satguru Jagjit Singh Ji Elibrary NamdhariElibrary@gmail.com

ਸ੍ਰ: ਗੁਰਦਿਆਲ ਸਿੰਘ ਜੀ ਨੇ ਸਾਥੀਆਂ ਨੂੰ ਸੰਬੋਧਨ ਕਰਦੇ ਹੋਏ ਆਖਿਆ, "ਸਾਥੀਓ ਮੇਰਾ ਵਿਚਾਰ ਹੈ ਕਿ ਬਾਬਾ ਰਾਮ ਸਿੰਘ ਜੀ ਦੇ ਜਨਮ ਦਿਨ ਤੇ ਇਕ ਰੋਜ਼ਾਨਾ ਕੂਕਾ ਨਾਮ ਦਾ ਅਖ਼ਬਾਰ ਸ਼ੁਰੂ ਕੀਤਾ ਜਾਵੇ। ਕੂਕਾ ਲਹਿਰ ਦੀਆਂ ਕੁਰਬਾਨੀਆਂ ਦੇ ਇਤਿਹਾਸ ਨੂੰ ਆਮ ਲੋਕਾਂ ਪਹੁੰਚਾਇਆ ਜਾਏ। ਪੰਜਾਬੀ ਕੌਮ ਦੀਆਂ ਲਹਿਰਾਂ ਦਾ ਇਤਿਹਾਸ ਲੋਕਾਂ ਦੇ ਹੱਥਾਂ ਤੱਕ ਪਹੁੰਚਣਾ ਚਾਹੀਦਾ ਹੈ। ਇਹ ਪ੍ਰਸਤਾਵ ਪਾਸ ਕਰਕੇ ਬਾਬਾ ਨਿਹਾਲ ਸਿੰਘ ਜੀ ਨੂੰ ਬਾਬਾ ਪ੍ਰਤਾਪ ਸਿੰਘ ਪਾਸੋਂ ਮਨਜ਼ੂਰੀ ਲੈਣ ਵਾਸਤੇ ਸ੍ਰੀ ਭੈਣੀ ਸਾਹਿਬ ਭੇਜਿਆ ਗਿਆ।"

ਸ੍ਰ: ਗੁਰਦਿਆਲ ਸਿੰਘ ਜੀ ਨੇ ਸੋਚਿਆ ਕਿ ਮਾਤਾ ਜੀਵਨ ਕੌਰ ਜੀ ਰਾਹੀਂ ਭਾਈ ਪ੍ਰਤਾਪ ਸਿੰਘ ਜੀ ਪਾਸੋਂ ਕਾਫ਼ੀ ਸਹਾਇਤਾ ਮਿਲ ਜਾਵੇਗੀ। ਕੁਝ ਖਾਸ ਖਾਸ ਮੈਂਬਰਾਂ ਪਾਸੋਂ ਚੰਦਾ ਇਕੱਤਰ ਕੀਤਾ ਜਾ ਸਕਦਾ ਹੈ। ਸ੍ਰ: ਗੁਰਦਿਆਲ ਸਿੰਘ ਦੀ ਬੇਨਤੀ ਉਪਰੰਤ, ਮਾਤਾ ਜੀ ਨੇ ਫੌਰਨ ਹੀ ਬਾਬਾ ਨਿਹਾਲ ਸਿੰਘ ਜੀ ਨੂੰ ਅਖ਼ਬਾਰ ਚਲਾਉਣ ਵਾਸਤੇ ਕੁਝ ਰਕਮ ਦੇ ਕੇ ਲਾਹੌਰ ਵਾਪਿਸ ਭੇਜ ਦਿੱਤਾ ਗਿਆ ਸੀ। ਇਸ ਪਰਚੇ ਦੇ ਮੁੱਖ ਐਡੀਟਰ ਅਤੇ ਮਾਲਕ ਸ੍ਰ: ਗੁਰਦਿਆਲ ਸਿੰਘ ਜੀ ਨੂੰ ਬਣਾਇਆ ਗਿਆ ਸੀ।

ਕੂਕਾ ਅਖ਼ਬਾਰ ਦਾ ਪਹਿਲਾ ਪਰਚਾ ਬਸੰਤ ਪੰਚਮੀ ਵਾਲੇ ਦਿਨ 1920 ਈ: ਨੂੰ ਬਾਬਾ ਰਾਮ ਸਿੰਘ ਜੀ ਦੀ ਯਾਦ ਨੂੰ ਸਮਰਪਤ ਜਨਮ ਦਿਨ ਤੇ ਕੱਢਿਆ ਗਿਆ ਸੀ। ਇਹ ਪਰਚਾ 18 ਮਹੀਨੇ ਲਗਾਤਾਰ ਚੱਲਦਾ ਰਿਹਾ।

ਅੰਗਰੇਜ਼ ਸਰਕਾਰ ਨੇ ਇਸ ਕੂਕਾ ਅਖ਼ਬਾਰ ਨੂੰ ਬਗ਼ਾਵਤ ਦਾ ਦੋਸ਼ ਲਾਕੇ ਜ਼ਬਤ ਕਰ ਦਿੱਤਾ। ਸਾਰੇ ਲੇਖਕਾਂ ਦੇ ਵਾਰੰਟ ਕੱਢ ਦਿੱਤੇ ਗਏ ਸਨ। ਲੇਕਿਨ ਲੇਖਕਾਂ ਨੂੰ ਗ੍ਰਿਫ਼ਤਾਰ ਨਾ ਕਰ ਸਕੀ। ਸਿਰਫ਼ ਬਾਬਾ ਨਿਹਾਲ ਸਿੰਘ ਜੀ ਨੂੰ ਗ੍ਰਿਫ਼ਤਾਰ ਕਰਕੇ ਗੁਜਰਾਤ ਸੂਬੇ ਦੇ ਜੇਲ੍ਹ ਵਿਚ ਨਜ਼ਰ-ਬੰਦ ਕਰ ਦਿੱਤਾ ਗਿਆ ਸੀ। ਕੂਕਾ ਅਖ਼ਬਾਰ ਦੇ ਪੁਰਾਣੇ ਪਰਚਿਆਂ ਦੀ ਤਲਾਸ਼ ਹੋਣ ਲੱਗੀ। ਕੂਕਾ ਪ੍ਰੈਸ ਦਾ ਵੀ ਪਤਾ ਨਾ ਲੱਗ ਸਕਿਆ। ਕੂਕਾ ਅਖ਼ਬਾਰ ਨੂੰ ਫੜਨ ਖ਼ਾਤਰ ਲਾਹੌਰ ਦਾ ਚੱਪਾ-ਚੱਪਾ ਛਾਣ ਮਾਰਿਆ ਸੀ।

ਅਖ਼ੀਰ ਜਦੋਂ ਸਰਕਾਰ ਨੇ ਬਹੁਤਾ ਪਿੱਛਾ ਕਰਨਾ ਸ਼ੁਰੂ ਕਰ ਦਿੱਤਾ, ਸ੍ਰ: ਗੁਰਦਿਆਲ ਸਿੰਘ ਜੀ ਨੇ ਸਾਰੇ ਸੀਨੀਅਰ ਸਾਥੀਆਂ ਦੀ ਸਲਾਹ ਨਾਲ 26 ਮਈ, 1925 ਈ: ਨੂੰ ਹਫ਼ਤਾਵਾਰੀ ਸਤਿਜੁਗ ਨਾਮ ਦਾ ਪਰਚਾ ਕੱਢਣਾ ਸ਼ੁਰੂ ਕੀਤਾ। ਸਤਿਜੁਗ ਅਖ਼ਬਾਰ ਵੀ ਪਹਿਲਾਂ ਲਾਹੌਰ ਤੋਂ ਕੱਢਣਾ ਸ਼ੁਰੂ ਹੋਇਆ ਸੀ। ਇਹ ਪਰਚਾ ਵੀ ਅੰਡਰ ਗਰਾਊਂਡ ਕੂਕਾ ਲਹਿਰ ਦੀ ਡਾਕ ਮੁਤਾਬਿਕ ਹੀ ਆਮ ਲੋਕਾਂ ਤੱਕ ਵਰਤਾਇਆ ਜਾਂਦਾ ਸੀ। ਜਦੋਂ ਸਤਿਜੁਗ ਅਖ਼ਬਾਰ ਦੇ ਵਾਰੰਟ ਜਾਰੀ ਹੋ ਗਏ, ਉਸ ਪਿੱਛੋਂ ਸ੍ਰੀ ਭੈਣੀ ਸਾਹਿਬ ਪ੍ਰੈਸ ਲਿਆਂਦੀ ਗਈ। ਇੱਥੇ ਵੀ ਕੁਝ ਦੇਰ ਤੱਕ ਖੁਫ਼ੀਆ ਤੌਰ ਤੇ ਚੱਲਦਾ ਰਿਹਾ।

1. ਬਾਬਾ ਪ੍ਰਤਾਪ ਸਿੰਘ ਜੀ ਨੇ ਲੇਖ, ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਚਲਾਈ ਹੋਈ ਸਾਂਝੀਵਾਲਤਾ ਦੀ ਲਹਿਰ ਬਾਰੇ ਬਹੁਤ ਕੁਝ ਲਿਖਦੇ ਸਨ। ਇਹ ਮੈਟਰ ਸਿੱਖ ਲਹਿਰ ਦੇ ਅਸੂਲਾਂ ਮੁਤਾਬਕ ਹੁੰਦਾ ਸੀ।

2. ਸ੍ਰ: ਗੁਰਦਿਆਲ ਸਿੰਘ ਜੀ ਆਜ਼ਾਦੀ ਸੰਗਰਾਮੀਆਂ ਨੂੰ ਅੰਦੋਲਨ ਸ਼ੁਰੂ ਕਰਨ ਦੀ ਜਾਣਕਾਰੀ ਬਾਰੇ, ਆਮ ਸਮਾਜਿਕ ਅੰਕੜਾਂ ਬਾਰੇ, ਮਨੁੱਖੀ ਬਰਾਬਰਤਾ ਬਾਰੇ, ਦੇਸ਼ ਦੀ ਸਿਰਜਨਾ ਦੇ ਭਵਿੱਖ ਬਾਰੇ, ਮੁੱਖ ਲੇਖ (ਐਡੀਟੋਰੀਅਲ) ਲਿਖਦੇ ਸਨ। ਇਨ੍ਹਾਂ ਦੇ ਲੇਖਾਂ ਵਿਚ ਇਨਕਲਾਬੀ ਤੱਥ ਮੌਜੂਦ ਹੁੰਦੇ ਸਨ। ਇਹ ਆਰਥਿਕ ਇਨਕਲਾਬ ਚਾਹੁੰਦੇ ਸਨ।

3. ਬੀਬੀ ਕਰਤਾਰ ਕੌਰ ਸ੍ਰ: ਗੁਰਦਿਆਲ ਸਿੰਘ ਜੀ ਦੀ ਧਰਮ ਪਤਨੀ ਆਜ਼ਾਦੀ ਸੰਗ੍ਰਾਮ ਮਹਾਨ ਲੇਖਕਾ ਸਨ। ਰਾਤ ਦਿਨ ਲਗਾਤਾਰ ਔਰਤ ਦੀ ਬਰਾਬਰਤਾ ਬਾਰੇ ਅਤੇ ਗੁਲਾਮੀ ਬਾਰੇ ਸਮਾਜ ਨੂੰ ਔਰਤ ਗਿਆਨ ਦੇਣ ਦੀਆਂ ਗਤੀਵਿਧੀਆਂ ਬਾਰੇ ਲੇਖ ਲਿਖੇ ਜਾਂਦੇ ਸਨ। ਇਨ੍ਹਾਂ ਦੇ ਲੇਖਾਂ ਵਿਚ ਅਨੋਖੀ ਜਾਨ ਹੁੰਦੀ ਸੀ।

4. ਬਾਬਾ ਨਿਹਾਲ ਸਿੰਘ ਸਾਹਿਬ ਜੀ ਪੰਜਾਬੀ ਕਾਂਗਰਸ ਦੀ ਦਫ਼ਤਰ ਦੇ ਕੰਮ ਤੋਂ ਇਲਾਵਾ ਪੰਜਾਬੀ ਲੇਖਕਾਂ ਨੂੰ ਵੱਖ-ਵੱਖ ਵਿਸ਼ੇ ਘੱਲਦੇ ਸਨ। ਪਰਚੇ ਦੀ ਤਿਆਰੀ ਵਿਚ ਰੁੱਝੇ ਰਹਿੰਦੇ ਸਨ। ਆਜ਼ਾਦੀ ਸੰਗਰਾਮ ਨੂੰ ਤੇਜ਼ ਕਰਨ ਬਾਰੇ ਲਿਖਦੇ ਵੀ ਹਨ।

5. ਸ੍ਰ: ਨਿਧਾਨ ਸਿੰਘ ਆਲਮ, ਸ੍ਰ: ਇੰਦਰ ਸਿੰਘ ਚੱਕਰਵਰਤੀ, ਸ੍ਰ: ਨਿਰੰਕਾਰ ਸਿੰਘ ਚੇਤਨ ਪੁਰੀਆ, ਸ੍ਰ: ਮਸਤਾਨ ਸਿੰਘ ਜੀ, ਸ੍ਰ: ਭਗਤ ਸਿੰਘ ਦਾਤੇਵਾਲ, ਬਾਬਾ ਕਾਲਾ ਸਿੰਘ ਜੀ ਹਿਸਟੋਰੀਅਨ, ਸ੍ਰ: ਮੋਹਰ ਸਿੰਘ ਸੂਬਾ ਸਿਆੜ, ਸ੍ਰ: ਕ੍ਰਿਸ਼ਨ ਸਿੰਘ ਹਿਸਟੋਰੀਅਨ ਨੰਗਲ, ਸ੍ਰ: ਮੰਗਲ ਸਿੰਘ ਲਾਇਲਪੁਰੀ, ਜਥੇਦਾਰ ਸੇਵਾ ਸਿੰਘ ਭਗਤਾ, ਜਥੇਦਾਰ ਅਤਰ ਸਿੰਘ ਜੀ, ਸ੍ਰ: ਗੁਰਮੁਖ ਸਿੰਘ ਝੱਬਰ ਅਤੇ ਇਸ ਤੋਂ ਇਲਾਵਾ ਹੋਰ ਬਹੁਤ ਸਾਰੇ ਪ੍ਰਸਿੱਧ ਲੇਖਕ ਅਤੇ ਪ੍ਰਚਾਰਕ ਸਨ। ਉਪਰੋਕਤ ਲੇਖਕਾਂ ਦੀਆਂ ਕਲਮਾਂ ਨੇ (ਪ੍ਰਚਾਰ) ਨੇ ਆਜ਼ਾਦੀ ਸੰਗਰਾਮ ਨੂੰ ਬਹੁਤ ਤੇਜ਼ ਕਰਨ ਵਿਚ ਹਿੱਸਾ ਪਾਇਆ।

ਕੂਕਾ ਅਖ਼ਬਾਰ ਆਮ ਲੋਕਾਂ ਵਿਚ ਆਪਣੇ ਬੀਰਤਾ ਦੇ ਖ਼ਜ਼ਾਨੇ ਵਿਚੋਂ ਬਹੁਤ ਗਿਆਨ ਵੰਡ ਰਿਹਾ ਸੀ। ਆਮ ਲੋਕ ਕੂਕਾ ਲਹਿਰ ਦੀਆਂ ਕੁਰਬਾਨੀਆਂ ਤੋਂ ਜਾਣੂੰ ਹੋ ਰਹੇ ਸਨ। ਦੇਸ਼ ਭਗਤੀ ਦੇ ਮੈਦਾਨ ਵਿਚ ਆ ਗਰਜਨ ਲੱਗੇ। ਕੂਕਾ ਸੰਗਰਾਮੀਆਂ ਦੀਆਂ ਕੁਰਬਾਨੀਆਂ ਦੀ ਘਰ-ਘਰ ਪੰਜਾਬੀ ਕੌਮ ਵਿਚਾਰ ਕਰਨ ਲੱਗੀ। ਅੰਗਰੇਜ਼ ਸਰਕਾਰ ਤੋਂ ਨਫ਼ਰਤ ਹੋਣ ਲੱਗੀ। ਅੰਗਰੇਜ਼ ਤੋਂ ਆਜ਼ਾਦ ਹੋਣ ਵਾਸਤੇ ਪੰਜਾਬੀ ਕੌਮ ਨੇ ਆਪਣਾ ਧਰਮ ਕਰਮ ਸਮਝ ਲਿਆ ਸੀ।

ਜਥੇਦਾਰ ਅਤਰ ਸਿੰਘ ਜੀ, ਸੂਬਾ ਮਸਤਾਨ ਸਿੰਘ ਜੀ ਰਾਏਸਰ, ਜਥੇਦਾਰ ਸੇਵਾ ਸਿੰਘ ਭਗਤਾ ਪਿੰਡਾਂ ਵਿਚ, ਕਸਬਿਆਂ ਅਤੇ ਸ਼ਹਿਰਾਂ ਵਿਚ ਹੱਲੇ ਦੇ ਦੀਵਾਨ ਢੋਲਕੀ ਛੈਣਿਆਂ ਨਾਲ ਲਾਉਂਦੇ ਸਨ। ਆਤਮਾ ਅਤੇ ਸਰੀਰ ਨੂੰ ਆਜ਼ਾਦੀ ਲਹਿਰਾਂ ਵਿਚ ਬਦਲ ਦੇਂਦੇ ਸਨ। ਸਰੋਤਿਆਂ ਦੇ ਰੋਮ-ਰੋਮ ਵਿਚ ਕਦੀ-ਕਦੀ ਹਾਥੀਆਂ ਦਾ ਬਲ ਭਰ ਦਿੰਦੇ ਸਨ। ਜਿਹੜਾ ਸਰੋਤਾ ਇਕ ਵਾਰੀ ਦੀਵਾਨ ਸੁਣ ਲੈਂਦਾ। ਉਸ ਮਨੁੱਖ ਵਿਚ ਕਾਇਰਤਾ ਖ਼ਤਮ ਹੋ ਜਾਂਦੀ, ਬੀਰਤਾ ਅਤੇ ਸਿੱਖ ਲਹਿਰ ਦੀ ਜਾਗ ਲੱਗ ਜਾਂਦੀ।

ਜਾਗ ਵੀ ਕਿਵੇਂ ਨਾ ਲੱਗਦੀ ਅੰਗਰੇਜ਼ ਜਦੋਂ ਦਾ ਕਲਕੱਤੇ ਦੀ ਰਾਜਧਾਨੀ ਨੂੰ ਛੱਡਕੇ 1911 ਈਸਵੀ ਨੂੰ ਦਿੱਲੀ ਆ ਕੇ ਰਾਜ ਕਰਨ ਲੱਗ ਪਿਆ ਸੀ। ਉਸ ਦਿਨ ਤੋਂ ਹੀ ਪੰਜਾਬ ਦਾ ਕਿਸਾਨ ਮੁਜਾਹਰਾ ਮਜ਼ਦੂਰ, ਸ਼ਾਹੂਕਾਰਾਂ ਦੇ ਕਰਜ਼ੇ ਥੱਲੇ ਲਤਾੜਿਆ ਜਾ ਰਿਹਾ ਸੀ। 1919 ਈ:

ਤੱਕ ਵੀ ਮਾਲਕ ਅਤੇ ਮੁਜ਼ਾਰੇ ਦਾ ਅੰਗਰੇਜ਼ ਅੰਤਰ ਹੱਲ ਨਹੀਂ ਸੀ ਕੱਢ ਸਕਿਆ। ਪੰਜਾਬ ਨੇ ਕਿਸਾਨ ਮੁਜ਼ਾਹਰਿਆਂ ਨੂੰ ਵੱਖਰਾ ਨਹੀਂ ਸੀ ਕਰ ਸਕਿਆ। ਉਸ ਸਮੇਂ ਕਿਸਾਨ ਮੁਜ਼ਾਹਰਿਆਂ ਦੀ ਅਤੇ ਮਾਲਕ ਜਾਗੀਰਦਾਰਾਂ ਦੇ ਸ਼ਾਹੂਕਾਰਾਂ ਦੇ ਕਰਜ਼ੇ ਨਾਲ ਕਮਰ ਟੁੱਟ ਰਹੀ ਸੀ। ਉਸ ਸਮੇਂ ਅਣਖੀਲੇ ਪੰਜਾਬੀ ਗੱਭਰੂ ਬਾਗ਼ੀ ਬਣਦੇ ਜਾ ਰਹੇ ਸੀ। ਡਾਕੂਆਂ ਦੀਆਂ ਟੋਲੀਆਂ ਵਿਚ ਰਲਕੇ ਸ਼ਾਹੂਕਾਰਾਂ ਦੀਆਂ ਵਹੀਆਂ ਖਾਤੇ ਅਗਨੀ ਭੇਂਟ ਕਰ ਰਹੇ ਸਨ। ਜਾਗੀਰਦਾਰਾਂ ਦੀਆਂ ਕੋਠੀਆਂ ਵਿਚ ਜਾ ਕੇ ਜਗੀਰਦਾਰਾਂ ਨੂੰ ਵਧੀਕੀਆਂ ਦਾ ਮਜ਼ਾ ਚਖਾ ਰਹੇ ਸਨ।

ਹੁਣ ਤਾਂ ਪਿੰਡਾਂ ਦੇ ਪਿੰਡ ਅੰਗਰੇਜ਼ ਸਰਕਾਰ ਤੇ ਸ਼ਾਹੂਕਾਰਾਂ ਤੋਂ ਮਾਲਕ ਜਾਗੀਰਦਾਰਾਂ ਦੇ ਖ਼ਿਲਾਫ਼ ਮੈਦਾਨ ਵਿਚ ਨਿਕਲ ਰਹੇ ਸਨ। ਕਿਉਂਕਿ ਕੂਕਾ ਅਖ਼ਬਾਰ ਨੇ 18 ਮਹੀਨਿਆਂ ਦੇ ਵਿਚ ਵਿਚ ਹੀ ਜੁਗ ਪਲਟਾ ਦਿੱਤਾ ਸੀ। ਪੰਜਾਬੀਆਂ ਦੇ ਸੂਝ ਤੇਜ਼ ਕਰਦਿਆਂ ਆਪਣੀ ਭੂਮਿਕਾ ਨਿਭਾ ਰਿਹਾ ਸੀ।

ਅੰਗਰੇਜ਼ ਨੇ ਵੀ ਪੰਜਾਬੀਆਂ ਤੇ ਤਿੱਖੇ ਵਾਰ ਕਰਨੇ ਸ਼ੁਰੂ ਕਰ ਦਿੱਤੇ ਸਨ। ਇਸੇ ਕਰਕੇ ਹੀ ਸ਼ਾਹੂਕਾਰ ਸਰਮਾਏਦਾਰ-ਮਾਲਕ ਜਗੀਰਦਾਰ ਗੁਰਦੁਆਰਿਆਂ ਦੇ ਮਹੰਤ ਸਰਕਾਰ ਨਾਲ ਜੁੜ ਰਹੇ ਸਨ। ਆਮ ਲੋਕਾਂ ਦੀ ਕਮਾਈ ਤੇ ਪਲਣ ਵਾਲੇ ਸਮਾਜ ਦੋਖੀ ਵੀ ਸਰਕਾਰ ਦੇ ਝੋਲੀ ਚੁੱਕ ਬਣ ਰਹੇ ਸਨ।

ਏਸ ਸਮੇਂ ਆਜ਼ਾਦੀ ਸੰਗਰਾਮ ਦਿਨੋਂ-ਦਿਨ ਤੇਜ਼ ਹੋ ਰਿਹਾ ਸੀ। ਵੱਖ-ਵੱਖ ਪੰਜਾਬ ਵਿਚ ਲਹਿਰਾਂ ਬਣਦੀਆਂ ਹੋਈਆਂ ਮਨੁੱਖੀ ਬਰਾਬਰਤਾ ਵਾਸਤੇ ਜੂਝ ਰਹੀਆਂ ਸਨ। ਵਿਦਿਆਰਥੀ ਸਰਗਰਮੀਆਂ ਤੇਜ਼ ਹੋਈ ਜਾ ਰਹੀਆਂ ਸਨ। ਸ: ਭਗਤ ਸਿੰਘ ਜੀ ਵਿਦਿਆਰਥੀ ਲਹਿਰ ਦੀ ਅਗਵਾਈ ਕਰ ਰਹੇ ਸਨ। ਔਰਤਾਂ ਵੀ ਕਿਸੇ ਤੋਂ ਪਿੱਛੇ ਨਹੀਂ ਸਨ। ਜਥੇਬੰਦੀ ਵਿਚ ਸ਼ਾਮਲ ਹੋ ਰਹੀਆਂ ਸਨ। ਬੀਬੀ ਦੁਰਗਾ ਦੇਵੀ ਵੀ ਇਸ ਲਹਿਰ ਦੀ ਅਗਵਾਈ ਕਰਦੀ ਹੋਈ ਅੱਗੇ ਵਧ ਰਹੀ ਸੀ। ਮਨੁੱਖੀ ਬਰਾਬਰਤਾ ਦੇ ਝੰਡੇ ਹੇਠ ਬੜੀ ਤੇਜ਼ੀ ਨਾਲ ਇਕੱਠੇ ਹੋ ਰਹੇ ਸਨ। ਅੰਗਰੇਜ਼ ਨੂੰ ਕੱਢਣ ਵਾਸਤੇ ਔਰਤਾਂ ਆਪਣੇ ਜੀਵਨ ਸਾਥੀਆਂ ਦਾ ਪੂਰਾ ਸਹਿਯੋਗ ਦੇ ਰਹੀਆਂ ਸਨ।

Sri Satguru Jagjit Singh Ji Elibrary NamdhariElibrary@gmail.com

# ਕਾਂਡ—17

18, 19, 20 ਜਨਵਰੀ 1921 ਈ: ਨੂੰ ਪਿੰਡ ਮੁਠਡਾ ਕਲਾਂ ਵਿਚ ਸ: ਗੁਰਦਿਆਲ ਸਿੰਘ ਜੀ ਸਾਹਿਬ ਦੀ ਨਿਗਰਾਨੀ ਹੇਠ ਇੰਡੀਆ ਪੱਧਰ ਦੀ ਕਾਨਫਰੰਸ ਹੋਈ। ਇਹ ਕਾਨਫਰੰਸ ਬਹੁਤ ਹੀ ਵੱਡੀ ਕਾਨਫਰੰਸ ਮੰਨੀ ਜਾਂਦੀ ਹੈ। ਸਾਰੇ ਹੀ ਸੂਬਿਆਂ ਦੇ ਇਨਕਲਾਬੀ ਇਸ ਕਾਨਫਰੰਸ ਵਿਚ ਸ਼ਾਮਲ ਹੋਏ ਸਨ। ਅੰਡਰ ਗਰਾਊਂਡ ਵੀ ਬਹੁਤ ਸਾਰੇ ਸਾਥੀ ਆਏ ਸਨ।

ਏਸ ਕਾਨਫਰੰਸ ਵਿਚ ਬਾਬਾ ਨਿਧਾਨ ਸਿੰਘ ਜੀ ਪੱਥਰਾਂ ਵਾਲੇ ਆਪਣੀ ਪੁੱਤਰੀ ਕਰਤਾਰ ਕੌਰ ਨਾਲ ਲਾਹੌਰ ਤੋਂ ਸ਼ਾਮਲ ਹੋਏ ਸਨ। ਬਾਬਾ ਨਿਧਾਨ ਸਿੰਘ ਜੀ ਕੂਕਾ ਲਹਿਰ ਦੀਆਂ ਕੁਰਬਾਨੀਆਂ ਤੋਂ ਬਹੁਤ ਪ੍ਰਭਾਵਿਤ ਹੋ ਕੇ ਆਜ਼ਾਦੀ ਸੰਗਰਾਮ ਖ਼ਾਤਰ ਕੁਲਵਕਤੀ ਬਣ ਗਏ ਸਨ। ਇਸ ਤੋਂ ਇਲਾਵਾ ਆਪਣੀ ਪੁੱਤਰੀ ਕਰਤਾਰ ਕੌਰ ਦਾ ਆਜ਼ਾਦੀ ਸੰਗਰਾਮ ਵਿਚ ਯੋਗਦਾਨ ਪਾਉਣ ਵਾਸਤੇ ਉਨ੍ਹਾਂ ਨੂੰ ਤਾਲੀਮ-ਉੱਚ ਕੋਟੀ ਦੀ ਦੁਆਉਣ ਵਿਚ ਸਿਰੇ ਦੇ ਕਾਰਵਾਈ ਕਰ ਰਹੇ ਸਨ। ਲਗਾਤਾਰ ਗੁਰੂਆਂ ਦੀ ਚਲਾਈ ਹੋਈ ਮਨੁੱਖੀ ਬਰਾਬਰਤਾ ਬਾਰੇ ਗਿਆਨ ਦੇ ਰਹੇ ਸਨ। ਬੀਬੀ ਕਰਤਾਰ ਕੌਰ ਨੂੰ ਮਹਾਨ ਦੇਸ਼ ਭਗਤ ਬਣਾ ਦਿੱਤਾ ਸੀ। ਬੀਬੀ ਜੀ ਨੂੰ ਵਿਰਸੇ ਵਿਚੋਂ ਮਿਲਿਆ ਪਦਾਰਥ ਆਪਣੇ ਪਿਤਾ ਜੀ ਦੀ ਭਾਵਨਾ ਮੁਤਾਬਿਕ ਦੇਸ਼ ਦੇ ਭਵਿੱਖ ਵਾਸਤੇ ਵਰਤਾਉਣਾ ਚਾਹੁੰਦੇ ਸਨ। ਇਹ ਤਾਂ ਹੀ ਹੋ ਸਕਦਾ ਸੀ ਅਗਰ ਕਿਸੇ ਦੇਸ਼ ਭਗਤ ਨੂੰ ਆਪਣਾ ਜੀਵਨ ਸਾਥੀ ਚੁਣਕੇ ਸਮਾਜ ਦੀਆਂ ਨਜ਼ਰਾਂ ਤੋਂ ਬਚਕੇ ਅਗਲਾ ਜੀਵਨ ਸ਼ੁਰੂ ਕਰਨਾ ਚਾਹੁੰਦੇ ਸਨ। ਦੋਵੇਂ ਪਿਉ-ਧੀ ਦੇਸ਼ ਦੇ ਭਵਿੱਖ ਬਾਰੇ ਸੋਚ ਰਹੇ ਸੀ। ਚੰਗੇ ਜੀਵਨ ਸਾਥੀ ਦਾ ਸਾਥ ਮੰਗਣ ਦੀ ਭਾਲ ਕਰ ਰਹੇ ਸਨ।

ਬੀਬੀ ਕਰਤਾਰ ਕੌਰ ਬਹੁਤ ਵਿਦਵਾਨ ਸਨ। ਪੰਜਾਬੀ, ਹਿੰਦੂ, ਉਰਦੂ, ਅੰਗਰੇਜ਼ੀ ਭਾਸ਼ਾਵਾਂ ਦੇ ਮਾਹਿਰ ਮੰਨੇ ਜਾਂਦੇ ਹਨ। ਅੰਗਰੇਜ਼ ਸਰਕਾਰ ਤੋਂ ਆਪਣੇ ਦੇਸ਼ ਨੂੰ ਆਜ਼ਾਦ ਕਰਾਉਣਾ ਚਾਹੁੰਦੇ ਸਨ। ਆਪਣੇ ਦੇਸ਼ ਪ੍ਰਤੀ ਮਨੁੱਖੀ ਬਰਾਬਰਤਾ ਵਾਸਤੇ ਦੇਸ਼ ਵਾਸਤੇ ਭਾਵਨਾ ਦਿਨੋਂ-ਦਿਨ ਵਧ ਰਹੀ ਸੀ। ਆਪਣੇ ਪਿਤਾ ਜੀ ਤੋਂ ਦੇਸ਼ ਨੂੰ ਆਜ਼ਾਦ ਕਰਵਾਉਣ ਦਾ ਸਬਕ ਸਿਖਦਿਆਂ ਮੁੱਢਲੇ ਜੀਵਨ ਦੀ ਤਿਆਰੀ ਕਰ ਲਈ ਸੀ। ਆਪਣੇ ਪਿਓ ਤੋਂ ਹੀ ਮਨੁੱਖੀ ਹਿੱਤਾਂ ਬਾਰੇ ਪ੍ਰੇਰਤ ਹੋਏ।

ਮੁਠਡਾ ਕਾਨਫਰੰਸ ਵਿਚ ਸ: ਗੁਰਦਿਆਲ ਸਿੰਘ ਦੀ ਤਕਰੀਰ ਸੁਣਕੇ ਬੀਬੀ ਕਰਤਾਰ ਕੌਰ ਅਤੇ ਬਾਬਾ ਨਿਧਾਨ ਸਿੰਘ ਜੀ ਅਸ਼-ਅਸ਼ ਕਰ ਉਠੇ ਸਨ। ਜਿਵੇਂ ਕਿ ਬਾਬਾ ਜੀ ਦੇ ਵਰ ਪਸੰਦ ਆ ਗਿਆ ਸੀ।

ਬੀਬੀ ਕਰਤਾਰ ਕੌਰ ਨੇ ਆਪਣੇ ਪਿਤਾ ਜੀ ਨੂੰ ਆਖਿਆ, ਪਿਤਾ ਜੀ ਮੈਂ ਸ: ਗੁਰਦਿਆਲ ਸਿੰਘ ਦੇ ਸਹਿਯੋਗ ਨਾਲ ਜੀਵਨ ਪੰਧ ਮੁਕਾਉਂਦੀ ਹੋਈ ਆਜ਼ਾਦੀ ਸੰਗਰਾਮ ਵਿਚ ਮੰਜ਼ਿਲ ਨੂੰ ਤਹਿ ਕਰਨ ਵਾਸਤੇ ਸ: ਗੁਰਦਿਆਲ ਸਿੰਘ ਨੂੰ ਮੇਰਾ ਸਾਥ ਲੈਣ ਵਾਸਤੇ ਮੰਗ ਕਰ ਵੇਖੋ। ਮਨੁੱਖੀ ਜੀਵਨ ਦੀ ਗੱਡੀ ਦੇ ਦੋ ਪਹੀਏ ਇਕੋ ਜਿਹੇ ਰਿੜਦੇ ਜਾਣ ਤਾਂ ਮਨੁੱਖੀ ਜੀਵਨ ਆਪਣੀ ਮੰਜ਼ਿਲ



Sri Satguru Jagjit Singh Ji Elibrary NamdhariElibrary@gmail.com

ਤੇ ਜਾ ਪਹੁੰਚਦਾ ਹੈ। ਇਕ ਪਹੀਆ ਡੋਲਦਾ ਰਹਿੰਦਾ ਹੈ। ਇਸ ਕਰਕੇ ਇਕ ਦੂਸਰੇ ਨੂੰ ਸਹਾਰਾ ਜ਼ਰੂਰੀ ਹੈ। ਆਪ ਕਿਰਪਾ ਕਰਕੇ ਪੁੱਛ ਵੇਖੋ ਆਪਦੀ ਬਹੁਤ ਜ਼ਿਆਦਾ ਮੇਹਰਬਾਨੀ ਹੋਵੇਗੀ।

ਮਾਤਾ ਜੀਵਨ ਕੌਰ ਜੀ ਰਾਹੀਂ, ਬਾਬਾ ਪ੍ਰਤਾਪ ਸਿੰਘ ਰਾਹੀਂ, ਬਾਬਾ ਨਿਧਾਨ ਸਿੰਘ ਜੀ ਪਖਰਾਂ ਵਾਲੇ ਨੇ ਬੜੀ ਨਿਮਰਤਾ ਨਾਲ ਜਾ ਕੇ ਬੇਨਤੀ ਕੀਤੀ ਮਾਤਾ ਜੀਵਨ ਕੌਰ ਨੇ ਸ੍ਰ: ਗੁਰਦਿਆਲ ਸਿੰਘ ਨੂੰ ਅਨੰਦ ਕਾਰਜ ਵਾਸਤੇ ਰਾਜ਼ੀ ਕਰ ਲਿਆ ਸੀ। ਅੱਗੋਂ ਸ੍ਰ: ਗੁਰਦਿਆਲ ਸਿੰਘ ਨੇ ਆਖਿਆ ਸੀ। ਮਾਤਾ ਜੀ ਆਪਣਾ ਜੀਵਨ ਆਜ਼ਾਦੀ ਸੰਗਰਾਮ ਨੂੰ ਅਰਪਣ ਕਰ ਚੁਕਿਆ ਹਾਂ। ਮੈਨੂੰ ਗ੍ਰਹਿਸਤ ਮਾਰਗ ਵਿਚ ਤੋਰਨ ਲਈ ਮਜਬੂਰ ਨਾ ਕਰੋ। ਮੈਂ ਆਪਣਾ ਜੀਵਨ ਕੂਕਾ-ਲਹਿਰ ਦੇ ਵਿਰਸੇ ਨੂੰ ਅਰਪਣ ਕਰ ਚੁਕਿਆ ਸੀ।

ਬੀਬੀ ਕਰਤਾਰ ਕੌਰ ਨੇ ਮਾਤਾ ਜੀਵਨ ਕੌਰ ਨੂੰ ਬੇਨਤੀ ਕਰਦਿਆਂ ਆਖਿਆ। ਮਾਤਾ ਜੀ ਮੇਰੇ ਪਿਤਾ ਜੀ ਨੇ ਮੈਨੂੰ ਬਚਪਨ ਦਾ ਗਿਆਨ ਦੇਂਦਿਆਂ ਕੂਕਾ ਲਹਿਰ ਦੇ ਅਮਰ ਸ਼ਹੀਦਾਂ ਦੀ ਪੂਜਾ ਕਰਨੀ ਤੇ ਉਹਨਾਂ ਦੇ ਦੱਸੇ ਮਾਰਗ ਤੇ ਤੁਰਨਾ ਸਿਖਾਇਆ ਹੈ। ਮੈਂ ਆਜ਼ਾਦੀ ਸੰਗਰਾਮ ਵਿਚ ਇਕੱਲੀ ਬਹੁਤ ਯੋਗਦਾਨ ਨਹੀਂ ਪਾ ਸਕਦੀ। ਜਿੰਨਾ ਮੈਂ ਸ੍ਰ: ਗੁਰਦਿਆਲ ਸਿੰਘ ਜੀ ਦੇ ਸਹਿਯੋਗ ਨਾਲ ਪਾ ਸਕਦੀ ਹਾਂ। ਮੇਰਾ ਜੀਵਨ ਪਿਤਾ ਜੀ ਨੇ ਆਜ਼ਾਦੀ ਸੰਗਰਾਮ ਦੀ ਕੁਠਾਲੀ ਵਿਚ ਪਾ ਕੇ ਢਾਲ ਦਿੱਤਾ ਹੈ। ਮੈਂ ਪਿਤਾ ਜੀ ਦੇ ਦੱਸੇ ਤੇ ਚੁਣੇ ਮਾਰਗ ਹੀ ਮੰਨਕੇ ਚੱਲਾਂਗੀ।

ਬਸ ਫੇਰ ਕੀ ਸੀ ਦੇਸ਼ ਭਗਤ ਮਾਤਾ ਜੀਵਨ ਕੌਰ ਨੇ ਬਾਬਾ ਪ੍ਰਤਾਪ ਸਿੰਘ ਜੀ ਸਾਹਿਬ ਨੇ ਸ੍ਰ: ਗੁਰਦਿਆਲ ਸਿੰਘ ਜੀ ਦੇ ਨਾਲ ਬੀਬੀ ਕਰਤਾਰ ਕੌਰ ਦਾ 1922 ਈ: ਨੂੰ ਅਨੰਦ ਕਾਰਜ ਕਰ ਦਿੱਤਾ। ਬਾਬਾ ਨਿਧਾਨ ਸਿੰਘ ਪਖਰਾ ਵਾਲੇ ਲਾਹੌਰ ਦੇ ਵਾਸੀ ਦੀ ਧੀ ਨਾਲ ਹੋ ਚੁਕਿਆ ਸੀ। ਇਹ ਬਹੁਤ ਪੜ੍ਹਿਆ ਲਿਖਿਆ ਪ੍ਰਵਾਰ ਸੀ। ਸ੍ਰ: ਗੁਰਦਿਆਲ ਸਿੰਘ ਨੂੰ ਅਨੰਦ ਕਾਰਜ ਵਾਸਤੇ ਰਾਜ਼ੀ ਕਰਨਾ ਬਾਬਾ ਨਿਹਾਲ ਸਿੰਘ ਦਾ ਬਹੁਤ ਪਵਿੱਤਰ ਰੋਲ ਸੀ। ਪਹਿਲਾਂ ਬਾਬਾ ਨਿਹਾਲ ਸਿੰਘ ਜੀ ਵੀ ਚੰਗੇ ਪੜ੍ਹੇ ਲਿਖੇ ਪ੍ਰਵਾਰ ਲਾਹੌਰ ਵਿਚ ਹੀ ਵਿਆਹੇ ਹੋਏ ਸੀ।

ਅੱਗੇ ਚੱਲਕੇ, ਬੀਬੀ ਕਰਤਾਰ ਕੌਰ ਜੀ, ਆਜ਼ਾਦੀ ਸੰਗਰਾਮ ਦੇ ਚੰਗੇ ਲੇਖਕ ਮੰਨੇ ਗਏ ਸਨ। ਆਪਣੀ ਕਲਮ ਤੋਂ ਸੁਚੱਜੇ ਲੇਖਾਂ ਨੇ ਆਜ਼ਾਦੀ ਸੰਗਰਾਮ ਵਿਚ ਸਤਿਕਾਰ ਕਾਇਮ ਕਰ ਲਿਆ ਸੀ। ਹਰੇਕ ਪਾਠਕ ਇਨਕਲਾਬ ਕਰਨ ਦੇ ਹੱਕ ਵਿਚ ਖਲੋ ਗਏ ਸਨ। ਇਨਕਲਾਬ ਕਰਨ ਵਾਸਤੇ ਸੋਚ ਵਧੇਰੇ ਹੋ ਰਹੀ ਸੀ ਅਤੇ ਬਰਾਬਰ ਇਕੱਠੇ ਹੋਣੇ ਸ਼ੁਰੂ ਹੋ ਗਏ।

ਸ੍ਰ: ਗੁਰਦਿਆਲ ਸਿੰਘ ਜੀ ਦਾ ਲਿਖਾ ਪੜ੍ਹੀ ਦਾ ਅੱਧਾ ਕੰਮ ਵੰਡਿਆ ਗਿਆ ਸੀ। ਕਿਉਂਕਿ ਆਜ਼ਾਦੀ ਸੰਗਰਾਮ ਦੇ ਸਮੇਂ ਕੋਈ ਸੀਮਤ ਲਿਖਾ-ਪੜ੍ਹੀ ਨਹੀਂ ਸੀ। ਇਹ ਕੰਮ ਹੋਰ ਵੀ ਵਿਖਾਵਾ ਵਧ ਗਿਆ ਸੀ। ਸ੍ਰ: ਗੁਰਦਿਆਲ ਸਿੰਘ ਜੀ ਤੇ ਬੀਬੀ ਕਰਤਾਰ ਕੌਰ ਜੀ ਪੜ੍ਹਨ ਲਿਖਣ ਦਾ ਕੰਮ ਰਾਤ ਦਿਨ ਪੂਰੀ ਲਗਨ ਨਾਲ ਕਰੀ ਜਾ ਰਹੇ ਸਨ। ਪਤੀ ਪਤਨੀ ਇਕ ਦੂਸਰੇ ਤੋਂ ਵੱਧ ਯੋਗਦਾਨ ਪਾਉਣਾ ਚਾਹੁੰਦੇ ਸਨ। ਪਤੀ ਪਤਨੀ ਨੇ ਹੀ ਆਜ਼ਾਦੀ ਸੰਗਰਾਮ ਨੂੰ ਹੀ ਜੀਵਨ ਬਣਾ ਲਿਆ ਸੀ। ਆਪਣੇ ਦੇਸ਼ ਦੇ ਲੋਕਾਂ ਵਿਚੋਂ ਕਾਇਰਤਾ ਖ਼ਤਮ ਕਰੀ ਜਾ ਰਹੇ ਸਨ। ਪੰਜਾਬੀ ਕੌਮ ਨੂੰ ਨਿਸ਼ਕਾਮ ਸੇਵਾ ਕਰਨ ਦਾ ਪ੍ਰਣ ਦਿਵਾ ਰਹੇ ਸਨ।

ਪੰਜਾਬੀ ਕੌਮ ਵਿਚ ਆਜ਼ਾਦੀ ਸੰਗਠਨ ਵੱਖ-ਵੱਖ ਲਹਿਰਾਂ ਵਿਚ ਫੁੱਟ ਰਿਹਾ ਸੀ। ਇਹਨਾਂ

Sri Satguru Jagjit Singh Ji Elibrary NamdhariElibrary@gmail.com

ਲੋਕ ਲਹਿਰਾਂ ਨੂੰ ਤੇਜ਼ ਕਰਨ ਵਾਸਤੇ ਪਤੀ ਪਤਨੀ ਆਪੋ ਆਪਣੀਆਂ ਲਿਖਤਾਂ ਰਾਹੀਂ ਜੁਝਾਰੂ ਰੰਗ ਚਾੜ੍ਹ ਰਹੇ ਸਨ। ਰਾਤ-ਦਿਨ ਰਾਜਨੀਤੀ ਤੇ ਮਨੁੱਖਤਾ ਬਾਰੇ ਲਿਖ ਰਹੇ ਸਨ। ਇਸ ਤੋਂ ਸਾਇਕਲੋ ਸਟਾਈਲ ਮਸ਼ੀਨਾਂ ਨਾਲ ਚਿੱਠੀਆਂ ਛਾਪ ਕੇ ਹੱਥੋ-ਹੱਥੀ ਆਪਣੀ ਡਾਕ ਰਾਹੀਂ ਆਜ਼ਾਦੀ ਸੰਗਰਾਮੀਆਂ ਪਹੁੰਚਾਈਆਂ ਜਾ ਰਹੀਆਂ ਸਨ। ਵੱਖ-ਵੱਖ ਉਭਰ ਰਹੀਆਂ ਲਹਿਰਾਂ ਨੂੰ ਉਤਸਾਹਤ ਕੀਤਾ ਜਾ ਰਿਹਾ ਸੀ।

ਕੂਕਾ ਲਹਿਰ ਨੇ ਕਾਫੀ ਚਿਰ ਪਹਿਲਾਂ ਸਰਕਾਰੀ ਡਾਕ ਤੋਂ ਆਪਣੀ ਡਾਕ ਵੱਖਰੀ ਕਰ ਲਈ ਸੀ। ਜਦੋਂ ਡਾਕ ਇਕ ਤੋਂ ਦੂਸਰੇ ਹੱਥ ਆਉਂਦੀ ਆਪਣੀ ਰੋਟੀ ਵਿਚੋ ਹੀ ਛੱਡਕੇ ਦੋੜ ਉਠਦੇ ਸੀ। ਜਿਵੇਂ ਉਸ ਨੂੰ ਅੱਗੇ ਪਹੁੰਚਾਉਣਾ ਭੁੱਖ ਅਤੇ ਰੋਟੀ ਤੋਂ ਵੱਧ ਜ਼ਰੂਰਤ ਸੀ। ਭਾਵ ਰੋਟੀ ਤੋਂ ਵੱਧ ਜ਼ਰੂਰਤ ਸੀ। ਭਾਵ ਰੋਟੀ ਵਿਚਾਲੇ ਛੱਡ ਕੇ ਤੁਰ ਪੈਂਦੇ ਸਨ। ਡਾਕ ਨੂੰ ਪੰਜ ਮਿੰਟ ਵੀ ਰੋਕਣਾ ਕੂਕਾ ਲਹਿਰ ਦੀ ਉਲੰਘਣਾ ਸਮਝਦੇ ਸਨ। ਜਿਵੇਂ ਕੋਈ ਬਜਰ ਪਾਪ ਤੋਂ ਬਚਣਾ ਚਾਹੁੰਦੇ ਹੋਣ।

ਪਤੀ-ਪਤਨੀ ਨੂੰ ਬਹੁਤ ਮੁਸ਼ਕਿਲ ਹੋ ਰਿਹਾ ਸੀ। ਕਿਉਂਕਿ ਲੇਖ ਵੀ ਅੰਡਰ ਗਰਾਊਂਡ ਹੋ ਕੇ ਲਿਖਣੇ ਪੈਂਦੇ ਸਨ। ਅਤੇ ਸਾਇਕਲੋ-ਸਟਾਈਲ ਵੀ ਰਾਤ ਨੂੰ ਉਠਕੇ ਚਲਾਉਣੀ ਪੈਂਦੀ ਸੀ। ਭਾਵ ਦਿਨੇ ਕਿਤੇ ਲੁਕ ਬੈਠ ਕੇ ਲਿਖਣਾ ਪੈਂਦਾ ਸੀ। ਰਾਤ ਨੂੰ ਸਾਇਕਲੋ ਸਟਾਈਲ ਮਸ਼ੀਨ ਚਲਾਉਣੀ ਪੈਂਦੀ ਸੀ। ਇਸ ਤੋਂ ਇਲਾਵਾ ਕਈ-ਕਈ ਮੀਟਿੰਗਾਂ ਦੇਸ਼ ਭਗਤਾਂ ਨਾਲ ਰਾਤ ਨੂੰ ਹੀ ਕਰਨੀਆਂ ਪੈਂਦੀਆਂ ਸਨ। ਆਰਾਮ ਕਰਨਾ ਬਿਲਕੁਲ ਹੀ ਖ਼ਤਮ ਹੁੰਦਾ ਜਾ ਰਿਹਾ ਸੀ। ਲਗਾਤਾਰ ਰਾਤ ਦਿਨ ਕੰਮ ਹੀ ਕੰਮ ਕਰਨਾ ਪੈ ਰਿਹਾ ਸੀ। ਨੀਂਦ ਆਉਣੀ ਘਟਦੀ ਜਾ ਰਹੀ ਸੀ।

ਕੂਕਾ ਅਖ਼ਬਾਰ ਉਤੇ ਬੈਨ ਲੱਗ ਚੁੱਕਾ ਸੀ। ਸਾਰੇ ਲੇਖਕਾਂ ਦੇ ਵਰੰਟ ਨਿਕਲ ਚੁੱਕੇ ਸਨ। ਅਖ਼ਬਾਰ ਬੜੀ ਚੋਕਸੀ ਨਾਲ ਆਮ ਲੋਕਾਂ ਵਿਚ ਵਰਤਾਉਣਾ ਪੈਂਦਾ ਸੀ। ਕੂਕਾ ਅਖ਼ਬਾਰ ਦੇ ਪਾਠਕ ਆਜ਼ਾਦੀ ਸੰਗਰਾਮ ਵਿਚ ਕੁੱਦਦੇ ਜਾ ਰਹੇ ਸਨ। ਇਸ ਕੂਕਾ ਅਖ਼ਬਾਰ ਨੇ ਵੱਖ-ਵੱਖ ਲਹਿਰਾਂ ਨੂੰ ਜਨਮ ਦਿੱਤਾ ਸੀ। ਕੂਕਾ ਅਖ਼ਬਾਰ ਨੇ ਪੰਜਾਬੀ ਕੌਮ ਨੂੰ ਦਿੱਲੀ ਦੇ ਲਾਲ ਕਿਲ੍ਹੇ ਵੱਲ ਮਾਰਗ ਦੱਸਦਿਆਂ ਆਜ਼ਾਦੀ ਨਾਲ ਜਿਉਣਾ ਜੁਝਾਰੂ ਰੋਲ ਕਰਦਿਆਂ ਜੀਵਨ ਬਤੀਤ ਕਰਨ ਦਾ ਗਿਆਨ ਵਰਦਾਨ ਕਰਨਾ ਦੱਸ ਦਿੱਤਾ ਸੀ।

ਬਹੁਤ ਸਾਰੇ ਇਨਕਲਾਬੀ ਪਿੰਡਾਂ ਵਿਚ ਜਲਸੇ ਜਲੂਸ ਕਰਨ ਵਾਸਤੇ ਨਿਕਲ ਤੁਰੇ ਸਨ। ਜਲ੍ਹਿਆਂ ਵਾਲੇ ਬਾਗ ਦਾ ਬਦਲਾ ਲੈਣ ਖ਼ਾਤਰ ਪਿੰਡ-ਪਿੰਡ ਮੈਂਬਰਸ਼ਿਪ ਹੋਣੀ ਸ਼ੁਰੂ ਹੋ ਗਈ ਸੀ। ਗੁਰੂ ਦੇ ਬਾਗ ਦੇ ਤਸ਼ੱਦਦ ਬਾਰੇ ਥਾਂ-ਥਾਂ ਤੇ ਕਾਨਫਰੰਸਾਂ ਤੇ ਜਲਸੇ ਜਲੂਸ ਕੱਢੇ ਜਾ ਰਹੇ ਸਨ। ਹਿੰਦੂ-ਸਿੱਖ-ਮੁਸਲਿਮ-ਇਸਾਈ ਇਸ ਖ਼ੂਨੀ ਕਾਂਡ ਦੇ ਖ਼ਿਲਾਫ ਆਪਣਾ ਏਕਾ ਮਜ਼ਬੂਤ ਕਰਕੇ ਅੰਗਰੇਜ਼ ਸਰਕਾਰ ਤੋਂ ਆਜ਼ਾਦ ਹੋਣ ਖ਼ਾਤਰ ਜੁਟ ਰਹੇ ਸਨ।

ਸ: ਗੁਰਦਿਆਲ ਸਿੰਘ ਜੀ ਦੀ ਪ੍ਰਧਾਨਗੀ ਹੇਠ 1922 ਈ: ਨੂੰ ਪਿੰਡ ਸਨਖਤਰਾ ਜ਼ਿਲ੍ਹਾ ਸਿਆਲਕੋਟ (ਪਾਕਿਸਤਾਨ) ਵਿਚ ਬਹੁਤ ਭਾਰੀ ਕਾਨਫਰੰਸ ਹੋਈ। ਇਸ ਕਾਨਫਰੰਸ ਨੇ ਪਛਮੀ ਪੰਜਾਬ ਵਿਚ ਅੰਗਰੇਜ਼ ਸਰਕਾਰ ਦੇ ਖਿਲਾਫ ਬਗਾਵਤ ਦਾ ਹੜ੍ਹ ਆ ਗਿਆ ਸੀ। ਸਮੁੱਚੀ ਪੰਜਾਬੀ ਕੌਮ ਜਾਗਰੂਪ ਹੋ ਕੇ ਉਠ ਖਲੋਤੀਆਂ ਸਨ।

ਦੂਸਰੀ ਕਾਨਫਰੰਸ ਪਿੰਡ ਸਿਆੜ ਜ਼ਿਲ੍ਹਾ ਲੁਧਿਆਣਾ ਵਿਚ 1922 ਈ: ਨੂੰ ਹੋਈ। ਇਸ

ਕਾਨਫਰੰਸ ਵਿਚ ਵੱਖ-ਵੱਖ ਲਹਿਰਾਂ ਦੇ ਮੁਖੀ ਨੁਮਾਇੰਦੇ ਸ਼ਾਮਲ ਹੋਏ ਸਨ। ਡਾਕਟਰ ਸਤਪਾਲ, ਮੌਲਾਨਾ ਆਜ਼ਾਦ, ਡਾਕਟਰ ਫੈਜ਼ੂ ਦੀਨ, ਕਿਚਲੂ, ਲਾਲਾ ਕੇਦਾਰ ਨਾਥ ਬਾਬਰ ਲਹਿਰ ਦੇ ਮੁਖੀ ਬਾਬੂ ਸੰਤਾ ਸਿੰਘ, ਕਿਸ਼ਨ ਸਿੰਘ ਗੜਗੱਜ ਹੋਰ ਬਹੁਤ ਸਾਰੇ ਇਨਕਲਾਬੀ ਲੀਡਰ ਸ਼ਾਮਲ ਹੋਏ ਸਨ। ਕੂਕਾ ਲਹਿਰ ਦੇ ਚਲਾਏ ਹੋਏ ਲੰਮੇ ਸੰਘਰਸ਼ ਦੀਆਂ ਮਹਾਨ ਕੁਰਬਾਨੀਆਂ ਉੱਤੇ ਬੁਲਾਰੇ ਬੋਲਦੇ ਗਏ। ਅੰਗਰੇਜ਼ ਸਰਕਾਰ ਦੀਆਂ ਜੜ੍ਹਾਂ ਖੋਖਲੀਆਂ ਕਰਦੇ ਗਏ। ਇਸ ਕਾਨਫਰੰਸ ਵਿਚ ਮਾਤਾ ਜੀਵਨ ਕੌਰ ਨੇ ਬਾਬਾ ਪ੍ਰਤਾਪ ਸਿੰਘ ਜੀ ਸਾਹਿਬ ਨੇ ਇਥੇ ਲੰਗਰ ਪ੍ਰਬੰਧ ਕਰਦਿਆਂ ਹੋਰ ਵੀ ਯੋਗਦਾਨ ਪਾਇਆ। ਸ੍ਰ: ਗੁਰਦਿਆਲ ਸਿੰਘ ਜੀ ਆਪਣੇ ਲੈਕਚਰਾਂ ਨਾਲ ਅੰਗਰੇਜ਼ ਸਰਕਾਰ ਨੂੰ ਕੰਬਣੀਆਂ ਚਾੜ੍ਹ ਦਿੱਤੀਆਂ ਸਨ। ਕੂਕਾ ਲਹਿਰ ਲਹਿਰ ਨੇ ਆਪਣੇ ਮੈਮੋਰੰਡਮ ਵਿਚ ਭਾਰਤ ਛੱਡੋ ਦਾ ਨਾਹਰਾ 1922 ਈ: ਨੂੰ ਲਾ ਦਿੱਤਾ ਸੀ। ਜਦੋਂ ਕਿ ਮਹਾਤਮਾ ਗਾਂਧੀ ਜੀ ਨੇ 20 ਸਾਲ ਬਾਅਦ ਭਾਰਤ ਛੱਡੋ 1942 ਈ: ਨੂੰ ਨਾਅਰਾ ਲਾਇਆ ਸੀ। ਜਦੋਂ ਅੰਗਰੇਜ਼ ਦੀਆਂ ਜੜ੍ਹਾਂ ਪੁੱਟੀਆਂ ਗਈਆਂ ਸੀ। ਦੂਸਰੀ ਵਿਸ਼ਵ ਜੰਗ ਵਿਚ ਭਾਰਤ ਦੇ ਨੌਜਵਾਨਾਂ ਨੂੰ ਮਹਾਤਮਾ ਗਾਂਧੀ ਨੇ ਅੰਗਰੇਜ਼ ਦੀ ਫੌਜ ਵਿਚ ਭਰਤੀ ਬਾਰੇ ਅਖ਼ਬਾਰਾਂ ਨੂੰ ਟੇਢੇ ਵਿੰਗੇ ਢੰਗ ਨਾਲ ਬਿਆਨ ਵੀ ਦੇ ਰਹੇ ਸਨ। ਭਾਵ ਅੰਗਰੇਜ਼ਾਂ ਨਾਲ ਯਾਰੀ ਜੋੜ ਰਿਹਾ ਸੀ।

ਲੁਧਿਆਣਾ ਡਿਪਟੀ ਕਮਿਸ਼ਨਰ ਨੇ ਪਿੰਡ ਸਿਆੜ ਨੂੰ ਕਾਨਫਰੰਸ ਕਰਾਉਣ ਦੇ ਦੋਸ਼ ਵਿਚ 7500 ਰੁਪੈ ਜੁਰਮਾਨਾ ਕਰ ਦਿੱਤਾ ਸੀ। ਸ੍ਰ: ਮੇਹਰ ਸਿੰਘ ਦੀ ਸੂਬੇ ਨੇ ਪਿੰਡ ਦੇ ਜੁਝਾਰੂ ਲੋਕਾਂ ਨੂੰ ਨਾਲ ਲੈ ਕੇ ਜੁਰਮਾਨੇ ਦੇ ਵਿਰੁੱਧ (ਜੁਰਮਾਨੇ ਦਾ ਮੁਖ ਵਿਸ਼ਾ) ਬਣਾਕੇ ਦੂਰ-ਦੂਰ ਦੇ ਨਾਹਰੇ ਲਾਉਂਦਿਆਂ ਜਲੂਸ ਕੱਢੇ ਸਨ। ਸਰਕਾਰ ਦੀਆਂ ਜੜ੍ਹਾਂ ਹਿੱਲ ਗਈਆਂ ਸਨ।

ਸ੍ਰੀ ਭੈਣੀ ਸਾਹਿਬ ਤੋਂ ਤਜੀਰੀ ਪੁਲਿਸ ਚੌਂਕੀ 1923 ਈ: ਨੂੰ ਅੰਗਰੇਜ਼ ਨੂੰ ਆਪੇ ਚੁੱਕਣੀ ਪਈ ਸੀ। ਕੂਕਾ ਲਹਿਰ ਦਾ ਸੁਨਹਿਰੀ ਝੰਡਾ ਸ੍ਰੀ ਭੈਣੀ ਸਾਹਿਬ ਤੇ ਲਹਿਰਾ ਰਿਹਾ ਸੀ। ਆਜ਼ਾਦੀ ਦੇ ਪ੍ਰਵਾਨਿਆਂ ਦਾ ਕੇਂਦਰ ਅਜ਼ਾਦ ਹੋ ਗਿਆ ਸੀ।

ਕੂਕਾ ਲਹਿਰ ਦੇ ਮਹਾਨ ਇਤਿਹਾਸ ਵਿਚੋਂ ਬਾਬਰ ਅਕਾਲੀ ਲਹਿਰ 1920 ਈ: ਨੂੰ ਜਨਮ ਹੋਇਆ। ਰਿਆਸਤੀ ਪ੍ਰਜਾ ਮੰਡਲ ਦਾ ਵੀ ਕੂਕਾ ਲਹਿਰ ਦੇ ਇਤਿਹਾਸ ਵਿਚੋਂ ਹੀ ਜਨਮ ਹੋਇਆ ਸੀ। ਉਦਾਸੀ ਸਾਧੂਆਂ ਦੇ ਰੂਪ ਵਿਚ ਅਤੇ ਨਿਰਮਲੇ ਸਾਧੂਆਂ ਦੇ ਨਾਮ ਦੇ ਨਾਲ, ਗੁਰੂਆਂ ਦੀ ਸਾਂਝੀਵਾਲਤਾ ਦੇ ਉਪਦੇਸ਼ ਦੇਣ ਦੀ ਲਹਿਰ ਦਾ ਇਤਿਹਾਸਕ ਗਿਆਨ ਦੇਣ ਦਾ 1923-24 ਈ: ਨੂੰ ਸ਼ੁਰੂ ਹੋਇਆ ਸੀ। ਇਹ ਵੀ ਜਥੇਬੰਦੀਆਂ 1947 ਤੋਂ ਬਾਅਦ ਖਿਲਰ ਪੁਲਰ ਗਈਆਂ। ਨਿੱਜੀ ਮਾਲਕੀ ਦੀ ਲਪੇਟ ਵਿਚ ਆ ਕੇ ਸਾਂਝੀਵਾਲਤਾ ਦੀ ਲਹਿਰ ਨੂੰ ਛੱਡ ਗਈਆਂ।

/

## ਕਾਂਡ—18

ਪਾਠਕ ਜੀ ਆਪਾਂ ਬੱਬਰ ਖਾਲਸਾ ਲਹਿਰ ਦਾ ਸੰਖੇਪ ਲਾਈਨਾਂ ਵਿਚ ਜ਼ਿਕਰ ਕਰਦੇ ਹੋਏ ਅੱਗੇ ਚੱਲਦੇ ਹਾਂ। ਬੱਬਰ ਲਹਿਰ ਵੀ ਕੂਕਾ ਲਹਿਰ ਤੋਂ ਪ੍ਰਭਾਵਤ ਹੋ ਕੇ ਸਾਂਝੀਵਾਲਤਾ ਵਿਚ ਆਈ ਸੀ।

ਬੱਬਰ ਖਾਲਸਾ ਲਹਿਰ ਕੂਕਾ ਲਹਿਰ ਦੇ ਅਮਰ ਸ਼ਹੀਦਾਂ ਤੋਂ ਪ੍ਰਭਾਵਿਤ ਹੋ ਕੇ ਅੰਗਰੇਜ਼ ਸਰਕਾਰ ਤੋਂ ਬਦਲਾ ਲੈਣ ਵਾਸਤੇ ਇਕ ਵੱਖਰੇ ਰੂਪ ਵਿਚ ਜਥੇਬੰਦ ਹੋਈ। ਇਸ ਬੱਬਰ ਲਹਿਰ ਨੇ ਅੰਗਰੇਜ਼ ਸਰਕਾਰ ਦੀਆਂ ਜੜ੍ਹਾਂ ਖੋਖਲੀਆਂ ਕਰ ਦਿੱਤੀਆਂ ਸਨ। ਬੇਸ਼ੱਕ ਇਹ ਬੱਬਰ ਖਾਲਸਾ ਲਹਿਰ 1920 ਈ: ਤੋਂ ਸ਼ੁਰੂ ਹੋ ਕੇ ਜੁਝਾਰੂ ਰੂਪ ਧਾਰ ਕੇ 1924 ਈ: ਤਕ ਹੀ ਚੱਲ ਸਕੀ। ਇਹਨਾਂ ਚਾਰ ਸਾਲਾਂ ਵਿਚ ਹਜ਼ਾਰਾਂ ਦੀ ਮੈਂਬਰਸ਼ਿਪ ਕਾਇਮ ਕਰਕੇ ਅੰਗਰੇਜ਼ ਸਰਕਾਰ ਨੂੰ ਅਤੇ ਗ਼ੱਦਾਰ ਲੋਕਾਂ ਨੂੰ, ਸਰਕਾਰ ਦੇ ਝੋਲੀ ਚੁੱਕਾਂ ਨੂੰ ਨਾਨੀ ਯਾਦ ਕਰਾ ਦਿੱਤੀ ਸੀ। ਡਰਦੇ ਮਾਰੇ ਸਾਰੇ ਗ਼ੱਦਾਰ ਥਾਣਿਆਂ ਦੇ ਰਾਹ ਛੱਡ ਗਏ ਸਨ। ਪਤਾ ਨਹੀਂ ਦਿਨ ਤੇ ਰਾਤ ਨੂੰ ਕਿਥੇ ਰਹਿੰਦੇ ਸਨ? ਰਾਤ ਨੂੰ ਵੀ ਸੁੱਤੇ ਪਏ ਬਰੜਾ-ਬਰੜਾ ਉਠਦੇ ਸਨ।

ਸ: ਕਿਸ਼ਨ ਸਿੰਘ ਗੜਗਜ ਫੌਜ ਵਿਚ ਸੂਬੇਦਾਰ ਸੀ। ਪੈਨਸ਼ਨ ਹੋਣ ਵਾਲੀ ਸੀ। ਜਦੋਂ ਕੂਕਾ ਲਹਿਰ ਬਾਰੇ ਚੰਗੇ ਇਨਕਲਾਬੀ ਲੇਖਕਾਂ ਦੇ ਲੇਖ ਪੜ੍ਹਕੇ ਆਪਣੀ ਪੰਜਾਬੀ ਕੌਮ ਦਾ ਅਤੇ ਦੇਸ਼ ਪਿਆਰ ਜਾਗ ਉਠਿਆ। ਅੰਗਰੇਜ਼ ਸਰਕਾਰ ਦੀ ਨੀਤੀ ਤੋਂ ਬਹੁਤ ਨਫ਼ਰਤ ਹੋ ਗਈ। ਫੌਜ ਦੀ ਨੌਕਰੀ ਤੋਂ ਅਸਤੀਫ਼ਾ ਦੇ ਕੇ, ਕ੍ਰਾਂਤੀਕਾਰੀ ਸੰਘਰਸ਼ ਵਿਚ ਕੁੱਦਣ ਦਾ ਮਨ ਤਿਆਰ ਕਰ ਲਿਆ ਸੀ। ਸਰਕਾਰ ਨੇ ਉਸਦਾ ਮੂਡ ਖਰਾਬ ਦੇਖ ਕੇ ਸੂਬੇਦਾਰੀ ਪੈਨਸ਼ਨ ਦੇ ਕੇ ਘਰ ਨੂੰ ਤੋਰ ਦਿੱਤਾ ਸੀ। ਸਰਦਾਰ ਕਿਸ਼ਨ ਸਿੰਘ ਨੇ ਸਰਕਾਰ ਦੀ ਦਿੱਤੀ ਪੈਨਸ਼ਨ ਇਕ ਵਾਰ ਵੀ ਨਾ ਲਈ। ਨਿਸ਼ਕਾਮ ਸੇਵਾ ਕਰਨ ਦਾ ਮਨ ਬਣਾ ਲਿਆ ਸੀ।

ਗੁਰੂ ਨਾਨਕ ਸਾਹਿਬ ਦੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਲਹਿਰ ਨੂੰ ਆਪਣਾ ਜੀਵਨ ਅਰਪਣ ਕਰ ਦਿੱਤਾ ਸੀ। ਬਾਬਾ ਰਾਮ ਸਿੰਘ ਦੇ ਉਲੀਕੇ ਹੋਏ ਪ੍ਰੋਗਰਾਮ ਮੁਤਾਬਿਕ ਕਿਸ਼ਨ ਸਿੰਘ ਗੜਗਜ ਨੇ ਇਕ ਵੱਖਰੀ ਲਹਿਰ ਚਲਾਉਣ ਦਾ ਪ੍ਰੋਗਰਾਮ ਬਣਾ ਲਿਆ ਸੀ। ਦੂਸਰਾ ਸਾਥੀ ਬਾਬੂ ਸੰਤ ਸਿੰਘ ਜੀ ਸਿੱਖ ਰਜਮੈਂਟ ਪਲਟਨ 52 ਵਿਚੋਂ ਅਸਤੀਫ਼ਾ ਦੇ ਕੇ ਸ: ਕਿਸ਼ਨ ਸਿੰਘ ਜੀ ਦਾ ਸਾਥ ਬੜੀ ਚਤਰ ਰਾਜਨੀਤੀ ਨਾਲ ਦਿੱਤਾ ਸੀ। ਇਹੋ ਦੋਵੇਂ ਮੁੱਢਲੇ ਸਾਥੀ ਸਨ। ਇਹਨਾਂ ਦੋਵਾਂ ਪੰਜਾਬੀ ਇਨਕਲਾਬੀਆਂ ਨੇ ਸਿੱਖ ਗੁਰੀਲਾ ਸੰਘਰਸ਼ 1708 ਈ: ਤੋਂ ਲੈ ਕੇ 1764 ਈ: ਤਕ ਪੰਜਾਬੀ ਸਿੱਖ ਗੁਰੀਲਾ ਹਿਸਟਰੀ (History) ਪੜ੍ਹੀ ਸੀ ਅਤੇ ਇਸਦੇ ਨਾਲ ਇਹ ਵੀ ਪੜ੍ਹਿਆ ਸੀ, ਮਹਾਰਾਜਾ ਰਣਜੀਤ ਸਿੰਘ ਦੇ ਦਾਦੇ ਸ: ਚੜ੍ਹਤ ਸਿੰਘ ਜੀ ਤੇ ਪਿਤਾ ਮਹਾਂ ਸਿੰਘ ਜੀ ਨੇ ਨਿਜੀ ਮਾਲਕੀ ਵਾਸਤੇ ਸਿੱਖ ਕੌਮ ਨਾਲ ਵਿਸ਼ਵਾਸਘਾਤ ਕੀਤੇ। ਦੋਸ਼ੀ ਰਣਜੀਤ ਸਿੰਘ ਨੂੰ ਸਮਝ ਲਿਆ ਸੀ। ਅੰਗਰੇਜ਼ ਸਰਕਾਰ ਦਾ ਰਾਜ ਪੰਜਾਬ ਉਤੇ ਕਬਜ਼ਾ ਕਰਾਉਣ ਦਾ ਕਮਜ਼ੋਰੀ



Sri Satguru Jagjit Singh Ji Elibrary NamdhariElibrary@gmail.com

ਦਾ ਪੱਖ ਰਣਜੀਤ ਸਿੰਘ ਦਾ ਸਮਝ ਲਿਆ ਸੀ, ਕਿਉਂਕਿ ਮਹਾਰਾਜਾ ਰਣਜੀਤ ਸਿੰਘ ਨੇ 1809 ਈ: ਨੂੰ ਅੰਗਰੇਜ਼ ਸਰਕਾਰ ਨਾਲ ਸ੍ਰੀ ਅੰਮ੍ਰਿਤਸਰ ਸਾਹਿਬ ਬੈਠ ਕੇ ਸਮਝੌਤਾ ਕਰ ਲਿਆ ਸੀ। ਅੰਗਰੇਜ਼ਾਂ ਤੋਂ ਬਹੁਤ ਸਾਰੇ ਨਜ਼ਰਾਨੇ ਲੈ ਲਏ ਸਨ। ਪੰਜਾਬ ਨੂੰ ਗੁਲਾਮ ਬਣਾਉਣ ਵਾਸਤੇ ਰਣਜੀਤ ਸਿੰਘ ਦੇ ਦਿਮਾਗ ਦੀ ਉਪਜ ਸੀ। ਜੋ ਦੋਵਾਂ ਸਾਥੀਆਂ ਨੇ ਕਿਸ਼ਨ ਸਿੰਘ ਤੇ ਬਾਬੂ ਸੰਤਾ ਸਿੰਘ ਨੇ ਪੂਰੀ ਚੰਗੀ ਤਰ੍ਹਾਂ ਸਮਝ ਲਿਆ ਸੀ। ਭਾਵਨਾ ਨਿਜੀ ਮਾਲਕੀ ਤੇ ਹੈਂਕੜ ਦੀ ਸੀ।

ਸ: ਕਿਸ਼ਨ ਸਿੰਘ ਤੇ ਬਾਬੂ ਸੰਤਾ ਸਿੰਘ ਨੇ ਆਪਣਾ ਜੀਵਨ ਦੇਸ਼ ਪਿਆਰ ਦੇ ਲੇਖੇ ਲਾਉਣ ਦਾ ਫੈਸਲਾ ਕਰ ਲਿਆ ਸੀ। ਦੂਸਰੇ ਸਾਥੀਆਂ ਨੂੰ ਨਾਲ ਰਲਾਉਣ ਦੀ ਮੁਹਿੰਮ ਸ਼ੁਰੂ ਕਰ ਦਿੱਤੀ ਸੀ। ਪਹਿਲੀ ਮੀਟਿੰਗ ਸਤਲੁਜ ਦਰਿਆ ਦੇ ਖੱਬੇ ਕਿਨਾਰੇ ਫਿਲੌਰ ਦਾ ਪੁਲ ਪਾਰ ਕਰਕੇ ਲੋਢੂਵਾਲ ਰੇਲਵੇ ਸਟੇਸ਼ਨ ਤੇ ਦੋਵਾਂ ਦਰਿਆਵਾਂ ਦੇ ਵਿਚਕਾਰ ਬਹੁਤ ਸੰਘਣੇ ਜੰਗਲ ਵਿਚ 1920 ਈ: ਨੂੰ ਬੱਬਰ ਖਾਲਸਾ ਦੀ ਨੀਂਹ ਰੱਖੀ ਗਈ ਸੀ। ਇਹ ਪਹਿਲੀ ਮੀਟਿੰਗ ਸੀ। ਇਹ ਮੀਟਿੰਗ ਕਿਸ਼ਨ ਸਿੰਘ ਜੀ ਗੜਗਜ, ਬਾਬੂ ਸੰਤਾ ਸਿੰਘ ਦੀ ਪ੍ਰਧਾਨਗੀ ਤੇ ਸਕੱਤਰੀ ਹੇਠ ਹੋਈ ਸੀ।

ਇਸ ਮੀਟਿੰਗ ਵਿਚ ਮੁੜ ਕੂਕਾ ਲਹਿਰ ਦੇ ਇਤਿਹਾਸ ਨੂੰ ਦੁਹਰਾਇਆ ਗਿਆ। ਬਾਬਾ ਰਾਮ ਸਿੰਘ ਜੀ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ। ਅਮਰ ਸ਼ਹੀਦਾਂ ਦੀ ਜੋਤ ਜਗਾ ਕੇ ਨਿਸ਼ਕਾਮ ਸੇਵਾ ਕਰਨ ਦੇ ਪ੍ਰਣ ਲਏ ਗਏ ਸਨ।

ਬੋਲਣ ਵਾਲਿਆਂ ਨੇ ਅੱਤਿਆਚਾਰ ਦੇ ਲਿਖੇ ਕਾਂਡਾਂ ਬਾਰੇ ਗ਼ਦਰ ਲਹਿਰ ਦੇ ਅਮਰ ਸ਼ਹੀਦਾਂ ਨੂੰ ਵੀ ਨਾਲ ਜੋੜ ਦਿੱਤਾ ਗਿਆ। ਮਲੇਰਕੋਟਲੇ ਦੇ 1872 ਈ: ਦੇ ਅਮਰ ਸ਼ਹੀਦਾਂ ਨੂੰ ਨਾਲ ਜੋੜ ਕੇ ਕਾਮਾਗਾਟਾਮਾਰੂ ਜਹਾਜ਼ ਦੇ 1914 ਈ: ਦੇ ਹੋਏ ਅਮਰ ਸ਼ਹੀਦਾਂ ਨੂੰ ਵੀ ਸ਼ਰਧਾਂਜਲੀ ਅਰਪਣ ਕੀਤੀ ਗਈ। ਸ੍ਰੀ ਅੰਮ੍ਰਿਤਸਰ ਜਲਿਆਂ ਵਾਲੇ ਬਾਗ 1919 ਈ: ਦੇ 1300 ਅਮਰ ਸ਼ਹੀਦਾਂ ਨੂੰ ਗੁਰੂ ਕੇ ਬਾਗ ਅੰਦੋਲਨਕਾਰੀਆਂ ਨੂੰ ਕਈ ਦਰਜਨਾਂ ਦੇ ਗੋਡੇ ਮੌਢੇ ਤੋੜ ਕੇ ਮੰਜਿਆਂ ਉਤੇ ਪਾ ਦਿੱਤਾ ਗਿਆ। ਇਹ ਸਾਰਾ ਪੰਜਾਬੀ ਕੌਮ ਦਾ ਦੁਖਾਂਤ ਇਸ ਮੀਟਿੰਗ ਵਿਚ ਵੱਖ-ਵੱਖ ਬੁਲਾਰਿਆਂ ਨੇ ਦਸਿਆ ਅਤੇ ਦੇਸ਼ ਦੀ ਸੁਤੰਤਰਤਾ ਵਾਸਤੇ ਬੱਬਰ ਲਹਿਰ ਦੇ ਯੋਧਿਆਂ ਨੇ ਆਪਣੇ ਸੀਸ ਤਲੀ ਉਤੇ ਰੱਖ ਕੇ ਗੋਰਾ ਸਰਕਾਰ ਨੂੰ ਸਬਕ ਸਿਖਾਉਣ ਦਾ ਪ੍ਰਣ ਕਰ ਲਿਆ ਸੀ। ਦੇਸ਼ ਦੇ ਗ਼ਦਾਰਾਂ ਨੂੰ ਵੀ ਸੋਧਣ ਦਾ ਬੀੜਾ ਚੁੱਕ ਲਿਆ ਸੀ। ਰਹਿਤ ਮਰਯਾਦਾ ਦਾ ਸੰਵਿਧਾਨ ਹੇਠ ਲਿਖਿਆ ਤਿਆਰ ਕਰ ਲਿਆ ਸੀ।

(1) ਨਸ਼ਿਆਂ ਦਾ ਟੋਟਲ ਬਾਈਕਾਟ ਕਰਨਾ, ਸ਼ਰਾਬ, ਅਫੀਮ, ਪੋਸਤ, ਭੰਗ ਅਤੇ ਹੋਰ ਵੀ ਨਸ਼ਿਆਂ ਨੂੰ ਹੱਥ ਲਾਉਣਾ ਪਾਪ ਦੇ ਬਰਾਬਰ ਸਮਝਿਆ ਗਿਆ ਸੀ।

(2) ਇਸਤਰੀ ਦਾ ਤਿਆਗ ਕਰਨਾ, ਜਤੀ ਰਹਿਣਾ ਜ਼ਰੂਰੀ ਲਾਅ (Law) ਬਣਾ ਦਿੱਤਾ ਸੀ।

(3) ਚੋਰੀ ਡਾਕਾ ਵੀ ਨਹੀਂ ਮਾਰਨਾ। ਵਿਆਜ ਖੋਰਾਂ ਦੀਆਂ ਵਹੀਆਂ ਸਾੜ ਦੇਣੀਆਂ।

(4) ਬੱਬਰ ਲਹਿਰ ਦਾ ਹੁਕਮ ਮੰਨ ਕੇ ਚਲਣਾ ਅਤੇ ਦਿੱਤੇ ਹੁਕਮ ਨੂੰ ਪ੍ਰਾਣਾਂ ਤੋਂ ਪਿਆਰਾ ਕਰਕੇ ਮੰਨਣਾ ਅਤਿ ਜ਼ਰੂਰੀ ਸੀ।

ਇਸ ਤੋਂ ਇਲਾਵਾ ਬੱਬਰ ਲਹਿਰ ਤਿੰਨ ਭਾਗਾਂ ਵਿਚ ਵੰਡ ਦਿੱਤੀ। ਵੱਖਰੇ-ਵੱਖਰੇ ਕੰਮ ਵੰਡੇ ਗਏ ਸੀ। ਉਹ ਇਸ ਪ੍ਰਕਾਰ ਸਨ :—

(1) ਗ਼ਦਾਰਾਂ ਨੂੰ ਸੁਧਾਰਣ ਵਾਸਤੇ ਇਕ ਮਾਰਸ਼ਲ ਕਮਾਂਡੋ ਕੁਰਬਾਨੀਆਂ ਦੇਣ ਵਾਲੀ ਜੱਦਾਰਾਂ ਨੂੰ ਸੋਧਨ ਵਾਸਤੇ ਬਣਾਈ ਗਈ।

(2) ਪਿੰਡ ਵਿਚ ਕਮਾਂਡੋ ਫੋਰਸ ਦੇ ਘੁਰਨੇ ਭਾਵ ਅੱਡੇ ਬਣਾ ਕੇ ਦਸਣੇ ਹੁੰਦੇ ਸਨ।

ਇਸ ਰਖਿਆ ਪ੍ਰਬੰਧ ਲਈ ਦੂਸਰਾ ਕਮਾਂਡੋ ਬਣਾਇਆ ਗਿਆ ਸੀ। ਇਹ ਪੜ੍ਹੇ ਲਿਖੇ ਸੰਗਰਾਮੀਏ ਸਨ।

(3) ਸਰਕਾਰ ਦੇ ਕੰਮ ਦੀ ਕਮਾਂਡੋ ਨੂੰ ਖ਼ਬਰ ਕਰੇ। ਮੀਟਿੰਗ ਬਾਰੇ ਵੱਖ-ਵੱਖ ਥਾਵਾਂ ਦੇ ਪ੍ਰਬੰਧ ਕਰੇ। ਝੋਲੀ ਚੁੱਕਾਂ ਦੀ ਰੀਪੋਟ ਵੱਖਰੀ ਕਰੇ। ਇਸ ਕਮਾਂਡੋਜ਼ ਵਿਚ ਸਰਕਾਰੀ ਮੁਲਾਜ਼ਮ ਸ਼ਾਮਲ ਸਨ। ਜਿਹੜੇ ਕਿ ਸਰਕਾਰੀ ਗਤੀਵਿਧੀਆਂ ਤੋਂ ਜਾਣੂ ਸਨ।

ਬੱਬਰ ਲਹਿਰ ਦੇ ਕੁਝ ਸਰਗਰਮ ਮੈਂਬਰ ਇਸ ਪ੍ਰਕਾਰ ਸਨ :—

1. ਸਰਦਾਰ ਕਰਮ ਸਿੰਘ ਜੀ ਦੌਲਤਪੁਰੀਆ, ਜ਼ਿਲ੍ਹਾ ਜਲੰਧਰ (ਪੰਜਾਬ)।
2. ਸ: ਸੁੰਦਰ ਸਿੰਘ ਜੀ ਮਕਸੂਦਪੁਰੀਆ
3. ਸ: ਕਰਮ ਸਿੰਘ ਜੀ ਝੰਗੜ
4. ਸ: ਧੰਨਾ ਸਿੰਘ ਜੀ ਬਹਾਵਲਪੁਰੀਆ ਜ਼ਿਲ੍ਹਾ ਹੁਸ਼ਿਆਰਪੁਰ (ਪੰਜਾਬ)।
5. ਮਾਸਟਰ ਹਜ਼ਾਰਾ ਸਿੰਘ ਜੀ ਮੰਡੇਰ
6. ਸ: ਬੰਤਾ ਸਿੰਘ ਜੀ
7. ਸ: ਭੋਲਾ ਸਿੰਘ ਜੀ
8. ਸ: ਪਿਆਰਾ ਸਿੰਘ ਜੀ ਧਾਮੀਆਂ
9. ਸ: ਪਿਆਰਾ ਸਿੰਘ ਜੀ ਸੈਣੀ
10. ਸ: ਵਰਿਆਮ ਸਿੰਘ ਜੀ ਧੁਗੇ
11. ਸ: ਕਰਮ ਸਿੰਘ ਜੀ ਐਡੀਟਰ ਜ਼ਿਲ੍ਹਾ ਹੁਸ਼ਿਆਰਪੁਰ (ਪੰਜਾਬ)
12. ਸ: ਵਰਿਆਮ ਸਿੰਘ ਜੀ ਧੁਗੇ ਆਦਿ ਮੈਂਬਰ ਸਨ।

ਸਰਦਾਰ ਵਰਿਆਮ ਸਿੰਘ ਧੁਗੇ ਨਾਮ ਰੱਖ ਕੇ ਫੌਜ ਵਿਚੋਂ ਭਗੌੜਾ ਹੋ ਕੇ ਸਰਮਾਏਦਾਰੀ ਦਾ ਤੰਗ ਕੀਤਾ ਹੋਇਆ, ਡਾਕੂਆਂ ਦਾ ਸਰਦਾਰ ਬਣ ਗਿਆ ਸੀ। ਡਾਕੂਆਂ ਵਿਚ ਵੀ ਬਾਬਾ ਰਾਮ ਸਿੰਘ ਜੀ ਸਾਹਿਬ ਨੂੰ ਵਿਦੇਸ਼ਾਂ ਵਿਚ ਤੋਰ ਦੇਣ ਤੋਂ ਅੰਗਰੇਜ਼ ਸਰਕਾਰ ਨਾਲ ਦੁਖ ਸੀ। ਜੋ ਕਿ ਡਾਕੂ ਵੀ ਬੁਚੜਾਂ ਕੋਲੋਂ ਗਊਆਂ ਛੁਡਾਉਂਦੇ ਰਹੇ ਸਨ। ਇਸ ਕੁਕਰਮ ਤੋਂ ਡਾਕੂ ਵੀ ਵਰਜ ਰਹੇ ਸਨ।

13. ਸ: ਉਜਾਗਰ ਸਿੰਘ ਜੀ ਧਾਮੀਆਂ
14. ਸ: ਰਤਨ ਸਿੰਘ ਜੀ ਸੰਘੜਵਾਲਾ
15. ਸ: ਕੁਲਦੀਪ ਸਿੰਘ ਜੀ ਸਰਹਾਲੀ ਵਾਲੇ
16. ਸ: ਹਰਬੰਸ ਸਿੰਘ ਜੀ ਸਰਹਾਲੀ ਵਾਲੇ
17. ਸ: ਧਰਮ ਸਿੰਘ ਜੀ

Sri Satguru Jagjit Singh Ji Elibrary NamdhariElibrary@gmail.com

ਇਸ ਤੋਂ ਇਲਾਵਾ ਹੋਰ ਬਹੁਤ ਸਾਰੇ ਸਰਗਰਮ ਸਾਥੀਆਂ ਨੇ ਇਸ ਮੀਟਿੰਗ ਵਿਚ ਹਿੱਸਾ ਲਿਆ ਸੀ। ਇਸ ਲਹਿਰ ਦੇ ਭਾਈਵਾਲ ਬਣ ਗਏ ਸਨ। ਆਪਣੇ ਦੇਸ਼ ਨੂੰ ਸੁਤੰਤਰ ਕਰਾਉਣ ਬਾਰੇ ਖੁਲ੍ਹ ਦਿਲੀ ਨਾਲ ਸੇਵਾ ਕਰਨ ਦੇ ਪ੍ਰਣ ਲੈ ਲਏ ਸਨ।

ਦੂਸਰੀ ਮੀਟਿੰਗ ਹੁਸ਼ਿਆਰਪੁਰ ਤੋਂ ਅੱਗੇ ਸ਼ਿਵਲਿੰਗ ਦੀਆਂ ਪਹਾੜੀਆਂ ਦੇ ਪੈਰਾਂ ਵਿਚ 27 ਮਾਰਚ 1921 ਈ: ਨੂੰ ਚੰਨ-ਚਾਨਣੀ ਰਾਤ ਵਿਚ ਕੀਤੀ ਗਈ। ਇਹ ਮੀਟਿੰਗ ਸਰਦਾਰ ਕਿਸ਼ਨ ਸਿੰਘ ਜੀ ਗੜਗਜ ਅਤੇ ਬਾਬੂ ਸੰਤਾ ਸਿੰਘ ਜੀ ਪ੍ਰਧਾਨਗੀ ਹੇਠ ਬੜੀ ਚੌਕਸੀ ਨਾਲ ਹੋਈ ਸੀ।

ਸਰਦਾਰ ਕਿਸ਼ਨ ਸਿੰਘ ਜੀ ਨੇ ਇਸ ਮੀਟਿੰਗ ਨੂੰ ਸੰਬੋਧਨ ਕਰਦਿਆਂ ਆਖਿਆ। ਆਜ਼ਾਦੀ ਸੰਗਰਾਮ ਦੇ ਜਨਮ ਦਾਤੇ ਬਾਬਾ ਰਾਮ ਸਿੰਘ ਜੀ ਸਾਹਿਬ ਦੀ ਚਲਾਈ ਹੋਈ ਸਾਂਝੀਵਾਲਤਾ ਦੀ ਲਹਿਰ ਨੂੰ ਮੱਠੀ ਨਹੀਂ ਪੈਣ ਦੇਣਾ। ਅਸੀਂ ਪੰਜਾਬੀ ਕੌਮ ਦਾ ਸਿਰ ਉੱਚਾ ਕਰਕੇ ਆਪਣਾ ਮਕਸਦ ਪੂਰਾ ਕਰਨ ਜਾ ਰਹੇ ਹਾਂ। ਬਾਬਾ ਰਾਮ ਸਿੰਘ ਜੀ ਗੁਰੂ ਨਾਨਕ ਸਾਹਿਬ ਜੀ ਦੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਚਲਾਈ ਹੋਈ ਸਾਂਝੀਵਾਲਤਾ ਦੇ ਝੰਡੇ ਨੂੰ ਲੈ ਕੇ ਤੁਰੇ ਸਨ। ਅਸੀਂ ਵੀ ਉਸੇ ਝੰਡੇ ਨੂੰ ਲਹਿਰਾਉਣ ਦਾ ਪ੍ਰਣ ਲਿਆ ਹੈ। ਅਸੀਂ ਆਪਣੇ ਹਦੂਤੀ ਕਾਰਨਾਮਿਆਂ ਅੱਗੇ ਸਿਰ ਨਿਵਾਉਂਦੇ ਹੋਏ ਪ੍ਰਣ ਲੈ ਰਹੇ ਹਾਂ। ਇਸ ਮੀਟਿੰਗ ਵਿਚ ਇਸੇ ਵਾਸਤੇ ਹੀ ਇਕੱਤਰ ਹੋਏ ਹਾਂ। ਸਮਾਜ ਦੇ ਸਾਰੇ ਕੰਮ ਇਕ ਮਨੁੱਖ ਨਹੀਂ ਕਰ ਸਕਦਾ। ਸਾਨੂੰ ਉਹਨਾਂ ਮਨੁੱਖਾਂ ਦੇ ਪੈਰੋਕਾਰ ਬਣ ਕੇ ਚਲਣਾ ਬਹੁਤ ਜ਼ਰੂਰੀ ਹੈ। ਜਿਹਨਾਂ ਨੇ ਸਮਾਜ ਨੂੰ ਮਨੁੱਖੀ ਬਰਾਬਰਤਾ ਬਾਰੇ ਆਪਣੀਆਂ ਕੋਸ਼ਿਸ਼ਾਂ ਜਾਰੀ ਰੱਖੀਆਂ ਹੋਈਆਂ ਹਨ। ਬਾਬੂ ਸੰਤਾ ਸਿੰਘ ਜੀ ਦੇ ਵਿਚਾਰ ਵੀ ਸਾਂਝੀਵਾਲਤਾ ਦੀ ਸੰਗਤ ਤੇ ਪੰਗਤ ਨੂੰ ਅੱਗੇ ਤੋਰਨ ਦੇ ਸਨ।

ਬੱਬਰ ਖਾਲਸਾ ਲਹਿਰ ਦੀ 1922-23 ਈ: ਵਿਚ ਪੂਰੀ ਚੜ੍ਹਤ ਸੀ। ਝੋਲੀ ਚੁੱਕਾਂ ਦਾ ਕਾਫੀ ਸੁਧਾਰ ਹੋ ਚੁਕਿਆ ਸੀ। ਜ਼ੈਲਦਾਰ, ਨੰਬਰਦਾਰ ਅਤੇ ਚੌਕੀਦਾਰ ਪਤਾ ਨਹੀਂ ਰਾਤਾਂ ਨੂੰ ਕਿਥੇ ਸੌਂਦੇ ਸਨ?

ਅੰਗਰੇਜ਼ ਸਰਕਾਰ ਦੇ ਝੋਲੀਚੁਕ ਬੱਬਰਾਂ ਦੇ ਨਾਮ ਸੁਣਕੇ ਬੜਾ-ਬੜਾ ਕੇ ਉਠ ਰਹੇ ਸਨ। ਕਈਆਂ ਨੇ ਕੋਠਿਆਂ ਤੋਂ ਡਿੱਗ-ਡਿੱਗ ਕੇ ਜਾਨਾਂ ਤੰਗ ਦੇ ਡਾਡੇ ਗੁਆ ਲਈਆਂ ਸਨ। ਭਾਵ ਆਪਣੇ ਸਾਰੇ ਕੀਤੇ ਕੁਕਰਮਾਂ ਕਾਰਣ ਮੌਤਾਂ ਹੋ ਰਹੀਆਂ ਸਨ। ਬੱਬਰ ਲਹਿਰ ਦੇ ਆਗੂ ਸਰਦਾਰ ਕਿਸ਼ਨ ਸਿੰਘ ਜੀ ਗੜਗਜ ਤੇ ਬਾਬੂ ਸੰਤਾ ਸਿੰਘ ਜੀ ਆਪਣੀ ਇਨਕਲਾਬੀ ਲਹਿਰ ਦੇ ਚੰਗੇ ਪ੍ਰਭਾਵ ਨਾਲ ਵੱਡੇ-ਵੱਡੇ ਡਾਕੂਆਂ ਨੂੰ ਵੀ ਦੇਸ਼ ਦੇ ਹਿੱਤਾਂ ਵਾਸਤੇ ਇਹਨਾਂ ਹਿਤਾਂ ਨਾਲ ਜੋੜ ਕੇ ਡਾਕੂਆਂ ਨੂੰ ਵੀ ਦੇਸ਼ ਭਗਤ ਬਣਾ ਰਹੇ ਸਨ।

ਜਿਹੜਾ ਡਾਕੂਆਂ ਦਾ ਸ: ਵਰਿਆਮ ਸਿੰਘ ਧੁੱਗੇ ਨਾਮ ਨਾਲ ਮਸ਼ਹੂਰ ਹੋਇਆ ਹੈ। ਉਹ ਵੀ ਅੰਗਰੇਜ਼ ਸਰਕਾਰ ਤੋਂ ਨਫਰਤ ਕਰਦਾ ਹੋਇਆ ਫੌਜ ਵਿਚੋਂ ਭਗੌੜਾ ਹੋ ਕੇ ਡਾਕੂ ਬਣਿਆ ਸੀ। ਵਿਆਜ ਖਾਣੇ ਸ਼ਾਹੂਕਾਰਾਂ ਦੀਆਂ ਵਹੀਆਂ ਤੇ ਡਿਗਰੀਆਂ ਅੱਗ ਵਿਚ ਸਾੜ ਰਿਹਾ ਸੀ। ਡਾਕੂਆਂ ਵਿਚ ਵੀ ਬਾਬਾ ਰਾਮ ਸਿੰਘ ਜੀ ਸਾਹਿਬ ਬਾਰੇ ਸਤਿਕਾਰ ਕਾਇਮ ਸੀ। ਡਾਕੂ ਵੀ ਬੁਚੜਖਾਨਿਆਂ ਤੇ ਹਮਲੇ ਕਰਕੇ ਬੁਚੜਾਂ ਨੂੰ ਸਜ਼ਾ ਦੇਂਦੇ ਸਨ। ਬੁਚੜਖਾਨਿਆਂ ਦੇ ਵਾੜਿਆਂ ਨੂੰ ਵੀ ਅੱਗ ਲਾ ਕੇ ਖ਼ਤਮ ਕਰਦੇ ਸਨ। ਗਊਆਂ ਨੂੰ ਛੁਡਾ ਕੇ ਜੰਗਲਾਂ ਵਿਚ ਆਜ਼ਾਦ ਰਹਿਣ ਲਈ ਛੱਡ ਦਿੰਦੇ ਸਨ।

ਸ੍ਰ: ਕਿਸ਼ਨ ਸਿੰਘ ਜੀ ਇਕ ਸੁਧਰਿਆ ਬੁਲਾਰਾ ਸੀ। ਮੀਟਿੰਗਾਂ ਅਤੇ ਕਾਨਫਰੰਸਾਂ ਵਿਚ ਕਿਸ਼ਨ ਸਿੰਘ ਨੇ 337 ਤਕਰੀਰਾਂ ਕੀਤੀਆਂ ਸਨ। ਉਹ ਦਲੀਲ ਦਿੰਦਿਆਂ ਵੱਡੇ-ਵੱਡੇ ਬੁਲਾਰਿਆਂ ਨੂੰ ਮਾਤ ਪਾ ਦਿੰਦਾ ਸੀ। ਦੇਸ਼ ਪਿਆਰ ਮਨੁੱਖੀ ਬਰਾਬਰਤਾ ਦੇ ਝੰਡੇ ਨੂੰ ਸਾਰੀ ਦੁਨੀਆਂ ਦੇ ਸਮਾਜ ਵਿਚ ਲਹਿਰਾ ਦੇਣਾ ਚਾਹੁੰਦਾ ਸੀ। ਉਹ ਆਪਣੀ ਤਕਰੀਰ ਅੰਗਰੇਜ਼ ਦੇ ਰਾਜ ਦੇ ਖਿਲਾਫ ਕੂਕਾ ਲਹਿਰ ਦੀਆਂ ਕੁਰਬਾਨੀਆਂ ਨੂੰ ਦੱਸਦਾ ਹੋਇਆ ਸਰੋਤਿਆਂ ਦੇ ਮੁਰਦਾ ਸਰੀਰਾਂ ਵਿਚ ਜਾਨ ਪਾ ਦੇਂਦਾ ਸੀ। ਇਕ-ਇਕ ਰੋਮ ਵਿਚ ਅਣਖ ਦੇ ਹਜ਼ਾਰਾਂ ਮੋਤੀ ਚਮਕਾ ਦਿੰਦਾ ਸੀ। ਚਿੜੀਆਂ ਤੋਂ ਬਾਜਾਂ ਉੱਤੇ ਹਮਲੇ ਕਰਵਾਉਣ ਦਾ ਬਲ ਰੱਖਦਾ ਸੀ। ਉਸਦੀ ਸ਼ਬਦਾਵਲੀ ਚੰਡੀ ਦੀ ਵਾਰ ਬਣ ਜਾਂਦੀ ਸੀ।

ਸ੍ਰ: ਕਿਸ਼ਨ ਸਿੰਘ ਗੜਗਜ ਪਿੰਡ ਵੜਿੰਗ ਜ਼ਿਲ੍ਹਾ ਜਲੰਧਰ ਦੇ ਵਸਨੀਕ ਸਨ। ਪੜ੍ਹਾਈ ਤੋਂ ਵਿਹਲੇ ਹੋ ਕੇ ਸਿੱਖ ਰਜਮੈਂਟ 35 ਨੰਬਰ ਵਿਚ ਭਰਤੀ ਹੋ ਗਏ ਸਨ। ਇਸ ਦੀ ਸੂਝ ਬੂਝ ਕੂਕਾ ਲਹਿਰ ਦੀਆਂ ਕੁਰਬਾਨੀਆਂ ਕਰਨ ਤੋਂ ਬਾਅਦ ਜਾਣਕਾਰੀ ਸ਼ੁਰੂ ਹੋਈ ਸੀ। ਆਪਣੀ ਜ਼ਿੰਦਗੀ ਦਾ ਮੁੱਲ 13 ਰੁਪੈ ਸਮਝ ਕੇ ਇਸ ਦਾ ਮਨੁੱਖੀ ਅਨੁਭਵ ਜਾਗ ਪਿਆ ਸੀ। ਆਪਣੇ ਦੇਸ਼ ਨੂੰ ਗੁਲਾਮ ਰੱਖਣ ਵਿਚ ਆਪਣੀ ਜ਼ਿੰਦਗੀ ਦੇ ਹਤਕ ਸਮਝਦਾ ਹੋਇਆ ਆਪਣੀ ਫੌਜ ਦੀ ਨੌਕਰੀ ਤੋਂ ਅਸਤੀਫ਼ਾ ਦੇ ਦਿੱਤਾ ਸੀ। ਆਪਣੀ ਜ਼ਿੰਦਗੀ ਦੀ ਨਵੀਂ ਇਨਕਲਾਬੀ ਸਿਰਜਨਾ ਕਰ ਲਈ ਸੀ। ਦੇਸ਼ ਭਗਤੀ ਦੇ ਮਾਰਗ ਵਿਚ ਤੁਰ ਪਏ ਸਨ। ਸਾਥੀਆਂ ਸਮੇਤ ਮਨੁੱਖੀ ਬਰਾਬਰਤਾ ਦੀ ਮੰਜ਼ਿਲ ਵੱਲ ਵੱਧਣਾ ਸ਼ੁਰੂ ਕਰ ਦਿੱਤਾ ਸੀ। ਅਮਰ ਸ਼ਹੀਦਾਂ ਦਾ ਪੁਜਾਰੀ ਬਣ ਗਿਆ ਸੀ। ਜਿਹਨਾਂ ਕੂਕਾ ਲਹਿਰ ਦੇ ਸ਼ਹੀਦਾਂ ਨੇ 1857 ਈ: ਤੋਂ ਲੈ ਕੇ 1947 ਈ: ਤੱਕ ਸੰਘਰਸ਼ ਜਾਰੀ ਰਖਿਆ ਸੀ।

ਬੱਬਰ ਖਾਲਸਾ ਲਹਿਰ ਕੋਈ ਮਾਮੂਲੀ ਲਹਿਰ ਨਹੀਂ ਸੀ। ਬਰਤਾਨੀਆ ਸਾਮਰਾਜ ਵਿਰੁੱਧ 35 ਕਰੋੜ ਔਰਤਾਂ ਤੇ ਮਰਦਾਂ ਦੀ ਭੁੱਖ-ਨੰਗ ਤੇ ਆਹਾਂ ਚੀਕਾਂ ਦਾ ਸੁਆਲ ਇਸ ਬੱਬਰ ਲਹਿਰ ਦੇ ਰੋਮ-ਰੋਮ ਵਿਚ ਰਚ ਚੁੱਕਿਆ ਸੀ। ਪੰਜਾਬੀ ਕੌਮ ਦੀ ਨਿਰਾਦਰੀ ਵੇਖੀ ਨਹੀਂ ਸੀ ਜਾਂਦੀ। ਇਸ ਕਰਕੇ ਬੱਬਰ ਲਹਿਰ ਦੀ ਸਿਰਜਨਾ ਇਕ ਅਣਖ ਦੀ ਸਿਰਜਨਾ ਸੀ। ਦੋਵਾਂ ਵਿਦਵਾਨਾਂ ਨੇ ਬਹਾਦਰ ਇਨਕਲਾਬੀਆਂ ਨੇ ਇਸੇ ਜਥੇਬੰਦੀ ਨੂੰ ਰਲਕੇ ਜਨਮ ਦਿੱਤਾ ਸੀ।

ਨਵੰਬਰ ਅਤੇ ਦਸੰਬਰ 1923 ਈ: ਨੂੰ ਸ੍ਰ: ਕਰਤਾਰ ਸਿੰਘ ਦੀ ਮੁਕਬਰੀ ਕਾਰਨ ਸ੍ਰ: ਕਿਸ਼ਨ ਸਿੰਘ ਗੜਗਜ ਬਾਬੂ ਸੰਤਾ ਸਿੰਘ ਜੀ ਦੀ ਗ੍ਰਿਫ਼ਤਾਰੀ ਕਰ ਲਈ ਗਈ ਸੀ। ਲਾਹੌਰ ਦੇ ਸੈਂਟਰਲ ਜੇਲ ਵਿਚ ਬੰਦ ਕਰ ਲਏ ਗਏ ਸਨ। ਹੋਰਨਾਂ ਨੂੰ ਫੜਿਆ ਜਾ ਰਿਹਾ ਸੀ। ਕੁਝ ਦਿਨਾਂ ਵਿਚ 400 ਤੋਂ ਉੱਪਰ ਥਾਣਿਆਂ ਤੇ ਜੇਲਾਂ ਵਿਚ ਬੰਦ ਹੋ ਗਏ ਸਨ।

ਸੰਤ ਕਰਤਾਰ ਸਿੰਘ ਜੀ ਦੀ ਮੁਕਬਰੀ ਨੇ ਬੱਬਰ ਲਹਿਰ ਦਾ ਪਤਨ ਕਰ ਦਿੱਤਾ ਸੀ। ਸਾਰੇ ਹੀ ਲਾਹੌਰ ਜੇਲ ਵਿਚ ਡੱਕ ਦਿੱਤੇ ਸਨ। ਇਸ ਬੱਬਰ ਲਹਿਰ ਨੇ ਆਪਣੇ ਜੀਵਨ ਦੀ ਬਾਜ਼ੀ ਲਾ ਦਿੱਤੀ ਸੀ। ਇਹ ਬੱਬਰ ਲਹਿਰ 1920 ਈ: ਤੋਂ ਲੈ ਕੇ 1923-24 ਈ: ਤੱਕ ਚੱਲੀ। ਸਾਰੀ ਦੁਨੀਆਂ ਵਿਚ ਬੱਬਰ ਲਹਿਰ ਦਾ ਧਾਂਕ ਪੈ ਗਈ ਸੀ। ਬੇਸ਼ਕ ਬੱਬਰ ਲਹਿਰ ਦੀ ਉਮਰ ਬਹੁਤ ਘਟ ਰਹੀ। ਇਸ ਨੇ ਪੰਜਾਬ ਹਕੂਮਤ ਦੀਆਂ ਅੱਖਾਂ ਅੱਗੇ ਹਨੇਰੀਆਂ ਰਾਤਾਂ ਤਾਣ ਦਿੱਤੀਆਂ ਸਨ।

Sri Satguru Jagjit Singh Ji Elibrary NamdhariElibrary@gmail.com

ਲਾਹੌਰ ਦੀ ਸੈਂਟਰਲ ਜੇਲ ਕਈ ਘੁਮਾਵਾਂ ਵਿਚ ਘਿਰੀ ਹੋਈ ਸੀ। ਇਸ ਜੇਲ ਵਿਚ ਸਾਰੇ ਇਨਕਲਾਬੀ ਘਿਰੇ ਹੋਏ ਸਨ :—

1. ਸ: ਕਿਸ਼ਨ ਸਿੰਘ ਜੀ ਗੜਗਜ (ਪ੍ਰਧਾਨ)
2. ਸ: ਬਾਬੂ ਸੰਤਾ ਸਿੰਘ ਜੀ (ਸਕੱਤਰ)
3. ਸ: ਕਰਮ ਸਿੰਘ ਜੀ (ਐਡੀਟਰ)
4. ਸ: ਦਲੀਪ ਸਿੰਘ ਜੀ (ਕਮਾਂਡੋ ਜਥੇਦਾਰ)
5. ਸ: ਨੰਦ ਸਿੰਘ ਜੀ (ਕਮਾਂਡੋ ਜਰਨਲ)
6. ਸ: ਧਰਮ ਸਿੰਘ ਜੀ ਆਦਿ।

ਹੋਰ ਵੀ ਮੁਖੀ ਸਾਥੀ ਸਨ। ਇਹਨਾਂ ਨੂੰ ਮੁਖੀਏ ਸਮਝ ਕੇ ਵੱਖਰੀਆਂ-ਵੱਖਰੀਆਂ ਕੋਠੜੀਆਂ ਵਿਚ ਬੰਦ ਕੀਤੇ ਹੋਏ ਸਨ ਅਤੇ ਮੌਤ ਦੀ ਉਡੀਕ ਵਿਚ ਸਨ। ਫਾਂਸੀਆਂ ਦੀ ਸਜ਼ਾ ਮਿਲ ਚੁੱਕੀ ਸੀ। ਦੂਸਰੀ ਟੋਲੀ ਨੂੰ 7-7 ਸਾਲ ਕਾਲੇ ਪਾਣੀਆਂ ਦੀ ਸਜ਼ਾ ਮਿਲੀ ਬਹੁਤ ਸਾਰੇ ਸਾਥੀ 7 ਸਾਲਾਂ ਵਿਚ ਹੀ ਆਪਣੇ ਪਿਆਰੇ ਦੇਸ਼ ਵਾਸਤੇ ਸ਼ਹੀਦੀਆਂ ਪਾ ਗਏ ਸਨ।

ਤੀਸਰੀ ਟੋਲੀ ਨੂੰ 5-5 ਸਾਲ ਦੀ ਸਖਤ ਸਜ਼ਾ ਦਿੱਤੀ ਗਈ। ਇਹਨਾਂ ਵਿਚੋਂ ਵੀ ਸਖਤ ਸਜ਼ਾਵਾਂ ਦੇਣ ਕਾਰਣ ਕਈ ਰੋਗਾਂ ਦੇ ਮਰੀਜ਼ ਹੋ ਕੇ ਅਪਣੇ ਦੇਸ਼ ਦੇ ਆਮ ਲੋਕਾਂ ਨੂੰ ਅਲਵਿਦਾ ਆਖ ਗਏ। ਸਿੱਖ ਮਾਰਗ ਵਿਚ ਤੁਰਦੇ ਹੋਏ ਮੰਜ਼ਿਲ ਵੱਲ ਨੂੰ ਵੱਧ ਰਹੇ ਸਨ ਅਤੇ ਸਭ ਦੀਆਂ ਜ਼ਾਇਦਾਦਾਂ ਕੁਰਕ ਹੋ ਗਈਆਂ ਸਨ।

ਇਹ ਸਾਰੇ ਬੱਬਰ ਲਹਿਰ ਦੇ ਦੇਸ਼ ਭਗਤਾਂ ਨੂੰ ਲਾਹੌਰ ਜੇਲ ਵਿਚ ਹੀ 28 ਫਰਵਰੀ 1925 ਈ: ਨੂੰ ਹੁਕਮ ਸੁਣਾਏ ਗਏ ਸੀ। 20 ਫਰਵਰੀ 1926 ਈ: ਨੂੰ 20 ਬੱਬਰਾਂ ਨੂੰ ਫਾਂਸੀ ਲਟਕਾਇਆ ਗਿਆ ਸੀ। ਬਹੁਤ ਸਾਰੇ ਬੱਬਰਾਂ ਨੂੰ ਕਾਲੇ ਪਾਣੀ ਭੇਜਿਆ ਗਿਆ। ਬਾਕੀਆਂ ਨੂੰ ਸਖਤ ਮੁਸ਼ੱਕਤ ਵਾਲੀਆਂ ਜੇਲਾਂ ਵਿਚ ਭੇਜ ਦਿੱਤਾ ਗਿਆ। ਜ਼ਮੀਨ ਜ਼ਾਇਦਾਦਾਂ ਕੁਰਕ ਕੀਤੇ ਗਏ। ਕੂਕਾ ਲਹਿਰ ਬਰੇਤ ਆਪੋ ਆਪਣੀ ਹੋਣੀ ਤੇ ਚਬੂਤਰੇ ਤੇ ਚੜ੍ਹਕੇ ਕੀਤੀ ਹੋਈ ਪ੍ਰਤਿਗਿਆ ਪੂਰੀ ਕਰ ਗਏ ਸਨ।

ਸ: ਗੁਰਦਿਆਲ ਜੀ ਨੇ ਅਤੇ ਬੀਬੀ ਕਰਤਾਰ ਕੌਰ ਜੀ ਨੇ ਪੰਜਾਬ ਕਾਂਗਰਸ ਦੀ ਜ਼ਿੰਮੇਂਵਾਰੀ ਪੂਰੀ ਕਰਦਿਆਂ ਦੋਵਾਂ ਜੀਆਂ ਨੇ ਇਹਨਾਂ ਚਾਰ ਸਾਲਾਂ ਵਿਚ ਬੱਬਰ ਲਹਿਰ ਬਾਰੇ ਕੂਕਾ ਅਖ਼ਬਾਰ ਵਿਚ ਬਹੁਤ ਕੁਝ ਲਿਖਿਆ ਅਤੇ ਲਿਖਣਾ ਪੈ ਰਿਹਾ ਸੀ। ਮੀਆਂ ਬੀਬੀ ਇਹਨਾਂ ਚਾਰ ਸਾਲਾਂ ਵਿਚ ਬਹੁਤ ਘੱਟ ਸੁੱਤੇ ਸਨ। ਅਰਾਮ ਕਰਨਾ ਹਰਾਮ ਸਮਝ ਲਿਆ ਸੀ। ਰਾਤ ਦਿਨ ਕੰਮ ਨੇ ਦੋਵਾਂ ਦੀ ਸਿਹਤ ਨੂੰ ਖ਼ਰਾਬ ਕਰ ਦਿੱਤਾ ਸੀ। ਨੀਂਦ ਆਉਣ ਤੋਂ ਬਿਲਕੁਲ ਹਟ ਗਈ ਸੀ।

ਰੋਜ਼ਾਨਾ ਕੂਕਾ ਅਖ਼ਬਾਰ ਦੀ ਤਿਆਰੀ ਕਰਨੀ। ਇਹਨਾਂ ਦੋਵਾਂ ਜੀਆਂ ਦੀ ਨਿਗਰਾਨੀ ਹੇਠ ਹੁੰਦੀ ਸੀ। ਇਹਨਾਂ ਨੂੰ ਜਾਨ ਤੋੜਕੇ ਵਧੀ ਘੰਟੇ ਕੰਮ ਕਰਨਾ ਪੈਂਦਾ ਸੀ। ਕੂਕਾ ਲਹਿਰ ਦੀ ਅਖ਼ਬਾਰ ਨੂੰ ਸੀ. ਆਈ. ਡੀ. ਦੀਆਂ ਨਜ਼ਰਾਂ ਤੋਂ ਬਚਾ ਕੇ ਰਖਣਾ ਪੈਂਦਾ ਸੀ। ਇਹ ਇਕ-ਇਕ ਪੇਪਰ ਅਨੇਕਾਂ ਹੱਥਾਂ ਤਕ ਪੜ੍ਹਨ ਵਾਸਤੇ ਜਾਂਦਾ ਸੀ। ਕੂਕਾ ਅਖ਼ਬਾਰ ਦੀ ਚਰਚਾ ਚੋਟੀ ਦੇ ਅਖ਼ਬਾਰਾਂ ਤੋਂ ਅੱਗੇ ਸੀ। ਇਸਦਾ ਤਰਜਮਾ ਕਰਕੇ ਆਪੋ ਆਪਣੇ ਅਖ਼ਬਾਰਾਂ ਦੀਆਂ ਸੁਰਖੀਆਂ ਬਣਾਉਂਦੇ ਸਨ।

Sri Satguru Jagjit Singh Ji Elibrary NamdhariElibrary@gmail.com

ਕੂਕਾ ਲਹਿਰ ਦੇ ਅਖ਼ਬਾਰ ਨੂੰ ਬੰਦ ਕਰਾਉਣ ਵਾਸਤੇ ਸਰਕਾਰ ਦਾ ਬਹੁਤ ਜ਼ਿਆਦਾ ਜ਼ੋਰ ਲਗ ਰਿਹਾ ਸੀ। ਕੂਕਾ ਅਖ਼ਬਾਰ 14 ਦਸੰਬਰ 1924 ਈ: ਨੂੰ ਬੰਦ ਹੋ ਗਿਆ।

ਨੋਟ—ਦੋਆਬੇ ਦੀ ਬੱਬਰ ਲਹਿਰ ਇਲਾਵਾ ਉਸ ਸਮੇਂ ਦੇ ਹੋਰ ਵੀ ਪ੍ਰਸਿਧ ਆਜ਼ਾਦੀ ਸੰਗਰਾਮੀਏ ਅੰਗਰੇਜ਼ ਸਰਕਾਰ ਤੋਂ ਆਜ਼ਾਦੀ ਲੈਣ ਵਾਸਤੇ ਜ਼ੋਰਾਂ ਨਾਲ ਜੁਟੇ ਹੋਏ ਸਨ। ਬਾਬਾ ਸੋਹਣ ਸਿੰਘ ਜੀ ਭਕਨਾ (ਗਦਰ ਲਹਿਰ ਦੇ ਪ੍ਰਧਾਨ) ਇਹ ਵੀ ਕੂਕਾ ਲਹਿਰ ਦੇ ਬਾਬਾ ਕੇਸਰ ਸਿੰਘ ਜੀ ਤੋਂ ਦੇਸ਼ ਭਗਤੀ ਦਾ ਸਬਕ ਲੈਕੇ! ਮਹਾਨ ਦੇਸ਼ ਭਗਤਾਂ ਦੀ ਕਤਾਰ ਵਿਚ ਜੁਟੇ ਹੋਏ ਸਨ। ਆਪਣੇ ਦੇਸ਼ ਭਾਰਤ ਨੂੰ ਆਜ਼ਾਦ ਕਰਾਉਣ—ਬਦੇਸ਼ਾਂ ਵਿਚ ਬਗਾਵਤ ਕਰ ਦਿੱਤੀ ਸੀ।

ਇੱਥੇ ਹੀ ਬਸ ਨਹੀਂ, ਪਿੰਡ ਖਟਕੜ ਕਲਾਂ ਦੇ ਜੋਧੇ, ਸ: ਅਜੀਤ ਸਿੰਘ ਜੀ ਨੇ (ਪੱਗੜੀ ਸੰਭਾਲ ਜੱਟਾ) ਦਾ ਨਾਹਰਾ ਲਾਇਆ ਸੀ। ਸੁੱਤੇ ਹੋਏ ਕਿਸਾਨ ਮਜ਼ਦੂਰ ਆਪਣੀ ਗੂੜ੍ਹੀ ਨੀਂਦਰ ਤੋਂ ਜਾਗ ਉੱਠੇ ਸਨ। ਇਸੇ ਹੀ ਪ੍ਰਵਾਰ ਵਿਚ ਸ: ਭਗਤ ਸਿੰਘ ਜੀ ਵਿਦਿਆਰਥੀ ਲਹਿਰ ਨੇ ਜਨਮ ਲੈ ਕੇ ਆਪਣੇ ਪੰਜਾਬੀ ਸਭਿਆਚਾਰ ਦੀ ਰਾਖੀ ਕਰਦਿਆਂ ਕੂਕਾ ਲਹਿਰ ਦਾ ਉਲੀਕਿਆ ਮਨੁੱਖੀ ਬਰਾਬਰਤਾ ਦਾ ਆਜ਼ਾਦੀ ਸੰਗਰਾਮ ਨੂੰ ਆਪਣੇ ਜੀਵਨ ਦੀ ਯੋਗਤਾ ਪੰਜਾਬੀ ਕੌਮ ਨੂੰ ਅਰਪਨ ਕਰ ਦਿੱਤੀ ਸੀ। ਇਨ੍ਹਾਂ ਕੁਰਬਾਨੀਆਂ ਦਾ ਕੱਲੀ ਪੰਜਾਬੀ ਕੌਮ ਨੂੰ ਮਾਣ ਨਹੀਂ, ਭਾਰਤ ਦੇ ਚੱਪੇ-ਚੱਪੇ ਉੱਤੇ ਆਪਣਿਆਂ ਸਾਥੀਆਂ ਸਮੇਤ ਮੋਹਰ ਛਾਪ ਲਾ ਦਿੱਤੀ ਸੀ। ਪੰਜਾਬ ਦੀ ਧਰਤੀ ਨੂੰ ਅਮਰ ਸ਼ਹੀਦੀਆਂ ਨਾਲ ਲਾਲ ਰੰਗ ਚਾੜ੍ਹ ਦਿੱਤਾ ਸੀ।

ਇਸ ਤੋਂ ਇਲਾਵਾ ਦੋਆਬੇ ਦੀ ਧਰਤੀ ਨੇ ਸੂਰਬੀਰ ਕਤਾਰਾਂ ਨੂੰ ਜਨਮ ਦਿੱਤਾ। ਪੂਰਨ ਆਜ਼ਾਦੀ ਦੀ ਮੰਗ ਕਰਦੇ ਹਾਂ। ਕੂਕਾ ਲਹਿਰ ਦੇ ਪਾਏ ਪੂਰਨਿਆਂ ਉੱਤੇ ਚਲਦੇ ਰਹੇ ਸਨ। ਉਨ੍ਹਾਂ ਬਹਾਦਰ ਪੰਜਾਬੀਆਂ ਦੀ ਮੈਂ ਸੰਖੇਪ ਵਿਚ ਲਿਸਟ ਆਪਣੀ ਜਾਣਕਾਰੀ ਵਾਸਤੇ ਦਰਜ ਕਰਦਾ ਹਾਂ:—

(1) ਬਾਬਾ ਤਪਾ ਸਿੰਘ ਜੀ ਪਿੰਡ ਦੁਰਗਾਪੁਰ ਜ਼ਿਲ੍ਹਾ ਜਲੰਧਰ, ਆਜ ਪ੍ਰਵਾਰ ਬ੍ਰਹਮਪੁਰਾ ਸਿਰਸਾ। (2) ਬਾਬਾ ਵਸਾਵਾ ਸਿੰਘ ਜੀ ਪਿੰਡ ਦੁਰਗਾ ਪੁਰ ਜ਼ਿਲ੍ਹਾ ਜਲੰਧਰ, ਆਜ ਪ੍ਰਵਾਰ ਧਰਮ ਪੁਰ ਸਿਰਸਾ। (3) ਬਾਬਾ ਨਰੈਣ ਸਿੰਘ ਜੀ ਪਿੰਡ ਦੁਰਗਾਪੁਰ ਜ਼ਿਲ੍ਹਾ ਜਲੰਧਰ, ਆਜ ਪ੍ਰਵਾਰ ਧਰਮ ਪੁਰ ਸਿਰਸਾ। (4) ਬਾਬਾ ਕੋਮਲ ਸਿੰਘ ਜੀ ਪਿੰਡ ਗੋਬਿੰਦ ਪੁਰਾ ਜ਼ਿਲ੍ਹਾ ਜਲੰਧਰ, ਆਜ ਪ੍ਰਵਾਰ ਸੰਤ ਨਗਰ ਸਿਰਸਾ। (5) ਬਾਬਾ ਦੌਮਣ ਸਿੰਘ ਜੀ ਪਿੰਡ ਗੋਬਿੰਦ ਪੁਰਾ ਜ਼ਿਲ੍ਹਾ ਜਲੰਧਰ, ਆਜ ਪ੍ਰਵਾਰ ਗੋਬਿੰਦ ਪੁਰਾ। (6) ਸ: ਭਗਤ ਸਿੰਘ ਜੀ ਪਿੰਡ ਬਿਲਗਾ ਜ਼ਿਲ੍ਹਾ ਜਲੰਧਰ, ਆਜ ਪ੍ਰਵਾਰ ਬਿਲਗਾ ਜਲੰਧਰ। (7) ਸ: ਸਾਹਿਬ ਸਿੰਘ ਜੀ ਸੂਬਾ ਮਠਾੜਾ ਜ਼ਿਲ੍ਹਾ ਜਲੰਧਰ, ਆਜ ਪ੍ਰਵਾਰ ਮਠਾੜਾ ਜਲੰਧਰ। (8) ਸ: ਰਤਨ ਸਿੰਘ ਜੀ ਕੂਕਾ ਪਿੰਡ ਭਾਗ ਸਿੰਘ ਬਾਲਾ ਜ਼ਿਲ੍ਹਾ ਜਲੰਧਰ, ਆਜ ਪ੍ਰਵਾਰ ਦਾਮਕਾਮਾਂ ਸਿਰਸਾ। (9) ਸ: ਮੁਨਸ਼ਾ ਸਿੰਘ ਜੀ ਪਿੰਡ ਰਾਏ ਪੁਰ ਡੱਬਾਂ ਜ਼ਿਲ੍ਹਾ ਜਲੰਧਰ, ਆਜ ਪ੍ਰਵਾਰ ਰਾਏ ਪੁਰ ਡੱਬਾਂ ਜ਼ਿਲ੍ਹਾ ਜਲੰਧਰ। (10) ਸ: ਰਤਨ ਸਿੰਘ ਜੀ ਪਿੰਡ ਭਾਰ ਸਿੰਘਵਾਲ ਜ਼ਿਲ੍ਹਾ ਜਲੰਧਰ, ਆਜ ਪ੍ਰਵਾਰ ਭਾਰ ਸਿੰਘਵਾਲ। (11) ਸ: ਬਚਨ ਸਿੰਘ ਜੀ ਸੂਬਾ ਪਿੰਡ ਕਰਤਾਰ ਪੁਰ ਜ਼ਿਲ੍ਹਾ ਜਲੰਧਰ, ਆਜ ਪ੍ਰਵਾਰ ਕਰਤਾਰ ਪੁਰ। (12) ਸ: ਹਰਬੰਸ ਸਿੰਘ ਜੀ ਪਿੰਡ ਸ਼ਾਹੂ ਬਾਲਾ ਜ਼ਿਲ੍ਹਾ ਜਲੰਧਰ, ਆਜ ਪ੍ਰਵਾਰ ਸ਼ਾਹੂ ਬਾਲਾ। (13) ਸ:

Sri Satguru Jagjit Singh Ji Elibrary NamdhariElibrary@gmail.com

ਪ੍ਰੀਤਮ ਸਿੰਘ ਜੀ ਪੰਡੋਰੀ ਪਿੰਡ ਪਨਪੋਤਾ ਜ਼ਿਲ੍ਹਾ ਜਲੰਧਰ, ਆਜ ਪ੍ਰਵਾਰ ਪਿਥੋ ਮਾਨਸਾ ਅਤੇ ਦਿੱਲੀ। (14) ਸੂ: ਲੱਖਾ ਸਿੰਘ ਜੀ ਪਿੰਡ ਬਰੜਬਾਲ ਜ਼ਿਲ੍ਹਾ ਜਲੰਧਰ, ਆਜ ਪ੍ਰਵਾਰ ਬਰੜ ਬਾਲ ਜਲੰਧਰ। (15) ਜਥੇਦਾਰ ਵਰਿਆਮ ਸਿੰਘ ਜੀ ਪਿੰਡ ਲਸਾੜਾ ਜ਼ਿਲ੍ਹਾ ਜਲੰਧਰ, ਆਜ ਪ੍ਰਵਾਰ ਧਰਮ ਪੁਰਾ ਸਿਰਸਾ। (16) ਸੂ: ਧਰਮ ਸਿੰਘ ਜੀ ਪਿੰਡ ਮੌਰੋ ਜ਼ਿਲ੍ਹਾ ਜਲੰਧਰ, ਆਜ ਪ੍ਰਵਾਰ ਦਾਮਦਾਮਾਂ ਸਿਰਸਾ। (17) ਸੂ: ਦਲੀਪ ਸਿੰਘ ਜੀ ਪਿੰਡ ਧੋਗ ਜ਼ਿਲ੍ਹਾ ਜਲੰਧਰ, ਆਜ ਪ੍ਰਵਾਰ ਧੋਗ ਜ਼ਿਲ੍ਹਾ ਜਲੰਧਰ। (18) ਜਥੇਦਾਰ ਪ੍ਰੀਤਮ ਸਿੰਘ ਜੀ ਪਿੰਡ ਪਦੀ ਜ਼ਿਲ੍ਹਾ ਜਲੰਧਰ, ਆਜ ਪ੍ਰਵਾਰ ਪਦੀ ਜ਼ਿਲ੍ਹਾ ਜਲੰਧਰ। (19) ਸੂ: ਬਲਵੰਤ ਸਿੰਘ ਜੀ ਪਿੰਡ ਮਹਿਤ ਪੁਰ ਜ਼ਿਲ੍ਹਾ ਜਲੰਧਰ, ਆਜ ਪ੍ਰਵਾਰ ਦਾਮਦਾਮਾਂ ਸਿਰਸਾ। (20) ਸੂ: ਕਰਮ ਸਿੰਘ ਜੀ ਲਸਾੜ ਜ਼ਿਲ੍ਹਾ ਜਲੰਧਰ ਆਜ ਪ੍ਰਵਾਰ ਧਰਮ ਪੁਰ ਸਿਰਸਾ।

Sri Satguru Jagjit Singh Ji Elibrary NamdhariElibrary@gmail.com

## ਕਾਂਡ—19

ਪਾਠਕ ਜੀ ਆਪਾਂ ਵਿਦਿਆਰਥੀ ਲਹਿਰ ਬਾਰੇ ਵੀ ਇਕ ਝਾਤ ਮਾਰਦੇ ਹੋਏ ਅੱਗੇ ਚਲਦੇ ਹਾਂ। ਸ: ਭਗਤ ਸਿੰਘ ਦੀ ਅਗਵਾਈ ਹੇਠ ਵਿਦਿਆਰਥੀ ਲਹਿਰ ਵੀ ਪੂਰੀ ਜ਼ੋਰਾਂ ਤੇ ਚਲ ਰਹੀ ਸੀ। ਵਿਦਿਆਰਥੀ ਲਹਿਰ ਨੂੰ ਅਗਵਾਈ ਦੇਣ ਵਾਸਤੇ ਸ: ਗੁਰਦਿਆਲ ਸਿੰਘ ਜੀ ਅਤੇ ਬੀਬੀ ਕਰਤਾਰ ਕੌਰ ਨੂੰ ਰਾਜਸੀ ਅੰਦੋਲਨ ਬਨਾਉਣ ਵਾਸਤੇ ਕੁਝ ਭਰਪੂਰ ਲੇਖ ਲਿਖਣੇ ਪੈ ਰਹੇ ਸੀ। ਕੂਕਾ ਅਖ਼ਬਾਰ ਵਿਚ ਵਿਦਿਆਰਥੀਆਂ ਬਾਰੇ ਵੀ ਸੁਰਖੀਆਂ ਛਪਦੀਆਂ ਸਨ।

ਵਿਦਿਆਰਥੀ ਲਹਿਰ ਦੇ ਕੁਝ ਐਸੇ ਨਿਯਮ ਸਨ ਜਿਹੜੇ ਕੰਮ ਵਾਲੀ ਕਿਰਿਆ ਜਾਪਦੇ ਸਨ। ਉਸ ਵਿਚ ਪੂਰਾ ਉਤਰਨਾ ਬੜਾ ਜ਼ਰੂਰੀ ਹੁੰਦਾ ਸੀ। ਜਿਵੇਂ ਕਿ ਸ: ਊਧਮ ਸਿੰਘ ਨੇ ਜਲ੍ਹਿਆਂ ਵਾਲੇ ਕਾਂਡ ਦਾ ਬਦਲਾ ਲੈਣ ਵਾਸਤੇ ਔਡਵਾਇਰ ਨੂੰ ਮਾਰਨ ਦਾ ਬੀੜਾ ਚੁੱਕ ਲਿਆ ਸੀ। ਗੋਰੀ ਸਰਕਾਰ ਨੇ ਫੌਰਨ ਔਡਵਾਇਰ ਨੂੰ ਲੰਡਨ ਭੇਜ ਦਿੱਤਾ ਸੀ। ਸ: ਊਧਮ ਸਿੰਘ ਜੀ ਨੇ ਲਗਾਤਾਰ 20 ਸਾਲ ਉਸਦਾ ਪਿੱਛਾ ਕਰਦਾ ਰਿਹਾ, ਤੇ ਲੰਡਨ ਪਹੁੰਚ ਗਿਆ ਸੀ। ਸ: ਜੀ ਨੇ 20 ਸਾਲਾਂ ਬਾਅਦ ਲੰਡਨ ਦੀ ਅਸੰਬਲੀ ਹਾਲ ਵਿਚ ਗੋਲੀ ਚਲਾਕੇ ਹੀ ਸਟੇਜ ਉੱਤੇ ਹੀ ਢੇਰੀ ਕਰ ਦਿੱਤਾ ਗਿਆ ਸੀ। ਜਲ੍ਹਿਆਂ ਵਾਲੇ ਕਾਂਡ ਦਾ ਬਦਲਾ ਲੈ ਕੇ ਸ: ਊਧਮ ਸਿੰਘ ਜੀ ਅਮਰ ਸ਼ਹੀਦੀ ਪਾ ਗਏ ਸਨ।

ਵਿਦਿਆਰਥੀ ਲਹਿਰ ਵੀ ਪੰਜਾਬੀ ਕੌਮ ਦੀ ਕਰਾਂਤੀਕਾਰੀ ਲਹਿਰ ਮੰਨੀ ਗਈ ਹੈ। ਸਾਰੇ ਪੰਜਾਬ ਨੂੰ ਵਿਦਿਆਰਥੀਆਂ ਉੱਤੇ ਮਾਣ ਹੈ। ਵਿਦਿਆਰਥੀ ਹਰ ਸੰਕਟ ਵਿਚ ਕਰਾਂਤੀਕਾਰੀਆਂ ਦੀ ਮੋਹਰਲੀ ਕਤਾਰ ਵਿਚ ਖਲੋਕੇ ਗੁਰੂਆਂ ਦੀ ਮਨੁੱਖੀ ਬਰਾਬਰਤਾ ਵਾਸਤੇ ਆਪਣੀਆਂ ਛਾਤੀਆਂ ਤਾਣ ਕੇ ਖਲੋ ਜਾਂਦੇ ਸਨ। ਪੰਜਾਬ ਦਾ ਪੌਣ-ਪਾਣੀ ਪੰਜਾਬੀਆਂ ਦੀ ਅਣਖ ਨੂੰ ਖ਼ਤਮ ਨਹੀਂ ਹੋਣ ਦੇਵੇਗਾ। ਸਗੋਂ ਮਨੁੱਖੀ ਬਰਾਬਰਤਾ ਲਈ ਸਦੀਵੀ ਜੂਝਦਾ ਰਹੇਗਾ।

ਏਥੇ ਹੀ ਬਸ ਨਹੀਂ ਪੰਜਾਬੀਆਂ ਦੀਆਂ ਮਾਵਾਂ ਮਹਾਨ ਮਾਵਾਂ ਹਨ। ਪੰਜਾਬ ਦੇ ਪਾਣੀਆਂ ਨੂੰ ਗੰਦਲਾ ਨਹੀਂ ਹੋਣ ਦੇਣਗੀਆਂ। ਆਪਣੇ ਪੁੱਤਰਾਂ ਨੂੰ ਜ਼ੁਲਮ ਦਾ ਟਾਕਰਾ ਕਰਨ ਲਈ ਲੋਰੀਆਂ ਦਿੰਦੀਆਂ ਰਹਿਣਗੀਆਂ ਅਤੇ ਜ਼ੁਲਮ ਦਾ ਟਾਕਰਾ ਕਰਨ ਜਾਣਦੀਆਂ ਹਨ। ਜਿਵੇਂ ਮਾਤਾ ਗੁਜਰੀ ਜੀ ਨੇ ਆਪਣੇ ਪੋਤਰਿਆਂ ਨੂੰ ਵਛੋੜੇ ਦੀ ਕਚਹਿਰੀ ਤੋਰਨ ਸਮੇਂ ਕੁਰਬਾਨ ਹੋਣ ਦੀਆਂ ਲੋਰੀਆਂ ਦਿੱਤੀਆਂ ਸਨ। ਪੰਜਾਬ ਦੀਆਂ ਨੇਕ ਮਾਵਾਂ ਨੇ ਆਪਣੇ ਦੇਸ਼ ਨੂੰ ਅਤੇ ਮਨੁੱਖੀ ਬਰਾਬਰਤਾ ਨੂੰ ਆਪਣੇ ਪੁੱਤਰਾਂ ਨਾਲੋਂ ਪਿਆਰਾ ਸਮਝਿਆ ਹੈ। ਮਨੁੱਖੀ ਹਿੱਤਾਂ ਕਾਰਨ ਆਪਣੇ ਪੁੱਤਰਾਂ ਦੇ ਟੋਟੇ ਕਰਵਾਕੇ ਝੋਲੀਆਂ ਵਿਚ ਪੁਆ ਲਏ ਸਨ। ਸਿਦਕ ਨਹੀਂ ਡੋਲਿਆ, ਅੱਖਾਂ ਵਿਚੋਂ ਹੰਝੂ ਨਹੀਂ ਕੇਰਿਆ, ਏਥੇ ਹੀ ਬਸ ਨਹੀਂ। ਮਾਤਾ ਭਾਗੋ ਵਰਗੀਆਂ ਬਹਾਦਰ ਮਾਵਾਂ ਜੰਗ ਦੇ ਮੈਦਾਨ ਵਿਚ ਉਤਰਕੇ ਜ਼ਾਲਮ ਨੂੰ ਲੋਹੇ ਦੇ ਚੰਨੇ ਚਬਾਉਂਦੀਆਂ ਰਹੀਆਂ ਹਨ। ਭਾਵ ਪੰਜਾਬ ਦੀ ਧਰਤੀ ਦੇ



Sri Satguru Jagjit Singh Ji Elibrary NamdhariElibrary@gmail.com

ਲੋਕਾਂ ਨੇ ਕਦੇ ਈਨ ਨਹੀਂ ਮੰਨੀ। ਮਨੁੱਖੀ ਬਰਾਬਰਤਾ ਵਾਸਤੇ ਕੀਤੀ ਪ੍ਰਤਿਗਿਆ ਪੂਰੀ ਕਰਕੇ ਸਰਬਤ ਦਾ ਭਲਾ ਮੰਨਦੇ ਹਨ।

ਮਾਤਾ ਜੀਵਨ ਕੌਰ ਨੇ ਗੁਰੂਆਂ ਦੇ ਜੀਵਨ ਵਿਚੋਂ ਸਿਖਿਆ ਪ੍ਰਾਪਤ ਕੀਤੀ। ਆਪਣੇ ਪੁੱਤਰਾਂ ਨੂੰ ਆਜ਼ਾਦੀ ਸੰਗਰਾਮ ਵਿਚ ਤੋਰਨ ਵਾਸਤੇ ਬਚਪਨ ਵਿਚ ਹੀ ਕਮਰਕਸੇ ਮਜਬੂਤ ਕਰਕੇ ਲਾ ਦਿੱਤੇ ਸਨ। ਆਪ ਆਪਣੇ ਪੱਤਰਾਂ ਨਾਲੋਂ ਵੱਧ ਆਜ਼ਾਦੀ ਸੰਗਰਾਮੀਆਂ ਨਾਲ ਪਿਆਰ ਕਰਦੇ ਰਹੇ ਸਨ। ਦੇਸ਼ ਦੀ ਗੁਲਾਮੀ ਦੇ ਸੰਗਲਾਂ ਦੀਆਂ ਕੜੀਆਂ ਵੱਖ-ਵੱਖ ਕਰਨ ਦੀ ਅਣਖ ਪੈਦਾ ਕਰਕੇ ਵਿਰਸੇ ਵਿਚੋਂ ਮਿਲਿਆ ਪਦਾਰਥ ਦੇਸ਼ ਦੇ ਬਹਾਦਰ ਪੁੱਤਰਾਂ ਨੂੰ ਵਰਤਾਉਂਦੀ ਗਈ ਅਤੇ ਆਜ਼ਾਦੀ ਸੰਗਰਾਮ ਦੀ ਪ੍ਰਤਿਗਿਆ ਅੰਤ ਤੱਕ ਪੂਰੀ ਕਰ ਗਏ ਸਨ।

ਕੂਕਾ ਲਹਿਰ ਆਜ਼ਾਦੀ ਸੰਗਰਾਮ ਦਾ ਧੁਰਾ ਬਣਕੇ ਜੂਝਦੇ ਰਹੇ ਸੀ। ਪੂਰਬੀ ਬੰਗਾਲ ਦੱਖਣੀ ਮਹਾਂਰਾਸਟਰ ਵਿਚ ਲਹਿਰਾਂ ਸਰਗਰਮ ਹੋ ਰਹੀਆਂ ਸਨ। ਉੱਤਰੀ ਪੰਜਾਬ ਵਿਚ ਕੂਕਾ ਲਹਿਰ, ਜੁਝਾਰੂ ਲਹਿਰ ਗੁਰੂਆਂ ਦੀ ਲਹਿਰ ਮੰਨੀ ਜਾਂਦੀ ਸੀ। ਗੁਰੂ ਹਰਗੋਬਿੰਦ ਸਾਹਿਬ ਜੀ ਨੇ 1627 ਈ: ਨੂੰ ਆਪਣੀ ਮਨੁੱਖੀ ਬਰਾਬਰਤਾ ਵਾਸਤੇ ਗੁਰੀਲਾ ਫੌਜ ਬਨਾਉਣੀ ਸ਼ੁਰੂ ਕੀਤੀ। ਪਹਿਲੀ ਲੜਾਈ 1628 ਈ: ਨੂੰ ਅੰਮ੍ਰਿਤਸਰ ਵਿਚ ਲੜੀ ਗਈ। ਗੁਰੂ ਹਰਗੋਬਿੰਦ ਸਾਹਿਬ ਜੀ ਨੇ ਚਾਰ ਜੰਗਾਂ ਲੜੀਆਂ।

ਗੁਰੂ ਨਾਨਕ ਦੇਵ ਜੀ ਨੇ ਮੁਗਲ ਸਾਮਰਾਜ ਵੇਲੇ 1526 ਈ: ਨੂੰ ਮਨੁੱਖੀ ਬਰਾਬਰਤਾ ਦਾ ਐਲਾਨ ਕਰ ਦਿੱਤਾ ਸੀ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ 15 ਅਗਸਤ 1687 ਈ: ਨੂੰ ਭਗਾਨੀ ਦੇ ਪਹਿਲੇ ਯੁੱਧ ਸਮੇਂ ਹਥਿਆਰਬੰਦ ਨਿਸ਼ਕਾਮ ਸੇਵਾ ਕਰਨ ਵਾਲੀ ਖ਼ਾਲਸਾ ਫੌਜ ਤਿਆਰ ਕਰਕੇ ਸਾਂਝੀਵਾਲਤਾ ਦਾ ਝੰਡਾ ਲਹਿਰਾਕੇ ਮਨੁੱਖੀ ਬਰਾਬਰਤਾ ਕਾਇਮ ਕਰਨ ਵਾਸਤੇ ਸੰਘਰਸ਼ 15 ਅਗਸਤ 1526 ਈ: ਤੋਂ ਲੈ ਕੇ 1764 ਈ: ਤੱਕ ਲਗਾਤਾਰ ਸਾਂਝੀਵਾਲਤਾ ਵਾਸਤੇ ਗੁਰੀਲਾ ਜੰਗ ਲੜਦੇ ਰਹੇ ਸਨ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ 42 ਸਾਲਾਂ ਦੀ ਉਮਰ ਵਿਚ 14 ਜੰਗ ਜ਼ਾਲਮਾਂ ਨਾਲ ਲੜੇ।

ਫੇਰ ਮੁੜ ਪੰਜਾਬ ਵਿਚ 1857 ਈ: ਨੂੰ ਗੁਰੂਆਂ ਦੀ ਚਲਾਈ ਹੋਈ ਮਨੁੱਖੀ ਬਰਾਬਰਤਾ ਦੇ ਰੂਪ ਵਿਚ ਕੂਕਾ ਲਹਿਰ ਨੇ ਕੇਸਰੀ ਝੰਡਾ ਲਹਿਰਾਉਂਦਿਆਂ ਨਿਸ਼ਕਾਮ ਸੇਵਾ ਕਰਨ ਵਾਸਤੇ ਆਜ਼ਾਦੀ ਸੰਗਰਾਮ ਦੇ ਮੈਦਾਨ ਵਿਚ ਆ ਉਤਰੇ। ਸਾਂਝੀਵਾਲਤਾ ਬਾਰੇ ਕੁਰਬਾਨੀਆਂ ਦੇਣੀਆਂ ਸ਼ੁਰੂ ਕੀਤੀਆਂ। ਇਹਨਾਂ ਕੁਰਬਾਨੀਆਂ ਕਰਨ ਨਾਲ ਬਹੁਤ ਵੱਡਾ ਦੁਨੀਆਂ ਵਿਚ ਪ੍ਰੀਵਰਤਨ ਆਇਆ। ਕੂਕਾ ਲਹਿਰ ਨੇ ਇਕ ਵਧੀਆ ਮੋੜ ਕਟਦਿਆਂ ਸਰਬਤ ਦੇ ਭਲੇ ਦੀ ਨੀਂਹ ਰੱਖੀ ਗਈ। ਗੁਰੂ ਨਾਨਕ ਸਾਹਿਬ ਦੇ ਮਨੁੱਖੀ ਬਰਾਬਰਤਾ ਦੀ ਚਲਾਈ ਹੋਈ ਲਹਿਰ ਦਾ ਤੀਸਰਾ ਪੜਾਅ ਪੂਰਾ ਕੀਤਾ। ਇਹ ਸਮਾਂ ਦੱਸੇਗਾ ਕਿ ਅਗਲਾ ਸੰਘਰਸ਼ ਕਿਵੇਂ ਚੱਲੇਗਾ? ਅੱਗੇ ਪੜਾਅ ਕਿੱਥੇ ਕਰਨਾ ਪਵੇਗਾ?

ਬੱਬਰ ਲਹਿਰ ਦੇ ਪਤਨ ਤੋਂ ਬਾਅਦ ਕੂਕਾ ਅਖ਼ਬਾਰ ਦਾ ਨਾਮ ਬਦਲਕੇ ਸਤਿਜੁਗ ਰਖਿਆ ਗਿਆ ਸੀ। ਇਹ ਸਤਿਜੁਗ ਅਖ਼ਬਾਰ 1925 ਈ: ਨੂੰ ਸ੍ਰੀ ਭੈਣੀ ਸਾਹਿਬ ਤੋਂ ਛਪਣਾ ਸ਼ੁਰੂ ਹੋ ਗਿਆ ਸੀ। ਇਹ ਵੀ ਇਨਕਲਾਬੀ ਅਖ਼ਬਾਰ ਆਖਿਆ ਜਾਂਦਾ ਸੀ।

Sri Satguru Jagjit Singh Ji Elibrary NamdhariElibrary@gmail.com

ਇਹਨਾਂ ਦਿਨਾਂ ਵਿਚ ਮਨੁੱਖੀ ਬਰਾਬਰਤਾ ਦਾ ਨਾਅਰਾ ਕੌਮਨਿਸਟ ਲਹਿਰ 1925 ਈ: ਨੂੰ ਭਾਰਤ ਦੀ ਧਰਤੀ ਦੇ ਮੈਦਾਨ ਵਿਚ ਉੱਤਰੀ ਕੌਮਨਿਸਟ ਲਹਿਰ ਨੂੰ ਕੌਮਾਂਤਰੀ ਲਹਿਰ ਆਖਦੇ ਸਨ। ਇਹ ਲਹਿਰ 85 ਦੇਸ਼ਾਂ ਵਿਚ ਫੈਲ ਗਈ ਸੀ। ਰੂਸ ਦੇਸ਼ ਵਿਚ 1917 ਈ: ਨੂੰ ਰਾਜ ਪਲਟਾ ਹੋ ਗਿਆ ਸੀ। ਇਹ ਮਾਰਕਸ ਦੀ ਥਿਊਰੀ ਸੀ। ਲੈਨਿਨ ਦੀ ਅਗਵਾਈ ਹੇਠ ਰਾਜ ਪਲਟਾ ਹੋ ਗਿਆ ਸੀ। ਚੀਨ ਦੇਸ਼ ਦਾ ਕਾਮਰੇਡ ਮੌਜੇਤੁੰਗ ਇਹਨਾਂ ਦਿਨਾਂ ਵਿਚ ਬੜੇ ਜ਼ੋਰ ਨਾਲ ਸੰਘਰਸ਼ ਇਨਕਲਾਬ ਵਾਸਤੇ ਚੱਲ ਰਿਹਾ ਸੀ। ਚੀਨ ਦੇਸ਼ ਦਾ ਰਾਜ ਪਲਟਾ 1949 ਈ: ਨੂੰ ਹੋ ਚੁੱਕਿਆ ਸੀ। ਭਾਵ ਵੀਹਵੀਂ ਸਦੀ ਮਨੁੱਖੀ ਬਰਾਬਰਤਾ ਦੀ ਸਦੀ ਆਖੀ ਜਾ ਸਕਦੀ ਹੈ। ਪਰ ਅਖੀਰ ਬਰਾਬਰਤਾ ਲਾਗੂ ਕਰਨ ਸਮੇਂ ਨਿੱਜੀ ਮਾਲਕੀ ਦਾ ਮੋਹ ਨਾ ਛੱਡ ਸਕੇ।

ਇਸ ਕੌਮਾਂਤਰੀ ਲਹਿਰ ਬਾਰੇ ਵੀ ਸ੍ਰ: ਗੁਰਦਿਆਲ ਸਿੰਘ ਜੀ ਤੇ ਬੀਬੀ ਕਰਤਾਰ ਕੌਰ ਨੂੰ ਬੜੀ ਸੋਚ ਵਿਚਾਰ ਨਾਲ ਲਿਖ ਰਹੇ ਸੀ। ਪਤੀ ਪਤਨੀ ਆਪੋ ਆਪਣੀਆਂ ਲਿਖਤਾਂ ਰਾਹੀਂ ਪੰਜਾਬੀ ਕੌਮ ਨੂੰ ਉਤਸ਼ਾਹ ਤੇ ਬਲ ਬਖਸ਼ ਰਹੇ ਸਨ। ਅੰਗਰੇਜ਼ ਦੀ ਗੁਲਾਮੀ ਤੋਂ ਛੁਟਕਾਰਾ ਕਰਾਉਣ ਵਾਸਤੇ ਕੌਮਾਂਤਰੀ ਦ੍ਰਿਸ਼ਟੀਕੋਣ ਨੇ ਲੇਖ ਲਿਖ ਰਹੇ ਸਨ।

ਸ੍ਰ: ਗੁਰਦਿਆਲ ਸਿੰਘ ਜੀ ਤੇ ਬੀਬੀ ਕਰਤਾਰ ਕੌਰ ਦੀ ਸਿਹਤ ਬਹੁਤ ਕੰਮ ਕਰਨ ਨਾਲ ਬਹੁਤ ਖਰਾਬ ਹੋ ਰਹੀ ਸੀ। ਇਕ ਦੂਸਰੇ ਨੂੰ ਲਿਖਣ ਪੜ੍ਹਨ ਤੋਂ ਰੋਕਣਾ ਆਪੋ ਆਪਣੀ ਬਿਜਤੀ ਸਮਝਦੇ ਸਨ। ਅਨੰਦ ਕਾਰਜ ਸਮੇਂ ਪਤੀ ਪਤਨੀ ਨੇ ਰਾਤ ਦਿਨ ਆਜ਼ਾਦੀ ਸੰਗਰਾਮ ਨੂੰ ਤੇਜ਼ ਕਰਨ ਵਾਸਤੇ ਪ੍ਰਣ ਕਰੇ ਹੋਏ ਸਨ। 1928 ਈ: ਨੂੰ ਬਸੰਤ ਰੁੱਤ ਵਿਚ ਆ ਕੇ ਬੁਖਾਰ ਚੜ੍ਹਣ ਲੱਗ ਪਿਆ ਸੀ। ਬੀਮਾਰੀ ਨਾਮੁਰਾਦ ਟੀ. ਬੀ. ਹੋ ਗਈ ਸੀ। ਨੀਂਦ ਬਿਲਕੁਲ ਆਉਣੋਂ ਹਟ ਗਈ ਸੀ। ਦਿਨੋਂ ਦਿਨ ਕਮਜ਼ੋਰ ਹੁੰਦੇ ਜਾ ਰਹੇ ਸਨ। ਇਸਦਾ ਇਲਾਜ ਡਾਕਟਰ ਕੋਲ ਵੱਧ ਆਰਾਮ ਕਰਨ ਤੋਂ ਬਗੈਰ ਹੋਰ ਕੁਝ ਵੀ ਚਾਰਾ ਨਹੀਂ ਸੀ। ਅਰਾਮ ਕਰਨਾ ਪਤੀ ਪਤਨੀ ਦੇ ਵੱਸ ਵਿਚ ਨਹੀਂ ਸੀ। ਸੋਚ ਪੜ੍ਹਨ ਲਿਖਣ ਤੋਂ ਸਿਵਾਏ ਹੋਰ ਕੋਈ ਕੰਮ ਅਰਾਮ ਕਰਨਾ ਵੀ ਠੀਕ ਨਹੀਂ ਸਨ ਸਮਝਦੇ। ਆਪੋ ਆਪਣੇ ਬਿਸਤਰੇ ਵਿਚ ਵੀ ਪਏ ਲਿਖੀ ਪੜ੍ਹੀ ਜਾਂਦੇ ਸਨ।

ਮਾਤਾ ਜੀਵਨ ਕੌਰ ਤੇ ਬਾਬਾ ਪ੍ਰਤਾਪ ਸਿੰਘ ਜੀ ਸਾਹਿਬ ਨੇ ਇਲਾਜ ਕਰਵਾਉਣ ਦੇ ਯਤਨ ਜਾਰੀ ਰੱਖੇ ਹੋਏ ਸਨ। ਜਦੋਂ ਥੋੜ੍ਹਾ ਬਹੁਤਾ ਆਰਾਮ ਹੋ ਜਾਂਦਾ ਮੁੜ ਪੜ੍ਹਨਾ ਲਿਖਣਾ ਸ਼ੁਰੂ ਕਰ ਦਿੰਦੇ ਸਨ। ਡਾਕਟਰ ਦੇ ਆਖੇ ਦੀ ਕੋਈ ਪ੍ਰਵਾਹ ਨਹੀਂ ਸੀ। ਸਿਰਫ ਆਪੋ ਆਪਣੇ ਪ੍ਰਣ ਕੀਤੇ ਪੂਰੇ ਕਰਨੇ ਚਾਹੁੰਦੇ ਸਨ। ਕਸ਼ਮੀਰ, ਸ਼ਿਮਲਾ, ਸੋਲਨ ਆਦਿ ਹਸਪਤਾਲ ਵਿਚ ਇਲਾਜ ਕਰਾਇਆ ਗਿਆ ਸੀ। ਪਰ ਅਰਾਮ ਕਰਨ ਨੂੰ ਬੀਬੀ, ਮੀਆਂ ਹਰਾਮ ਸਮਝਦੇ ਸਨ।

3 ਸਤੰਬਰ 1930 ਈ: ਦਾ ਦਿਨ ਬੜਾ ਹੀ ਮਨਹੂਸ ਚੜ੍ਹਿਆ ਸੀ। ਸ੍ਰ: ਗੁਰਦਿਆਲ ਸਿੰਘ ਜੀ ਸਾਹਿਬ ਦੇਸ਼ ਭਗਤੀ ਦੀ ਡਿਊਟੀ ਆਖਰੀ ਦਮ ਤਕ ਪੂਰੀ ਕਰਦੇ ਹੋਏ ਕੂਕਾ ਲਹਿਰ ਤੇ ਹੋਰ ਲਹਿਰਾਂ ਦੀ ਅਗਵਾਈ ਕਰਦੇ ਹੋਏ ਆਪਣੀ ਜੀਵਨ ਯਾਤਰਾ ਪੂਰੀ ਕਰਦੇ ਹੋਏ ਅਮਰ ਸ਼ਹੀਦਾਂ ਦੇ ਚਰਨਾਂ ਵਿਚ ਜਾ ਬਿਰਾਜੇ।

ਮਾਤਾ ਜੀਵਨ ਕੌਰ ਨੇ ਗੁਰੂ ਚਰਨਾਂ ਵਿਚ ਅੰਤਮ ਅਰਦਾਸ ਕਰਦਿਆਂ ਆਖਿਆ ਹੈ, ਹੇ ਅਕਾਲ ਪੁਰਖ ਤੇਰਾ ਸੇਵਕ ਮਨੁੱਖੀ ਬਰਾਬਰਤਾ ਦਾ ਸੰਘਰਸ਼ ਚਲਾਉਂਦਾ ਹੋਇਆ ਤੇਰੇ ਚਰਨਾਂ

ਵਿਚ ਆ ਬਿਰਾਜਿਆ ਹੈ। ਆਜ਼ਾਦੀ ਸੰਗਰਾਮ ਅਜੇ ਅਧੂਰਾ ਹੈ। ਆਪ ਕਿਰਪਾ ਕਰਕੇ ਬੱਚਾ ਜਾਣਕੇ ਮੁਆਫ ਕਰ ਦੇਵੀਂ। ਆਪਣੇ ਚਰਨਾਂ ਵਿਚ ਨਿਵਾਸ ਬਖਸ਼ੀਂ। ਚਲ ਰਿਹਾ ਆਜ਼ਾਦੀ ਸੰਗਰਾਮ ਸਿਰੇ ਚਾੜ੍ਹ ਦੇਵੀਂ। ਆਸ ਹੈ ਕਿ ਅੰਗਰੇਜ਼ ਸਰਕਾਰ ਆਪਣਾ ਬੋਰੀਆ ਬਿਸਤਰਾ ਚੁੱਕੇ ਜਿਧਰੋਂ ਆਇਆ ਉਧਰ ਚਲਿਆ ਜਾਵੇਗਾ। ਮੈਂ ਆਪਣੇ ਦੇਸ਼ ਨੂੰ ਆਜ਼ਾਦ ਹੁੰਦਾ ਜ਼ਰੂਰ ਵੇਖਾਂਗੀ। ਪੁੱਤਰ ਦਾ ਅਧੂਰਾ ਕੰਮ ਰਹਿੰਦਾ ਮੈਂ ਕਰਾਂਗੀ ਅਤੇ ਮੈਂ ਆਪਣੇ ਪੁੱਤਰਾਂ ਨੂੰ ਪ੍ਰੇਰਨਾ ਦੇਵਾਂਗੀ। ਭਾਰਤ ਦੇਸ਼ ਆਜ਼ਾਦ ਹੋਵੇਗਾ। ਅੰਗਰੇਜ਼ ਜ਼ਾਲਮ ਏਥੇ ਨਹੀਂ ਰਹੇਗਾ। ਸਰਬਤ ਦਾ ਭਲਾ ਏਸੇ ਵਿਚ ਹੀ ਹੈ। ਫੇਰ ਮੈਂ ਵੀ ਆਪਦੇ ਚਰਨਾਂ ਦੀ ਰਿਣੀ ਬਣਾਂਗੀ, ਇਹ ਮੇਰੀ ਅਰਦਾਸ ਕਬੂਲ ਕਰਨੀ ਹੋਵੇਗੀ। ਥੋੜ੍ਹੇ ਦਿਨਾਂ ਬਾਅਦ ਹੀ ਬੀਬੀ ਕਰਤਾਰ ਕੌਰ ਗੁਰੂ ਚਰਨਾਂ ਵਿਚ ਜਾ ਬਿਰਾਜੇ ਸਨ। ਜਿਵੇਂ ਔਰਤ ਆਪਣੇ ਪਤੀ ਦੇ ਮਗਰ-ਮਗਰ ਮਾਰਗ ਵਿਚ ਤੁਰ ਜਾਂਦੀ ਹੈ। ਆਪਣਾ ਖੂਬਸੂਰਤ ਹੁਸਨ ਆਪਣੇ ਪਤੀ ਵਾਸਤੇ ਲੁਕੋ-ਲੁਕੋ ਰੱਖਦੀ ਹੈ। ਉਸਦਾ ਸਬਰ ਸੰਤੋਖ ਆਪਣੇ ਪਤੀ ਵਾਸਤੇ ਹੀ ਹੁੰਦਾ ਹੈ। ਆਪਣੇ ਪਤੀ ਦੀ ਖਿਦਮਤ ਵਿਚ ਹਰ ਸਮੇਂ ਖਲੋਤੀ ਰਹਿੰਦੀ ਹੈ। ਜਿਵੇਂ ਉਸਦਾ ਸਾਰਾ ਜੀਵਨ ਹੀ ਪਤੀ ਦੇ ਹਵਾਲੇ ਹੋਵੇ। ਉਸਦੇ ਆਤਮਿਕ ਬਲ ਦੀ ਮਜਬੂਤੀ ਏਸੇ ਵਿਚ ਹੀ ਲੁਕੀ ਹੁੰਦੀ ਹੈ। ਔਰਤ ਦਾ ਜੀਵਨ ਅਤੇ ਆਸਰਾ ਪਤੀ ਹੀ ਹੁੰਦਾ ਹੈ।

ਨੋਟ :—ਅਖੀਰੀ ਮਾਤਾ ਜੀਵਨ ਕੌਰ ਜੀ ਲਾਲ ਕਿਲੇ ਤੇ ਝੰਡਾ ਲਹਿਰਾਉਂਦਾ ਵੇਖ ਨਾ ਸਕੀ। ਅਧੂਰੀ ਆਜ਼ਾਦੀ ਦਾ ਜ਼ਿਕਰ ਕਰਦੇ ਹੋਏ 1943 ਈ: ਨੂੰ ਪੌਣੇ ਚਾਰ ਸਾਲ ਪਹਿਲਾਂ ਹੀ ਗੁਰੂ ਚਰਨਾਂ ਵਿਚ ਜਾ ਬਿਰਾਜੇ ਸਨ।

## ਕਾਂਡ—20

ਬਾਬਾ ਰਾਮ ਸਿੰਘ ਜੀ ਸਾਹਿਬ ਦਾ ਕੋਈ ਨਵਾਂ ਧਰਮ ਚਲਾਉਣ ਦਾ ਮਨੋਰਥ ਨਹੀਂ ਸੀ। ਉਹਨਾਂ ਨੇ ਆਜ਼ਾਦੀ ਦੇ ਯੋਧਿਆਂ ਨੂੰ ਹਥਿਆਰਬੰਦ ਕਰਕੇ ਗੁਰੂਆਂ ਦੀ ਸਾਂਝੀਵਾਲਤਾ ਦਾ ਝੰਡਾ ਚੁੱਕ ਕੇ ਮਨੁੱਖੀ ਬਰਾਬਰਤਾ ਦਾ ਸੰਘਰਸ਼ ਲੜਨਾ ਸੀ। ਉਹਨਾਂ ਫੌਜ ਵਿਚ ਰਹਿੰਦਿਆਂ ਸਿੱਖਾਂ ਵਿਚ ਬੇਅੰਤ ਕੁਰੀਤੀਆਂ ਨੋਟ ਕੀਤੀਆਂ ਸਨ। ਕੂਕਾ ਲਹਿਰ ਲੱਖਾਂ ਦੀ ਗਿਣਤੀ ਵਿਚ ਆਪਣੇ ਹੱਕ ਲੈਣ ਵਾਸਤੇ ਅਹਿਸਾਸ ਪੈਦਾ ਕਰਨਾ ਸੀ। ਰਸਮੀ ਧਰਮਾਂ ਵਾਲੇ ਤਾਂ ਮੌਕੇ ਦੀ ਸਰਕਾਰ ਦੇ ਪਿੱਠੂ ਹੁੰਦੇ ਹਨ। ਆਜ਼ਾਦੀ ਵਾਸਤੇ ਹੀ 1857 ਈ: ਦਾ ਗ਼ਦਰ ਏਸੇ ਕਰਕੇ ਸ਼ੁਰੂ ਕੀਤਾ ਸੀ।

ਗ਼ਦਰ ਸਫਲ ਇਸ ਕਰਕੇ ਨਹੀਂ ਹੋਇਆ ਕਿ ਇਕੱਲੀ ਦਿੱਲੀ ਵਿਚ ਅੰਗਰੇਜ਼ ਸਰਕਾਰ ਨੇ 27000 (ਸਤਾਈ ਹਜ਼ਾਰ) ਦੇਸ਼ ਭਗਤਾਂ ਨੂੰ ਆਮ ਲੋਕਾਂ ਵਿਚ ਦਹਿਸ਼ਤ ਫੈਲਾਉਣ ਵਾਸਤੇ ਫਾਂਸੀਆਂ ਦੇ ਕੇ ਸ਼ਹੀਦ ਕਰ ਦਿੱਤੀ ਗਈ ਸੀ। ਬਹਾਦਰ ਸ਼ਾਹ ਜ਼ਫਰ ਨੂੰ ਫੜਕੇ ਕਾਲੇ ਪਾਣੀ ਰੰਗੂਨ ਬ੍ਰਹਮਾ ਵਿਖੇ ਕੈਦ ਕਰ ਲਿਆ ਸੀ। ਹੋਰ ਵੱਡੇ-ਵੱਡੇ ਸ਼ਹਿਰਾਂ ਤੇ ਕਸਬਿਆਂ ਵਿਚ ਅੰਗਰੇਜ਼ ਨੇ ਕਹਿਰ ਕਮਾਏ ਸਨ। ਬਾਬਾ ਰਾਮ ਸਿੰਘ ਜੀ ਸਾਹਿਬ ਉਪਰਲੇ ਕਾਤਲਾਂ ਦਾ ਬਦਲਾ ਲੈਣ ਵਾਸਤੇ ਮੈਦਾਨ ਵਿਚ ਆਏ ਸਨ। ਅੰਗਰੇਜ਼ ਸਰਕਾਰ ਤੋਂ ਬਦਲਾ ਲੈਣ ਵਾਸਤੇ ਹੀ ਬਾਬਾ ਰਾਮ ਸਿੰਘ ਜੀ ਨੇ ਬਾਅਦ ਵਿਚ ਕੂਕਾ ਲਹਿਰ ਨੇ ਰੂਸ, ਨੇਪਾਲ, ਕਸ਼ਮੀਰ ਅਤੇ ਕਾਬਲ ਨਾਲ ਸਬੰਧ ਪੈਦਾ ਕਰ ਲਏ ਸਨ। ਸ: ਬਿਸ਼ਨ ਸਿੰਘ ਜੀ ਸੂਬਾ, ਸ: ਗੁਰਚਰਨ ਸਿੰਘ ਜੀ ਸੂਬਾ ਆਦਿ ਬਹੁਤ ਵਿਦਵਾਨ ਸਨ। ਜਿਹਨਾਂ ਨੇ ਕਈ ਵਿਦੇਸ਼ਾਂ ਵਿਚ ਚੱਕਰ ਕੱਟ ਕੇ ਦੂਤ ਘਰ ਵੀ ਬਣਾ ਲਏ ਸਨ। ਕਸ਼ਮੀਰ ਦੀ ਫੌਜ ਵਿਚ ਸ਼ਾਮਲ ਹੋ ਕੇ ਕੂਕਾ ਲਹਿਰ ਦੇ ਫੌਜੀ ਸਿਖਲਾਈ ਲੈ ਰਹੇ ਸਨ। ਬਾਬਾ ਜੀ ਦੇ ਅੰਦੋਲਨ ਦਾ ਮਨੋਰਥ ਰਾਜਸੀ ਏਂਗਲ ਤੋਂ ਸੀ। ਕੂਕਿਆਂ ਦੀ ਕੁਰਤ ਫਾਂਸੀਆਂ ਅਤੇ ਤੋਪਾਂ ਨਾਲ ਸ਼ਹੀਦ ਕਰਨਾ, ਕਾਲੇ ਪਾਣੀਆਂ ਦੀ ਸਜ਼ਾ ਨੇ ਕੂਕਾ ਲਹਿਰ ਨੂੰ ਹੋਰ ਵੀ ਤੇਜ਼ ਕਰ ਦਿੱਤਾ ਸੀ।

ਜਦੋਂ ਮਹਾਰਾਜਾ ਦਲੀਪ ਸਿੰਘ ਅੰਗਰੇਜ਼ ਦੀ ਗੁਲਾਮੀ ਤੋਂ ਉਪਰਾਮ ਹੋ ਕੇ 1886 ਈ: ਨੂੰ ਸਿੱਖ ਸਜ ਕੇ ਰੂਸ ਚਲਿਆ ਗਿਆ ਸੀ। ਮਹਾਰਾਜਾ ਦਲੀਪ ਸਿੰਘ ਦਾ ਕੂਕਾ ਲਹਿਰ ਨਾਲ ਤਾਲਮੇਲ ਹੋਇਆ। ਤਾਂ ਪੰਜਾਬ ਦੀ ਯਾਦ ਦਾ ਅਸਰ ਹੋਰ ਤੇਜ਼ ਹੋ ਗਿਆ ਸੀ। ਕੂਕਾ ਲਹਿਰ ਨੇ ਦਲੀਪ ਸਿੰਘ ਮਹਾਰਾਜ ਦੀ ਖੁਲ੍ਹਕੇ ਮਦਦ ਕਰਨ ਦਾ ਫੈਸਲਾ ਲੈ ਲਿਆ ਗਿਆ ਸੀ।

ਉਹਨਾਂ ਦਿਨਾਂ ਵਿਚ ਰੂਸੀ ਜ਼ਾਰ ਸਰਕਾਰ ਦੇ ਅੰਗਰੇਜ਼ ਸਰਕਾਰ ਨਾਲ ਸਰਹੱਦੀ ਝਗੜੇ ਚਲ ਰਹੇ ਸਨ।

ਮਹਾਰਾਜਾ ਦਲੀਪ ਸਿੰਘ ਨੇ ਖਾਲਸਾ ਦੀਵਾਨ ਨੂੰ ਇਕ ਬੇਨਤੀ ਪੱਤਰ ਘੱਲਿਆ। ਖਾਲਸਾ ਦੀਵਾਨ ਨੇ ਅੱਗੋਂ ਬਹੁਤ ਮੇਹਣੇ ਤਾਅਨੇ ਲਿਖਦਿਆਂ ਆਖਿਆ, ਤੇਰਾ ਸਿੱਖ ਹੋਣਾ ਸਾਨੂੰ ਅੰਗਰੇਜ਼ ਤੋਂ ਮਨਮੁਖ ਕਰਨਾ ਹੈ। ਦਲੀਪ ਸਿੰਘ ਦਾ ਉਸ ਚਿੱਠੀ ਨੇ ਰਹਿੰਦਾ ਖੂੰਹਦਾ ਵੀ ਦਿਲ ਤੋੜ



Sri Satguru Jagjit Singh Ji Elibrary NamdhariElibrary@gmail.com

ਦਿੱਤਾ । ਸੀ ਉਸ ਤੋਂ ਬਾਅਦ ਫਰਾਂਸ ਚਲਿਆ ਗਿਆ । ਉਥੇ ਉਸ ਨੂੰ ਅਧਰੰਗ ਹੋ ਗਿਆ, ਕੁਝ ਸਾਲ ਬੀਮਾਰ ਹੋ ਕੇ ਮਰ ਗਿਆ ।

ਰੂਸ ਲਹਿਰ ਦਾ ਜਿਹੜਾ ਉਤਸ਼ਾਹ ਕੂਕਾ ਲਹਿਰ ਨੇ ਬਣਾਇਆ ਸੀ । ਉਹ ਠੰਢਾ ਪੈ ਗਿਆ ਸੀ । ਕੂਕੇ ਬਹੁਤ ਤਿਆਰੀ ਕਰ ਰਹੇ ਸਨ । ਪ੍ਰਚਾਰ ਕਰਕੇ ਲੋਕਾਂ ਨੂੰ ਦਸ ਰਹੇ ਸਨ । ਆਖਦੇ ਰਹੇ ਸਨ ਕਿ ਮਹਾਰਾਜਾ ਦਲੀਪ ਸਿੰਘ ਰੂਸ ਦੀ ਹਮਾਇਤ ਨਾਲ ਹਿੰਦੁਸਤਾਨ ਆ ਰਹੇ ਸਨ । ਕੂਕਾ ਲਹਿਰ ਨੇ ਚਾਰ ਲੱਖ ਫੌਜੀ ਤਿਆਰ ਕਰ ਲਏ ਸਨ । ਪੰਜਾਬੀ ਕੌਮ ਦਾ ਜੋਸ਼ ਠਾਠਾਂ ਮਾਰਦਾ ਹੋਇਆ ਮੌਕੇ ਦੀ ਉਡੀਕ ਕਰ ਰਿਹਾ ਸੀ । ਜਥੇਦਾਰ ਅੰਗਰੇਜ਼ ਨੂੰ ਭਜਾਉਣ ਦੀਆਂ ਵਾਰਾਂ ਗਾ ਰਹੇ ਹਨ ।

ਜਿਸ ਤਰ੍ਹਾਂ ਨਮਕ ਹਰਾਮੀ ਰਾਜਿਆਂ ਨੇ, ਜਾਗੀਰਦਾਰਾਂ ਨੇ, ਧਰਮ ਦੇ ਠੇਕੇਦਾਰਾਂ ਨੇ ਮਹਾਰਾਜਾ ਦਲੀਪ ਸਿੰਘ ਨੂੰ ਤਾਅਨੇ ਮਿਹਨੇ ਲਿਖ ਕੇ ਭੇਜੇ ਸਨ । ਉਸੇ ਤਰ੍ਹਾਂ ਹੀ ਬਾਬਾ ਰਾਮ ਸਿੰਘ ਨੂੰ ਜਲਾਵਤਨ ਕੀਤਾ ਗਿਆ ਸੀ । ਸਿੱਖ ਰਿਆਸਤਾਂ ਨੇ, ਅਕਾਲੀ ਜਥੇਬੰਦੀਆਂ, ਅੰਗਰੇਜ਼ ਨੇ ਮੁਕੱਦਮੇ ਚਲਾਏ ਬਿਨਾਂ ਕਾਲੇ ਪਾਣੀਆਂ ਦੀ ਸਜ਼ਾ ਦੇ ਦਿੱਤੀ ਸੀ । ਸਿੰਘ ਸਭਾ ਵਾਲਿਆਂ ਨੇ ਅੰਗਰੇਜ਼ ਸਰਕਾਰ ਨੂੰ ਵਧਾਈਆਂ ਦਿੱਤੀਆਂ ਸਨ । ਇਹਨਾਂ ਲੋਕਾਂ ਨੂੰ ਉਸ ਸਮੇਂ ਦੇ ਦੇਸ਼ ਗ਼ਦਾਰ ਆਖਿਆ ਜਾਵੇ ਤਾਂ ਕੋਈ ਅਣਕਥਨੀ ਨਹੀਂ ਹੋਵੇਗੀ ।

ਬਾਬੇ ਗ਼ੱਦਰੀ ਵੀ ਕੂਕਾ ਲਹਿਰ ਦੇ ਇਤਿਹਾਸ ਦੀ ਜਾਣਕਾਰੀ ਪ੍ਰਾਪਤ ਕਰਕੇ ਸੰਘਰਸ਼ ਵਿਚ ਕੁੱਦ ਪਏ ਸਨ । ਗ਼ਦਰੀ ਤਾਰੀਖ ਦੇ ਮੋਢੀ ਸ੍ਰ: ਸੋਹਣ ਸਿੰਘ ਭਕਨਾ ਆਪਣੇ ਜੀਵਨੀ ਵਿਚ ਲਿਖਦੇ ਹਨ । ਮੈਨੂੰ ਮੁੱਢਲੀ ਪ੍ਰੇਰਨਾ ਕੂਕਾ ਲਹਿਰ ਦੇ ਬਾਬਾ ਕੇਸਰ ਸਿੰਘ ਜੀ ਤੋਂ ਮਿਲੀ ਸੀ । ਅੱਗੇ ਲਿਖਦੇ ਹਨ, ਜਿੰਨਾ ਚਿਰ ਅਸੀਂ ਆਰਥਿਕ ਆਜ਼ਾਦੀ ਹਾਸਿਲ ਨਹੀਂ ਕਰ ਸਕਦੇ ਉਤਨਾ ਚਿਰ ਗਰੀਬ ਵਰਗ ਵਾਸਤੇ ਆਜ਼ਾਦੀ ਨਿਸਫਲ ਰਹੇਗੀ । ਆਖਦੇ ਸੀ ਸਾਨੂੰ ਆਰਥਿਕ ਆਜ਼ਾਦੀ ਵਾਸਤੇ ਸੰਘਰਸ਼ ਤੇਜ਼ ਕਰਨੇ ਪੈਣੇ ਹਨ ।

ਅੰਗਰੇਜ਼ ਸਰਕਾਰ ਦਾ ਮਕਸਦ ਕੂਕਾ ਲਹਿਰ ਨੂੰ ਜੜ੍ਹਾਂ ਤੋਂ ਉਖੇੜਨਾ ਸੀ । ਇਤਿਹਾਸ ਗਵਾਹ ਹੈ ਸਰਕਾਰ ਦੇ ਇਹ ਮਕਸਦ ਨਾ ਕਦੇ ਪਹਿਲਾਂ ਪੂਰੇ ਹੋਏ ਹਨ, ਅਤੇ ਨਾ ਹੀ ਅੱਗੇ ਨੂੰ ਪੂਰੇ ਹੋ ਸਕਦੇ ਹਨ । ਇਹ ਤਾਂ ਆਪ ਲੋਕ ਲਹਿਰਾਂ ਹੀ ਮਹਾਨ ਕਾਰਜ ਵਾਸਤੇ ਮਹਾਨ ਹੁੰਦੀਆਂ ਹਨ ।

ਕੂਕਾ ਲਹਿਰ ਦੀ ਮੈਂਬਰਸ਼ਿਪ ਤਾਂ ਕਈ ਲੱਖਾਂ ਦੀ ਲਿਸਟ ਮੰਨੀ ਜਾਂਦੀ ਹੈ । ਮੈਂ ਕੂਕਾ ਲਹਿਰ ਦੇ ਅਹੁਦੇਦਾਰਾਂ ਦੀ ਹੀ ਲਿਸਟ ਦਰਜ ਕਰਦਾ ਹੋਇਆ ਹਥਲੀ ਕਿਤਾਬ ਨੂੰ ਸੀਮਤ ਅਤੇ ਠੋਸ ਬਣਾਉਣ ਖ਼ਾਤਰ ਬਹੁਤ ਥੋੜ੍ਹੇ ਵਰਕਰਾਂ ਦੀ ਲਿਸਟ ਦੇ ਕੇ ਅੱਗੇ ਜਾਣਾ ਚਾਹੁੰਦਾ ਹਾਂ । ਬਾਬਾ ਰਾਮ ਸਿੰਘ ਜੀ ਦੇ ਸਾਥੀ ਵਰਕਰਾਂ ਦੀ ਬਹੁਤੀ ਲਿਸਟ ਨਾ ਮਿਲ ਸਕੀ । ਮੈਂ ਬਹੁਤ ਕਿਤਾਬਾਂ ਪੜ੍ਹਨ ਦੇ ਯਤਨ ਵਿਚ ਰਿਹਾ । ਪਿੰਡਾਂ ਦੇ ਵਰਕਰਾਂ ਦੀ ਬਹੁਤ ਘੱਟ ਲਿਸਟ ਮਿਲੀ । ਜੋ ਕਿ ਆਪਾਂ ਪਿਛਲੇ ਕਾਂਡਾਂ ਵਿਚ ਪੜ੍ਹ ਚੁਕੇ ਹਾਂ ।

ਪਾਠਕ ਮਿੱਤਰੋ ਮਨੁੱਖ ਏਕਤਾ ਕਰਨ ਨਾਲ ਹੀ ਮਹਾਨ ਮਨੁੱਖ ਬਣਦਾ ਹੈ । ਕੂਕਾ ਲਹਿਰ ਦੀ ਵਰਕਿੰਗ ਮੈਂਬਰਸ਼ਿਪ ਪਿੰਡਾਂ ਵਿਚੋਂ ਕੂਕਾ ਲਹਿਰ ਦੀ ਸਮਰਥਕ ਸੀ । ਆਪਾਂ ਉਹਨਾਂ ਪਿੰਡਾਂ

Sri Satguru Jagjit Singh Ji Elibrary NamdhariElibrary@gmail.com

ਦੀ ਜਾਣਕਾਰੀ ਕਰਦੇ ਹਾਂ। ਜਿਨ੍ਹਾਂ ਆਪਣੇ ਘਰ ਘਾਟ, ਬਾਲ ਬੱਚਿਆਂ ਦਾ ਮੋਹ ਤਿਆਗ ਕੇ ਗੁਰੂਆਂ ਦੀ ਮਨੁੱਖੀ ਬਰਾਬਰਤਾ ਦੀ ਚਲਾਈ ਹੋਈ ਲਹਿਰ ਵਿਚ ਨਿਸ਼ਕਾਮ ਸੇਵਾ ਕਰਦੇ ਰਹੇ। ਆਉਣ ਵਾਲੀਆਂ ਨਵੀਆਂ ਪੀੜੀਆਂ ਵਾਸਤੇ ਇਸ ਲਹਿਰ ਵਿਚ ਸ਼ਾਮਲ ਹੋ ਕੇ ਇਤਿਹਾਸਕ ਪੰਨਿਆਂ ਉਤੇ ਆਪਣਾ ਨਾਂ ਦਰਜ ਕਰ ਗਏ। ਅਸੀਂ ਆਪਣੇ ਬਜ਼ੁਰਗਾਂ ਦਾ ਮਾਣ ਕਰਦੇ ਹੋਏ ਸਾਂਝੀਵਾਲਤਾ ਦੇ ਝੰਡੇ ਨੂੰ ਪ੍ਰਣਾਮ ਕਰਦੇ ਹਾਂ।

ਆਪਾਂ ਦੂਸਰੀ ਪੀੜੀ ਬਾਬਾ ਪ੍ਰਤਾਪ ਸਿੰਘ ਜੀ, ਬਾਬਾ ਨਿਹਾਲ ਸਿੰਘ ਜੀ, ਸ੍ਰ: ਗੁਰਦਿਆਲ ਸਿੰਘ ਜੀ ਅਤੇ ਬਾਬਾ ਜੰਗ ਸਿੰਘ ਸਾਹਿਬ ਦੇ ਸਾਥੀਆਂ ਬਾਰੇ, ਵਰਕਰਾਂ ਮੈਂਬਰਾਂ ਤੋਂ ਅੱਗੇ ਜਾਣਕਾਰੀ ਕਰਦੇ ਹਾਂ। ਜੋ ਇਸ ਪ੍ਰਕਾਰ ਹੈ :—

1. ਬਾਬਾ ਅਲਾ ਸਿੰਘ ਜੀ ਵਰਨ, ਜ਼ਿਲ੍ਹਾ ਸ਼ੇਖੂਪੁਰਾ, ਆਜ ਪ੍ਰਵਾਰ ਸੰਤ ਨਗਰ।
2. ਬਾਬਾ ਗੁਲਾਬ ਸਿੰਘ ਜੀ ਵਰਨ, ਜ਼ਿਲ੍ਹਾ ਸ਼ੇਖੂਪੁਰਾ, ਆਜ ਪ੍ਰੀਵਾਰ ਸੰਤ ਨਗਰ।
3. ਬਾਬਾ ਹਰਨਾਮ ਸਿੰਘ ਜੀ ਵਰਨ, ਜ਼ਿਲ੍ਹਾ ਸ਼ੇਖੂਪੁਰਾ, ਆਜ ਪ੍ਰੀਵਾਰ ਸੰਤ ਨਗਰ (ਜਥੇਦਾਰ—ਧਰਮਸ਼ਾਹੀਆਂ)
4. ਬਾਬਾ ਹਜ਼ਾਰਾ ਸਿੰਘ ਖਿਆਲਾ, ਜ਼ਿਲ੍ਹਾ ਲਾਇਲਪੁਰ, ਆਜ ਪ੍ਰਵਾਰ ਸੰਤ ਨਗਰ।
5. ਬਾਬਾ ਲਾਭ ਸਿੰਘ ਜੀ ਵਰਨ, ਸ਼ੇਖੂਪੁਰਾ, ਆਜ ਪ੍ਰਵਾਰ ਸੰਤ ਨਗਰ।
6. ਸ੍ਰ: ਕੇਧਾਰਾ ਸਿੰਘ ਜੀ ਵਰਨ, ਸ਼ੇਖੂਪੁਰਾ, ਆਜ ਪ੍ਰਵਾਰ ਸੰਤ ਨਗਰ।
7. ਬਾਬਾ ਘਸੀਟਾ ਸਿੰਘ ਜੀ (ਬੱਬਰ), ਖਿਆਲਾ ਲਾਇਲਪੁਰ, ਆਜ ਪ੍ਰਵਾਰ ਸੰਤ ਨਗਰ।
8. ਸ੍ਰ: ਲਾਲ ਸਿੰਘ ਜੀ, ਕਟਿਆਂਵਾਲੀ, ਸ਼ੇਖੂਪੁਰਾ ਆਜ ਪ੍ਰਵਾਰ ਸੰਤ ਨਗਰ।
9. ਸ੍ਰ: ਖਜਾਨ ਸਿੰਘ ਜੀ, ਮਾਨਾਂਵਾਲਾ ਸ਼ੇਖੂਪੁਰਾ, ਆਜ ਪ੍ਰਵਾਰ ਸੰਤ ਨਗਰ।
10. ਬਾਬਾ ਬਹਾਦਰ ਸਿੰਘ ਜੀ, ਕਟਿਆਂਵਾਲੀ ਸ਼ੇਖੂਪੁਰਾ, ਆਜ ਪ੍ਰਵਾਰ ਸੰਤ ਨਗਰ।
11. ਬਾਬਾ ਆਸਾ ਸਿੰਘ ਜੀ, ਚੰਣੀਆਂ, ਸ਼ੇਖੂਪੁਰਾ, ਆਜ ਪ੍ਰੀਵਾਰ ਸੰਤ ਨਗਰ।
12. ਸ੍ਰ: ਊੱਤਮ ਸਿੰਘ ਜੀ, ਭਾਈ ਮੋਹਣ ਸਿੰਘ ਵਿਲੇਵਾਸੀਏ, ਸ਼ੇਖੂਪੁਰਾ, ਆਜ ਪ੍ਰਵਾਰ ਸੰਤ ਨਗਰ (ਤਲਵਾੜਾ)।
13. ਸ੍ਰ: ਮਾਨ ਸਿੰਘ ਜੀ, ਭਾਈ ਖਜਾਨ ਸਿੰਘ ਜੀ ਕੱਕੜ, ਲਾਇਲਪੁਰ, ਆਜ ਪ੍ਰਵਾਰ ਸੰਤ ਨਗਰ।
14. ਬਾਬਾ ਸ਼ੇਰ ਸਿੰਘ ਜੀ ਪਿਥੋ, ਜ਼ਿਲ੍ਹਾ ਬਠਿੰਡਾ, ਪੰਜਾਬ (ਸੂਬਾ)
15. ਸ੍ਰ: ਰਜਣ ਸਿੰਘ ਜੀ ਪਿਥੋਂ, ਜ਼ਿਲ੍ਹਾ ਬਠਿੰਡਾ (ਪੰਜਾਬ)।
16. ਸੰਤੋਖ ਸਿੰਘ ਜੀ ਸਹੋਰ, ਜ਼ਿਲ੍ਹਾ ਸੰਗਰੂਰ (ਪੰਜਾਬ)।
17. ਸ੍ਰ: ਮੇਲਾ ਸਿੰਘ ਜੀ ਰਸੀਨ ਲੈਕਚਰਾਰ ਸੂਬਾ, ਜ਼ਿਲ੍ਹਾ ਲੁਧਿਆਣਾ (ਪੰਜਾਬ)।
18. ਸ੍ਰ: ਗੁਰਬਖਸ਼ ਸਿੰਘ ਜੀ ਚਕ ਕੁਕਿਆਂ ਵਾਲਾ, ਸੂਬਾ ਰਿਆਸਤ ਮਲੇਰਕੋਟਲਾ, ਜ਼ਿਲ੍ਹਾ ਸੰਗਰੂਰ (ਪੰਜਾਬ)।
19. ਸ੍ਰ: ਕਿਰਪਾਲ ਸਿੰਘ ਜੀ ਸੂਬਾ ਚੱਕ ਕੁਕਿਆਂਵਾਲਾ, ਰਿਆਸਤ ਮਲੇਰਕੋਟਲਾ; ਜ਼ਿਲ੍ਹਾ ਸੰਗਰੂਰ (ਪੰਜਾਬ)।

Sri Satguru Jagjit Singh Ji Elibrary NamdhariElibrary@gmail.com

20. ਬਾਬਾ ਇੰਦਰ ਸਿੰਘ ਜੀ ਮਸਤਾਨਾ, ਚਕ ਕੁਕਿਆਂਵਾਲਾ, ਰਿਆਸਤ ਮਲੇਰਕੋਟਲਾ, ਜ਼ਿਲ੍ਹਾ ਸੰਗਰੂਰ (ਪੰਜਾਬ)।
21. ਸੂ: ਮੇਹਰ ਸਿੰਘ ਜੀ ਸਿਆੜ ਜਥੇਦਾਰ, ਜ਼ਿਲ੍ਹਾ ਲੁਧਿਆਣਾ (ਪੰਜਾਬ)।
22. ਸੂ: ਲਾਲ ਸਿੰਘ ਜੀ ਢਿਲਵਾਂ ਮੌੜ, ਜ਼ਿਲ੍ਹਾ ਸੰਗਰੂਰ (ਪੰਜਾਬ)।
23. ਸੂ: ਵਰਿਆਮ ਸਿੰਘ ਜੀ ਗਹਿਲਾਂ ਸੂਬਾ, ਜ਼ਿਲ੍ਹਾ ਸੰਗਰੂਰ (ਪੰਜਾਬ)।
24. ਬਾਬਾ ਅਮਰ ਸਿੰਘ ਜੀ ਮੁਕਤਾ, ਜ਼ਿਲ੍ਹਾ ਸ਼ੇਖੂਪੁਰਾ (ਪਾਕਿਸਤਾਨ) ਆਜ ਪ੍ਰਵਾਰ ਸੰਤ ਨਗਰ।
25. ਸੂ: ਸਰਦੂਲ ਸਿੰਘ ਜੀ ਲਧੇ, ਤਰੇਗ ਕਲਾਂ, ਜ਼ਿਲ੍ਹਾ ਗੁਜਰਾਂਵਾਲਾ (ਪਾਕਿ:) ਆਜ ਪ੍ਰਵਾਰ ਸੰਤ ਨਗਰ।
26. ਬਾਬਾ ਮਈਆ ਸਿੰਘ ਜੀ ਵਰਨ, ਜ਼ਿਲ੍ਹਾ ਸ਼ੇਖੂਪੁਰਾ (ਪਾਕਿ:) ਆਜ ਪ੍ਰਵਾਰ ਸੰਤ ਨਗਰ।
27. ਸੂ: ਸੁੰਦਰ ਸਿੰਘ ਜੀ ਵਰਨ, ਜ਼ਿਲ੍ਹਾ ਸ਼ੇਖੂਪੁਰਾ (ਪਾਕਿ:) ਆਜ ਪ੍ਰਵਾਰ ਸੰਤ ਨਗਰ।
28. ਸੂ: ਪ੍ਰੀਤਮ ਸਿੰਘ ਜੀ ਸੇਠ ਵਰਨ ਜ਼ਿਲ੍ਹਾ ਸ਼ੇਖੂਪੁਰਾ (ਪਾਕਿ:) ਆਜ ਪ੍ਰਵਾਰ ਸੰਤ ਨਗਰ।
29. ਸੂ: ਸੰਤਾ ਸਿੰਘ ਜੀ ਬਹੂਗੁਣਾ, ਜ਼ਿਲ੍ਹਾ ਸ਼ੇਖੂਪੁਰਾ (ਪਾਕਿ:) ਆਜ ਪ੍ਰਵਾਰ ਸੰਤ ਨਗਰ।
30. ਸੂ: ਧਰਮ ਸਿੰਘ ਜੀ ਮੁਕਤਾ ਸੂਬਾ ਜ਼ਿਲ੍ਹਾ ਸ਼ੇਖੂਪੁਰਾ (ਪਾਕਿ:) ਆਜ ਪ੍ਰਵਾਰ ਸੰਤ ਨਗਰ।
31. ਬਾਬਾ ਭਾਨ ਸਿੰਘ ਜੀ ਗੋਜਰਾ ਜ਼ਿਲ੍ਹਾ ਸ਼ੇਖੂਪੁਰਾ (ਪਾਕਿ:) ਆਜ ਪ੍ਰਵਾਰ ਸੰਤ ਨਗਰ।
32. ਸੂ: ਸ਼ਿੰਗਾਰਾ ਸਿੰਘ ਜੀ ਮੱਕੀਵਾਲਾ, ਜ਼ਿਲ੍ਹਾ ਲਾਇਲਪੁਰ (ਪਾਕਿ:) ਆਜ ਪ੍ਰਵਾਰ ਸੰਤ ਨਗਰ।
33. ਬਾਬਾ ਝੰਡਾ ਸਿੰਘ ਜੀ, ਆਜ ਪ੍ਰਵਾਰ ਸੰਤ ਨਗਰ, ਕਰਮ ਸਿੰਘ ਸਾਬਕਾ ਸਰਪੰਚ, ਹਰਬੰਸ ਸਿੰਘ ਜੀ।
34. ਬਾਬਾ ਜਵਾਲਾ ਸਿੰਘ ਜੀ ਜਿਹਨਾਂ ਦੇ ਸਪੁੱਤਰ ਲਛਮਣ ਸਿੰਘ ਤੇ ਕਰਤਾਰ ਸਿੰਘ ਜੀ, ਸੁਲਤਾਨ ਸਿੰਘ ਜੀ ਪਿੰਡ ਦੀਓਗਿਲ, ਜ਼ਿਲ੍ਹਾ ਲਾਹੌਰ (ਪਾਕਿਸਤਾਨ) ਆਜ ਪ੍ਰੀਵਾਰ ਸੰਤ ਨਗਰ, ਜ਼ਿਲ੍ਹਾ ਸਿਰਸਾ (ਹਰਿਆਣਾ) ਆਦਿ।
35. ਸੂ: ਵੀਰ ਸਿੰਘ ਜੀ, ਪਿੰਡ ਕੋਲਾ, ਜ਼ਿਲ੍ਹਾ ਸ਼ੇਖੂਪੁਰਾ, ਆਜ ਪ੍ਰਵਾਰ ਸੰਤ ਨਗਰ।
36. ਬਾਬਾ ਨੱਥਾ ਸਿੰਘ ਜੀ, ਗੋਜਰੇਵਾਲੇ ! ਦੋਤਰਾ ਪ੍ਰਵਾਰ ਆਜ ਸੰਤ ਨਗਰ, ਗੁਰਚਰਨ ਸਿੰਘ।
37. ਸੂ: ਹਰਬੰਸ ਸਿੰਘ, ਸੂ: ਛੇਜਾ ਸਿੰਘ ਜੀ, ਸੋਦੇ ਕੋਟੀਆਂ, ਭਤੀਜੀ, ਬੀਬੀ ਨਿਹਾਲ ਕੌਰ, ਆਜ ਸੰਤ ਨਗਰ।
38. ਬਾਬਾ ਭਾਨ ਸਿੰਘ ਜੀ ਲਾਂਗਰੀ, ਆਜ ਪ੍ਰਵਾਰ ਸੰਤ ਨਗਰ, ਗੁਰਦਿਆਲ ਸਿੰਘ ਤੇ ਗੁਰਬਖ਼ਸ਼ ਸਿੰਘ।
39. ਸੂ: ਤਰਲੋਕ ਸਿੰਘ ਜੀ, ਲੋਕ ਸੇਵਕ, ਆਜ ਪ੍ਰਵਾਰ, ਏਲਨਾਬਾਦ ਸੂ: ਗੁਰਦਿਆਲ ਸਿੰਘ ਆਦਿ।
40. ਬਾਬਾ ਸਾਵਨ ਸਿੰਘ ਸੋਦੇ ਕੁਟੀਆਂ, ਆਜ ਪ੍ਰਵਾਰ ਸੰਤ ਨਗਰ ਸਦਾ ਸਿੰਘ ਜੀ ਮਿਸਤਰੀ।

Sri Satguru Jagjit Singh Ji Elibrary NamdhariElibrary@gmail.com

41. ਬਾਬਾ ਊਦਮ ਸਿੰਘ ਜੀ ਵਰਨ, ਆਜ ਪ੍ਰਵਾਰ ਸੰਤ ਨਗਰ, ਕਿਰਪਾਲ ਸਿੰਘ ਜੀ, ਬਲਕਾਰ ਸਿੰਘ ਜੀ ।

42. ਸ੍ਰ: ਜੰਗੀਰ ਸਿੰਘ ਜੀ ਘੋੜਿਆਂਬਾਲਾ, ਆਜ ਪ੍ਰਵਾਰ ਸੰਤ ਨਗਰ, ਭਜਨ ਸਿੰਘ ਜੀ ਭਲਵਾਨ ।

ਉਪਰਲੀ ਲਿਸਟ ਕੂਕਾ ਲਹਿਰ ਦੇ ਸਰਗਰਮ ਮੈਂਬਰ ਸਨ । ਜਿਹੜੇ ਪੱਛਮੀ ਪਾਕਿਸਤਾਨ ਤੋਂ ਉਠਕੇ ਹਰ ਸੰਕਟ ਨੂੰ ਪਾਰ ਕਰਦੇ ਹੋਏ ਸ੍ਰੀ ਜੀਵਨ ਨਗਰ ਦੇ ਇਲਾਕੇ ਵਿਚ ਉਹਨਾਂ ਦੇ ਪ੍ਰੀਵਾਰ ਆ ਵੱਸੇ । ਇਹਨਾਂ ਰਾਹੀਂ ਮੈਂ ਛੋਟੀ-ਮੋਟੀ ਜਾਣਕਾਰੀ ਨੋਟ ਕਰਦਾ ਹੋਇਆ ਅੱਗੇ ਵਧਿਆ ਹਾਂ ।

ਮਾਲਵੇ ਦੇ ਇਲਾਕੇ ਵਿਚੋਂ ਕੁਰਬਾਨੀਆ ਕਰਨ ਵਾਲੇ ਕੂਕਾ ਲਹਿਰ ਦੇ ਮੈਂਬਰ ਨੋਟ ਕੀਤੇ ਹਨ । ਜਿਹੜੇ ਮੇਰੀ ਜਾਣਕਾਰੀ ਵਿਚ ਆਏ ਹਨ । ਪਾਠਕਾਂ ਨੂੰ ਵੀ ਦੇਸ਼ ਨਾਲ ਪਿਆਰ ਕਰਨ ਵਾਲਿਆਂ ਦੀ ਜਾਣਕਾਰੀ ਕਰਵਾਉਂਦਾ ਹਾਂ । ਅਤੇ ਸਤਿਕਾਰ ਯੋਗ ਉਹਨਾਂ ਬਜ਼ੁਰਗਾਂ ਨੂੰ ਪ੍ਰਣਾਮ ਕਰਦਾ ਹਾਂ । ਬਾਕੀ ਜਿਹੜੇ ਰਹਿ ਗਏ ਉਹ ਜ਼ਰੂਰ ਮਾਫ਼ ਕਰ ਦੇਣਗੇ ।

ਬਾਬਾ ਮਸਤਾਨ ਸਿੰਘ ਜੀ ਸੂਬਾ ਪਿੰਡ ਰਾਏਸਰ ਪਿਤਾ ਉਤਮ ਸਿੰਘ ਜੀ ਮਾਤਾ ਦਇਆ ਕੌਰ ਦੀ ਕੁੱਖੋਂ 1872 ਈ: ਨੂੰ ਜਨਮ ਹੋਇਆ । ਇਹਨਾਂ ਨੇ ਬਚਪਨ ਤੋਂ ਹੀ ਆਪਣਾ ਜੀਵਨ, ਬਚਪਨ ਤੋਂ ਹੀ ਕੂਕਾ ਲਹਿਰ ਨੂੰ ਅਰਪਣ ਕਰ ਦਿੱਤਾ ਸੀ । ਬਾਬਾ ਕਾਬਲ ਸਿੰਘ ਜੀ ਦੇ ਸੰਪਰਕ ਨਾਲ ਇਹਨਾਂ ਦੇ ਵੀ ਵਿਚਾਰ ਇਨਕਲਾਬੀ ਬਣ ਗਏ ਸਨ । ਇਹਨਾਂ ਦਾ ਹੱਲੇ ਦਾ ਦੀਵਾਨ ਆਮ ਲੋਕਾਂ ਨੂੰ ਅਤੇ ਮੁਸਲਮਾਨਾਂ ਨੂੰ ਵੀ ਦੀਵਾਨੇ ਕਰ ਦੇਂਦਾ ਸੀ ।

ਪਿੰਡ ਰਾਏਸਰ ਵਿਚ ਦੋ ਵੱਡੀਆਂ ਕਾਨਫਰੰਸਾਂ ਹੋਈਆਂ ਸਨ । ਬਾਬਾ ਮਸਤਾਨ ਸਿੰਘ ਜੀ ਨੇ ਆਪਣੇ ਸਾਥੀਆਂ ਸਮੇਤ ਕੂਕਾ ਲਹਿਰ ਦੇ ਝੰਡੇ ਹੇਠ ਪਹਿਲੀ ਕਾਨਫਰੰਸ 1942 ਈ: ਨੂੰ ਤੇ ਦੂਸਰੀ 1945 ਈ: ਨੂੰ ਬੜੀ ਧੂਮ-ਧਾਮ ਨਾਲ ਕਰਵਾਈਆਂ ਗਈਆਂ ਸਨ । ਇਹ ਇਤਿਹਾਸਕ ਕਾਨਫਰੰਸਾਂ ਸਨ । ਇਹਨਾਂ ਕਾਨਫਰੰਸਾਂ ਵਿਚ ਪੰਜਾਬੀ ਕੌਮ ਦੀ ਆਜ਼ਾਦੀ ਦੀ ਰਾਜਨੀਤੀ ਘੜੀ ਗਈ । ਲਗਾਤਾਰ ਇਹ ਤਿੰਨ-ਤਿੰਨ ਦਿਨ ਚੱਲਦੀਆਂ ਰਹੀਆਂ ਸਨ । ਇਹਨਾਂ ਵਿਚ ਹੀ ਪੰਜਾਬੀ ਕੌਮ ਦੀ ਬਿਹਤਰੀ ਵਾਸਤੇ ਪ੍ਰਸਤਾਵ ਹਾਈ ਕਮਾਨ ਕਾਂਗਰਸ ਨੂੰ ਘੱਲੇ ਗਏ ਸਨ । ਪੰਜਾਬੀ ਕੌਮ ਦੀਆਂ ਮੰਗਾਂ ਵਿਸਥਾਰ ਨਾਲ ਇਥੇ ਕੂਕਾ ਲਹਿਰ ਨੇ ਨੋਟ ਕਰਵਾਈਆਂ ਸਨ ।

1. ਬਾਬਾ ਮਸਤਾਨ ਸਿੰਘ ਜੀ ਸੂਬਾ ਪਿੰਡ ਰਾਏਸਰ ਜ਼ਿਲ੍ਹਾ ਸੰਗਰੂਰ (ਪੰਜਾਬ) ਵਰਕਿੰਗ ਕਮੇਟੀ ਦੇ ਹੇਠ ਲਿਖੇ ਸਰਗਰਮ ਮੈਂਬਰ ਸਨ :—

2. ਸ: ਇੰਦਰ ਸਿੰਘ ਜੀ ਚੱਕਰਵਰਤੀ ਲੇਖਕ ਪਟਿਆਲਾ (ਪੰਜਾਬ) ।

3. ਸ: ਹਰਨਾਮ ਸਿੰਘ ਜੀ ਜਥੇਦਾਰ ਚਵਿੰਡੇ ਵਾਲੇ ।

4. ਸ੍ਰ: ਨਿਧਾਨ ਸਿੰਘ ਜੀ ਲੈਕਚਰਾਰ ।

5. ਸ੍ਰ: ਮੰਗਲ ਸਿੰਘ ਜੀ ਅਰਸ਼ੀ ਵਰਿਖਤਾ ਬੁਲਾਰਾ ।

6. ਸ੍ਰ: ਫਤਹਿ ਸਿੰਘ ਜੀ ਮਾਂਗਾਂ ਲੈਕਚਰਾਰ ਜਥੇਦਾਰ ਬੁਲਾਰਾ ।

7. ਸੰਤ ਅਤਰ ਸਿੰਘ ਜੀ ਸਿਆਲਕੋਟ ਜਥੇਦਾਰ ।

8. ਸ੍ਰ: ਬਹਾਦਰ ਸਿੰਘ ਜੀ ਬਟਾਲਾ, ਜ਼ਿਲ੍ਹਾ ਅੰਮ੍ਰਿਤਸਰ (ਪੰਜਾਬ) ।

Sri Satguru Jagjit Singh Ji Elibrary NamdhariElibrary@gmail.com

9. ਸ੍ਰ: ਸਰਮੁਖ ਸਿੰਘ ਜੀ ਪਿਥੋਂਵਾਨਾ, ਜ਼ਿਲ੍ਹਾ ਬਠਿੰਡਾ (ਪੰਜਾਬ)।
10. ਸ੍ਰ: ਹਰੀ ਸਿੰਘ ਜੀ ਗੁੰਮਟੀ ਲੋਡਘਰੀਆ, ਜ਼ਿਲ੍ਹਾ ਸੰਗਰੂਰ (ਪੰਜਾਬ)।
11. ਸ੍ਰ: ਭਾਨ ਸਿੰਘ ਜੀ ਪਿੰਡ ਗਹਿਲਾਂ, ਜ਼ਿਲਾ ਸੰਗਰੂਰ (ਪੰਜਾਬ)।
12. ਬਾਬਾ ਖਜਾਨ ਸਿੰਘ ਜੀ ਪਿੰਡ ਘੋਟੇ (ਹਰੀਪੁਰਾ), ਜ਼ਿਲ੍ਹਾ ਫਰੀਦਕੋਟ।
13. ਸੰਤ ਰੱਲਾ ਰਾਮ ਜੀ ਪਿੰਡ ਮਾਈਸਰਖਾਨਾ ਜ਼ਿਲ੍ਹਾ ਬਠਿੰਡਾ (ਪੰਜਾਬ)।
14. ਸ੍ਰ: ਇੰਦਰ ਸਿੰਘ ਜੀ ਸੂਬਾ ਪਿੰਡ ਰੋੜੇ, ਜ਼ਿਲ੍ਹਾ ਫਰੀਦਕੋਟ (ਪੰਜਾਬ)।
15. ਸ੍ਰ: ਇੰਦਰ ਸਿੰਘ ਜੀ ਪਿੰਡ ਗੁਰੂ ਕਾ ਕੋਠਾ, ਜ਼ਿਲ੍ਹਾ ਫਰੀਦਕੋਟ (ਪੰਜਾਬ)।
16. ਬਾਬਾ ਕਾਬਲ ਸਿੰਘ ਜੀ ਰਾਏਸਰ ਬਰਨਾਲਾ, ਜ਼ਿਲ੍ਹਾ ਸੰਗਰੂਰ (ਪੰਜਾਬ)।

ਇਸ ਤੋਂ ਇਲਾਵਾ ਹੋਰ ਸੈਂਕੜੇ ਲੋਕ ਆਜ਼ਾਦੀ ਸੰਗਰਾਮੀਏ (ਕੁਲਵਕਤੀ ਸਨ)। ਅਜ਼ਾਦੀ ਸੰਗਰਾਮੀਆ ਨੇ ਆਪਣੇ ਨਿੱਜੀ ਕੰਮਾਂ ਨੂੰ ਛੱਡਕੇ ਕੂਕਾ ਲਹਿਰ ਦੇ ਕੁਲਵਕਤੀ ਬਣ ਗਏ ਸਨ ਅਤੇ ਅਜੇਹਾ ਬਤੇਰਾ ਬਿਲਕੁਲ ਨਹੀਂ ਸੀ ਹੁੰਦਾ।

ਮੈਂ ਆਪਣੇ ਪਿੰਡ ਰਾਏਸਰ ਦੇ ਅਜ਼ਾਦੀ ਸੰਗਰਾਮੀਆਂ ਬਾਰੇ ਵੀ ਲਿਖਦਾ ਹਾਂ। ਜਿਹਨਾਂ ਨੇ ਮੇਰੇ ਬਾਬਾ ਸ੍ਰ: ਭਗਤ ਸਿੰਘ ਜੀ ਧਾਰੂ ਨੇ ਮੇਰੇ ਬਚਪਨ ਵਿਚ ਹੀ ਜੀਵਨ ਬਦਲ ਦਿੱਤਾ ਸੀ। ਦੇਸ਼ ਪਿਆਰ ਅਤੇ ਨਿਸ਼ਕਾਮ ਸੇਵਾ ਦੀ ਭਾਵਨਾ ਸੁਰਜੀਤ ਕਰਕੇ ਮੈਨੂੰ ਗੁਰੂਆਂ ਦੇ ਚਲਾਏ ਹੋਏ ਮਾਰਗ ਵੱਲ ਇਸ਼ਾਰਾ ਕਰਦਿਆਂ ਤੋਰ ਦਿੱਤਾ ਸੀ। ਮੈਂ ਉਹਨਾ ਯਾਦਾਂ ਨੂੰ ਨਵੀਆਂ ਯਾਦਾਂ ਬਣਾਉਣ ਵਿਚ ਜੁਟਿਆ ਹੋਇਆ ਕਲਮ ਦਾ ਸਹਾਰਾ ਲੈ ਕੇ ਤੁਰਨਾ ਸਿੱਖ ਰਿਹਾ ਹਾਂ।

1. ਬਾਬਾ ਕਾਬਲ ਸਿੰਘ ਜੀ ਰਾਏਸਰ, ਜ਼ਿਲ੍ਹਾ ਸੰਗਰੂਰ (ਪੰਜਾਬ)।
2. ਬਾਬਾ ਮਸਤਾਨ ਸਿੰਘ ਜੀ ਸੂਬਾ ਰਾਏਸਰ, ਜ਼ਿਲ੍ਹਾ ਸੰਗਰੂਰ (ਪੰਜਾਬ)।
3. ਬਾਬਾ ਭਗਤ ਸਿੰਘ ਜੀ ਧਾਰੂ ਰਾਏਸਰ, ਜ਼ਿਲ੍ਹਾ ਸੰਗਰੂਰ (ਪੰਜਾਬ)।
4. ਸ੍ਰ: ਭਾਗ ਸਿੰਘ ਜੀ ਰਾਏਸਰ, ਜ਼ਿਲ੍ਹਾ ਸੰਗਰੂਰ (ਪੰਜਾਬ)।
5. ਸ੍ਰ: ਰੂੜ ਸਿੰਘ ਜੀ ਰਾਏਸਰ, ਜ਼ਿਲ੍ਹਾ ਸੰਗਰੂਰ (ਪੰਜਾਬ)।
6. ਬਾਬਾ ਬੱਗਾ ਸਿੰਘ ਜੀ ਰਾਏਸਰ, ਜ਼ਿਲ੍ਹਾ ਸੰਗਰੂਰ (ਪੰਜਾਬ)।
7. ਬਾਬਾ ਨਰਾਇਣ ਸਿੰਘ ਜੀ ਰਾਏਸਰ, ਜ਼ਿਲ੍ਹਾ (ਸੰਗਰੂਰ)।
8. ਬਾਬਾ ਹਰਨਾਮ ਸਿੰਘ ਜੀ ਰਾਏਸਰ, ਜ਼ਿਲ੍ਹਾ ਸੰਗਰੂਰ (ਪੰਜਾਬ)।
9. ਸ੍ਰ: ਜੀਊਣ ਸਿੰਘ ਜੀ ਪਿੰਡ ਰਾਏਸਰ ਜ਼ਿਲ੍ਹਾ ਸੰਗਰੂਰ (ਪੰਜਾਬ)।
10. ਬਾਬਾ ਖਜਾਨ ਸਿੰਘ ਜੀ ਪਿੰਡ ਰਾਏਸਰ, ਜ਼ਿਲ੍ਹਾ ਸੰਗਰੂਰ (ਪੰਜਾਬ)।
11. ਸਰਬਨ ਸਿੰਘ ਜੀ ਮੱਲੀ ਪਿੰਡ ਰਾਏਸਰ, ਜ਼ਿਲ੍ਹਾ ਸੰਗਰੂਰ (ਪੰਜਾਬ)।
11. ਸ੍ਰ: ਪੂਰਨ ਸਿੰਘ ਜੀ ਜਥੇਦਾਰ ਪਿੰਡ ਰਾਏਸਰ, ਜ਼ਿਲ੍ਹਾ ਸੰਗਰੂਰ (ਪੰਜਾਬ)।
13. ਸ੍ਰ: ਈਸਰ ਸਿੰਘ ਜੀ ਪਿੰਡ ਰਾਏਸਰ, ਜ਼ਿਲ੍ਹਾ ਸੰਗਰੂਰ (ਪੰਜਾਬ)।
14. ਸ੍ਰ: ਗੇੜਾ ਸਿੰਘ ਜੀ ਪਿੰਡ ਰਾਏਸਰ, ਜ਼ਿਲ੍ਹਾ ਸੰਗਰੂਰ (ਪੰਜਾਬ)।
(ਆਜ ਪ੍ਰੀਵਾਰ ਦਮਦਮਾ, ਜ਼ਿਲ੍ਹਾ ਸਿਰਸਾ ਹਰਿਆਣਾ)।
15. ਸ੍ਰ: ਘਮੰਡਾ ਸਿੰਘ ਜੀ, ਪਿੰਡ ਰਾਏਸਰ, ਜ਼ਿਲ੍ਹਾ ਸੰਗਰੂਰ (ਪੰਜਾਬ)।
(ਆਜ ਪ੍ਰੀਵਾਰ ਸੰਤ ਨਗਰ, ਜ਼ਿਲ੍ਹਾ ਸਿਰਸਾ ਹਰਿਆਣਾ)।

Sri Satguru Jagjit Singh Ji Elibrary NamdhariElibrary@gmail.com

16. ਵਰਿਆਮ ਸਿੰਘ ਜੀ ਪਿੰਡ ਰਾਏਸਰ, ਜ਼ਿਲ੍ਹਾ ਸੰਗਰੂਰ (ਪੰਜਾਬ)।
17. ਸ੍ਰ: ਸ਼ੇਰ ਸਿੰਘ ਜੀ ਪਿੰਡ ਰਾਏਸਰ, ਜ਼ਿਲ੍ਹਾ ਸੰਗਰੂਰ (ਪੰਜਾਬ)।
(ਅਜ ਪ੍ਰੀਵਾਰ ਮਥਾਣੀ, ਜ਼ਿਲ੍ਹਾ (ਰਾਜਸਥਾਨ)।
18. ਸ੍ਰ: ਮੱਲ ਸਿੰਘ ਜੀ ਚੰਨਣ ਸਿੰਘ, ਪਿੰਡ ਰਾਏਸਰ, ਜ਼ਿਲ੍ਹਾ ਸੰਗਰੂਰ (ਪੰਜਾਬ)।
19. ਸ੍ਰ: ਰੱਲਾ ਸਿੰਘ ਦੇ ਸਪੁੱਤਰ ਮਘਰ ਸਿੰਘ ਜੀ ਗੱਜਣ ਸਿੰਘ ਜੀ, ਰਾਏਸਰ ਸੰਗਰੂਰ (ਪੰਜਾਬ)।
20. ਸ੍ਰ: ਸਰਵਨ ਸਿੰਘ ਜੀ ਊਧਮ ਸਿੰਘ ਜੀ, ਰਾਏਸਰ, ਜ਼ਿਲ੍ਹਾ ਸੰਗਰੂਰ (ਪੰਜਾਬ)।
21. ਬਾਬਾ ਭੂਪ ਸਿੰਘ ਜੀ ਦਇਆ ਸਿੰਘ ਜੀ, ਰਾਏਸਰ, ਜ਼ਿਲ੍ਹਾ ਸੰਗਰੂਰ (ਪੰਜਾਬ)।
22. ਬਾਬਾ ਨਿਧਾਨ ਸਿੰਘ ਜੀ ਰਾਏਸਰ, ਜ਼ਿਲ੍ਹਾ ਸੰਗਰੂਰ (ਪੰਜਾਬ)।
23. ਬਾਬਾ ਕਰਮ ਸਿੰਘ ਜੀ ਕੇਹਰ ਸਿੰਘ ਜੀ, ਰਾਏਸਰ, ਜ਼ਿਲ੍ਹਾ ਸੰਗਰੂਰ (ਪੰਜਾਬ)।
24. ਬਾਬਾ ਨਰੈਣ ਸਿੰਘ, ਭੂਮਣ ਸਿੰਘ ਜੀ ਰਾਏਸਰ, ਜ਼ਿਲ੍ਹਾ ਸੰਗਰੂਰ (ਪੰਜਾਬ)।
25. ਬਾਬਾ ਉਤਮ ਸਿੰਘ ਜੀ ਰਾਏਸਰ ਨੇ ਮੁੱਢਲੀ ਕੂਕਾ ਲਹਿਰ ਦੀ ਮੁੱਢਲੀ ਮੈਂਬਰਸ਼ਿਪ ਲਈ।

ਇਹਨਾਂ ਤੋਂ ਬਾਦ ਕੂਕਾ ਲਹਿਰ ਦੀ ਵਾਗਡੋਰ ਇਸ ਇਲਾਕੇ ਦੀ ਬਾਬਾ ਮਸਤਾਨ ਸਿੰਘ ਜੀ ਦੇ ਹੱਥ ਫੜਾਈ ਗਈ। (ਆਪ ਬਜ਼ੁਰਗ ਹੋਣ ਕਰਕੇ ਚੱਲ ਵਸੇ ਸਨ) ਬਹੁਤ ਸਾਰੇ ਮਾਲਵੇ ਵਿਚ ਕੂਕਾ ਲਹਿਰ ਦੇ ਮੈਂਬਰ ਸਨ। ਰਾਏਸਰ ਪਿੰਡ ਨੂੰ ਅਤੇ ਪਿਥੋ ਪਿੰਡ ਨੂੰ ਕੂਕਾ ਲਹਿਰ ਦਾ ਕੇਂਦਰ ਸਮਝਿਆ ਜਾਂਦਾ ਸੀ। ਅਜ਼ਾਦੀ ਸੰਗਰਾਮ ਦੀ ਕੈਦ ਕੱਟਣ ਵਾਲੇ ਸ੍ਰ: ਸਰਵਣ ਸਿੰਘ ਜੀ ਮੱਲੀ, ਸ੍ਰ: ਗੰਡਾ ਸਿੰਘ ਜੀ ਗਿੱਲ ਨੇ ਸਖ਼ਤ ਕੈਦਾਂ 1935 ਵਿਚ ਕੱਟੀਆਂ ਸਨ। ਜਿਹਨਾਂ ਦੀ ਅਜੇ ਤੱਕ ਕੋਈ ਪੁੱਛ-ਗਿੱਛ ਨਹੀਂ ਹੋਈ। ਏਥੋਂ ਦੇ ਉਪਰਿਆਂ ਕੂਕਿਆਂ ਨੇ ਨਿਸ਼ਕਾਮ ਸੇਵਾ ਕਰਨ ਵਾਸਤੇ ਗੁਰੂਆਂ ਦਾ ਅੰਮ੍ਰਿਤ ਛਕਿਆ ਸੀ। ਆਪਣੀ ਜ਼ਿੰਦਗੀ ਵਾਸਤੇ ਨਿੱਜੀ ਮਾਲਕੀ ਦਾ ਤਿਆਗ ਕਰ ਦਿੱਤਾ ਸੀ। ਜ਼ਿੰਦਗੀ ਦਾ ਲੰਘ ਚੁੱਕਿਆ ਬੇਅਰਥ ਸਮਾਂ ਆਪ ਵਿਚ ਘਾਟ ਮਹਿਸੂਸ ਕਰਦੇ ਸਨ। ਭਗਤੀ ਤੇ ਸ਼ਕਤੀ ਰੰਗ 24 ਘੰਟੇ ਚੜ੍ਹਿਆ ਰਹਿੰਦਾ ਸੀ।

ਕੂਕਾ ਲਹਿਰ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਸਾਹਿਬ ਦੀ ਅਤੇ ਗੁਰੂ ਗੋਬਿੰਦ ਸਿੰਘ ਜੀ ਸਾਹਿਬ ਦੀ ਚਲਾਈ ਹੋਈ ਸਾਂਝੀਵਾਲਤਾ ਵਿਚ ਅਤੇ ਮਨੁੱਖੀ ਬਰਾਬਰਤਾ ਦੀ ਲਹਿਰ ਨੂੰ ਅੱਗੇ ਤੋਰਨ ਵਿਚ ਆਪਣੇ ਵਿਤ ਸਮਾਨ ਬਹੁਤ ਯੋਗਦਾਨ ਪਾਇਆ ਹੈ। ਗੁਰੂਆਂ ਦੀ ਚਲਾਈ ਹੋਈ ਲਹਿਰ ਨੂੰ ਆਖ਼ਰੀ ਪੜਾਅ ਤੇ ਲੋਕ ਲਹਿਰਾਂ ਨੇ ਹੀ ਪਹੁੰਚਣਾ ਹੈ। ਆਓ ਆਪਾਂ ਅੱਗੇ ਬਾਬਾ ਲੰਗ ਸਿੰਘ ਜੀ ਸਾਹਿਬ ਬਾਰੇ ਜਾਣਕਾਰੀ ਕਰਦੇ ਹਾਂ।

Sri Satguru Jagjit Singh Ji Elibrary NamdhariElibrary@gmail.com

## ਕਾਂਡ—21

ਬ੍ਰਾਹਮਣ ਬਰਾਦਰੀ ਹੇਠਲੀਆਂ ਗਰੀਬ ਬਰਾਦਰੀਆਂ ਤੇ ਬਹੁਤ ਕਰੋਪ ਰਹੀ ਹੈ। ਪਹਿਲਾਂ ਮਨੁੱਖਾਂ ਨੂੰ ਬਰਾਦਰੀਆਂ ਵਿਚ ਵੰਡਿਆ ਗਿਆ। ਮਨੁੱਖ ਤੋਂ ਮਨੁੱਖ ਪ੍ਰਤੀ ਭਰਮ ਭੁਲੇਖੇ ਪਾਏ ਗਏ। ਮਨੁੱਖ ਨੂੰ ਵਰਗਾਂ ਵਿਚ ਸ਼ਾਮਲ ਕਰਕੇ ਛੂਤ-ਛਾਤ ਦਾ ਭੂਤ ਬਣਾ ਕੇ ਆਪੋ ਵਿਚ ਇਕ ਦੂਸਰੇ ਨੂੰ ਡਰਾਉਂਦੇ ਰਹੇ।

ਜਦੋਂ ਵੀ ਦੇਸ਼ ਸੰਕਟ ਵਿਚ ਆਇਆ। ਸੰਕਟ ਨੂੰ ਹੌਲਾ ਕਰਨ ਦੀ ਬਜਾਏ ਆਪ ਬ੍ਰਾਹਮਣ-ਵਾਦ ਦਾ ਸੰਕਟ ਖੜਾ ਕਰਕੇ ਸੰਕਟਾਂ ਨੂੰ ਹੋਰ ਗਹਿਰਾ ਕਰਨ ਵਿਚ, ਜ਼ੋਰਦਾਰ ਆਪਣੀਆਂ ਨਰਕ ਸੁਰਗ ਦੀਆਂ ਨੀਤੀਆਂ ਦਾ ਪ੍ਰਚਾਰ ਕਰਦੇ ਰਹੇ। ਆਮ ਲੋਕਾਂ ਨੂੰ ਭਰਮ ਭੁਲੇਖਿਆਂ ਵਿਚ ਮਨੁੱਖ ਜਾਤੀ ਤੇ ਭਾਰ ਬਣਕੇ ਮਨੁੱਖ ਨੂੰ ਹੋਰ ਜ਼ਲੀਲ ਬਣਾ ਕੇ ਜ਼ਾਲਮਾਂ ਦਾ ਸਾਥ ਦਿੱਤਾ। ਬਰਾਦਰੀਆਂ ਤੇ ਚੌਧਰ ਕਰਨ ਵਾਸਤੇ ਜੋ ਵੀ ਝੂਠ ਬੋਲਣਾ ਪਿਆ ਜ਼ਾਲਮਾਂ ਦਾ ਰੋਲ ਕੀਤਾ। ਬ੍ਰਾਹਮਣਵਾਦ ਨੇ ਕਦੇ ਵੀ ਮਾਹ ਦੀ ਸਫੈਦੀ ਜਿੰਨਾ ਮਨੁੱਖ ਜੀਵਾਂ ਤੇ ਰਹਿਮ ਨਹੀਂ ਕੀਤਾ। ਮਨੁੱਖ ਨੂੰ ਮਨੁੱਖ ਤੋਂ ਛੂਤ ਬਣਾ ਕੇ ਮਨੁੱਖੀ ਮੇਲ ਜੋਲ ਤੋਂ ਅਤੇ ਮਨੁੱਖ ਪਿਆਰ ਤੋਂ ਅਲੱਗ-ਪਲੱਗ ਰਹਿਣ ਦਾ ਪ੍ਰਚਾਰ ਕੀਤਾ। ਮਨੁੱਖੀ ਧਰਮਾਂ ਤੋਂ ਮਨੁੱਖ ਨੂੰ ਬਹੁਤ ਦੂਰ ਲੈ ਗਏ।

ਬ੍ਰਾਹਮਣਵਾਦ ਨੇ ਮਨੁੱਖ ਨੂੰ ਬਹੁਤ ਸਦੀਆਂ ਤੋਂ, ਮਨੁੱਖੀ ਪਿਆਰ ਤੋਂ ਵਾਂਝਾ ਰੱਖਿਆ। ਰਲਕੇ ਬੈਠਣ ਵਾਸਤੇ ਮਨੁੱਖ ਨਾਲ ਮਨੁੱਖ ਤਰਸਦਾ ਰਿਹਾ। ਮਨੁੱਖੀ ਹਿੱਤ ਘਟਦੇ ਗਏ। ਨਿੱਜੀ ਮਾਲਕੀ ਵਧਦੀ ਗਈ।

ਬ੍ਰਾਹਮਣਵਾਦ ਨੇ ਵਿਦੇਸ਼ੀ ਲੁਟੇਰਿਆਂ ਨੂੰ ਮੌਕਾ ਦਿੱਤਾ। 1042 ਈ: ਤੋਂ ਲੈ ਕੇ 1947 ਈ: ਤੱਕ ਹਿੰਦੁਸਤਾਨ ਵਿਦੇਸ਼ੀਆਂ ਦੇ ਕਬਜ਼ੇ ਵਿਚ ਰਿਹਾ। ਲੁੱਟਾਂ-ਮਾਰਾਂ ਇਸ ਸਮੇਂ ਵਿਚ ਹੁੰਦੀਆਂ ਰਹੀਆਂ। ਹਿੰਦੁਸਤਾਨ ਵਿਚੋਂ ਵੀਰਤਾ ਖ਼ਤਮ ਕਰਕੇ ਮਨੁੱਖ ਨੂੰ ਬੇਜਾਨ (ਮੁਰਦਾ) ਬਣਾ ਦਿੱਤਾ ਗਿਆ। ਮਹਿਮੂਦ ਗਜ਼ਨਵੀ ਨੇ ਹਿੰਦੁਸਤਾਨ ਦੇ ਮੰਦਰਾਂ ਨੂੰ 17 (ਸਤਾਰਾਂ) ਵਾਰੀ ਲੁੱਟਿਆ। ਬ੍ਰਾਹਮਣ ਮੁਕਾਬਲਾ ਕਰਨ ਦੀ ਬਜਾਏ ਅੱਖਾਂ ਮੀਟ ਕੇ ਹੱਥ ਬੰਨ੍ਹ ਕੇ ਮੰਦਰਾਂ ਤੋਂ ਬਾਹਰ ਖਲੋ ਜਾਂਦੇ ਸਨ। ਭਰਮ ਭੁਲੇਖੇ ਪਾ ਪਾ ਕੇ ਪਾਪ ਦਾ ਮਾਲ ਇਕੱਠਾ ਕੀਤਾ ਹੋਇਆ ਵਿਦੇਸ਼ੀ ਲੁਟੇਰੇ ਲੁੱਟ ਕੇ ਲੈ ਜਾਂਦੇ ਸਨ। ਦੇਸ਼ ਵਾਸੀਆਂ ਤੇ ਨੌਜੁਆਨ ਕੁੜੀਆਂ ਨੂੰ ਵੀ ਲੁੱਟ ਕੇ ਲੈ ਜਾਂਦੇ।

ਬ੍ਰਾਹਮਣਵਾਦ ਨੇ ਮਹਾਤਮਾ ਬੁੱਧ ਦਾ ਮਨੁੱਖੀ ਸਿਧਾਂਤ ਹਿੰਦੁਸਤਾਨ ਵਿਚੋਂ ਖ਼ਤਮ ਕਰ ਦਿੱਤਾ ਸੀ। ਮਹਾਤਮਾ ਬੁੱਧ ਦਾ ਸਿਧਾਂਤ ਅਜੇ ਵੀ ਕਈ ਦੇਸ਼ਾਂ ਵਿਚ ਚੱਲਦਾ ਹੈ। ਜਿਵੇਂ ਕਿ ਰੂਸ, ਚੀਨ, ਬ੍ਰਹਮਾ, ਥਾਈਲੈਂਡ, ਨੇਪਾਲ ਆਦਿ ਦੇਸ਼ਾਂ ਵਿਚ ਅਜੇ ਵੀ ਖੂਬ ਚੱਲਦਾ ਹੈ। ਬ੍ਰਾਹਮਣਵਾਦ ਨੇ ਹਿੰਦੋਸਤਾਨ ਵਿਚੋਂ ਮਹਾਤਮਾ ਬੁਧ ਦੇ ਸਿਧਾਂਤ ਨੂੰ ਜੜ੍ਹਾਂ ਤੋਂ ਉਖੇੜ ਦਿੱਤਾ। ਮਨੁੱਖੀ ਹਿੱਤਾਂ ਦੀ ਚਿਖਾ ਬਣਾ ਕੇ ਅਗਨੀ ਲਾ ਦਿੱਤੀ ਸੀ।

ਏਥੇ ਹੀ ਬਸ ਨਹੀਂ ਗਿਆਰਵੀਂ ਸਦੀ ਤੋਂ ਲੈ ਕੇ ਵੀਹਵੀਂ ਸਦੀ ਤੱਕ ਵਿਦੇਸ਼ੀਆਂ ਦੇ



Sri Satguru Jagjit Singh Ji Elibrary NamdhariElibrary@gmail.com

ਗੁਲਾਮ ਬਣਾਉਣ ਦਾ ਕੋਝਾ ਰੋਲ ਬ੍ਰਾਹਮਣਵਾਦ ਦਾ ਹੈ। ਮਨੁੱਖ ਤੋਂ ਮਨੁੱਖ ਨੂੰ ਗੁਲਾਮ ਬਣਾਉਣ ਵਾਲਾ ਵੀ ਬ੍ਰਾਹਮਣਵਾਦ ਹੈ। ਛੂਤ ਛਾਤ ਦਾ ਜ਼ਹਿਰ ਖਿਲਾਰਨ ਵਾਲਾ ਵੀ ਬ੍ਰਾਹਮਣਵਾਦ ਹੈ। ਮਨੁੱਖੀ ਹਿੱਤਾਂ ਦੀਆਂ ਜੜ੍ਹਾਂ ਬ੍ਰਾਹਮਣਵਾਦ ਨੇ ਹੀ ਪੁੱਟੀਆਂ ਹਨ। ਆਓ ਆਪਾਂ ਆਜ਼ਾਦੀ ਸੰਗ-ਰਾਮੀਆਂ ਦੀ ਬਹਾਦਰੀ ਬਾਰੇ ਜਾਣਕਾਰੀ ਕਰਦੇ ਹਾਂ। ਅਜ਼ਾਦੀ ਸੰਗਰਾਮ ਦੇ ਸ਼ੁਰੂ ਕਰਦੇ ਸਮੇਂ ਬ੍ਰਾਹਮਣਵਾਦ ਦਾ ਕੀ ਰੋਲ ਰਿਹਾ। ਮੁੜ ਆਪਾਂ ਕੂਕਾ ਲਹਿਰ ਬਾਰੇ ਵਿਚਾਰ ਕਰਦੇ ਹਾਂ।

ਬ੍ਰਾਹਮਣਵਾਦ 1864 ਈ: ਤੋਂ ਸ਼ੁਰੂ ਹੋ ਕੇ 1942 ਈ: ਕੂਕਾ ਲਹਿਰ ਦੀ ਸੀ. ਆਈ. ਡੀ. ਅੰਗਰੇਜ਼ ਸਰਕਾਰ ਨੂੰ ਪੁਚਾਉਂਦੇ ਰਹੇ। ਇਹ ਬ੍ਰਾਹਮਣਵਾਦ ਦਾ ਰੋਲ ਅਜ਼ਾਦੀ ਸੰਗਰਾਮ ਦੇ ਬਹਾਦਰਾਂ ਪ੍ਰਤੀ ਦੋਖਾ ਦਾ ਰੋਲ ਹੈ।

ਬਾਬਾ ਰਾਮ ਸਿੰਘ ਜੀ ਸਾਹਿਬ ਨੇ ਆਪਣੇ ਸਾਥੀਆਂ ਸਮੇਤ ਅਜ਼ਾਦੀ ਸੰਗਰਾਮ ਦਾ ਬੀੜਾ ਚੁੱਕਿਆ ਹੋਇਆ ਸੀ। ਗੁਰੂਆਂ ਦੀ ਚਲਾਈ ਹੋਈ ਸਾਂਝੀਵਾਲਤਾ ਦੀ ਲਹਿਰ ਨੂੰ ਮੁੜ ਉਸਾਰਨਾ ਸੀ। ਆਪ ਇਹ ਜਾਣਕਾਰੀ ਪਹਿਲੇ ਕਾਂਡਾਂ ਵਿਚ ਕਰ ਚੁੱਕੇ ਹਾਂ। ਬਹੁਤ ਵਿਸਥਾਰ ਦੀ ਲੋੜ ਨਹੀਂ।

ਬਾਬਾ ਰਾਮ ਸਿੰਘ ਜੀ ਨੇ ਸਮਾਜਿਕ ਸੁਧਾਰ ਦੀ ਇਕ ਨਵੀਂ ਰੀਤ ਆਪਣੇ ਸਾਥੀਆਂ ਦੇ ਪ੍ਰਵਾਰਾਂ ਤੱਕ ਸੀਮਤ ਰੱਖਦਿਆਂ, ਪਿੰਡ ਖੋਟੇ ਦੇ ਹੋਲੇ ਮਹੱਲੇ ਤੇ 13 ਅਪਰੈਲ, 1864 ਈ: ਨੂੰ ਗੁਰ ਮਰਯਾਦਾ ਦੀ ਰੀਤ ਅਨੁਸਾਰ ਪੰਜ ਜੋੜਿਆਂ ਦੇ ਅਨੰਦ ਕਾਰਜ ਕੀਤੇ ਮੁੜ ਕੁੜੀਆਂ ਨੂੰ ਸਹੁਰੇ ਘਰ ਤੋਰ ਦਿੱਤਾ ਗਿਆ। ਬਾਬਾ ਜੀ ਨੇ ਆਪਣੇ ਸਾਥੀਆਂ ਦਾ ਬ੍ਰਾਹਮਣਵਾਦ ਤੋਂ ਖਹਿੜਾ ਛੁਡਾਉਣ ਬਾਰੇ ਇਕ ਨਵੀਂ ਰਸਮ ਜੋੜ ਮੇਲਿਆਂ ਤੇ ਚਲਾਈ। ਅਨੰਦ ਕਾਰਜ ਕਰਨ ਦਾ ਐਲਾਨ ਕਰ ਦਿੱਤਾ ਗਿਆ। ਸਿੱਖ ਧਰਮ ਵਿਚ ਪਹਿਲਾਂ ਕੋਈ-ਕੋਈ ਕਿਤੇ-ਕਿਤੇ ਅਨੰਦ ਕਾਰਜ ਹੁੰਦੇ ਸੀ। ਬਾਬਾ ਜੀ ਨੇ ਇਕ ਨਵੀਂ ਰਸਮ ਉਲੀਕੀ ਤੇ ਪੱਕੀ ਕੀਤੀ। ਜਿਸ ਜੋੜ ਮੇਲਿਆਂ ਤੇ ਵਿਆਹ ਕਰਨੇ ਹੁੰਦੇ ਉਹਨਾਂ ਨੂੰ ਬੇਦੀ ਦੇ ਦੁਆਲੇ ਕਈ-ਕਈ ਜੋੜਿਆਂ ਨੂੰ ਇਕੋ ਵਾਰੀ ਤੋਰਦੇ, ਇਕ-ਇਕ ਗੇੜੇ ਨਾਲ ਇਕ-ਇਕ ਲਾਂਵ ਦਰਬਾਰ ਸਾਹਿਬ ਤੋਂ ਪੜ੍ਹੀ ਜਾਂਦੀ ਸੀ। ਜਿੰਨੇ ਜੋੜੇ ਕੁੜੀਆਂ ਮੁੰਡਿਆਂ ਦੇ ਹੁੰਦੇ ਸਨ, ਉਹਨੇ ਹੀ ਗੁਰੂ ਗ੍ਰੰਥ ਜੀ ਤੋਂ ਪਾਠੀ ਲਾਵਾਂ ਪੜ੍ਹਦੇ ਸਨ। ਚਾਰ ਪ੍ਰਕਰਮਾ ਦੇ ਗੇੜੇ, ਚਾਰ ਹੀ ਲਾਵਾਂ ਪੜ੍ਹੀਆਂ ਜਾਂਦੀਆਂ ਸਨ। ਸਿਰਫ ਵਿਆਹ ਹੋਣ ਨੂੰ ਇਨਾਂ ਹੀ ਚਿਰ ਲੱਗਦਾ ਸੀ। ਕੁੜੀ ਦਾਜ ਤੋਂ ਬਗੈਰ ਸਹੁਰੇ ਘਰ ਤੋਰ ਦਿੱਤੀ ਜਾਂਦੀ ਸੀ।

ਬ੍ਰਾਹਮਣਵਾਦ ਸਿੱਖ ਅਸੂਲਾਂ ਦੀ ਦੁਸ਼ਮਣ ਬਣ ਗਈ ਸੀ। ਬ੍ਰਾਹਮਣਵਾਦ ਨੇ ਇਕੱਠੇ ਹੋ ਕੇ ਬਾਬਾ ਰਾਮ ਸਿੰਘ ਜੀ ਸਾਹਿਬ ਉਤੇ 7 ਮਈ 1864 ਈ: ਨੂੰ ਅੰਗਰੇਜ਼ ਅਦਾਲਤ ਵਿਚ ਜ਼ਿਲ੍ਹਾ ਫਿਰੋਜ਼ਪੁਰ ਵਿਚ ਦਾਅਵਾ ਕਰ ਦਿੱਤਾ ਗਿਆ। ਆਖਿਆ ਗਿਆ ਕਿ ਕੂਕਾ ਲਹਿਰ ਦੇ ਆਗੂ ਬਾਬਾ ਰਾਮ ਸਿੰਘ ਜੀ ਨੇ ਸਾਡਾ ਸਦੀਆਂ ਤੋਂ ਚਲਿਆ ਆਉਂਦਾ ਕਾਰੋਬਾਰ ਉਤੇ ਕਬਜ਼ਾ ਕਰ ਲਿਆ ਗਿਆ ਹੈ। ਇਹਨਾਂ ਨੇ ਸਾਡੇ ਕੰਮ ਨੂੰ ਭ੍ਰਿਸ਼ਟ ਕਰ ਦਿੱਤਾ ਗਿਆ ਹੈ। ਹੋਰ ਕਈ ਕੁਝ ਲਿਖਕੇ ਇਕ ਦੁਸ਼ਮਣੀ ਦੇ ਰੂਪ ਵਿਚ ਕੂਕਾ ਲਹਿਰ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ ਗਿਆ ਸੀ। ਬ੍ਰਾਹਮਣਵਾਦ ਇਕ ਮੁਠ ਹੋ ਕੇ ਸਰਕਾਰ ਨਾਲ ਜੁੜ ਗਿਆ ਸੀ। ਲਗਾਤਾਰ 1942 ਈ: ਤਕ ਜੁੜਿਆ ਰਿਹਾ ਸੀ। ਅੰਗਰੇਜ਼ ਸਰਕਾਰ ਦੇ ਝੋਲੀ ਚੁੱਕ ਬਣ ਗਏ ਸਨ। ਅੱਗੇ ਜਾ ਕੇ ਕੂਕਾ

ਲਹਿਰ ਨੂੰ ਚੋਰ ਡਾਕੂ ਆਖਣ ਤੋਂ ਗੁਰੇਜ਼ ਨਾ ਕੀਤਾ ਗਿਆ। ਕੂਕਾ ਲਹਿਰ ਨੂੰ ਵੀ ਬ੍ਰਾਹਮਣਵਾਦ ਦਾ ਭੂਤ ਚੰਬੜ ਗਿਆ ਸੀ।

18 ਮਹੀਨਿਆਂ ਤੋਂ ਬਾਅਦ ਅੰਗਰੇਜ਼ ਨੇ ਅਦਾਲਤ ਲੁਧਿਆਣਾ ਨੇ ਬ੍ਰਾਹਮਣਾਂ ਦਾ ਕੇਸ ਖ਼ਾਰਜ ਕਰਕੇ ਬਾਬਾ ਰਾਮ ਸਿੰਘ ਜੀ ਨੂੰ ਬਰੀ ਕਰ ਦਿੱਤਾ ਸੀ। ਪਰ ਬ੍ਰਾਹਮਣਾਂ ਨੇ ਕੂਕਾ ਲਹਿਰ ਦਾ ਖਹਿੜਾ ਨਾ ਛੱਡਿਆ, ਪੂਰੀ ਦੁਸ਼ਮਣੀ ਬਣ ਗਈ ਅਤੇ ਕੁਰਾਹੀਏ ਵੀ ਆਖਦੇ ਰਹੇ ਸਨ। ਮਲੇਰਕੋਟਲੇ ਦੇ ਸਾਕੇ ਸਮੇਂ ਆਮ ਲੋਕਾਂ ਵਿਚ ਪ੍ਰਚਾਰ ਕਰਦੇ ਰਹੇ। ਇਹਨਾਂ ਨੂੰ ਬ੍ਰਾਹਮਣਵਾਦ ਦਾ ਸਰਾਪ ਲਗਿਆ ਹੈ। ਤਾਂ ਹੀ ਤੋਪਾਂ ਨਾਲ ਉਡਾਏ ਗਏ ਹਨ। ਤਾਂ ਹੀ ਫਾਂਸੀਆਂ ਤੇ ਚਾੜ੍ਹੇ ਗਏ ਹਨ ਤੇ ਕਾਲੇ ਪਾਣੀਆਂ ਨੂੰ ਭੇਜੇ ਗਏ ਹਨ। ਜ਼ਾਇਦਾਦਾਂ ਵੀ ਤਾਂ ਇਸੇ ਕਰਕੇ ਹੀ ਕੁਰਕ ਹੋਈਆਂ ਹਨ। ਬ੍ਰਾਹਮਣਾਂ ਨੂੰ ਆਮ ਪ੍ਰਚਾਰ ਕਰਨ ਦਾ ਮੌਕਾ ਹੱਥ ਆ ਗਿਆ ਸੀ। ਸਰਕਾਰ ਪ੍ਰਤੀ ਵਫ਼ਾਦਾਰੀ ਦਾ ਝੂਠਾ ਬੁਰਕਾ ਪਾ ਕੇ ਪੰਜਾਬ ਦੇ ਮਹਾਂ ਜੋਤਸ਼ੀ ਬਣਕੇ ਆਪਣਾ ਉੱਲੂ ਸਿੱਧਾ ਕਰਨ ਵਾਸਤੇ ਕੂਕਾ ਲਹਿਰ ਨਾਲ ਗ਼ੱਦਾਰੀ ਕਰ ਰਹੇ ਸਨ।

ਮਹਾਰਾਣੀ ਮਲਕਾ ਵਿਕਟੋਰੀਆ ਨੂੰ 24 ਦਸੰਬਰ 1836 ਈ: ਨੂੰ ਇਕ ਪੱਤਰ (ਬ੍ਰਾਹਮਣਾਂ ਵਲੋਂ ਲਿਖਿਆ ਗਿਆ। ਕੂਕਾ ਲਹਿਰ ਦੇ ਆਗੂ ਬਾਬਾ ਰਾਮ ਸਿੰਘ ਜੀ ਦਾ ਜਾਂ ਉਸਦੇ ਭਾਈ ਬਾਬਾ ਹਰੀ ਸਿੰਘ ਜੀ ਦਾ ਜਿਹੜਾ ਪਹਿਲਾ ਪੁੱਤਰ ਹੋਵੇਗਾ। ਅੰਗਰੇਜ਼ ਨੂੰ ਜਿੱਤ ਕੇ ਪੰਜਾਬ ਦਾ ਰਾਜ ਕਰੇਗਾ। ਸਾਡੀ ਆਪ ਜੀ ਨੂੰ ਜੋਤਿਸ਼ ਵਿਦਿਆ ਦਸਦੀ ਹੈ ਭਵਿੱਖਬਾਣੀ। ਬਾਬਾ ਹਰੀ ਸਿੰਘ ਜੀ ਨੇ ਏਸੇ ਵਾਸਤੇ ਦੋ ਵਿਆਹ ਕਰਵਾ ਲਏ ਸਨ। ਇਹਨਾਂ ਵਿਚੋਂ ਜਿਹੜਾ ਪਹਿਲੋਂ ਜੰਮੇਂਗਾ ਉਹ ਪੰਜਾਬ ਦਾ ਰਾਜਾ ਬਣੇਗਾ। ਅੰਗਰੇਜ਼ ਸਰਕਾਰ ਨੂੰ ਉਸ ਤੋਂ ਹਾਰ ਖਾਣੀ ਪਵੇਗੀ। ਇਹਨਾਂ ਦੋਵਾਂ ਔਰਤਾਂ ਦੇ ਪੇਟ ਵਿਚੋਂ ਜਨਮ ਲੈ ਸਕਦਾ ਹੈ। ਉਸੇ ਨੂੰ ਹੀ ਪੰਜਾਬ ਦਾ ਰਾਜਾ ਸਮਝ ਲੈਣਾ। ਆਪ ਦੇ ਕਰਮਚਾਰੀ ਆਪ ਨਾਲ ਜ਼ਰੂਰੀ ਕੁਤਾਹੀ ਕਰਨਗੇ। ਉਹ ਆਪਦੀ ਫੌਜ ਨੂੰ ਹਰਾ ਦੇਵੇਗਾ ਅਤੇ ਆਪ ਨਾਲ ਜੰਗ ਕਰੇਗਾ।

ਬ੍ਰਾਹਮਣਵਾਦ ਨੇ ਤਾਂ ਸੰਸਕ੍ਰਿਤ ਭਾਸ਼ਾ ਨੂੰ ਵੀ ਮਾਫ਼ ਨਹੀਂ ਕੀਤਾ। ਇਹਨਾਂ ਬ੍ਰਾਹਮਣਾਂ ਨੇ ਸੰਸਕ੍ਰਿਤ ਨੂੰ ਪਿਛਾੜਿਆ ਹੈ ਅਤੇ ਸੰਸਕ੍ਰਿਤ ਦੀ ਮੌਤ ਕਰਨ ਵਾਲੇ ਬ੍ਰਾਹਮਣ ਲੋਕ ਹੀ ਹਨ। ਭਾਵ ਕਾਸ਼ੀ ਦੀ ਯੂਨੀਵਰਸਿਟੀ ਵਿਚ ਬ੍ਰਾਹਮਣਵਾਦ ਦਾ ਕਬਜ਼ਾ ਸੀ। ਇਹਨਾਂ ਨੇ ਉਸ ਮਹਾਂ-ਵਿਦਿਆਲੇ ਯੂਨੀਵਰਸਿਟੀ ਵਿਚ ਕਿਸੇ ਹੋਰ ਬਰਾਦਰੀ ਦੇ ਮਨੁੱਖ ਨੂੰ ਦਾਖ਼ਲਾ ਨਹੀਂ ਲੈਣ ਦਿੱਤਾ। ਹਿੰਦੁਸਤਾਨ ਨੂੰ ਬਹੁਤ ਗਰੀਬ ਬਣਾ ਦਿੱਤਾ। ਵੀਰਤਾ ਖ਼ਤਮ ਕਰ ਦਿੱਤੀ। ਜਿਵੇਂ ਕਿ ਮਹਾਤਮਾ ਬੁੱਧ ਦੇ ਸਿਧਾਂਤ ਨੂੰ ਖ਼ਤਮ ਕੀਤਾ ਗਿਆ। ਫੇਰ ਕੂਕਾ ਲਹਿਰ ਉਹ ਕਿਉਂ ਨਾ ਖ਼ਤਮ ਕਰਦੇ। ਝੂਠ ਇਕੱਠਾ ਕਰਕੇ ਆਪਣਾ ਬਾਕਾਇਦਾ ਅਨੰਦ ਕਾਰਜਾਂ ਦਾ ਬਦਲਾ ਲੈਣਾ ਚਾਹੁੰਦੇ ਸਨ। ਬ੍ਰਾਹਮਣਵਾਦ ਨੇ ਕੂਕਾ ਲਹਿਰ ਦੇ ਖਿਲਾਫ਼ ਮਹਾਰਾਣੀ ਵਿਕਟੋਰੀਆ ਕੋਲ ਪੂਰਾ ਤਾਣ ਲਾ ਕੇ ਚੁਗਲੀ ਕਰ ਦਿੱਤੀ ਸੀ। ਅੰਗਰੇਜ਼ ਸਰਕਾਰ ਤਾਂ ਸੋਚਦੀ ਸੀ ਕਿ ਕੂਕਾ ਲਹਿਰ ਦਿਨੋਂ ਦਿਨ ਵਧ ਰਹੀ ਹੈ। ਐਵੇਂ ਦੁਸ਼ਮਣੀ ਨਾ ਪਾਈ ਜਾਏ। ਕੁਝ ਸਮਝਿਆ ਸੋਚਿਆ ਜਾਏ।

ਜਦੋਂ ਮਹਾਰਾਣੀ ਵਿਕਟੋਰੀਆ ਦਾ ਸਖ਼ਤ ਹੁਕਮ ਪੰਜਾਬ ਦੇ ਗਵਰਨਰ ਜਰਨੈਲ ਨੂੰ ਆਇਆ। ਫਿਰ ਲੁਧਿਆਣੇ ਡੀ.ਸੀ. ਸਾਹਿਬ ਨੂੰ ਮਲਕਾ ਵਿਕਟੋਰੀਆ ਦਾ ਸਿੱਧਾ ਹੁਕਮ ਘੱਲਣਾ ਪਿਆ ਸੀ।

Sri Satguru Jagjit Singh Ji Elibrary NamdhariElibrary@gmail.com

ਇਸ ਹੁਕਮ ਤੋਂ ਬਾਅਦ ਸ੍ਰੀ ਭੈਣੀ ਸਾਹਿਬ ਬੈਠੀ ਪੁਲਿਸ ਚੌਕੀ ਹੋਰ ਚੌਕਸ ਕਰ ਦਿੱਤੀ ਗਈ ਸੀ। ਮਾਤਾ ਜੀਵਨ ਕੌਰ ਜੀ ਅਤੇ ਮਾਤਾ ਫਤਹਿ ਕੌਰ ਜੀ ਉੱਤੇ ਕਰੜੀ ਨਿਗਰਾਨੀ ਰੱਖੀ ਜਾਣ ਲੱਗੀ। ਇਕ ਨਹੀਂ ਕਈ ਕਰਮਚਾਰੀ ਹੋਰ ਵੀ ਸ੍ਰੀ ਭੈਣੀ ਸਾਹਿਬ ਕੇਂਦਰ ਵੀ ਭੇਜੇ ਗਏ ਸੀ। ਸ੍ਰੀ ਭੈਣੀ ਸਾਹਿਬ ਜੀ ਤੇ ਸਖਤੀ ਵਧਦੀ ਗਈ। ਦਿਨ ਬੀਤਦੇ ਗਏ, ਸੰਘਰਸ਼ ਤੇਜ਼ ਹੁੰਦਾ ਗਿਆ। ਮਾਤਾ ਫਤਹਿ ਕੌਰ ਜੀ ਗਰਭਵਤੀ ਹੋ ਗਈ। ਸਰਕਾਰ ਦੀ ਨਿਗਰਾਨੀ ਹੋਰ ਤੇਜ਼ ਹੋ ਗਈ। ਮਾਤਾ ਜੀ ਨੂੰ ਸਰਕਾਰ ਦੀ ਨਿਗਰਾਨੀ ਹੇਠ ਸ੍ਰੀ ਭੈਣੀ ਸਾਹਿਬ ਹੀ ਰਹਿਣ ਦਾ ਹੁਕਮ ਹੋ ਗਿਆ।

ਕੁਦਰਤ ਵਲੋਂ ਇਕ ਐਸੀ ਘਟਨਾ ਵਾਪਰ ਗਈ। ਮਾਤਾ ਫਤਹਿ ਕੌਰ ਜੀ ਦੇ ਪੇਕੇ ਪਿੰਡ ਬਰਾਜ ਵਲੋਂ ਸ: ਖੁਸ਼ਹਾਲ ਸਿੰਘ ਸੂਬਾ ਦਾ ਅੰਤ ਸਮਾਂ ਆ ਗਿਆ। ਸੂਬਾ ਜੀ ਨੇ ਆਪਣੀਆਂ ਪਿਆਰੀਆਂ ਪੁੱਤਰੀਆਂ ਨੂੰ ਮਿਲਣਾ ਚਾਹਿਆ। ਪਿੰਡ ਬਰਾਜ ਤੋਂ ਰਥ ਲੈ ਕੇ ਆ ਗਏ। ਮਾਤਾ ਜੀਵਨ ਕੌਰ ਜੀ ਤੇ ਉਦੋਂ ਹੀ ਉਸੇ ਰਥ ਵਿਚ ਸੁਆਰ ਹੋ ਕੇ ਪਿੰਡ ਬਰਾਜ ਪਹੁੰਚ ਗਏ ਸਨ। ਮਾਤਾ ਫਤਿਹ ਕੌਰ ਜੀ ਦੀ ਮਨਜ਼ੂਰੀ ਡੀ.ਸੀ. ਨੂੰ ਲੁਧਿਆਣੇ ਤੋਂ ਲੈਣੀ ਪੈਣੀ ਸੀ।

ਧੀਆਂ ਨੂੰ ਮਾਪਿਆਂ ਦਾ ਬਹੁਤ ਮੋਹ ਹੁੰਦਾ ਹੈ। ਧੀਆਂ ਮਾਪਿਆਂ ਵਲੋਂ ਠੰਢੀ ਹਵਾ ਆਉਣ ਦੀ ਸਦਾ ਮੰਗ ਕਰਦੀਆਂ ਰਹਿੰਦੀਆਂ ਹਨ। ਮਾਤਾ ਫਤਹਿ ਕੌਰ ਜੀ ਨੇ ਬਾਬਾ ਹਰੀ ਸਿੰਘ ਜੀ ਸਾਹਿਬ ਨੂੰ ਬੜੀ ਨਿਮਰਤਾ ਨਾਲ ਬੇਨਤੀ ਕਰਦਿਆਂ ਆਖਿਆ, ਸੁਆਮੀ ਜੀ ਕਿਰਪਾ ਕਰਕੇ ਮੈਨੂੰ ਡੀ.ਸੀ. ਸਾਹਿਬ ਤੋਂ ਪੇਕੇ ਪਿੰਡ ਜਾਣ ਦੀ ਇਜਾਜ਼ਤ ਲੈ ਦਿਓ। ਮੈਂ ਆਪ ਜੀ ਦੀ ਸਾਰੀ ਜ਼ਿੰਦਗੀ ਰਿਣੀ ਰਹਾਂਗੀ।

ਬਾਬਾ ਹਰੀ ਸਿੰਘ ਜੀ ਸਾਹਿਬ ਨੇ ਆਖਿਆ। ਤੁਸੀਂ ਓਦਰੋ ਨਾ ਮੈਂ ਡੀ.ਸੀ. ਤੋਂ ਇਜਾਜ਼ਤ ਲੈਣ ਜਾਂਦਾ ਹਾਂ। ਅਗਰ ਇਜਾਜ਼ਤ ਮਿਲ ਗਈ ਤਾਂ ਜ਼ਰੂਰ ਆਪ ਨੂੰ ਵੀ ਭੇਜਿਆ ਜਾਵੇਗਾ। ਡੀ.ਸੀ. ਸਾਹਿਬ ਨੇ ਪੁਲਿਸ ਦੀ ਨਿਗਰਾਨੀ ਵਿਚ ਜਾਣ ਦੀ ਇਜਾਜ਼ਤ ਦੇ ਦਿੱਤੀ। ਇਕ ਥਾਣੇਦਾਰ, ਦੂਸਰਾ ਹੌਲਦਾਰ, ਨਾਲ ਛੇ ਸਿਪਾਹੀਆਂ ਨੂੰ ਤਰ੍ਹਾਂ-ਤਰ੍ਹਾਂ ਦੀਆਂ ਹਦਾਇਤਾਂ ਕਰਕੇ ਪੂਰੀ ਨਿਗਰਾਨੀ ਕਰਨ ਵਾਸਤੇ ਕਰੜੇ ਹੁਕਮ ਦੇ ਦਿੱਤੇ ਸਨ।

ਬਾਬਾ ਹਰੀ ਸਿੰਘ ਜੀ ਸਾਹਿਬ ਨੇ ਬੀਬੀ ਹੁਕਮੀ ਨੂੰ ਮਾਤਾ ਫਤਹਿ ਕੌਰ ਨਾਲ ਤਿਆਰ ਕਰ ਦਿੱਤਾ। ਬੀਬੀ ਹੁਕਮੀ ਔਰਤਾਂ ਦੀਆਂ ਸਾਰੀਆਂ ਬਿਮਾਰੀਆਂ ਤੋਂ ਜਾਣੂ ਸੀ ਅਤੇ ਔਰਤਾਂ ਦੇ ਜਣੇਪੇ ਦੀ ਵੀ ਅਤੇ ਆਯੁਰਵੈਦਿਕ ਦੀ ਵੀ ਜਾਣਕਾਰੀ ਸੀ। ਬੀਬੀ ਹੁਕਮੀ ਪਿੰਡ ਬੁਹਿਮ ਤਹਿਸੀਲ ਤਰਨਤਾਰਨ ਜ਼ਿਲ੍ਹਾ ਅੰਮ੍ਰਿਤਸਰ (ਪੰਜਾਬ) ਦੇ ਸਨ। ਮਾਤਾ ਭਾਗਭਰੀ ਦੀ ਕੁਖੋਂ ਪਿਤਾ ਰਤਨ ਸਿੰਘ ਜੀ ਦੇ ਘਰ ਜਨਮ ਲੈ ਕੇ ਮਨੁੱਖੀ ਸਾਂਝੀਵਾਲਤਾ ਗੁਰਬਾਣੀ ਦੇ ਅਦਾਰੇ ਦੇ ਕੂਕਾ ਲਹਿਰ ਵਿਚ ਨਿਸ਼ਕਾਮ ਸੇਵਾ ਕਰਦੀ ਸੀ। ਬੀਬੀ ਹੁਕਮੀ ਨੂੰ ਕੂਕਾ ਲਹਿਰ ਦੀ ਮੈਂਬਰਸ਼ਿਪ ਵਿਚੋਂ ਸੂਬਾ ਰੈਂਕ ਦਿੱਤਾ ਹੋਇਆ ਸੀ। ਸੁਧਰੇ ਹੋਏ ਰਾਜਨੀਤਕ ਵਿਚਾਰਾਂ ਦੀ ਬੀਬੀ ਹੁਕਮੀ ਸੀ। ਬਾਬਾ ਹਰੀ ਸਿੰਘ ਜੀ ਸਾਹਿਬ ਨੇ ਬੀਬੀ ਹੁਕਮੀ ਦੀ ਸਮਝ ਸੋਚ ਕੇ ਡਿਊਟੀ ਲਾਈ ਸੀ।

ਮਾਤਾ ਫਤਹਿ ਕੌਰ ਤੇ ਬੀਬੀ ਹੁਕਮੀ ਦਾ ਸਾਥ ਦੇਣ ਵਾਸਤੇ ਕੂਕਾ ਲਹਿਰ ਦੇ ਮੈਂਬਰਾਂ ਦੀ ਹੇਠ ਲਿਖੇ ਮੁਤਾਬਿਕ ਡਿਊਟੀ ਲਾਈ ਸੀ।

Sri Satguru Jagjit Singh Ji Elibrary NamdhariElibrary@gmail.com

1. ਸ੍ਰ: ਵਿਸਾਖਾ ਸਿੰਘ ਜੀ ਸ਼ੇਰਪੁਰੀਆ, ਰਿਆਸਤ ਮਲੇਰਕੋਟਲਾ, ਜ਼ਿਲ੍ਹਾ ਸੰਗਰੂਰ (ਪੰਜਾਬ)
2. ਸ੍ਰ: ਬੱਗਾ ਸਿੰਘ ਜੀ ਭਾਈ ਕਾ ਭਗਤਾ, ਜ਼ਿਲ੍ਹਾ ਫਰੀਦਕੋਟ (ਪੰਜਾਬ)
3. ਸ੍ਰ: ਕਾਹਨ ਸਿੰਘ ਜੀ ਪਿੰਡ ਭਮਾਬੱਧੀ, ਜ਼ਿਲ੍ਹਾ ਸੰਗਰੂਰ (ਪੰਜਾਬ)
4. ਸ੍ਰ: ਸੂਬਾ ਸਿੰਘ ਜੀ ਪਿੰਡ ਸਹੌਰ, ਜ਼ਿਲ੍ਹਾ ਸੰਗਰੂਰ (ਪੰਜਾਬ)
5. ਸ੍ਰ: ਧਰਮ ਸਿੰਘ ਜੀ ਪਿੰਡ ਸਹੌਰ, ਜ਼ਿਲ੍ਹਾ ਸੰਗਰੂਰ (ਪੰਜਾਬ)
6. ਸ੍ਰ: ਹਰਨਾਮ ਸਿੰਘ ਜੀ ਪਿੰਡ ਸੇਦੋ, ਜ਼ਿਲ੍ਹਾ ਫਰੀਦਕੋਟ (ਪੰਜਾਬ)
7. ਸ੍ਰ: ਹਰਦਿਤ ਸਿੰਘ ਜੀ ਪਿੰਡ ਚੱਕ ਕੂਕਿਆਂ ਵਾਲਾ, ਜ਼ਿਲ੍ਹਾ ਸੰਗਰੂਰ (ਪੰਜਾਬ)
8. ਸ੍ਰ: ਸੁੰਦਰ ਸਿੰਘ ਜੀ ਚੱਕ ਕੂਕਿਆਂ ਵਾਲਾ, ਜ਼ਿਲ੍ਹਾ ਸੰਗਰੂਰ (ਪੰਜਾਬ)
9. ਸ੍ਰ: ਹਰੀ ਸਿੰਘ ਜੀ ਪਿੰਡ ਮਾਈਸਰਖਾਨਾ, ਜ਼ਿਲਾ ਬਠਿੰਡਾ (ਪੰਜਾਬ)
10. ਸ੍ਰ: ਗੁਰਦਿਤ ਸਿੰਘ ਜੀ ਪਿੰਡ ਕੋਟ ਧਰਮੂ, ਜ਼ਿਲ੍ਹਾ ਮਾਨਸਾ (ਪੰਜਾਬ)

ਆਦਿ ਉਪਰੋਕਤ ਜਥਾ ਪੈਦਲ ਤਿਆਰ ਕਰ ਦਿੱਤਾ ਗਿਆ।

ਇਕ ਊਠ ਤੇ ਰਾਸ਼ਨ ਪਾਣੀ ਲੱਦ ਕੇ ਪਿੰਡ ਬਰਾਜ ਨੂੰ ਚਾਲੇ ਪਾ ਦਿੱਤੇ ਗਏ। ਤੋਰਨ ਸਮੇਂ ਬਾਬਾ ਹਰੀ ਸਿੰਘ ਜੀ ਸਾਹਿਬ ਨੇ ਆਖਿਆ! ਭਾਈ ਸਾਥੀਓ ਜਿਥੇ ਪੜਾਅ ਕਰਨਾ ਹੋਵੇ ਤਾਂ ਆਪ ਲੰਗਰ ਕਰ ਸਕਦੇ ਹੋ। ਬਾਕੀ ਸਰਕਾਰੀ ਯਾਤਰੀਆਂ ਨੂੰ ਵੀ ਛਕਾਉਣਾ ਹੈ। ਕੂਕਾ ਲਹਿਰ ਨਾਲ ਜੋੜ ਜਾਣ ਵਾਲੇ ਗਰੀਬ ਲੋਕ ਹਨ। ਆਪ ਨੇ ਕਿਸੇ ਗਰੀਬ ਸਿੱਖ ਨੂੰ ਤੰਗ ਨਹੀਂ ਕਰਨਾ।

ਇਸ ਕਾਫਲੇ ਨੇ ਸ੍ਰੀ ਭੈਣੀ ਸਾਹਿਬ ਤੋਂ ਚਾਲੇ ਪਾਏ ਦਿੱਤੇ ਸਨ। ਮਾਤਾ ਫਤਹਿ ਕੌਰ ਤੇ ਬੀਬੀ ਹੁਕਮੀ ਰਥ ਵਿਚ ਬੈਠ ਗਏ ਸਨ। ਏਸ ਕਾਫਲੇ ਨੇ ਸ੍ਰ: ਲਾਲ ਸਿੰਘ ਦੇ ਘਰ ਪਿੰਡ ਸਿਆੜ ਪਹਿਲਾਂ ਪੜਾਅ ਕੀਤਾ। ਅੱਠ (8) ਸਰਕਾਰੀ ਪੁਲਸੀਏ ਅਤੇ 12 ਕੂਕਾ ਲਹਿਰ ਦੇ ਯਾਤਰੀ ਸਨ। ਇਕ ਊਠ ਰਥ ਵਾਲੇ ਦੇ ਬੱਲਦ ਜਿਥੇ ਪੜਾਅ ਕਰਦੇ ਸਨ, ਉਥੇ ਬਹੁਤ ਰੌਣਕ ਹੋ ਜਾਂਦੀ ਸੀ।

ਦੂਸਰਾ ਪੜਾਅ: ਸ੍ਰ: ਕਾਹਨ ਸਿੰਘ ਦੇ ਘਰ ਪਿੰਡ ਚੱਕ ਕੂਕਿਆਂ ਵਾਲਾ ਰਿਆਸਤ ਮਲੇਰਕੋਟਲਾ ਜ਼ਿਲ੍ਹਾ ਸੰਗਰੂਰ (ਪੰਜਾਬ) ਕੀਤਾ ਸੀ। ਤੀਸਰਾ ਪੜਾਅ ਪਿੰਡ ਕਰਮਗੜ੍ਹ ਬਰਨਾਲੇ ਕੋਲ ਆ ਕੇ ਕੀਤਾ। ਇਸ ਪਿੰਡ ਨੇੜੇ ਬਹੁਤ ਸੰਗਣਾ ਜੰਗਲ (ਮੋਗ) ਸੀ। ਏਥੇ ਪਾਣੀ ਦਾ ਪੂਰਾ ਪ੍ਰਬੰਧ ਸੀ। ਕਿਸੇ ਦਾਨੀ ਸੱਜਣ ਨੇ ਖੂਹੀ ਲਾਈ ਹੋਈ ਸੀ। ਰਾਤ ਦੀ ਰਿਹਾਇਸ਼ ਵਾਸਤੇ ਛੋਟਾ ਜਿਹਾ ਕੋਠਾ ਵੀ ਸੀ। ਪਾਣੀ ਦਾ ਚੰਗਾ ਸਾਧਨ ਵੇਖਕੇ। ਚੌਥਾ ਪੜਾਅ ਪਿੰਡ ਕਰਮਗੜ ਦੇ ਦੱਖਣ ਪਾਸੇ ਕੀਤਾ ਗਿਆ ਸੀ। ਉਥੇ ਅੱਗੇ ਹੀ ਰਾਹੀ ਪਾਂਧੀ ਰਾਤ ਕੱਟ ਜਾਂਦੇ ਸਨ। ਇਕ ਸੇਵਾਦਾਰ ਵੀ ਉਥੇ ਰਹਿੰਦਾ ਸੀ। ਉਹ ਸੇਵਾਦਾਰ ਕੂਕਾ ਲਹਿਰ ਦਾ ਕੰਮ ਕਰਦਾ ਸੀ। ਲੰਗਰ ਵਾਸਤੇ ਲੱਕੜਾਂ ਬਾਲਣ ਦੇ ਦਿੰਦਾ ਸੀ।

ਉਸ (ਮੌਰੇ) ਤੋਂ ਥੋੜ੍ਹਾ ਜਿਹਾ ਅੱਗੇ ਲੰਘਕੇ ਕਬਰਸਤਾਨ ਸ਼ਿਵੇ ਸਨ। ਲੋਕ ਨਿਮੋਝੂਣੇ ਕੁਮਲਾਏ ਹੋਏ ਚਿਹਰੇ ਕਬਰਸਤਾਨ ਵੱਲ ਨੂੰ ਜਾ ਰਹੇ ਸਨ। ਬੀਬੀ ਹੁਕਮੀ ਨੇ ਵੇਖਿਆ ਅਤੇ ਪੁਛਿਆ, ਆਖਿਆ ਤੁਸੀਂ ਰੋਂਦੇ ਕਿਉਂ ਜਾ ਰਹੇ ਹੋ? ਅੱਗੋਂ ਇਕ ਸਿਆਣੇ ਮਨੁੱਖ ਨੇ ਆਖਿਆ। ਬੀਬੀ ਜੀ ਇਸ ਸੇਠ ਦਾ ਬੱਚਾ ਸੀ? ਉਹ ਜਨਮ ਲੈਣ ਸਾਰ ਹੀ ਮਰ ਗਿਆ।

Sri Satguru Jagjit Singh Ji Elibrary NamdhariElibrary@gmail.com

ਅਸੀਂ ਇਸ ਨੂੰ ਦਫਨਾਉਣ ਚਲੇ ਹਾਂ। ਬੀਬੀ ਨੇ ਹਾਅ ਦਾ ਨਾਹਰਾ ਮਾਰਕੇ ਆਖਿਆ, ਭਾਈ ਰੱਵੋਂ ਨਾ ਅਕਾਲ ਪੁਰਖ ਦਾ ਹੁਕਮ ਮੰਨੋ। ਮਰਨਾ ਜਮਣਾ ਮਨੁੱਖ ਦੇ ਵੱਸ ਵਿਚ ਨਹੀਂ ਹੈ। ਬੀਬੀ ਹੁਕਮੀ ਜੰਗਲ ਮਦਾਨ ਜਾ ਕੇ ਪਰਤ ਰਹੀ ਹੈ। ਦਿਨ ਛਿਪ ਚੁਕਿਆ ਸੀ। ਦਿਨ ਦੀ ਲਾਲੀ ਅਜੇ ਕਾਇਮ ਸੀ।

ਮਾਤਾ ਫਤਹਿ ਕੌਰ ਨੂੰ ਕੁਝ ਸਫਰ ਕਰਕੇ, ਕੁਝ ਛਾਤੀ ਗਰਮ ਹੋਣ ਕਰਕੇ, ਪੇਟ ਦੀ ਤਕਲੀਫ ਬਾਅਦ ਵਿਚ ਸ਼ੁਰੂ ਹੋ ਗਈ ਸੀ। ਬੀਬੀ ਹੁਕਮੀ ਨੂੰ ਕੋਲ ਸੱਦ ਕੇ ਸਮਝਾਇਆ। ਉਸ ਨੇ ਜਾਣ ਲਿਆ ਸੀ। ਮਨ ਦੇ ਵਿਚ ਉਪਰ ਨੂੰ ਹੱਥ ਜੋੜ ਕੇ ਅਕਾਲ ਪੁਰਖ ਦੇ ਚਰਨਾਂ ਵਿਚ ਅਰਦਾਸ ਕਰਨੀ ਸ਼ੁਰੂ ਕਰ ਦਿੱਤੀ ਸੀ। ਆਖਿਆ ਐ ਅਕਾਲ ਪੁਰਖ ਮੇਰੇ ਬਿਰਧ ਬਾਣੇ ਦੀ ਲਾਜ ਰੱਖੀਂ। ਮੈਂ ਆਪ ਤੋਂ ਅਜੇ ਜ਼ਿੰਦਗੀ ਵਿਚ ਕੋਈ ਮੰਗ ਨਹੀਂ ਕੀਤੀ। ਆਪ ਨੇ ਮੈਨੂੰ ਜਿਸ ਮਾਰਗ ਵਿਚ ਤੋਰਿਆ ਹੈ। ਮੈਨੂੰ ਸਫਲਤਾ ਬਖਸ਼ ਦਿੱਤੀ, ਮੈਂ ਫਿਰੰਗੀ ਦੇ ਜਾਲ ਵਿਚੋਂ ਸਫਲਤਾ ਨਾਲ ਨਿਕਲ ਸਕਾਂ। ਇਹ ਮੇਰੀ ਪਹਿਲੀ ਅਤੇ ਆਖਰੀ ਮੰਗ ਹੈ। ਮੇਰੀ ਬੁੱਧੀ ਨੂੰ ਚੇਤਨ ਕਰ ਦੇਵੇ। ਮੈਂ ਕੁਝ ਨਹੀਂ ਜਾਣਦੀ, ਮੈਥੋਂ ਜੋ ਕੁਝ ਕਰਾਉਣਾ ਹੈ ਆਪ ਹੀ ਕਰਾਉਣਾ ਹੈ। ਇਹ ਆਉਣ ਵਾਲਾ ਜੀਵ ਆਪਣੇ ਜੀਵਨ ਵਿਚ ਸਫਲ ਹੋ ਜਾਵੇ। ਭਾਵੇਂ ਮਾਪਿਆਂ ਦੇ ਪਿਆਰ ਤੋਂ ਦੂਰ ਹੀ ਰਹੇ। ਐ ਕੂਕਾ ਲਹਿਰ ਦੇ ਅਮਰ ਸ਼ਹੀਦੋ ਮੇਰੀ ਪੱਤ ਆਪਦੀ ਪੱਤ ਹੈ। ਕੂਕਾ ਲਹਿਰ ਦੀ ਵੀ ਪੱਤ ਏਸੇ ਵਿਚ ਹੀ ਹੈ। ਜਨਮ ਲੈਣ ਵਾਲੇ ਬੱਚੇ ਦੀ ਜ਼ਿੰਦਗੀ ਅਮਰਵੇਲ ਬਣ ਜਾਏ। ਜਿਵੇਂ ਪ੍ਰਹਿਲਾਦ, ਕ੍ਰਿਸ਼ਨ ਨੂੰ ਜ਼ਿੰਦਗੀ ਬਖਸ਼ੀ ਹੈ। ਇਸ ਜਨਮ ਲੈਣ ਵਾਲੇ ਬੱਚੇ ਦੀ ਵੀ ਜ਼ਿੰਦਗੀ ਬਖਸ਼ ਦੇ। ਮੇਰੀ ਸਫਲਤਾ ਤੇਰੇ ਹੱਥ ਹੈ।

Sri Satguru Jagjit Singh Ji Elibrary NamdhariElibrary@gmail.com

## ਕਾਂਡ—22

ਬਾਬਾ ਜੰਗ ਸਿੰਘ ਜੀ ਸਾਹਿਬ ਦਾ ਜਨਮ ਪਿੰਡ ਕਰਮਗੜ ਬਰਨਾਲੇ ਕੋਲ ਦਿਨ ਸੋਮਵਾਰ 9 ਮਾਰਚ 1888 ਈ: ਨੂੰ ਮਾਤਾ ਫਤਹਿ ਕੌਰ ਜੀ ਦੀ ਕੁਖੋਂ ਰਾਤ ਇਕ ਵਜੇ ਅਣਪਛਾਤੇ ਸੰਘਣੇ ਰੁੱਖਾਂ ਥੱਲੇ ਇਕ ਛੋਟੇ ਜਿਹੇ ਤੰਬੂ ਵਿਚ ਹੋਇਆ।

ਬੀਬੀ ਹੁਕਮੀ ਨੇ ਸਾਰੀ ਗੱਲ ਸਮਝ ਕੇ ਸ੍ਰ: ਹਰਨਾਮ ਸਿੰਘ ਜੀ ਸੋਢੇ ਨੂੰ ਅਤੇ ਸ੍ਰ: ਹਰੀ ਸਿੰਘ ਮਾਈਸਰਖਾਨਾ ਨੂੰ ਉਹਨਾਂ ਕਬਰਾਂ ਵੱਲ ਨੂੰ ਤੋਰ ਦਿੱਤਾ ਜਿਥੇ ਦਿਨ ਦੇ ਛੁਪਾ ਨਾਲ ਇਕ ਸੇਠ ਦਾ ਮੁੰਡਾ ਮਰਿਆ ਹੋਇਆ ਦਫਨਾ ਕੇ ਗਏ ਸਨ। ਬੜੀ ਫੁਰਤੀ ਨਾਲ ਦੋਵਾਂ ਜਣਿਆਂ ਨੇ ਛੋਟੇ ਜਿਹੇ ਮੁੰਡੇ ਦੇ ਸਰੀਰ ਨੂੰ ਕਬਰ ਵਿਚੋਂ ਕੱਢ ਲਿਆਂਦਾ। ਮੁੰਡੇ ਦਾ ਦੋਬਾਰਾ ਇਸ਼ਨਾਨ ਕਰਾਕੇ ਇਕ ਸਾਫ ਸੁਥਰੀ ਕੋਰੀ ਵਿਛਾਕੇ ਭੁੰਜੇ ਹੀ ਲਿਟਾ ਦਿੱਤਾ ਗਿਆ।

ਸਭ ਤੋਂ ਪਹਿਲਾਂ ਬੀਬੀ ਹੁਕਮੀ ਨੇ ਸ੍ਰ: ਗੁਰਦਿਤ ਸਿੰਘ ਨੂੰ ਕੋਟ ਧਰਮੂ ਨੂੰ ਬੁਲਾ ਕੇ ਪੂਰੀ ਤਿਆਰੀ ਕਰਕੇ ਬਾਲਕ ਨੂੰ ਗੁਰਦਿਤ ਸਿੰਘ ਦੀ ਝੋਲੀ ਪਾਉਂਦਿਆਂ, ਪਿੰਡ ਬਰਾਜ ਨੂੰ ਭਜਾ ਦਿੱਤਾ ਗਿਆ। ਸ੍ਰ: ਗੁਰਦਿਤ ਸਿੰਘ ਜੀ ਵਾਹੋਦਾਹੀ ਦੌੜਦਾ ਹੋਇਆ ਪਿੰਡ ਕੋਟ ਧਰਮੂ ਪਹੁੰਚ ਗਿਆ। ਆ ਕੇ ਬੀਬੀ ਸਾਹਿਬ ਕੌਰ ਦੇ ਗੋਦ ਪਾ ਦਿੱਤਾ ਗਿਆ। ਆਖਿਆ ਬੀਬੀ ਜੀ ਇਹ ਬੱਚਾ ਮੈਨੂੰ ਜੰਗਲ ਵਿਚੋਂ ਮਿਲਿਆ ਹੈ। ਬੀਬੀ ਸਾਹਿਬ ਕੌਰ ਨਮਸ਼ਕਾਰ ਕਰਦਿਆਂ ਫੌਰਨ ਗੋਦ ਵਿਚ ਪਾ ਲਿਆ। ਹੌਲੀ-ਹੌਲੀ ਥਨਾਂ ਵਿਚੋਂ ਦੁੱਧ ਉਤਰਨਾ ਸ਼ੁਰੂ ਹੋ ਗਿਆ ਸੀ।

- ਸ੍ਰ: ਗੁਰਦਿਤ ਸਿੰਘ ਜੀ ਨੇ ਬੀਬੀ ਸਾਹਿਬ ਕੌਰ ਨੂੰ ਬੜੀ ਨਿਮਰਤਾ ਅਤੇ ਆਜਜਾਂ ਵਰਗੀ ਆਵਾਜ਼ ਨਾਲ ਆਖਿਆ। ਬੀਬੀ ਜੀ ਇਹ ਬੱਚਾ ਮੈਨੂੰ ਜੰਗਲ ਵਿਚੋਂ ਮਿਲਿਆ ਹੈ। ਮੈਂ ਆਪ ਦੇ ਵਾਸਤੇ ਚੁੱਕ ਕੇ ਲੈ ਆਇਆ ਹਾਂ। ਆਪ ਕਿਰਪਾ ਕਰਕੇ ਇਸ ਬੱਚੇ ਦੀ ਰੀਝ ਨਾਲ ਸੇਵਾ ਕਰੋ। ਆਪ ਦਾ ਨਾਮ ਸਿੱਖ ਇਤਿਹਾਸ ਵਿਚ ਅਤੇ (ਹਿਸਟਰੀ) ਵਿਚ ਲੇਖਕ ਨਾਮ ਦਰਜ ਕਰਨਗੇ। ਬੇਟੀ ਸਿੱਖ ਨਿਸ਼ਕਾਮ ਸੇਵਾ ਕਰਦਾ ਹੈ। ਸਿੱਖ ਸੇਵਾ ਕਰਨ ਦਾ ਮੁਆਵਜ਼ਾ ਨਹੀਂ ਮੰਗਦਾ। ਗੁਰਾਂ ਸਿੱਖਾਂ ਵਿਚ ਤਿਆਗ ਹੁੰਦਾ ਹੈ। ਗੁਰੂਆਂ ਦਾ ਹੁਕਮ ਮੰਨਦਾ ਹੋਇਆ ਨਿਜੀ ਮਾਲਕੀ ਦਾ ਵੀ ਤਿਆਗ ਕਰਦਾ ਹੈ। ਬੇਟੀ ਇਹ ਗੁਰਸਿੱਖ ਦੀ ਪਹਿਲੀ ਪਛਾਣ ਹੈ।

ਬੀਬੀ ਸਾਹਿਬ ਕੌਰ ਤੇ ਸ੍ਰ: ਬਿਸ਼ਨ ਸਿੰਘ ਜੀ ਨੇ ਦੋਵਾਂ ਪਤੀ ਪਤਨੀ ਨੇ ਸ੍ਰ: ਗੁਰਦਿਤ ਸਿੰਘ ਦੇ ਚਰਨਾਂ ਤੇ ਹੱਥ ਰਖਦਿਆਂ ਬੀਬੀ ਸਾਹਿਬ ਕੌਰ ਨੇ ਮੁੜ ਆਪਣੀ ਚੁੰਨੀ ਦਾ ਪੱਲਾ ਫੜਕੇ ਪੈਰਾਂ ਦੀ ਧੂੜ ਚੁੰਨੀ ਨਾਲ ਪੂੰਝ ਕੇ ਆਪਣੇ ਮੱਥੇ ਨੂੰ ਲਾਉਂਦੀ ਹੋਈ ਨੇ ਬੜੀ ਨਿਮਰਤਾ ਨਾਲ ਆਖਿਆ। ਬਾਬਾਂ ਜੀ ਆਪ ਨੇ ਤਾਂ ਇਸ ਬਾਲਕ ਦੀ ਸੇਵਾ ਦੇ ਮੇਰੀ ਕਾਇਆ ਪਵਿੱਤਰ ਕਰ ਦਿੱਤੀ ਹੈ। ਆਪ ਜੀ ਦਾ ਹੁਕਮ ਗੁਰੂਆਂ ਦੇ ਬਰਾਬਰ ਹੈ। ਮੈਂ ਵੀ ਆਪ ਦਾ ਅਹਿਸਾਨ ਜ਼ਿੰਦਗੀ ਭਰ ਨਹੀਂ ਭੁਲਾਂਗੀ। ਆਪ ਜੀ ਦੀ ਰਿਣੀ ਰਹਾਂਗੀ। ਮੈਂ ਇਸ ਅਹਿਸਾਨ ਦਾ ਕਈ ਜਨਮ ਮੁੱਲ ਨਹੀਂ ਤਾਰ



Sri Satguru Jagjit Singh Ji Elibrary NamdhariElibrary@gmail.com

ਸਕਾਂਗੀ। ਆਪ ਨੇ ਜੰਗਲ ਵਿਚੋਂ ਚੁੱਕ ਕੇ ਲਿਆਂਦਾ ਹੈ। ਮੇਰੀ ਗਰੀਬਣੀ ਦੀ ਝੋਲੀ ਪਾਇਆ ਹੈ। ਮੈਂ ਇਸ ਬੱਚੇ ਨੂੰ ਰੱਬ ਸਮਝਾਂਗੀ। ਕਿਉਂਕਿ ਇਸ ਬੱਚੇ ਨੇ ਜਨਮ ਪੀੜਾ ਤੋਂ ਬਗੈਰ ਮੇਰੀ ਝੋਲੀ ਭਰਪੂਰ ਕੀਤੀ ਹੈ। ਪਿਆਰ ਗੁਰੂਆਂ ਵਾਂਗੂ ਕਰਾਂਗੀ। ਮੈਂ ਆਪ ਜੀ ਨੂੰ ਆਪਣੀ ਜ਼ਿੰਦਗੀ ਦਾ ਵਿਸ਼ਵਾਸ ਕਰਾਉਂਦੀ ਹਾਂ। ਮੇਰੇ ਧੰਨਭਾਗ ਹਨ। ਮੈਂ ਆਪ ਦੇ ਅਤੇ ਗੁਰੂਆਂ ਦੇ ਚਰਨਾਂ ਦੀ ਰਿਣੀ ਰਹਾਂਗੀ।

ਸ੍ਰ: ਗੁਰਦਿੱਤ ਸਿੰਘ ਜੀ ਨੇ ਬੀਬੀ ਸਾਹਿਬ ਕੌਰ ਦੇ ਸਿਰ ਤੇ ਹੱਥ ਰੱਖਦਿਆਂ ਆਖਿਆ, ਬੀਬੀ ਜੀ ਮੈਂ ਵੀ ਤੇਰਾ ਕੀਤਾ ਦੇ ਨਹੀਂ ਸਕਾਂਗਾ। ਪੁੱਤਰੀ ਧੀਏ, ਬੇਟੀ ਤੂੰ ਮੇਰੀ ਬੇਨਤੀ ਮੰਨਕੇ ਇਸ ਬਾਲਕ ਦੀ ਸੇਵਾ ਕਰਨ ਦਾ ਯਕੀਨ ਦੁਆਇਆ ਹੈ। ਬੇਟੀ ਮੇਰੀ ਇਕ ਬੇਨਤੀ ਹੋਰ ਮੰਨਣੀ ਜ਼ਰੂਰੀ ਹੈ। ਬ੍ਰਾਹਮਣਾਂ ਤੋਂ ਬਚਕੇ ਰਹੋ। ਬ੍ਰਾਹਮਣ ਮਨੁੱਖ ਜਾਤੀ ਦੇ ਬਹੁਤ ਦੋਖੀ ਹਨ। ਇਹ ਮਨੁੱਖ ਜਾਤੀ ਨੂੰ ਭਰਮ ਭੁਲੇਖਿਆਂ ਵਿਚ ਪਾਕੇ ਆਪਣੀ ਲੁੱਟ ਕਰਦੇ ਹਨ। ਇਸ ਬਾਲਕ ਦੀ ਗੱਲ ਆਪਣੇ ਕੋਲ ਹੀ ਰੱਖੀਂ। ਇਸ ਬਾਲਕ ਦੀ ਗੱਲ ਬਿਲਕੁਲ ਫੈਲਣੀ ਨਹੀਂ ਚਾਹੀਦੀ। ਕਿਉਂਕਿ ਫੇਰ ਆਮ ਲੋਕ ਇਸ ਬਾਲਕ ਨਾਲ ਨਫ਼ਰਤ ਕਰਨ ਲੱਗ ਜਾਣਗੇ। ਨਿਸ਼ਕਾਮ ਕੀਤੀ ਹੋਈ ਸੇਵਾ ਵਿਚ ਵਿਘਨ ਪੈ ਜਾਏਗਾ।

ਬੀਬੀ ਸਾਹਿਬ ਕੌਰ ਜੀ ਨੇ ਮੁੜ ਚਰਨੀਂ ਹੱਥ ਲਾਉਂਦਿਆਂ ਆਖਿਆ, ਬਾਬਾ ਜੀ ਮੈਂ ਇਸ ਬਾਲਕ ਨੂੰ ਆਪਣੇ ਪੇਕੇ ਪਿੰਡ ਬਪੀਆਣੇ ਲੈ ਜਾਂਦੀ ਹਾਂ। ਉਥੇ ਕੂਕਿਆਂ ਦੇ ਬਹੁਤ ਸਾਰੇ ਘਰ ਹਨ। ਉਥੇ ਕਿਸੇ ਨੂੰ ਪੁੱਛਣ ਦਾ ਮੌਕਾ ਹੀ ਨਹੀਂ ਮਿਲਣਾ। ਆਪ ਮੇਰਾ ਸਹਾਰਾ ਬਣੇ ਰਹੋ। ਮੈਂ ਆਪਣੀ ਚੁੰਨੀ ਨੂੰ ਗੰਢ ਦੇ ਲਈ ਹੈ। ਮੈਂ ਆਪਣੇ ਚਰਨਾਂ ਵਿਚ ਪ੍ਰਣ ਕਰਦੀ ਹਾਂ ਕਿ ਮੈਂ ਕਿਸੇ ਨੂੰ ਨਹੀਂ ਦੱਸਾਂਗੀ। ਮੈਂ ਆਪਣੀ ਮਾਂ ਦਾ ਪਿਆਰ ਨਹੀਂ ਮਾਣਿਆ। ਇਸ ਵਿਚੋਂ ਮਾਂ ਦਾ ਪਿਆਰ ਲੱਭਾਂਗੀ। ਮਾਵਾਂ ਪੁੱਤਰਾਂ ਨਾਲ ਕਿਵੇਂ ਪਿਆਰ ਕਰਦੀਆਂ ਹਨ। ਮੈਂ ਆਪ ਜੀ ਦੀ ਕਿਰਪਾ ਨਾਲ ਮਾਂ ਦਾ ਪਿਆਰ ਦੇਵਾਂਗੀ ਵੀ। ਸਮਝਦੀ ਹਾਂ ਮਾਂ ਦੇ ਪਿਆਰ ਤੋਂ ਬਗੈਰ ਬੱਚਾ ਸਿਆਣਾ ਨਹੀਂ ਹੁੰਦਾ। ਮਾਂ ਦਾ ਪਿਆਰ ਬੱਚੇ ਨੂੰ ਦੇਸ਼ ਭਗਤ ਬਣਾ ਦਿੰਦਾ ਹੈ। ਮਾਂ ਦੀ ਸਿਖਿਆ ਮਹਾਨ ਸਿਖਿਆ ਹੁੰਦੀ ਹੈ। ਇਹ ਕਹਾਣੀ ਮੇਰੇ ਦਾਦੀ ਜੀ ਮੈਨੂੰ ਸੁਣਾਂਦੇ ਹੁੰਦੇ ਸੀ। ਆਪ ਦੀ ਕਿਰਪਾ ਨਾਲ ਮੈਂ ਆਪਣੀ ਦਾਦੀ ਜੀ ਦੀ ਸਿਖਿਆ ਯਾਦ ਰੱਖਦੀ ਹਾਂ।

ਮੈਂ ਇਸ ਬਾਲਕ ਦਾ ਨਾਮ ਵੀ ਜੰਗੂ ਰੱਖਾਂਗੀ। ਕਿਉਂਕਿ ਇਹ ਆਪ ਨੂੰ ਜੰਗਲ ਵਿਚੋਂ ਮਿਲਿਆ ਹੈ। ਜੰਗੂ ਨਾਮ ਸਦਦੀ ਨੂੰ ਮੈਨੂੰ ਆਪ ਦੇ ਚਰਨਾਂ ਵਿਚ ਕੀਤਾ ਪ੍ਰਣ ਯਾਦ ਰਹੇਗਾ।

ਮੈਂ ਸਵੇਰੇ ਹੀ ਪੋਹ ਫੁਟਦੀ ਨਾਲ ਪੇਕੇ ਪਿੰਡ ਬਪੀਆਣੇ ਨੂੰ ਚਲੀ ਜਾਂਦੀ ਹਾਂ। ਛੇ-ਸੱਤ ਮਹੀਨੇ ਉਥੇ ਰਹਿ ਆਵਾਂਗੀ। ਸ੍ਰ: ਕਿਸ਼ਨ ਸਿੰਘ ਜੀ ਨੇ ਯਕੀਨ ਦਵਾਦਿਆਂ ਆਖਿਆ ਜੀ ਮੈਂ ਇਸ ਨੂੰ ਸਵੇਰੇ ਹੀ ਪਿੰਡ ਬਪੀਆਣੇ ਛੱਡ ਆਵਾਂਗਾ। ਆਪ ਕੋਈ ਫਿਕਰ ਨਾ ਕਰੋ। ਰਾਤ ਕੱਟਕੇ ਸਵੇਰੇ ਹੀ ਪਤੀ ਪਤਨੀ ਪਿੰਡ ਬਪੀਆਣੇ ਪਹੁੰਚ ਗਏ ਸਨ।

ਸ੍ਰ: ਗੁਰਦਿੱਤ ਸਿੰਘ ਜੀ ਕੂਕਾ ਲਹਿਰ ਦੇ ਸਰਗਰਮ ਮੈਂਬਰ ਸਨ। ਇਹਨਾਂ ਦੀ ਜ਼ਮੀਨ ਸਰਕਾਰ ਨੇ ਕੁਰਕ ਕਰ ਲਈ ਸੀ। ਬਹੁਤ ਉੱਘੇ ਇਨਕਲਾਬੀ ਸਨ। ਗੁਰੂਆਂ ਦੀ ਚਲਾਈ ਹੋਈ ਸਾਂਝੀਵਾਲਤਾ ਦੀ ਲਹਿਰ ਨੂੰ ਅੱਗੇ ਤੋਰਨਾ ਚਾਹੁੰਦੇ ਸਨ। ਅਜ਼ਾਦੀ ਸੰਗਰਾਮ ਵਿਚ ਆਪਣਾ

Sri Satguru Jagjit Singh Ji Elibrary NamdhariElibrary@gmail.com

ਕੀਮਤੀ ਯੋਗਦਾਨ ਨਿਸ਼ਕਾਮ ਸੇਵਾ ਸਮਝ ਕੇ ਪਾ ਰਹੇ ਸਨ। ਕੂਕਾ ਲਹਿਰ ਦਾ ਮੈਂਬਰ ਬਨਣ ਤੋਂ ਪਹਿਲਾਂ ਤਿਆਗ ਕਰਨ ਬਾਰੇ ਪ੍ਰਣ ਕੀਤਾ ਸੀ। ਸੰਗਤ ਤੇ ਪੰਗਤ ਨੂੰ ਆਪਣਾ ਪ੍ਰੀਵਾਰ ਸਮਝਦੇ ਸਨ। ਸ੍ਰ: ਗੁਰਦਿੱਤ ਸਿੰਘ ਜੀ ਤੀਸਰੇ ਦਿਨ ਪਿੰਡ ਥਰਾਜ ਪਹੁੰਚ ਗਏ ਸਨ।

ਉਧਰੋਂ ਮਾਤਾ ਹੁਕਮੀ ਨੇ ਬਹਾਦਰਾ ਵਾਂਗੂੰ ਆਪਣਾ ਮੋਰਚਾ ਜਿੱਤ ਕੇ ਦੁਸ਼ਮਣਾਂ ਦੇ ਅੱਖੀਂ ਘੱਟਾ ਪਾ ਕੇ ਛੇ ਵਜੇ ਰੋਣਾ ਧੋਣਾ ਸ਼ੁਰੂ ਕਰ ਦਿੱਤਾ। ਪੁਲੀਸ ਅਤੇ ਪਹਿਰੇਦਾਰ ਜਾਗ ਉਠੇ। ਸਿਪਾਹੀ ਬਿਟਰ-ਬਿਟਰ ਤੱਕ ਰਹੇ। ਸਿਪਾਹੀਆਂ ਨੇ ਹਵਾਲਦਾਰ ਨੂੰ ਜਗਾਇਆ। ਹਵਾਲਦਾਰ ਨੇ ਥਾਣੇਦਾਰ ਨੂੰ ਜਗਾਇਆ। ਇਹ ਸਾਰੇ ਪੁਲੀਸ ਵਾਲੇ ਮੁਸਲਮਾਨ ਬਰਾਦਰੀ ਵਿਚੋਂ ਭਰਤੀ ਹੋਏ ਸਨ।

ਥਾਣੇਦਾਰ ਨੇ ਸ੍ਰ: ਹਰਨਾਮ ਸਿੰਘ ਜੀ ਸੈਦੋ ਨੂੰ ਅਵਾਜ਼ ਮਾਰਕੇ ਬੀਬੀ ਹੁਕਮੀ ਦੇ ਰੋਣ ਦਾ ਕਾਰਨ ਪੁਛਿਆ ਤੇ ਆਖਿਆ ਮਾਤਾ ਜੀ ਕਿਉਂ ਰੋਂਦੇ ਹਨ ? ਘਬਰਾਏ ਹੋਏ ਥਾਣੇਦਾਰ ਨੂੰ ਕੋਈ ਗੱਲ ਨਹੀਂ ਸੀ ਔੜਦੀ। ਮਿੰਟ-ਮਿੰਟ ਤੋਂ ਕਾਹਲਾ ਪੈ ਰਿਹਾ ਸੀ। ਘਬਰਾਉਂਦਾ ਹੋਇਆ ਕੰਬ ਵੀ ਰਿਹਾ ਸੀ।

ਸ੍ਰ: ਹਰਨਾਮ ਸਿੰਘ ਜੀ ਸੈਦੋ ਨੇ ਬੜੇ ਧੀਰਜ ਨਾਲ ਆਖਿਆ ਖ਼ਾਨ ਸਾਹਿਬ ਬੀਬੀ ਹੁਕਮੀ ਤਾਂ ਰੋ ਰਹੀ ਹੈ ਕਿ ਬੀਬੀ ਫਤਹਿ ਕੌਰ ਦੇ ਕਾਕਾ ਹੁਣੇ ਹੋਇਆ ਸੀ। ਜਨਮ ਲੈਂਦਿਆਂ ਹੀ ਮਰ ਗਿਆ ਹੈ। ਥਾਣੇਦਾਰ ਬਹੁਤ ਡਰਿਆ ਅਤੇ ਹੈਰਾਨ ਵੀ ਹੋਇਆ। ਸ੍ਰ: ਹਰਨਾਮ ਸਿੰਘ ਜੀ ਅਕਾਲ ਪੁਰਖ ਦੀ ਰਜ਼ਾ ਆਖਦਾ ਹੋਇਆ ਬੱਚੇ ਨੂੰ ਉਸੇ ਤਰ੍ਹਾਂ ਹੱਥਾਂ ਉੱਤੇ ਚੁੱਕ ਕੇ ਬਾਹਰ ਲੈ ਆਇਆ ਸੀ। ਥਾਣੇਦਾਰ ਅਲੂਣਾ ਬੱਚਾ ਵੇਖਕੇ ਬੜਾ ਹੈਰਾਨ ਹੋਇਆ। ਬ੍ਰਾਹਮਣਾਂ ਨੂੰ ਗਾਲ੍ਹਾਂ ਕੱਢਦੇ ਨੇ ਆਖਿਆ ਇਹ ਸਾਲੇ ਬ੍ਰਾਹਮਣ ਲੋਕ ਹੀ ਸਮਾਜ ਵਿਚ ਤਰ੍ਹਾਂ-ਤਰ੍ਹਾਂ ਦੇ ਪਸ਼ਾਦ ਖੜੇ ਰੱਖਦੇ ਹਨ। ਅਤੇ ਫਸਾਦ ਕਰਵਾਂਦੇ ਹਨ। ਇਹਨਾਂ ਨੇ ਹਿੰਦੋਸਤਾਨ ਦੇ ਮਨੁੱਖ ਅਰਾਮ ਨਾਲ ਵੱਸਣ ਨਹੀਂ ਦੇਣੇ। ਗੁਰੂ ਨਾਨਕ ਤੋਂ ਲੈ ਕੇ ਨਵੀਂ ਸੋਚ ਨਾਲ ਈਰਖਾ ਰੱਖਦੇ ਹਨ। ਇਹਨਾਂ ਭੜੂਆਂ ਨੇ ਸੰਸਕ੍ਰਿਤ ਇਲਮ ਤੇ ਕਬਜ਼ਾ ਕਰਕੇ ਹਿੰਦੋਸਤਾਨ ਦੇ ਮਨੁੱਖ ਨੂੰ ਮੂਰਖ ਬਣਾ ਦਿੱਤਾ।

ਸ੍ਰ: ਹਰਨਾਮ ਸਿੰਘ ਜੀ ਨੇ ਹੁੰਗਾਰਾ ਭਰਦਿਆਂ ਆਖਿਆ ਖ਼ਾਨ ਸਾਹਿਬ ਬ੍ਰਾਹਮਣਾਂ ਨੇ ਤਾਂ ਹਿੰਦੋਸਤਾਨ ਨੂੰ ਵਿਦੇਸ਼ੀਆਂ ਦੇ ਗੁਲਾਮ ਬਣਾ ਰਖਿਆ ਹੈ। ਹਿੰਦੋਸਤਾਨ ਨੂੰ ਤਾਂ ਸੋਨੇ ਦੀ ਚਿੜੀਆ ਦਾ ਖ਼ਿਤਾਬ ਮਿਲਿਆ ਹੋਇਆ ਸੀ। ਵਿਦੇਸ਼ੀਆਂ ਨੇ ਤਾਂ ਹਿੰਦੋਸਤਾਨ ਵਿਚ ਕੌਡੀ ਨਹੀਂ ਰਹਿਣ ਦਿੱਤੀ। ਬ੍ਰਾਹਮਣਾਂ ਦੇ ਵੀ ਨਾਲ ਭੁਗੇ ਉਜੜੇ ਸਨ।

ਥਾਣੇਦਾਰ ਹੁੰਗਾਰਾ ਭਰਦਾ ਨੀਵੀਂ ਪਾ ਗਿਆ ਸੀ। ਜਿਵੇਂ ਸਮਝਦਾ ਹੋਵੇ ਮੈਂ ਵੀ ਆਪਣੀ ਰੋਟੀ ਵਾਸਤੇ ਅੰਗਰੇਜ਼ ਸਰਕਾਰ ਦਾ ਹੁਕਮ ਮੰਨਦਾ ਹਾਂ। ਦੇਸ਼ ਵਾਸੀਆਂ ਤੇ ਕਈ ਤਰ੍ਹਾਂ ਦਾ ਮਦਦ ਕਰਦਾ ਹਾਂ। ਆਪਣੇ ਬੱਚਿਆਂ ਦੀ ਰੋਟੀ ਦਾ ਗੁਲਾਮ ਬਣਕੇ ਦੇਸ਼ ਭਗਤਾਂ ਤੇ ਕਈ ਤਰ੍ਹਾਂ ਦਾ ਜਬਰ ਕਰਨਾ ਪੈਂਦਾ ਹੈ। ਮੈਨੂੰ ਵੀ ਖ਼ੁਦਾ ਨੇ ਦੋਜ਼ਕਾਂ ਵਿਚ ਸੁੱਟਣਾ ਹੈ। ਮੈਂ ਜਿਹੋ ਜਿਹਾ ਬੀਜ ਰਿਹਾ ਹਾਂ, ਉਹੋ ਜਿਹਾ ਹੀ ਵੱਢਣਾ ਹੈ। ਮੈਂ ਕਿਹੜਾ ਬ੍ਰਾਹਮਣਾਂ ਨਾਲੋਂ ਘੱਟ ਹਾਂ। ਮੈਂ ਵੀ ਕੋਈ ਚੰਗਾ ਕੰਮ ਨਹੀਂ ਕਰਦਾ। ਥਾਣੇਦਾਰ ਦੇ ਅੰਦਰੋਂ ਲੰਮੇਰਾ ਹਉਕਾ ਨਿਕਲ ਗਿਆ।

ਬੀਬੀ ਹੁਕਮੀ ਦੀ ਰੋਣ ਦੀ ਅਵਾਜ਼ ਥਾਣੇਦਾਰ ਦੇ ਮਨ ਉੱਤੇ ਡੂੰਘਾ ਅਸਰ ਕਰ ਰਹੀ

ਸੀ। ਆਪਣਿਆਂ ਬੱਚਿਆਂ ਦੀ ਮਮਤਾ ਵਿਚ ਝੁਕ ਰਿਹਾ ਸੀ। ਆਪਣਾ ਮਨ ਕਰੜਾ ਕਰਕੇ ਬੋਲਿਆ, ਬੀਬੀ ਜੀ ਆਪ ਰੋਵੋ ਨਾ ਛੋਟੇ ਬੀਬੀ ਜੀ ਨੂੰ ਧੀਰਜ ਦਿਓ। ਉਹ ਉਹਨਾਂ ਦਾ ਪਹਿਲਾਂ ਬੱਚਾ ਸੀ। ਉਹ ਖ਼ੁਦਾ ਨੂੰ ਚੰਗਾ ਨਹੀਂ ਲੱਗਿਆ। ਆਪਣੇ ਅੰਦਰੋਂ ਖ਼ੁਦਾ ਤੋਂ ਡਰਦੇ ਨੇ ਆਖਿਆ, ਐ ਖੁਦਾ ਤੂੰ ਚੰਗਾ ਹੀ ਕੀਤਾ ਹੈ। ਮੈਥੋਂ ਹੋਰ ਪਾਪ ਨਹੀਂ ਕਰਾਇਆ। ਅੱਲਾ ਤੇਰਾ ਲੱਖ-ਲੱਖ ਸ਼ੁਕਰ ਹੈ।

ਥਾਣੇਦਾਰ ਨੇ ਬੜੀ ਹਲੀਮੀ ਨਾਲ ਆਖਦਿਆਂ, ਸ੍ਰ: ਜੀ ਆਪ ਨੇ ਬੱਚੇ ਨੂੰ ਅਗਨੀ ਵਿਚ ਸਸਕਾਰ ਕਰਨਾ ਹੈ ਜਾਂ ਦਫ਼ਨਾਉਣਾ ਹੈ।

ਸ੍ਰ: ਹਰੀ ਸਿੰਘ ਮਾਈਸਰਖਾਨੇ ਨੇ ਆਖਿਆ ਖ਼ਾਨ ਸਾਹਿਬ ਜੀ ਅਸੀਂ ਦਫਨਾਂਦੇ ਨਹੀਂ ਹਾਂ ਸਸਕਾਰ ਕਰਾਂਗੇ। ਇਹ ਸਾਡੀ ਸਿੱਖ ਰਸਮ ਹੈ। ਫਿਰ ਆਖਿਆ ਸ੍ਰ: ਜੀ ਬੀਬੀ ਤੋਂ ਵੀ ਪੁੱਛ ਲਵੋ। ਬੀਬੀ ਹੁਕਮੀ ਨੇ ਆਖਿਆ ਅਸੀਂ ਸਸਕਾਰ ਹੀ ਕਰਾਂਗੇ। ਥਾਣੇਦਾਰ ਨੇ ਬੜੀ ਹਲੀਮੀ ਨਾਲ ਆਖਿਆ ਬੀਬੀ ਜੀ ਖ਼ੁਦਾ ਰਹਿਮ ਕਰੇ ਖੁਸੀਂ ਸਸਕਾਰ ਕਰ ਦਿਓ। ਸਸਕਾਰ ਤੋਂ ਬਾਅਦ ਮਾਸੂਮ ਹੱਡੀਆਂ ਇਕੱਠੀਆਂ ਕਰਕੇ ਲੈ ਆਉਣੀਆਂ। ਉਹ ਹੱਡੀਆਂ ਸਰਕਾਰ ਨੂੰ ਡਾਕਟਰੀ ਵਾਸਤੇ ਉੱਪਰ ਭੇਜਣੀਆਂ ਜ਼ਰੂਰੀ ਹਨ। ਆਪੇ ਇਸ ਕੇਸ ਦਾ ਫੈਸਲਾ ਹੁੰਦਾ ਰਹੇਗਾ।

ਸ੍ਰ: ਹਰਨਾਮ ਸਿੰਘ ਜੀ ਨੇ ਸ੍ਰ: ਹਰੀ ਸਿੰਘ ਜੀ ਨੇ ਰਲਕੇ ਆਖਿਆ ਸੱਤ ਬਚਨ ਖ਼ਾਨ ਸਾਹਿਬ ਜਿਵੇਂ ਆਖਦੇ ਹੋ ਉਸੇ ਤਰ੍ਹਾਂ ਹੀ ਕਰ ਲੈਂਦੇ ਹਾਂ। ਸਿਵਿਆਂ ਵਿਚ ਜਾ ਕੇ ਸਸਕਾਰ ਕਰ ਦਿੱਤਾ। ਸਾਰੇ ਅੰਗਾਂ ਦੀਆਂ ਹੱਡੀਆਂ ਇਕ ਗੁਥਲੀ ਵਿਚ ਪਾ ਕੇ ਸੀਲ ਬੰਦ ਕਰਕੇ ਉੱਪਰ ਮੋਹਰ ਲਾ ਦਿੱਤੀ ਗਈ। ਹੌਲਦਾਰ ਤੇ ਸਿਪਾਹੀ ਨੂੰ ਹੱਡੀਆਂ ਦੇ ਕੇ ਲੁਧਿਆਣੇ ਨੂੰ ਤੋਰ ਦਿੱਤਾ ਗਿਆ ਸੀ।

ਇਹ ਵੀ ਲਿਖ ਦਿੱਤਾ ਸੀ ਮੈਂ ਸਰਕਾਰ ਦਾ ਹੁਕਮ ਮੰਨਦਾ ਹੋਇਆ ਮੁਰਜਮ ਨਾਲ ਅੱਗੇ ਰਿਹਾ ਹਾਂ। ਉਥੇ ਜਾ ਕੇ ਸਰਕਾਰ ਨੂੰ ਰੀਪੋਟ ਕਰਾਂਗਾ। ਮੁਰਜਮ ਦਾ ਪਿਤਾ ਠੀਕ ਬੀਮਾਰ ਸੀ। ਮੈਂ ਮੁਰਜਮ ਨੂੰ ਛੱਡਕੇ ਨਹੀਂ ਆ ਸਕਦਾ। ਸਰਕਾਰ ਦੇ ਹੁਕਮ ਅਨੁਸਾਰ ਅੱਗੇ ਨਿਗਰਾਨੀ ਕਰਾਂਗਾ। ਅਜੇ ਇਕ ਮੰਜ਼ਲ ਪਿੰਡ ਬਰਾਜ ਜਾਣ ਵਾਸਤੇ ਬਾਕੀ ਰਹਿੰਦੀ ਹੈ।

ਬਾਬਾ ਖੁਸ਼ਹਾਲ ਸਿੰਘ ਜੀ ਸੂਬਾ ਇਕ ਦਿਨ ਪਹਿਲਾਂ ਅਕਾਲ ਚਲਾਣਾ ਕਰ ਗਏ ਸਨ। ਮਾਤਾ ਜੀਵਨ ਕੌਰ ਤਾਂ ਪਹਿਲਾਂ ਹੀ ਪਿੰਡ ਬਰਾਜ ਪਹੁੰਚ ਹੋਏ ਸਨ। ਸੰਸਕਾਰ ਹੋ ਚੁੱਕਿਆ ਸੀ। ਫੁੱਲ ਅਜੇ ਚੁਗਣ ਵਾਲੇ ਸਨ। ਬ੍ਰਾਹਮਣ ਦੋਖੀਆਂ ਦੇ ਕਾਰਨ ਮਾਤਾ ਫਤਹਿ ਕੌਰ ਜੀ ਆਪਣੇ ਪਿਤਾ ਜੀ ਦੇ ਅੰਤਿਮ ਸਸਕਾਰ ਵੇਲੇ ਦਰਸ਼ਨ ਨਾ ਕਰ ਸਕੇ। ਬਹੁਤ ਤੇਜ਼ੀ ਨਾਲ ਸਫਰ ਕੀਤਾ ਸੀ। ਗੁਲਾਮ ਦੇਸ਼ ਦੇ ਲੋਕ ਆਪਣੀ ਮਰਜ਼ੀ ਮੁਤਾਬਿਕ ਸਫਲ ਨਹੀਂ ਹੁੰਦੇ।

ਮਾਤਾ ਫਤਹਿ ਕੌਰ ਨੇ ਮਮਤਾ ਦੇ ਵੈਰਾਗ ਵਿਚ ਆ ਕੇ ਬਹੁਤ ਵੈਰਾਗ ਕੀਤਾ। ਅੰਤਿਮ ਭੋਗ ਦੀ ਅਰਦਾਸ ਹੋਣ ਤੋਂ ਬਾਅਦ ਸ੍ਰੀ ਭੈਣੀ ਸਾਹਿਬ ਆ ਗਏ ਸਨ। ਸ੍ਰ: ਹਰਨਾਮ ਸਿੰਘ ਜੀ ਸੈਦੋ ਨੇ ਮਾਤਾ ਫਤਹਿ ਕੌਰ ਨੂੰ ਅਤੇ ਮਾਤਾ ਹੁਕਮੀ ਨੂੰ ਸਾਰੀ ਵਾਰਤਾ ਸੁਨਾਣ ਤੋਂ ਬਾਅਦ ਸਾਰਿਆਂ ਵਿਚ ਖੁਸ਼ੀ ਤਾਂ ਟਿਮਟਿਮਾਈ ਪਰ ਮਾਤਾ ਫਤਹਿ ਕੌਰ ਦੀਆਂ ਆਂਦਰਾਂ ਤੜਫਦੀਆਂ ਹੀ ਰਹੀਆਂ। ਮਾਂ ਦੀ ਮਮਤਾ ਦੇ ਦਰਿਆ ਅੱਗੇ ਕੋਈ ਬੰਨ੍ਹ ਨਹੀਂ ਸੀ ਲੱਗਦਾ। ਆਪਣੀ ਮਮਤਾ ਦੀ ਅੱਗ

ਬੁਝਾਉਣ ਵਾਸਤੇ ਬੇਅੰਤ ਉਪਰਾਲੇ ਘੜਦੇ ਰਹੇ ਸਨ। ਮਾਤਾ ਫਤਹਿ ਕੌਰ ਜੀ ਹੁਕਮ ਦੇ ਕਾਰਨ ਕਿਸੇ ਨਤੀਜੇ ਤੇ ਪਹੁੰਚ ਨਾ ਸਕੇ। ਅਖ਼ੀਰ ਆਪਣੀਆਂ ਆਂਦਰਾਂ ਦੀ ਅੱਗ ਨੂੰ ਇਕ ਗੰਢੜੀ ਵਿਚ ਬੰਨਕੇ ਭੋਗ ਦੀ ਅੰਤਿਮ ਅਰਦਾਸ ਤੋਂ ਬਾਅਦ ਸ੍ਰੀ ਭੈਣੀ ਸਾਹਿਬ ਜੀ ਪਹੁੰਚ ਗਏ ਸਨ।

ਸਰਕਾਰ ਤੇ ਬ੍ਰਾਹਮਣਾਂ ਨੂੰ ਆਪਣੀ ਕਾਮਯਾਬੀ ਨਾ ਹੁੰਦੀ ਵੇਖਕੇ ਬਹੁਤ ਅਫਸੋਸ ਹੋਇਆ ਸੀ। ਥਾਣੇਦਾਰ ਨੂੰ ਬਹੁਤ ਸਾਰੇ ਅੰਗਰੇਜ਼ ਅਫਸਰਾਂ ਅੱਗੇ ਵਾਰੀ-ਵਾਰੀ ਬਿਆਨ ਦੇਣੇ ਪੈ ਰਹੇ ਸਨ। ਜਦੋਂ ਖਹਿੜਾ ਨਾ ਛੁਟਦਾ ਵੇਖਿਆ ਬੀਮਾਰੀ ਦਾ ਬਹਾਨਾ ਲਗਾਕੇ ਲੰਬੀ ਛੁੱਟੀ ਲੈ ਕੇ ਆਪਣਿਆਂ ਬੱਚਿਆਂ ਕੋਲ ਪਿੰਡ ਆ ਗਿਆ ਸੀ। ਥਾਣੇਦਾਰ ਐਨਾ ਡਰਿਆ ਕਿ ਕਈ ਮਹੀਨੇ ਆਪਣੀ ਡਿਊਟੀ ਤੇ ਹਾਜ਼ਰ ਨਾ ਹੋਇਆ। ਸਰੀਰ ਵਿਚ ਹਾਜ਼ਰ ਹੋਣ ਦੀ ਹਿੰਮਤ ਨਾ ਰਹੀ। ਅਖ਼ੀਰ ਬੱਚਿਆਂ ਨਾਲ ਪਿਆਰ ਕਰਦਾ ਹੋਇਆ ਠੀਕ ਹੋ ਗਿਆ।

ਮਾਤਾ ਫਤਹਿ ਕੌਰ ਜੀ ਮਾਨਸਿਕ ਬੀਮਾਰ ਰਹਿਣ ਲੱਗ ਗਏ ਸੀ। ਮਮਤਾ ਦੀ ਅੱਗ ਖ਼ੂਨ ਨੂੰ ਉਬਾਲੇ ਦੇ ਰਹੀ ਸੀ। ਹਰ ਵੇਲੇ ਆਪਣੇ ਆਪ ਨੂੰ ਮਾਂ ਬਨਣ ਦੀ ਬਜਾਏ ਇਕ ਦੁਖਿਆਰੀ ਬਣ ਗਈ ਸੀ। ਇਹਨਾਂ ਦਿਨਾਂ ਵਿਚ ਹੀ ਏਨਾ ਬੁਖ਼ਾਰ ਚੜ੍ਹਿਆ ਕੰਨਾਂ ਤੋਂ ਬੋਲੇ ਹੋ ਗਏ ਸੀ। ਆਮ ਗੱਲਾਂ ਸੁਣਨੀਆਂ ਮੁਸ਼ਕਿਲ ਹੋ ਗਈਆਂ ਸਨ। ਅਖ਼ੀਰ ਮਾਤਾ ਜੀ ਨੇ ਕੂਕਾ ਲਹਿਰ ਨੂੰ ਆਪਣੇ ਜੀਵਨ ਦਾ ਸਹਾਰਾ ਬਣਾ ਲਿਆ ਸੀ। ਸੰਗਤ ਤੇ ਪੰਗਤ ਦੀ ਰਾਤ ਦਿਨ ਸੇਵਾ ਕਰਨ ਵਿਚ ਰੁਝ ਗਏ ਸਨ। ਆਪਣੇ ਪੁੱਤਰ ਨੂੰ ਮਿਲਣ ਦੇ ਬਹਾਨੇ ਕਦੇ-ਕਦੇ ਕੋਟ ਧਰਮੂ ਇਕ ਦੋ ਦਿਨ ਲਾ ਜਾਂਦੇ ਸਨ। ਪੁੱਤਰ ਨੂੰ ਮਿਲਣ ਖ਼ਾਤਰ ਕਈ ਆਨੇ ਬਹਾਨੇ ਲਾਉਣੇ ਪੈਂਦੇ ਸਨ।

ਸੂ: ਹਰਨਾਮ ਸਿੰਘ ਜੀ ਸੋਢੀ ਜਾਂ ਸੂ: ਗੁਰਦਿੱਤ ਸਿੰਘ ਜੀ ਕੋਟ ਧਰਮੂ ਆਪਣੇ ਪੁੱਤਰਾਂ ਵਾਂਗੂੰ ਉਂਗਲ ਲਾਕੇ ਸ੍ਰੀ ਭੈਣੀ ਸਾਹਿਬ ਲੈ ਆਉਂਦੇ ਸਨ। ਥੋੜੇ ਦਿਨ ਸ੍ਰੀ ਭੈਣੀ ਸਾਹਿਬ ਰਹਿਕੇ ਮੁੜ ਕੋਟ ਧਰਮੂ ਪਿੰਡ ਆ ਜਾਂਦੇ ਸਨ। ਮਾਤਾ ਫਤਹਿ ਕੌਰ ਜੀ ਨੂੰ ਮਾਂ ਜ਼ਰੂਰ ਸਮਝਦੇ ਸੀ। ਪਰ ਸੇਵਾ ਕਰਨ ਮਾਤਾ ਸਾਹਿਬ ਕੌਰ ਨੂੰ ਹੀ ਆਪਣੀ ਅਸਲੀ ਮਾਤਾ ਸਮਝਦੇ ਸੀ। ਮਾਤਾ ਸਾਹਿਬ ਕੌਰ ਨੂੰ ਮਾਂ ਦਾ ਪੂਰਾ ਪਿਆਰ ਮਿਲਦਾ ਰਿਹਾ ਸੀ। ਬਾਬਾ ਜੰਗ ਸਿੰਘ ਜੀ ਸਾਹਿਬ ਵੀ ਮਾਤਾ ਸਾਹਿਬ ਕੌਰ ਨੂੰ ਬਹੁਤ ਪਿਆਰ ਕਰਦੇ ਸਨ। ਦਿਨ ਬੀਤਦੇ ਗਏ ਬਾਬਾ ਜੰਗ ਸਿੰਘ ਜੀ ਆਪਣੀ ਜੁਆਨ ਅਵਸਥਾ ਅਤੇ ਨੌਜੁਵਾਨੀ ਵੱਲ ਵੱਧਦੇ ਗਏ ਸੀ। ਬਾਬਾ ਜੰਗ ਸਿੰਘ ਜੀ ਸਾਹਿਬ ਨੂੰ ਬਚਪਨ ਸਮੇਂ ਸੂ: ਗੁਰਦਿੱਤ ਸਿੰਘ ਜੀ ਸੂ: ਕਿਸ਼ਨ ਸਿੰਘ ਜੀ, ਬੀਬੀ ਸਾਹਿਬ ਕੌਰ ਜੀ ਕੂਕਾ ਲਹਿਰ ਨਾਲ ਜੋੜਨ ਵਾਸਤੇ ਗੁਰੂ ਨਾਨਕ ਸਾਹਿਬ ਦੀ ਅਤੇ ਗੁਰੂ ਗੋਬਿੰਦ ਸਿੰਘ ਜੀ ਸਾਹਿਬ ਦੀ ਚਲਾਈ ਹੋਈ ਮਨੁੱਖੀ ਬਰਾਬਰਤਾ ਦੀ ਸਾਂਝੀਵਾਲਤਾ ਦੀ ਲਹਿਰ ਬਾਰੇ ਨਿਸ਼ਕਾਮ ਸੇਵਾ ਕਰਨ ਦੀ ਪ੍ਰੇਰਨਾ ਵੀ ਕਰਦੇ ਰਹੇ ਸਨ। ਗੁਰੂਆਂ ਦੀ ਚਲਾਈ ਹੋਈ ਕੂਕਾ ਲਹਿਰ ਨਾਲ ਇਕਮਿਕ ਹੁੰਦੇ ਜਾ ਰਹੇ ਸਨ। ਆਜ਼ਾਦੀ ਸੰਗਰਾਮ ਵੱਲ ਵੱਧਣਾ ਇਕ ਕੁਦਰਤੀ ਸਿਪਰਟ ਬਾਬਾ ਜੀ ਆਪ ਵੀ ਆਪਣੇ ਸੰਗੀ ਸਾਥੀਆਂ ਵਿਚ ਕਾਇਮ ਕਰ ਰਹੇ ਸਨ। ਸੰਗੀ ਸਾਥੀਆਂ ਵਿਚ ਮਨੁੱਖੀ ਬਰਾਬਰਤਾ ਬਾਰੇ ਪ੍ਰਚਾਰ ਵੀ ਕਰਦੇ ਸਨ।

ਬਾਬਾ ਜੰਗ ਸਿੰਘ ਜੀ ਸਾਹਿਬ ਦਾ ਪਹਿਲਾ ਆਜ਼ਾਦ ਸੰਗਰਾਮ 22 ਸਾਲ ਦੀ ਉਮਰ

ਵਿਚ 1909 ਈ: ਸ਼ੁਰ ਕੀਤਾ ਸੀ। ਜਦੋਂ ਲਾਲਾ ਲਾਜਪਤ ਰਾਏ ਨੂੰ ਕਾਲੇ ਪਾਣੀਆਂ ਦੀ ਸਜ਼ਾ ਸੁਣਾਈ। ਸ੍ਰ: ਅਜੀਤ ਸਿੰਘ ਨੇ (ਪਗੜੀ ਸੰਭਾਲ ਓਏ ਜੱਟਾ) ਦਾ ਨਾਅਰਾ ਲਗਾਇਆ।

ਪੰਜਾਬੀ ਕੌਮ ਵਿਚ ਅੰਗਰੇਜ਼ ਸਰਕਾਰ ਦੇ ਖਿਲਾਫ਼ ਇਨਕਲਾਬ ਦਾ ਮਹਾਨ ਲਾਵਾ ਫੁਟਿਆ। ਪੰਜਾਬੀ ਲੋਕ ਸਾਂਗੇ ਤਗਲੀਆਂ ਘਰਾਂ ਤੋਂ ਲੈ ਕੇ ਨਿਕਲ ਤੁਰੇ ਸਨ। ਬਾਬਾ ਜੰਗ ਸਿੰਘ ਜੀ ਕੂਕਾ ਲਹਿਰ ਦੇ ਨਾਅਰੇ ਲਾਉਂਦੇ ਹੋਏ ਕੇਸਰੀ ਝੰਡਾ ਚੁੱਕ ਕੇ ਲਾਹੌਰ ਦੀਆਂ ਅਦਾਲਤਾਂ ਨੂੰ ਘੇਰਾ ਪਾਉਣ ਲਈ ਸਾਥੀਆਂ ਸਮੇਤ ਤੁਰ ਪਏ ਸਨ। ਸਾਰੇ ਸਾਥੀਆਂ ਤੋਂ ਦੋ ਕਦਮ ਅੱਗੇ ਬਾਬਾ ਜੰਗ ਸਿੰਘ ਜੀ ਜਾ ਰਹੇ ਸਨ। ਇਹਨਾਂ ਦੇ ਸਾਥੀ ਹੇਠ ਲਿਖੇ ਨਾਲ ਸਨ :—

1. ਸ੍ਰ: ਗੁਰਦਿਤ ਸਿੰਘ ਜੀ ਕੋਟ ਧਰਮੂ, ਮਾਨਸਾ ਪੰਜਾਬ (ਪੰਜਾਬ)
2. ਸ੍ਰ: ਹਰਨਾਮ ਸਿੰਘ ਜੀ ਸੇਂਦੋ, ਜ਼ਿਲ੍ਹਾ ਫਰੀਦਕੋਟ (ਪੰਜਾਬ)
3. ਸ੍ਰ: ਹਰੀ ਸਿੰਘ ਜੀ ਮਾਈਸਰਖਾਨਾ ਜ਼ਿਲ੍ਹਾ ਬਠਿੰਡਾ, (ਪੰਜਾਬ)
4. ਸ੍ਰ: ਧਰਮ ਸਿੰਘ ਜੀ ਸਾਹੌਰ, ਜ਼ਿਲ੍ਹਾ ਸੰਗਰੂਰ (ਪੰਜਾਬ)
5. ਸ੍ਰ: ਸੁੰਦਰ ਸਿੰਘ ਜੀ ਚਰਕੁਰਿਆਂ ਵਾਲਾ ਜ਼ਿਲ੍ਹਾ ਸੰਗਰੂਰ (ਪੰਜਾਬ)
6. ਸ੍ਰ: ਸੂਬਾ ਸਿੰਘ ਜੀ ਸਾਹੌਰ, ਜ਼ਿਲ੍ਹਾ ਸੰਗਰੂਰ (ਪੰਜਾਬ)
7. ਸ੍ਰ: ਹਰਦਿਤ ਸਿੰਘ ਜੀ ਸ਼ੇਰਪੁਰੀਆ, ਜ਼ਿਲ੍ਹਾ ਸੰਗਰੂਰ (ਪੰਜਾਬ)
8. ਸ੍ਰ: ਵਿਸਾਖਾ ਸਿੰਘ ਜੀ ਸ਼ੇਰਪੁਰੀਆ, ਜ਼ਿਲ੍ਹਾ ਸੰਗਰੂਰ (ਪੰਜਾਬ)
9. ਸ੍ਰ: ਸਾਧੂ ਸਿੰਘ ਜੀ ਛੰਨਾਂ ਵਾਲਾ, ਜ਼ਿਲ੍ਹਾ ਸੰਗਰੂਰ (ਪੰਜਾਬ)
10. ਸ੍ਰ. ਬਿਸ਼ਨ ਸਿੰਘ ਜੀ ਕੋਟ ਧਰਮੂ, ਜ਼ਿਲ੍ਹਾ ਮਾਨਸਾ (ਪੰਜਾਬ)
11. ਸ੍ਰ: ਬੱਗਾ ਸਿੰਘ ਜੀ ਕੋਟਧਰਮੂ, ਜ਼ਿਲ੍ਹਾ ਮਾਨਸਾ (ਪੰਜਾਬ)
12. ਸ੍ਰ: ਧਰਮ ਸਿੰਘ ਜੀ ਫਕਰ ਦਿਆਲ ਸਿੰਘ ਵਾਲਾ ਜ਼ਿਲ੍ਹਾ ਮਾਨਸਾ (ਪੰਜਾਬ)
13. ਸ੍ਰ: ਹਰਨਾਮ ਸਿੰਘ ਜੀ ਚਮਕ ਜ਼ਿਲ੍ਹਾ, ਸੰਗਰੂਰ (ਪੰਜਾਬ)
14. ਸ੍ਰ: ਜੰਗੀਰ ਸਿੰਘ ਜੀ ਜੋਗਾ, ਜ਼ਿਲ੍ਹਾ ਮਾਨਸਾ (ਪੰਜਾਬ)
15. ਚੌਧਰੀ ਬਰਕਤ ਖਾਂ ਜ਼ਿਲ੍ਹਾ, ਮਾਨਸਾ (ਪੰਜਾਬ) ਆਦਿ।

ਇਸ ਤੋਂ ਇਲਾਵਾ ਹੋਰ ਬਹੁਤ ਸਾਰੇ ਸਾਂਗੇ ਤੰਗਲੀਆਂ ਮੋਢਿਆਂ ਤੇ ਰਖਕੇ ਬਾਬਾ ਜੰਗ ਸਿੰਘ ਜੀ ਨਾਲ ਸਾਰਿਆਂ ਤੋਂ ਅਗੇ ਸੱਜੇ ਮੋਢੇ ਉਤੇ ਕੂਕਾ ਲਹਿਰ ਦਾ ਕੇਸਰੀ ਝੰਡਾ ਚੁਕਿਆ ਹੋਇਆ ਸੀ ਤੇ ਨਾਅਰੇ ਲਾ ਰਹੇ ਸਨ (1) ਕੂਕਾ ਲਹਿਰ ਆਖਦਾ ਸੀ ਮਜ਼ਾਰ ਆਏ ਰਹੇ ਸਾਥੀ ਜ਼ਿੰਦਾਬਾਦ ਆਖਦੇ ਸੀ (2) ਹਿੰਦੂ, ਮੁਸਲਿਮ, ਸਿੱਖ, ਈਸਾਈ ਸਾਰੇ ਭਾਈ ਭਾਈ। ਮਾੜੇ ਕੰਮ ਨੂੰ ਕਰੇ ਫਰੰਗੀ ਹਿੰਦੋਸਤਾਨ ਹਮਾਰਾ ਫਰੰਗੀ। ਇਹਨਾਂ ਨਾਅਰਿਆਂ ਨਾਲ ਲਾਹੌਰ ਦੇ ਬਾਜ਼ਾਰ ਗੂੰਜ ਰਹੇ ਸਨ। ਆਵਾਜ਼ਾਂ ਪੱਕੀਆਂ ਕੰਧਾਂ ਨਾਲ ਟਕਰਾ ਕੇ ਬਹੁਤ ਭਿਆਨਕ ਗਰਜ ਪੈਂਦਾ ਅੰਗਰੇਜ਼ ਵਾਸਤੇ ਹੋ ਰਹੀ ਸੀ, ਅੰਗਰੇਜ਼ ਸਰਕਾਰ ਥਰਥਰਾ ਰਹੀ ਸੀ। ਦਿਮਾਗ ਚਕਰਾ ਰਹੇ ਸਨ। ਇਸ ਜਲੂਸ ਨੇ ਅੰਗਰੇਜ਼ ਸਰਕਾਰ ਦੀ ਨੀਂਦ ਹਰਾਮ ਕਰ ਦਿਤੀ ਸੀ। ਇਹ ਪੰਜਾਬੀ ਕੌਮ ਦਾ ਪਹਿਲਾ ਜਲੂਸ ਸੀ। ਅਖੀਰ ਦੇਸ਼ ਭਗਤਾਂ ਦੀਆਂ ਕਾਲੇ ਪਾਣੀਆਂ ਦੀਆਂ ਸਜ਼ਾਵਾਂ ਅੰਗਰੇਜ਼ ਸਰਕਾਰ ਨੂੰ ਵਾਪਸ ਲੈਣੀਆਂ ਪਈਆਂ ਸਨ। ਲਾਲਾ ਲਾਜਪਤ ਰਾਏ ਨੂੰ ਕਾਲੇ ਪਾਣੀਆਂ ਤੋਂ ਲਿਆ ਕੇ ਲਾਹੌਰ ਜੇਲ

ਵਿਚ ਹੀ ਰਖਣਾ ਪਿਆ ਸੀ। ਸ੍ਰ: ਅਜੀਤ ਸਿੰਘ ਨੇ (ਪੱਗੜੀ ਸੰਭਾਲ ਓਏ ਜਟਾ) ਦੇ ਨਾਅਰੇ ਬੁਲੰਦ ਕੀਤੇ ਸਨ।

ਬਾਬਾ ਜੰਗ ਸਿੰਘ ਦੇ ਆਪਣੇ ਛੋਟੇ ਭਰਾਵਾਂ ਨਾਲ ਗੂੜ੍ਹਾ ਭਾਈਚਾਰਾ ਬਣਦਾ ਜਾ ਰਿਹਾ ਸੀ। ਬਾਬਾ ਪ੍ਰਤਾਪ ਸਿੰਘ ਜੀ ਸਾਹਿਬ ਨਾਲ ਬਾਬਾ ਨਿਹਾਲ ਸਿੰਘ ਜੀ ਸਾਹਿਬ, ਸ੍ਰ: ਗੁਰਦਿਆਲ ਸਿੰਘ ਜੀ ਆਪਸ ਵਿਚ ਗੂੜ੍ਹੇ ਸੰਪਰਕ ਜੁੜਦੇ ਜਾ ਰਹੇ ਸਨ। ਕੂਕਾ ਲਹਿਰ ਨੂੰ ਚਾਰ ਭਾਈ ਮਿਲਕੇ ਗਾਈਡ ਕਰ ਰਹੇ ਸਨ। ਕਰਦੇ ਵੀ ਕਿਉਂ ਨਾ ਕੂਕਾ ਲਹਿਰ ਗੁਰੂਆਂ ਦੀ ਚਲਾਈ ਹੋਈ ਮਨੁੱਖੀ ਬਰਾਬਰਤਾ ਦੀ ਲਹਿਰ ਸੀ। ਅਵਾਮੀ ਸੰਗਰਾਮ ਕਰਨ ਦੀ ਰਾਜਨੀਤੀ ਵਿਰਸੇ ਵਿਚੋਂ ਮਿਲੀ ਸੀ।

ਕੂਕਾ ਲਹਿਰ ਦਾ ਦਫਤਰ 1908 ਈ: ਨੂੰ ਸ੍ਰੀ ਭੈਣੀ ਸਾਹਿਬ ਤੋਂ ਲਾਹੌਰ ਚਲਿਆ ਗਿਆ ਸੀ। ਇਹ ਜਲੂਸ ਪਹਿਲਾ ਜਲੂਸ ਸੀ। ਇਸ ਜਲੂਸ ਦਾ ਜੋਸ਼ ਵੇਖਕੇ ਬ੍ਰਾਹਮਣਵਾਦ ਨੇ ਇਕ ਰਿਪੋਟ ਹੋਰ ਅੰਗਰੇਜ਼ ਨੂੰ ਭੇਜ ਦਿਤੀ ਗਈ। ਬਾਬਾ ਜੰਗ ਸਿੰਘ ਬਾਰੇ ਬ੍ਰਾਹਮਣਵਾਦ ਨੇ ਮੁਖ ਚੁਣੌਤੀ ਦੇ ਦਿਤੀ ਗਈ। ਬਾਬਾ ਜੰਗ ਸਿੰਘ ਜੀ ਨੂੰ ਲਾਹੌਰ ਛਡਕੇ ਮੁੜ ਪਿੰਡ ਧਰਮੂ ਦੇ ਕੋਟ ਆਉਣਾ ਪਿਆ ਸੀ। ਕਿਸੇ ਨਾ ਕਿਸੇ ਰੂਪ ਵਿਚ ਪੁਲਿਸ ਬਾਬਾ ਜੀ ਦਾ ਪਿੱਛਾ ਕਰ ਰਹੀ ਸੀ।

Sri Satguru Jagjit Singh Ji Elibrary NamdhariElibrary@gmail.com

## ਕਾਂਡ—23

ਬਾਬਾ ਜੰਗ ਸਿੰਘ ਜੀ ਸਾਹਿਬ ਕੂਕਾ ਲਹਿਰ ਬਾਰੇ ਪੂਰੀ ਜਾਣਕਾਰੀ ਕਰ ਚੁਕੇ ਸਨ। ਕੂਕਾ ਲਹਿਰ ਦੀ ਅਗਵਾਈ ਕਰਨ ਵਾਸਤੇ ਸਾਥੀਆਂ ਸਮੇਤ ਮਨੁੱਖੀ ਸਾਂਝੀਵਾਲਤਾ ਵਾਸਤੇ ਕੁਦ ਪਏ ਸਨ। ਕਾਫੀ ਵੱਡੀ ਜਥੇਬੰਦੀ ਉਸਾਰ ਲਈ ਗਈ ਸੀ। ਲਾਹੌਰ ਕੂਕਾ ਲਹਿਰ ਦਾ ਕੇਂਦਰ ਵਿਚ ਕੂਕਾ ਲਹਿਰ ਦੀਆਂ ਖਾਸ ਮੀਟਿੰਗਾਂ ਵਿਚ ਬਾਬਾ ਜੰਗ ਸਿੰਘ ਜੀ ਸਾਹਿਬ ਸਾਥੀਆਂ ਸਮੇਤ ਜਾ ਆਉਂਦੇ ਸਨ। ਮੁੜ ਕੋਟ ਧਰਮੂ ਆ ਜਾਂਦੇ ਸਨ। ਮਾਲਵੇ ਦੇ ਪਿੰਡ ਦੇ ਵਿਚ ਮਨੁੱਖੀ ਸਾਂਝੀ-ਵਾਲਤਾ ਦਾ ਪ੍ਰਚਾਰ ਕਰਦੇ ਰਹਿੰਦੇ ਸਨ। ਏਥੇ ਵੀ ਕੋਟ ਧਰਮੂ ਮਾਲਵੇ ਦਾ ਕੇਂਦਰ ਬਣ ਗਿਆ ਸੀ।

ਛਪੜ ਦੇ ਕੰਢੇ ਕਾਫ਼ੀ ਸੰਘਣੀ ਵੱਡੀ ਝਿੜੀ ਸੀ। ਉਸ ਝਿੜੀ ਵਿਚ ਇਕ ਗੋਲ ਕਿਸਮ ਦਾ ਬੁਰਜ ਵਰਗਾ ਚੌਂਕ ਉਸਾਰਿਆ ਹੋਇਆ ਸੀ। ਤੀਹ ਪੈਂਤੀ ਬੰਦੇ ਉਸ ਬੁਰਜ ਵਿਚ ਬੈਠਕੇ ਮੀਟਿੰਗਾਂ ਕਰ ਲੈਂਦੇ ਸਨ। ਉਸ ਤੋਂ ਥੋੜ੍ਹੀ ਦੂਰ ਛਿਪਦੇ ਪਾਸੇ ਅੰਡਰਗਰਾਊਂਡ ਸਾਥੀਆਂ ਵਾਸਤੇ ਜ਼ਮੀਨ ਵਿਚ ਕੱਚਾ ਭੋਰਾ ਵੀ ਬਣਿਆ ਹੋਇਆ ਸੀ। ਇਸ ਕੱਚੇ ਭੋਰੇ ਦਾ ਪੰਜ ਸਤ ਸਾਥੀਆਂ ਨੂੰ ਹੀ ਪਤਾ ਸੀ। ਉਸ ਸਥਾਨ ਤੇ ਅੱਜ ਮੌਜੂਦਾ ਗੁਰਦੁਆਰਾ ਹੈ। ਇਕ ਨੁਕਰ ਪੂਰਬ ਵਲ ਸਰਕਾਰੀ ਹਾਈ ਸਕੂਲ ਬਣਿਆ ਹੋਇਆ ਹੈ। ਅਜ ਇਸ ਗੁਰਦੁਆਰੇ ਮਨੁੱਖੀ ਸਾਂਝੀਵਾਲਤਾ ਦਾ ਲੰਗਰ ਵੀ ਚਲਦਾ ਹੈ। ਇਸ ਲੰਗਰ ਦੀ ਸੇਵਾ ਸ੍ਰ: ਗੁਰਦਿਆਲ ਸਿੰਘ ਜੀ ਦੀ ਅਗਵਾਈ ਥਲੇ ਸ੍ਰ: ਮੋਲਾ ਸਿੰਘ ਜੀ, ਸ੍ਰ: ਮੇਵਾ ਸਿੰਘ ਜੀ, ਸ੍ਰ: ਮਿੱਠਾ ਸਿੰਘ ਜੀ ਨਿਸ਼ਕਾਮ ਸੇਵਾ ਕਰ ਰਹੇ ਹਨ। ਇਥੇ ਹੀ ਅਜ਼ਾਦੀ ਸੰਗਰਾਮੀਆਂ ਦੀਆਂ ਮੀਟਿੰਗਾਂ ਹੁੰਦੀਆਂ ਸਨ। ਲੰਗਰ ਚੀ ਇਸ ਤੋਂ ਥੋੜ੍ਹੀ ਦੂਰ ਇਕ ਫਕੀਰ ਦੀ ਕੁਟੀਆ ਸੀ। ਉਸ ਕੁਟੀਆ ਵਿਚ ਫੁਪੂ ਸ਼ਾਹ ਫਕੀਰ ਚੌਕੀਦਾਰ ਰਹਿੰਦਾ ਸੀ। ਉਹ ਫਕੀਰ ਅਜ਼ਾਦੀ ਸੰਗਰਾਮੀਆਂ ਵਾਸਤੇ ਆਟਾ, ਦਾਲ, ਦੁੱਧ, ਗੁੜ ਆਦਿ ਗੁਜ਼ਾਰੇ ਜੋਗਾ ਰਖ ਲੈਂਦੇ ਸਨ। ਕੋਟ ਧਰਮੂ ਪਿੰਡ ਇਨਕਲਾਬੀਆਂ ਦਾ ਅਤੇ ਅਜ਼ਾਦੀ ਸੰਗਰਾਮੀਆਂ ਦਾ ਅੱਡਾ ਸੀ। ਬਾਬਾ ਜੰਗ ਸਿੰਘ ਜੀ ਸਾਹਿਬ ਅਜ਼ਾਦੀ ਸੰਗਰਾਮੀਆਂ ਦੀ ਚੰਗੀ ਅਗਵਾਈ ਕਰ ਰਹੇ ਸਨ।

ਕੂਕਾ ਅਖ਼ਬਾਰ ਹਫਤਾਵਾਰੀ 1914 ਈ: ਤੋਂ ਨਿਕਲਣਾ ਸ਼ੁਰੂ ਹੋਇਆ ਸੀ। 1919 ਈ: ਨੂੰ ਕੂਕਾ ਅਖ਼ਬਾਰ ਰੋਜ਼ਾਨਾ ਨਿਕਲਣਾ ਸ਼ੁਰੂ ਹੋ ਗਿਆ ਸੀ। 1919 ਈ: ਤੋਂ ਲੈ ਕੇ 1923 ਈ: ਤਕ ਲਗਾਤਾਰ ਰੋਜ਼ਾਨਾ ਚਲਦਾ ਰਿਹਾ। 1924 ਈ: ਨੂੰ ਅੰਗਰੇਜ਼ ਸਰਕਾਰ ਨੇ ਕੂਕਾ ਅਖ਼ਬਾਰ ਦੇ ਵਰੰਟ ਜਾਰੀ ਕਰ ਦਿਤੇ ਸਨ। ਬਾਬਾ ਨਿਹਾਲ ਸਿੰਘ ਜੀ ਸਾਹਿਬ ਨੂੰ ਗ੍ਰਿਫਤਾਰ ਕਰਕੇ ਗੁਜਰਾਤ ਦੀ ਜੇਲ ਵਿਚ ਬੰਦ ਕਰ ਦਿਤੇ ਸਨ। ਸ੍ਰ: ਨਿਧਾਨ ਸਿੰਘ ਜੀ ਆਲਿਮ ਦੇ ਸ੍ਰ: ਇੰਦਰ ਸਿੰਘ ਜੀ ਚੱਕਰਵਰਤੀ ਦੇ ਸ੍ਰ: ਮੋਹਰ ਸਿੰਘ ਜੀ ਸਿਆੜ ਦੇ ਸ੍ਰ: ਗੁਰਦਿਆਲ ਸਿੰਘ ਜੀ ਸਾਹਿਬ ਦੇ ਬੀਬੀ ਕਰਤਾਰ ਕੌਰ ਆਦਿ ਸਾਰੇ ਅਖ਼ਬਾਰ ਦੇ ਲੇਖਕਾਂ ਦੇ ਵਰੰਟ ਕਟ ਦਿਤੇ ਸਨ। ਸਾਰੇ ਸਾਥੀ ਅੰਡਰ-ਗਰਾਊਂਡ ਹੋ ਗਏ ਸਨ। ਕਈ ਪਿੰਡਾਂ ਵਿਚ ਪ੍ਰਚਾਰ ਕਰਨ ਆ ਗਏ ਸਨ। ਕੂਕਾ ਅਖ਼ਬਾਰ ਦੇ ਕੁਝ ਲੇਖਕ ਫੜੇ ਵੀ ਗਏ ਸਨ।



Sri Satguru Jagjit Singh Ji Elibrary NamdhariElibrary@gmail.com

ਇਸ ਤੋਂ ਬਾਦ ਕੂਕਾ ਅਖ਼ਬਾਰ ਦੀ ਥਾਂ ਪੂਰੀ ਕਰਨ ਵਾਸਤੇ ਸਤਿਜੁਗ ਅਖ਼ਬਾਰ 1925 ਈ: ਨੂੰ ਸ੍ਰੀ ਭੈਣੀ ਸਾਹਿਬ ਦੇ ਗੁਪਤ ਥਾਂ ਤੋਂ ਹਫਤਾਵਾਰੀ ਅਖ਼ਬਾਰ ਨਿਕਲਣਾ ਸ਼ੁਰੂ ਹੋਇਆ। ਇਸ ਅਖ਼ਬਾਰ ਵੀ ਨੂੰ ਇਹਨਾਂ ਵਿਚ ਇਨਕਲਾਬੀ ਅਖ਼ਬਾਰ ਸਮਝਿਆ ਜਾਂਦਾ ਸੀ। ਇਸ ਨੂੰ ਰਾਜਨੀਤਕ ਅਖ਼ਬਾਰ ਵੀ ਆਖਦੇ ਸਨ।

ਕੂਕਾ ਅਖ਼ਬਾਰ ਦੂਸਰੇ ਤੀਸਰੇ ਦਿਨ ਲਾਹੌਰ ਤੋਂ ਧਰਮੂ ਦੇ ਕੋਟ ਆ ਜਾਂਦਾ ਸੀ। ਇਸ ਅਖ਼ਬਾਰ ਨੂੰ ਨੌਜਵਾਨ ਸ੍ਰ: ਧਰਮ ਸਿੰਘ ਜੀ ਫੱਕਰ ਪਿੰਡ ਦਿਆਲ ਸਿੰਘ ਵਾਲਾ ਪਿੰਡਾਂ ਵਿਚ ਭੇਜਣ ਦੀ ਜ਼ੁੰਮੇਂਵਾਰੀ ਪੂਰੀ ਕਰਦੇ ਸਨ। ਹੇਠ ਲਿਖੇ ਸਾਥੀ ਪਿੰਡਾਂ ਵਿਚ ਲੈ ਜਾਂਦੇ ਸਨ :—

1. ਚੌਧਰੀ ਬਰਕਤ ਖਾਂ ਜ਼ਿਲ੍ਹਾ ਮਾਨਸਾ (ਪੰਜਾਬ)
2. ਸ੍ਰ: ਹਰਨਾਮ ਸਿੰਘ ਜੀ ਚਮਕ ਮਲੇਰਕੋਟਲਾ ਜ਼ਿਲ੍ਹਾ ਸੰਗਰੂਰ (ਪੰਜਾਬ)
3. ਸ੍ਰ: ਜੋਧ ਸਿੰਘ ਜੀ ਪਿੰਡ ਲੌਂਗੋਵਾਲ ਜ਼ਿਲ੍ਹਾ ਸੰਗਰੂਰ (ਪੰਜਾਬ)
4. ਮਜੀਦ ਖਾਂ ਸੁਨਾਮ ਜ਼ਿਲ੍ਹਾ ਸੰਗਰੂਰ (ਪੰਜਾਬ)
5. ਸ੍ਰ: ਜੰਗੀਰ ਸਿੰਘ ਜੀ ਜੋਗਾ ਜ਼ਿਲ੍ਹਾ ਮਾਨਸਾ (ਪੰਜਾਬ)
6. ਸ੍ਰ: ਸਾਧੂ ਸਿੰਘ ਜੀ ਪਿੰਡ ਫੈਨਾਂ ਵਾਲਾ ਜ਼ਿਲ੍ਹਾ ਸੰਗਰੂਰ (ਪੰਜਾਬ)
7. ਸ੍ਰ: ਭਾਨ ਸਿੰਘ ਜੀ ਮਸਤਾਨਾ ਪਿੰਡ ਗਹਿਲਾਂ ਜ਼ਿਲ੍ਹਾ ਸੰਗਰੂਰ (ਪੰਜਾਬ)
8. ਸ੍ਰ: ਸਰਬਨ ਸਿੰਘ ਜੀ ਮੌਲੀ ਪਿੰਡ ਰਾਏਸਰ, ਜ਼ਿਲ੍ਹਾ ਸੰਗਰੂਰ (ਪੰਜਾਬ)
9. ਸ੍ਰ: ਸ਼ੇਰ ਸਿੰਘ ਜੀ ਪਿਥੋ ਜ਼ਿਲ੍ਹਾ ਮਾਨਸਾ (ਪੰਜਾਬ)
10. ਸ੍ਰ: ਖਜ਼ਾਨ ਸਿੰਘ ਜੀ ਪਿੰਡ ਖੋਟੇ ਜ਼ਿਲ੍ਹਾ ਫੀਰੋਜ਼ਪੁਰ (ਪੰਜਾਬੀ)
11. ਚੌਧਰੀ ਰਲਾ ਰਾਮ ਜੀ ਪਿੰਡ ਮਾਦੀਸਰਖਾਨਾ ਜ਼ਿਲ੍ਹਾ ਬਠਿੰਡਾ (ਪੰਜਾਬ)
12. ਸ੍ਰ: ਲਾਲ ਸਿੰਘ ਜੀ ਵਿਲਵਾਂ ਮੌੜ, ਜ਼ਿਲ੍ਹਾ ਸੰਗਰੂਰ (ਪੰਜਾਬ)

ਇਹਨਾਂ ਨੇ ਆਪੋ ਆਪਣੀਆਂ ਸਵਾਰੀਆਂ ਦਾ ਪ੍ਰਬੰਧ ਕੀਤਾ ਹੋਇਆ ਸੀ। ਅਖ਼ਬਾਰ ਪਹੁੰਚਾਣਾ ਗੁਰੂਆਂ ਦੀ ਡਾਕ ਸਮਝੀ ਜਾਂਦੀ ਸੀ। ਤੀਜੇ ਚੌਥੇ ਦਿਨ ਆਕੇ ਹਥੋ-ਹੱਥੀ ਲੈ ਜਾਂਦੇ ਸਨ। ਇਕ ਦੂਸਰੇ ਨੂੰ ਇਕ ਦੂਸਰੇ ਦੀ ਡਾਕ ਫੜਾਈ ਜਾਂਦੀ ਸੀ ਅਤੇ ਪੂਰੀ ਜ਼ੁੰਮੇਂਵਾਰੀ ਨਾਲ ਪੁਚਾਈ ਵੀ ਜਾਂਦੀ ਸੀ। ਇਸ ਕੰਮ ਨੂੰ ਹਰ ਇਕ ਵਰਕਰ ਆਪਣਾ ਧਰਮ ਅਤੇ ਫਰਜ਼ ਸਮਝਦਾ ਸੀ।

ਬ੍ਰਾਹਮਣਵਾਦ ਸਰਕਾਰ ਨੂੰ ਝੂਠੀਆਂ ਸਚੀਆਂ ਰੀਪੋਟਾਂ ਕਰਦੇ ਹੋਏ ਕੋਟ ਧਰਮੂ ਦਾ ਨਾਂ ਲੈਂਦੇ ਸਨ। ਪਿੰਡ ਕੋਟ ਧਰਮੂ ਨੂੰ ਪੁਲਿਸ ਨੇ ਕਈ ਵਾਰੀ ਘੇਰ ਕੇ ਤਸ਼ੱਦਦ ਕਰਿਆ ਸੀ। ਪਿੰਡ ਦੇ ਆਮ ਲੋਕਾਂ ਨੇ ਬਾਬਾ ਜੰਗ ਸਿੰਘ ਜੀ ਬਾਰੇ ਕੁਝ ਨਹੀਂ ਸੀ ਦਸਿਆ। ਬਹੁਤੇ ਬਾਬਾ ਜੀ ਨੂੰ ਜੰਗੂ ਆਖਦੇ ਹੁੰਦੇ ਸਨ। ਨੌਜਵਾਨ ਹੋਣ ਤੋਂ ਮਗਰੋਂ ਬਾਬਾ ਜੀ ਨੂੰ ਸਿੰਘ ਸ਼ਬਦ ਵਰਤਣ ਲਗ ਪਏ ਸਨ। ਬਾਬਾ ਜੀ ਦੇ ਜੀਵਨ ਬਾਰੇ ਕਿਸੇ ਨੂੰ ਪਤਾ ਨਹੀਂ ਸੀ। ਜੰਗ ਸਿੰਘ ਨੂੰ ਬਾਬਾ ਕਿਸ਼ਨ ਸਿੰਘ ਦਾ ਪੁਤਰ ਹੀ ਸਮਝਦੇ ਸਨ। ਮਾਤਾ ਸਾਹਿਬ ਕੌਰ ਜੀ ਨੇ ਉਸਦਾ ਨਾਂ ਜੰਗੂ ਹੀ ਰਖਿਆ ਸੀ। ਲੋਕਾਂ ਨੂੰ ਉਸਦਾ ਓਪਰਾ ਪਖ ਨਹੀਂ ਸੀ ਲਭਿਆ।

ਬਾਬਾ ਜੰਗ ਸਿੰਘ ਜੀ ਦਾ ਪ੍ਰਚਾਰ ਕਰਨ ਦਾ ਢੰਗ ਆਮ ਲੋਕਾਂ ਦੇ ਖੇਤਾਂ ਵਿਚ ਕੰਮ ਕਰਦਿਆਂ ਹੀ ਅਜ਼ਾਦੀ ਸੰਗਰਾਮ ਦਾ ਪ੍ਰਚਾਰ ਕਰਨਾ ਹੀ ਸੀ। ਜਾਂ ਕੂਕਾ ਲਹਿਰ ਦੀਆਂ ਕਹਾਣੀਆਂ

Sri Satguru Jagjit Singh Ji Elibrary NamdhariElibrary@gmail.com

ਕੁਰਬਾਨੀ ਵਾਲੀਆਂ ਸੁਨਾਉਂਦੀਆਂ ਸਨ। ਬਹੁਤ ਸਾਰੇ ਸਾਥੀ ਬਾਬਾ ਜੀ ਨੇ ਇਸੇ ਤਰ੍ਹਾਂ ਹੀ ਕਹਾਣੀਆਂ ਸੁਣਾ-ਸੁਣਾਕੇ ਅਜ਼ਾਦੀ ਸੰਗਰਾਮ ਵਿਚ ਤੋਰੇ ਸਨ। ਉਹਨਾਂ ਦੇ ਸਾਥੀਆਂ ਦੇ ਖੇਤਾਂ ਵਿਚ ਨਾਲੇ ਕੰਮ ਕਰਦੇ ਰਹਿਣਾ, ਨਾਲੇ ਅਜ਼ਾਦੀ ਸੰਗਰਾਮ ਬਾਰੇ ਪ੍ਰਚਾਰ ਕਰਦੇ ਰਹਿਣਾ। ਇਕ ਦਿਨ ਵੀ ਵਿਹਲੇ ਬੈਠਕੇ ਰਾਜਨੀਤੀ ਦੀਆਂ ਬਹਿਸਾਂ ਨਹੀਂ ਸੀ ਕੀਤੀਆਂ। ਕਿਸੇ ਨਾਲ ਖੇਤਾਂ ਵਿਚ ਗੋਡੀ ਕਰਦਿਆਂ ਕਿਸੇ ਨਾਲ ਹੱਲ ਵਾਹੁਦਿਆਂ ਵਿਚਾਰ ਵਟਾਂਦਰਾ ਕਰਨ ਦਾ ਉਹਨਾਂ ਦਾ ਆਪਣਾ ਢੰਗ ਸੀ।

ਅੰਗਰੇਜ਼ ਸਰਕਾਰ ਦੀ ਗੁਲਾਮੀ ਦੇ ਖਿਲਾਫ ਅਤੇ ਗੁਰੂ ਨਾਨਕ ਸਾਹਿਬ ਦੀ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਸਾਂਝੀਵਾਲਤਾ ਦੀ ਲਹਿਰ ਬਾਰੇ ਮਨੁੱਖੀ ਬਰਾਬਰਤਾ ਨੂੰ ਅਗੇ ਤੋਰਨ ਬਾਰੇ ਆਮ ਲੋਕਾਂ ਨਾਲ ਵਿਚਾਰ ਕਰਦੇ ਰਹਿੰਦੇ ਸਨ। ਮਨੁੱਖੀ ਬਰਾਬਰਤਾ ਦਾ ਯਤਨ ਸਾਰੀ ਉਮਰ ਜਾਰੀ ਰਖਿਆ ਸੀ।

ਕੋਟ ਧਰਮੂ ਪੁਲਿਸ ਤੇ ਛਾਪੇ ਤੇ ਛਾਪਾ ਮਾਰ ਰਹੀ ਸੀ। ਬਾਬਾ ਬਿਸ਼ਨ ਸਿੰਘ ਜੀ ਤੇ ਤਸ਼ੱਦਦ ਹੁੰਦਾ ਰਿਹਾ ਸੀ। ਬਿਸ਼ਨ ਸਿੰਘ ਤੇ ਹੁੰਦਾ ਤਸ਼ੱਦਦ, ਸ੍ਰ: ਬਿਸ਼ਨ ਸਿੰਘ ਦੀ ਨੂੰਹ ਬੀਬੀ ਕੇਸਰ ਕੌਰ ਜਰ ਨਾ ਸਕੀ। ਬਿਸ਼ਨ ਸਿੰਘ ਦਾ ਪੁੱਤਰ ਸ੍ਰ: ਹਰਚੰਦ ਸਿੰਘ ਜੀ ਅਜੇ ਬੀਬੀ ਕੇਸਰ ਕੌਰ ਦਾ ਅਜੇ ਮੁਕਲਾਵਾ ਲੈ ਕੇ ਆਏ ਸੀ। ਬੀਬੀ ਕੇਸਰ ਕੌਰ ਨੇ ਘਰ ਦੇ ਸੰਕਟ ਨੂੰ ਸਮਝਦਿਆਂ ਸ੍ਰ: ਬਿਸ਼ਨ ਸਿੰਘ ਨੂੰ ਬੇਨਤੀ ਕੀਤੀ।

ਆਖਿਆ ਬਾਬਾ ਜੀ ਆਪ ਮੈਨੂੰ ਜਦੋਂ ਹੁਣ ਪੁਲੀਸ ਆਈ ਮੈਨੂੰ ਪੁਲੀਸ ਮੁਖੀਏ ਨਾਲ ਗੱਲ ਕਰਨ ਦੀ ਇਜ਼ਾਜਤ ਦਿਓ। ਤੁਸੀਂ ਪੁਲੀਸ ਦੇ ਪੇਸ਼ ਨਾ ਹੋਇਓ। ਬਿਸ਼ਨ ਸਿੰਘ ਨੇ ਨੀਵੀਂ ਪਾਉਂਦਿਆਂ ਆਖਿਆ, ਪੁੱਤਰ ਪੁਲਿਸ ਵਾਲਿਆਂ ਦਾ ਸਰਕਾਰ ਨੇ ਕੋਹਾੜੇ ਨਾਲ ਮੂੰਹ ਪਾੜਿਆ ਹੁੰਦਾ ਹੈ। ਪਤਾ ਨਹੀਂ ਕੀ ਮੂੰਹੋਂ ਕੱਢ ਦੇਣ। ਮੈਂ ਬੇਟੀ ਆਪ ਨੂੰ ਰੋਕ ਵੀ ਨਹੀਂ ਸਕਦਾ। ਕੇਸਰ ਕੌਰ ਨੇ ਨਿਮਰਤਾ ਸਹਿਤ ਆਖਿਆ ਬਾਪੂ ਜੀ ਤੁਸੀਂ ਕੋਈ ਫਿਕਰ ਨਾ ਕਰੋ।

ਪੁਲਿਸ ਪੰਜਵੇਂ ਛੇਵੇਂ ਦਿਨ ਫਿਰ ਆ ਗਈ ਸੀ। ਬੀਬੀ ਕੇਸਰ ਕੌਰ ਨੇ ਬੁਧੂ ਸ਼ਾਹ ਫਕੀਰ ਚੋਕੀਦਾਰ ਨਾਲ ਗੱਲ ਕੀਤੀ, ਆਖਿਆ ਮੈਂ ਥਾਣੇਦਾਰ ਸਾਹਿਬ ਨਾਲ ਪਿੰਡ ਦੀ ਸਫਾਈ ਬਾਰੇ ਗੱਲ ਕਰਨੀ ਹੈ। ਥਾਣੇਦਾਰ ਪਿੰਡ ਦੀ ਸਫਾਈ ਬਾਰੇ ਬਿਆਨ ਲੈ ਕੇ ਉਪਰਲੀ ਸਰਕਾਰ ਨੂੰ ਭੇਜ ਦੇਵੇ। ਜਿੰਨਾ ਚਿਰ ਉਪਰਲੀ ਅਫਸਰਸ਼ਾਹੀ ਥਾਣੇਦਾਰ ਨੂੰ ਕੋਈ ਨਵਾਂ ਹੁਕਮ ਨਾ ਕਰੇ। ਉੱਨਾ ਚਿਰ ਥਾਣੇਦਾਰ ਕੋਟ ਧਰਮੂ ਆਕੇ ਨਾ ਵੜੇ। ਬੇਸ਼ੱਕ ਅਸੀਂ ਅੰਗਰੇਜ਼ ਸਰਕਾਰ ਦੇ ਗੁਲਾਮ ਹਾਂ। ਸਾਡੀ ਇੱਜ਼ਤ ਐਨੀ ਸਸਤੀ ਨਹੀਂ। ਜਿੰਨੀ ਸਾਡੀ ਹਰੇਕ ਵਾਰੀ ਖਿਜ਼ਤੀ ਕਰ ਜਾਂਦਾ ਹੈ।

ਬੁਧੂ ਸ਼ਾਹ ਫਕੀਰ ਨੇ ਮਮਤਾ ਦੇ ਭਿਜੇ ਸ਼ਬਦਾਂ ਨਾਲ ਆਖਿਆ। ਠੀਕ ਹੈ ਧੀਏ ਮੈਂ ਵੀ ਤੇਰੇ ਨਾਲ ਹੋਵਾਂਗਾ। ਤੂੰ ਉਕਾ ਨਾ ਡਰੀਂ ਪਿੰਡ ਦੀ ਸਫਾਈ ਬਾਰੇ ਤਗੜੀ ਹੋ ਕੇ ਗੱਲ ਕਰੀਂ। ਬੇਸ਼ੱਕ ਪਿੰਡ ਦੇ ਚੌਧਰੀਆਂ ਨੂੰ ਗੱਲ ਬੁਰੀ ਲਗੇ। ਤੂੰ ਬੇਟੀ ਗੱਲ ਕਰਦੀ ਉਕਾ ਨਾ ਝੱਕੀਂ। ਮੈਂ ਥਾਣੇਦਾਰ ਨੂੰ ਬੇਨਤੀ ਕਰ ਦਿੰਦਾ ਹਾਂ। ਇਹ ਥਾਣੇਦਾਰ ਅੱਠ-ਨੌਂ ਵਾਰੀ ਇਨਕੁਆਰੀ ਕਰ ਚੁਕਿਆ ਹੈ। ਤੂੰ ਮੇਰੀ ਬੱਚੀ ਤਗੜੀ ਰਹੀਂ, ਡਰਨ ਦੀ ਲੋੜ ਨਹੀਂ। ਗੱਲ ਕਰਨ ਲਗਿਆਂ ਡਰੀਏ ਤਾਂ ਹਰ ਇਕ ਅਫਸਰ ਸਿਰ ਹੋ ਜਾਂਦਾ ਹੈ।

ਪੁੱਤਰੀ ਇਹ ਥਾਣੇਦਾਰ ਭੂਤਰਿਆ ਭਾਤਰਿਆ ਆਉਂਦਾ ਹੈ। ਤਸ਼ੱਦਦ ਕਰਨ ਤੋਂ ਬਗੈਰ

Sri Satguru Jagjit Singh Ji Elibrary NamdhariElibrary@gmail.com

ਕੋਈ ਗੱਲ ਕਿਸੇ ਨਾਲ ਨਹੀਂ ਕਹਦਾ। ਆਮ ਲੋਕਾਂ ਦੇ ਹੱਡ ਕੁਟਕੇ ਤੰਗੀ ਪੈ ਜਾਂਦਾ ਹੈ। ਥੋੜ੍ਹੇ ਦਿਨਾਂ ਬਾਦ ਫੇਰ ਆ ਜਾਂਦਾ ਹੈ। ਇਹਦਾ ਕੋਈ ਅਫਸਰਾਂ ਵਾਲਾ ਤਰੀਕਾ ਨਹੀਂ ਹੈ। ਬੇਟੀ ਮੈਂ ਆਪ ਵੀ ਇਸਦੇ ਰਵੱਏ ਤੋਂ ਪਰੇਸ਼ਾਨ ਹਾਂ। ਮੈਂ ਪਿੰਡ ਬਾਰੇ ਇਕੱਲਾ ਕੁਝ ਨਹੀਂ ਕਰ ਸਕਦਾ। ਪੁੱਤਰੀ ਤੂੰ ਬਹਾਦਰਾਂ ਵਾਂਗੂੰ ਗੱਲ ਕਰੀਂ, ਮੈਂ ਤੇਰੇ ਨਾਲ ਖੜੋਤਾ ਹੋਵਾਂਗਾ। ਪਿੰਡ ਦੇ ਚੌਧਰੀ ਭਾਵੇਂ ਤੇਰੀ ਟੋਕਾ ਟਕਾਈ ਕਰਨ, ਪਰ ਤੈਨੂੰ ਗੱਲ ਕਰਨ ਤੋਂ ਰੋਕ ਨਹੀਂ ਸਕਦੇ।

ਬੁਧੂ ਸ਼ਾਹ ਫਕੀਰ ਨੇ ਥਾਣੇਦਾਰ ਨੂੰ ਆਖਿਆ, ਖਾਨ ਸਾਹਿਬ ਬਿਸ਼ਨ ਸਿੰਘ ਦੀ ਨੂੰਹ ਪਿੰਡ ਦੀ ਸਫਾਈ ਵਾਸਤੇ ਆਪ ਨਾਲ ਗੱਲ ਕਰਨੀ ਚਾਹੁੰਦੀ ਹੈ ਅਤੇ ਆਖਦੀ ਹੈ ਮੇਰੇ ਬਿਆਨਾਂ ਦੀ ਰਿਪੋਟ ਲਿਖਕੇ ਉਪਰਲੇ ਅਫਸਰਸ਼ਾਹੀ ਨੂੰ ਲਿਖਕੇ ਘਲਾ ਦੇਣ। ਸਾਡੇ ਪਿੰਡ ਆ ਕੇ ਸਾਡੇ ਆਮ ਲੋਕਾਂ ਨੂੰ ਤੰਗ ਨਾ ਕਰਨ। ਸਰਕਾਰ ਕਿਸੇ ਹੱਦ ਤੱਕ ਹੈ ਵੀ ਗੱਲ ਠੀਕ ਬੁਧੂ ਸ਼ਾਹ ਨੇ ਆਖਿਆ। ਆਪ 8 ਜਾਂ 9 ਵਾਰੀ ਇਸ ਪਿੰਡ ਵਿਚ ਆਏ ਹੋ। ਪੜਤਾਲ ਕਰਨ ਵਾਸਤੇ ਕੁੱਟ ਮਾਰ ਵੀ ਕੀਤੀ ਹੈ। ਐਵੇਂ ਮਾਰ ਖਾਈ ਜਾਂਦੇ ਹਨ। ਦਸਦੇ ਕੁਝ ਨਹੀਂ ਹਨ। ਆਪ ਵੀ ਕਿਸੇ ਨਤੀਜੇ ਤੇ ਪਹੁੰਚ ਨਹੀਂ ਸਕੇ। ਆਪ ਨੂੰ ਬੀਬੀ ਕੇਸਰ ਕੌਰ ਦੀ ਬੇਨਤੀ ਸੁਣ ਲੈਣੀ ਚਾਹੀਦੀ ਹੈ।

ਥਾਣੇਦਾਰ ਨੇ ਔਰਤ ਦਾ ਨਾਂ ਸੁਣਦਿਆਂ ਹੈਰਾਨ ਹੁੰਦਿਆਂ ਆਖਿਆ ਕਿਉਂ ਨਹੀਂ ਜ਼ਰੂਰ ਸੁਣਾਂਗਾ। ਮੈਂ ਵੀ ਤਾਂ ਇਕ ਧੀਆਂ, ਭੈਣਾਂ, ਵਾਲਾ ਇਕ ਇਨਸਾਨ ਹਾਂ। ਲੈ ਆਓ ਬੀਬੀ ਕੌਣ ਹੈ?

ਬੀਬੀ ਕੇਸਰ ਕੌਰ ਨੇ ਥਾਣੇਦਾਰ ਨੂੰ ਆਪਣੇ ਪਿਤਾ ਜੀ ਦਾ ਹਾਣੀ ਸਮਝਕੇ ਸਤਿ ਸ੍ਰੀ ਅਕਾਲ ਬੁਲਾਂਦਿਆਂ ਆਖਿਆ, ਦਾਰ ਜੀ ਆਪ ਪਿੰਡ ਕੋਟ ਧਰਮੂ ਵਿਚ ਵਾਰੀ-ਵਾਰੀ ਆਉਂਦੇ ਹੋ। ਆਮ ਲੋਕਾਂ ਨੂੰ ਕਈ ਤਰ੍ਹਾਂ ਦੇ ਸ਼ਬਦ ਬੋਲਦੇ ਹੋਏ ਤੇ ਕੁਟ ਮਾਰ ਕਰਕੇ ਚਲੇ ਜਾਂਦੇ ਹੋ। ਅੱਜ ਤੱਕ ਨਾ ਤਾਂ ਆਪ ਨੇ ਹੀ ਦਸਿਆ ਹੈ। ਤੁਸੀਂ ਇਸ ਪਿੰਡ ਤੋਂ ਕੀ ਪੁਛਣਾ ਚਾਹੁੰਦੇ ਹੋ ਅਤੇ ਨਾ ਹੀ ਪਿੰਡ ਵਾਲਿਆਂ ਨੂੰ ਪਤਾ ਹੈ। ਥਾਣੇਦਾਰ ਸਾਥੋਂ ਕੀ ਪੁੱਛਣ ਆਉਂਦਾ ਹੈ? ਆਪ ਕ੍ਰਿਪਾ ਕਰਕੇ ਦਸੋ। ਆਪ ਕਿਉਂ ਲੋਕਾਂ ਤੇ ਤਸ਼ੱਦਦ ਕਰਦੇ ਹੋ? ਮੇਰੇ ਸਹੁਰੇ ਬਿਸ਼ਨ ਸਿੰਘ ਨੂੰ ਤੁਸੀਂ ਪੰਜ-ਛੇ ਵਾਰੀ ਪਸ਼ੂਆਂ ਵਾਂਗੂੰ ਮਾਰਿਆ ਹੈ। ਮੇਰੇ ਸਿਰ ਦੇ ਸਾਂਈ ਸ: ਹਰਚੰਦ ਸਿੰਘ ਨੂੰ ਵੀ ਮਾਰਿਆ ਹੈ। ਆਪ ਮਾਰ ਕੁਟਾਈ ਕਰਨ ਤੋਂ ਪਹਿਲਾਂ ਸਾਫ ਸਾਫ ਕਿਉਂ ਨਹੀਂ ਦਸਦੇ। ਮੈਂ ਇਸ ਤੋਂ ਆਪ ਨੂੰ ਮਾਰਦਾ ਹਾਂ। ਆਪ ਇਨਸਾਨ ਹੋ। ਆਪ ਇਨਸਾਨਾਂ ਵਾਂਗੂੰ ਕਿਉਂ ਨਹੀਂ ਕੰਮ ਕਰਦੇ। ਆਪ ਮੇਰੇ ਪਿਤਾ ਜੀ ਦੇ ਸਮਾਨ ਹੋ। ਅਗਰ ਮੈਂ ਕੋਈ ਗੱਲ ਗਲਤ ਆਖੀ ਹੈ ਤਾਂ ਮੈਨੂੰ ਆਪਣੀ ਬੱਚੀ ਸਮਝਕੇ ਸਮਝਾਓ।

ਥਾਣੇਦਾਰ ਨੀਵੀਂ ਪਾ ਕੇ ਆਖਣ ਲੱਗਿਆ, ਬੇਟੀ ਇਹ ਗੱਲ ਠੀਕ ਹੈ। ਮੈਂ ਕੁਝ ਮਾਰ-ਕੁਟਾਈ ਕੀਤੀ ਹੈ। ਮਾਰ-ਕੁਟਾਈ ਤੋਂ ਬਗੈਰ ਇਹ ਲੋਕ ਕੁਝ ਨਹੀਂ ਦੱਸਦੇ। ਮਾਰ ਖਾਈ ਜਾਂਦੇ ਹਨ। ਇਹਨਾਂ ਲੋਕਾਂ ਦੇ ਸੁਭਾਅ ਦੇ ਕਾਰਣ ਮੈਥੋਂ ਵੀ ਗਲਤੀ ਹੋ ਜਾਂਦੀ ਹੈ। ਕੋਈ ਗੱਲ ਨਹੀਂ ਧੀਏ, ਮੈਂ ਆਪ ਦੀਆਂ ਸਾਰੀਆਂ ਗੱਲਾਂ ਸੁਨਣ ਵਾਸਤੇ ਤਿਆਰ ਹਾਂ। ਮੈਂ ਵੀ ਇਕ ਧੀ ਦਾ ਪਿਤਾ ਹਾਂ। ਗਲਤੀ ਕਰ ਹੀ ਬੈਠਾ ਹਾਂ। ਬੇਟੀ ਮੇਰੀ ਵੀ ਨੌਕਰੀ ਦਾ ਸੁਆਲ ਹੈ। ਮੈਂ ਕਾਹਲਾ ਜ਼ਰੂਰ ਪੈ ਜਾਂਦਾ ਹਾਂ।

ਬੇਟੀ ਮੈਂ ਵੀ ਆਪ ਨੂੰ ਦਸਦਾ ਹਾਂ ਕਿ ਮੈਂ ਇਥੇ ਕਿਉਂ ਆਉਂਦਾ ਹਾਂ। ਮੇਰਾ ਕੋਈ ਇਸ

ਪਿੰਡ ਦੇ ਲੋਕਾਂ ਨਾਲ ਕੋਈ ਵੈਰ ਨਹੀਂ ਹੈ । ਬੇਟੀ ਕੂਕਾ ਲਹਿਰ ਦੇ ਬਾਗੀਆਂ ਦਾ ਪੁੱਤਰ ਇਸ ਪਿੰਡ ਵਿਚ ਰਹਿੰਦਾ ਹੈ । ਉਹ ਅੰਗਰੇਜ਼ ਸਰਕਾਰ ਦਾ ਬਾਗੀ ਹੈ । ਉਹ ਬੜੀ ਵੱਡੀ ਜਥੇਬੰਦੀ ਖੜੀ ਕਰਕੇ ਬਗ਼ਾਵਤ ਕਰਨ ਵਾਲਾ ਹੈ । ਪਹਿਲਾਂ ਉਹ ਲਾਹੌਰ ਰਹਿੰਦਾ ਸੀ । ਉਸ ਨੇ ਬਚਪਨ ਇਸ ਪਿੰਡ ਵਿਚ ਬਿਤਾਇਆ ਹੈ । ਸ: ਬਿਸ਼ਨ ਸਿੰਘ ਨਾਂ ਦਾ ਸੰਧੂ ਜਟ ਹੈ । ਉਸ ਨੇ ਉਸ ਨੂੰ ਪਾਲਿਆ ਹੈ । ਪਾਲ ਕੇ ਨੌਜੁਆਨ ਕੀਤਾ ਹੈ । ਮੇਰੀ ਡਿਊਟੀ ਉਸ ਨੂੰ ਗ੍ਰਿਫ਼ਤਾਰ ਕਰਨ ਤੇ ਲਾਈ ਹੋਈ ਹੈ । ਹੱਥਾਂ ਨਾਲ ਉਠਾ ਕੇ ਆਖਿਆ, ਆਹ ਵੇਖੋ ਕਾਗਜ਼ਾਂ ਦੀ ਫਾਇਲ । ਮੈਂ ਕਾਗਜ਼ੀ ਕਾਰਵਾਈ ਕਰਨ ਤੋਂ ਬਗੈਰ ਇਸ ਫਾਇਲ ਨੂੰ ਕਿਵੇਂ ਮੋੜ ਸਕਦਾ ਹਾਂ । ਮੈਂ ਵੀ ਆਪਣੀ ਡਿਊਟੀ ਇਮਾਨਦਾਰੀ ਨਾਲ ਪੂਰੀ ਕਰਨੀ ਹੈ । ਮੇਰਾ ਕਿਹੜਾ ਕੋਈ ਕੋਟ-ਧਰਮੂ ਦੇ ਲੋਕਾਂ ਨਾਲ ਵੈਰ ਹੈ । ਐਵੇਂ ਮਾਰ ਖਾਈ ਜਾਂਦੇ ਹਨ । ਇਹ ਦਸਦੇ ਕੁਝ ਨਹੀਂ ਇਹਨਾਂ ਆਖੋ ਕੋਈ ਰਸਤਾ ਕੱਢਣ । ਮੇਰੀ ਨੌਕਰੀ ਦਾ ਮਸਲਾ ਹੈ । ਮੇਰਾ ਇਹ ਸੁਆਲ ਬੇਟੀ ਆਪ ਵੀ ਸੋਚੋ । ਮੈਂ ਕੋਈ ਅਣਕਥਨੀ ਨਹੀਂ ਕਰਦਾ । ਦਾਰ ਜੀ ਇਹ ਮੈਂ ਆਪ ਨੂੰ ਦਸਦੀ ਹਾਂ । ਇਸ ਦੀ ਤਸੱਲੀ ਕਰਾਉਣ ਬਾਰੇ ਮੈਂ ਆਪ ਨੂੰ ਕਸ਼ਟ ਦਿੱਤਾ ਹੈ । ਆਪ ਮੇਰੇ ਦੱਸੇ ਮੁਤਾਬਿਕ ਮੇਰੇ ਬਿਆਨਾਂ ਅਨੁਸਾਰ ਉਹਨਾਂ ਦੀ ਸਰਕਾਰ ਨੂੰ ਘਲਾ ਦੇਵੋ । ਇਹ ਮੈਂ ਆਸ ਕਰਦੀ ਹਾਂ ਕਿ ਆਪ ਜ਼ਰੂਰ ਕਿਰਪਾ ਕਰੋਗੇ ।

ਮੇਰਾ ਸਹੁਰਾ ਸ: ਬਿਸ਼ਨ ਸਿੰਘ ਜੀ, ਮੇਰੀ ਮਾਂ ਸਸ ਸ੍ਰੀਮਤੀ ਸਾਹਿਬ ਕੌਰ, ਇਹਨਾਂ ਦੇ ਪੁੱਤਰ ਮੇਰਾ ਜੇਠ ਸਾਹਿਬ ਸ: ਜੰਗ ਸਿੰਘ ਜੀ ਅਤੇ ਮੇਰਾ ਪਤੀ ਸਾਹਿਬ ਸ: ਹਰਚੰਦ ਸਿੰਘ ਜੀ ਹੈ । ਮੈਂ ਸ: ਹਰਚੰਦ ਸਿੰਘ ਨੂੰ ਵਿਆਹੀ ਹਾਂ । ਮੇਰਾ ਨਾਂ ਮੇਰੀ ਜਨਮ ਮਾਤਾ ਨੇ ਕੇਸਰ ਕੌਰ ਰਖਿਆ ਹੈ । ਮੇਰੇ ਜੇਠ ਸਾਹਿਬ ਸ: ਜੰਗ ਸਿੰਘ ਜੀ ਦੇ ਅਤੇ ਮੇਰੇ ਪਤੀ ਸਾਹਿਬ ਸ: ਹਰਚੰਦ ਸਿੰਘ ਜੀ ਦੇ ਹਿੱਸੇ ਆਉਂਦੀ ਜ਼ਮੀਨ ਇਹਨਾਂ ਨੇ ਨਾਂ ਕਰਵਾ ਰੱਖੀ ਹੈ । ਇਹ ਦੋਵੇਂ ਭਰਾ ਸਕੇ ਹਨ । ਮੇਰਾ ਜੇਠ ਜੀ ਵਿਆਹ ਨਹੀਂ ਕਰਾਉਂਦੇ । ਆਖਦੇ ਹਨ ਮੈਂ ਤਾਂ ਸੰਗਤ-ਪੰਗਤ ਦੀ ਸੇਵਾ ਕਰ ਕੇ ਆਪਣਾ ਜੀਵਨ ਸਫਲ ਬਣਾਉਣਾ ਹੈ । ਨਾਮ ਸਿਮਰਨ ਭਜਨ ਬੰਦਗੀ ਬਹੁਤ ਕਰਦੇ ਹਨ । ਬਿਲਕੁਲ ਸਾਧੂਆਂ ਵਾਲੀ ਤੇ ਫਕਰਾਂ ਵਾਲੀ ਬਿਰਤੀ ਹੈ । ਉਹ ਨਫ਼ੇ ਨੁਕਸਾਨ ਬਾਰੇ ਈਰਖਾ ਨਹੀਂ ਕਰਦੇ । ਕਦੇ ਕੰਮ ਕਰਦੇ ਹਨ ਕਦੇ ਕੂਕਿਆਂ ਨਾਲ ਤੁਰ ਜਾਂਦੇ ਹਨ । ਮੇਰੇ ਸਹੁਰੇ ਸਾਹਿਬ ਨੇ ਸ: ਜੰਗ ਸਿੰਘ ਜੀ ਨੂੰ ਅਖ਼ਤਿਆਰ ਦਿਤੇ ਹੋਏ ਹਨ । ਸ: ਜੰਗ ਸਿੰਘ ਜੀ ਵੀ ਬਹੁਤੇ ਜ਼ਿੱਦੀ ਨਹੀਂ ਹਨ । ਜਿਸ ਨੇ ਆਖਿਆ ਉਸ ਦੇ ਨਾਲ ਹੀ ਤੁਰ ਜਾਂਦੇ ਹਨ । ਭਜਨ ਬੰਦਗੀ ਕਰਨ ਦੀ ਲਗਣ ਕੂਕਿਆਂ ਨੇ ਹੀ ਜੋੜੀ ਹੈ । ਪਰ ਇਹ ਨਾਮਧਾਰੀ ਹਨ ।

ਅੱਜ ਉਹਨਾਂ ਰੋੜਾਂ ਵਾਲੀ ਪਤੀ ਹਲ ਜੋੜਿਆ ਹੈ । ਆਪ ਵੇਖਣਾ ਹੈ ਤਾਂ ਮੇਰੇ ਨਾਲ ਚਲੋ । ਏਥੋਂ ਬਹੁਤੀ ਦੂਰ ਨਹੀਂ ਹੈ ਨੇੜੇ ਹੀ ਖੇਤ ਹੈ । ਮੈਂ ਆਪ ਜੀ ਦੀ ਤਸੱਲੀ ਹਰ ਤਰ੍ਹਾਂ ਨਾਲ ਕਰਵਾਉਣ ਵਾਸਤੇ ਤਿਆਰ ਹਾਂ । ਆਪ ਤਸੱਲੀ ਕਰਨੀ ਹੈ ਤਾਂ ਕਰ ਲਵੋ । ਮੇਰਾ ਪਤੀ ਨੀਵੇਂ ਖੇਤੀ ਗੋਡੀ ਕਰਦਾ ਹੈ । ਮੇਰੇ ਜੇਠ ਸਾਹਿਬ ਜੀ ਦੀ ਉਮਰ 34 ਜਾਂ 35 ਸਾਲ ਦੀ ਹੋ ਗਈ ਹੈ । ਆਪ ਦੀ ਤਸੱਲੀ ਕਰਨ ਵਾਲੀ ਰੀਪੋਰਟ ਵਿਚ ਮੈਂ ਸਾਥ ਦੇਵਾਂਗੀ ।

ਬੁਧੂ ਸ਼ਾਹ ਫਕੀਰ ਨੇ ਤਸੱਲੀ ਕਰਾਉਂਦਿਆਂ ਆਖਿਆ, ਖ਼ਾਨ ਸਾਹਿਬ ਮੇਰੀ ਉਮਰ ਹੁਣ 70 ਸਾਲ ਦੇ ਕਰੀਬ ਹੈ । ਮੈਂ 64 ਸਾਲਾਂ ਤੋਂ ਚੌਕੀਦਾਰਾ ਕਰ ਰਿਹਾ ਹਾਂ । ਮੈਨੂੰ ਚੰਗੀ ਤਰ੍ਹਾਂ ਪਤਾ ਹੈ । ਇਸ ਜੰਗੂ ਜਟ ਦੀ ਜਨਮ ਦੀ ਤਾਰੀਖ ਮੇਰੇ ਚੌਕੀਦਾਰਾ ਕਿਤਾਬ ਵਿਚ ਦਰਜ ਹੈ । ਅਗਰ

Sri Satguru Jagjit Singh Ji Elibrary NamdhariElibrary@gmail.com

ਇਹ ਗੱਲ ਸੀ ਤਾਂ ਮੈਥੋਂ ਪੁਛ ਲੈਣਾ ਸੀ । ਤੁਸੀਂ ਐਵੇਂ ਪਰੇਸ਼ਾਨ ਹੁੰਦੇ ਰਹੇ ਹੋਂ । ਅਤੇ ਪਿੰਡ ਵੱਖਰਾ ਪਰੇਸ਼ਾਨ ਹੋਇਆ ਹੈ । ਇਸ ਜੰਗੂ ਜਟ ਦਾ ਮੈਂ ਜ਼ਿੰਮੇਵਾਰ ਹਾਂ । ਇਹ ਮੇਰੇ ਬਿਆਨ ਵੀ ਲਿਖਕੇ ਉਪਰ ਸਰਕਾਰ ਨੂੰ ਭੇਜ ਦੇਵੋ । ਅਸੀਂ ਤੁਸੀਂ ਜਿਥੇ ਆਖੋ ਬਿਆਨ ਦੇ ਸਕਦੇ ਹਾਂ ।

ਥਾਣੇਦਾਰ ਨੇ ਠੰਡਾ ਸਾਹ ਲੈਂਦਿਆਂ ਆਖਿਆ, ਖ਼ੁਦਾ ਦਾ ਸ਼ੁਕਰ ਕੀਤਾ । ਮੈਨੂੰ ਜੰਗ ਸਿੰਘ ਨੂੰ ਵਿਖਾ ਦਿਉ । ਮੈਂ ਵੀ ਉਸ ਦੇ ਨੈਨ-ਨਕਸ ਵੇਖ ਲਵਾਂ । ਉਸ ਦੇ ਕਿਹੜੇ ਅੰਗਾਂ ਤੋਂ ਸਰਕਾਰ ਨੂੰ ਖ਼ਤਰਾ ਹੈ । ਉਸ ਨੂੰ ਸਰਕਾਰ ਨੇ ਬਾਗੀ ਕਰਾਰ ਕਿਉਂ ਦੇ ਰਖਿਆ ਹੈ ? ਮੈਂ ਰੀਪੋਟ ਵਿਚ ਉਸ ਦੇ ਚਹਿਨ ਚੱਕਰ ਵੇਖਕੇ ਲਿਖਕੇ ਘਲਾਵਾਂਗਾ । ਮੇਰਾ ਪੈਂਡਾ ਨਿਬੜ ਜਾਵੇਗਾ । ਅੰਗਰੇਜ਼ ਅਫਸਰਾਂ ਤੋਂ ਕਈ ਮੈਨੂੰ ਕਈ ਤਰ੍ਹਾਂ ਦੀਆਂ ਝਿੜਕਾਂ ਸੁਣਨੀਆਂ ਪੈਂਦੀਆਂ ਹਨ ।

ਸਾਰੀ ਪਰੇ ਪੰਚਾਇਤ ਬੀਬੀ ਕੇਸਰ ਕੌਰ ਤੇ ਥਾਣੇਦਾਰ ਦੇ ਵਲ ਉਠਕੇ ਖੇਤਾਂ ਵਲ ਨੂੰ ਹੋ ਤੁਰੀ ਸੀ । ਬੀਬੀ ਕੇਸਰ ਕੌਰ ਨੇ ਦੂਰੋਂ ਉਂਗਲ ਕਢਦਿਆਂ ਆਖਿਆ । ਦਾਰ ਜੀ ਉਹ ਵੇਖੋ ਕਾਲੇ ਤੇ ਗੋਰੇ ਬਲਦ ਵਾਲਾ ਹੱਲ ਚਲ ਰਿਹਾ ਹੈ । ਉਸ ਵਟ ਤੇ ਸਾਰੀ ਪਰੇ ਪੰਚਾਇਤ ਪਹੁੰਚ ਗਈ । ਬੀਬੀ ਕੇਸਰ ਕੌਰ ਨੇ ਸ: ਜੀ ਆਖ ਕੇ ਅਵਾਜ਼ ਮਾਰੀ । ਬਾਬਾ ਜੰਗ ਸਿੰਘ ਜੀ ਸਾਹਿਬ ਨੇ ਹੱਲ ਰੋਕ ਕੇ ਹੱਲ ਵਿਚੋਂ ਕਿੱਲੀ ਕੱਢ ਦਿੱਤੀ ਤੇ ਆਖਿਆ ਕਿਤੇ ਬਲਦ ਇਕੱਠ ਨੂੰ ਵੇਖ ਕੇ ਭਾਵ ਡਰਕੇ ਫਾਲਾ ਨਾ ਮਰਵਾ ਲੈਣ । ਬਾਬਾ ਜੀ ਜੁੱਤੀ ਵਿਚਲੀ ਮਿੱਟੀ ਝਾੜਦੇ ਹੋਏ ਇਕੱਠ ਵਲ ਨੂੰ ਹੋ ਤੁਰੇ ਹਨ ।

ਥਾਣੇਦਾਰ ਨੇ ਸਾਦਗੀ ਵੇਖਕੇ ਹੈਰਾਨ ਹੁੰਦੇ ਨੇ ਸੁਆਲ ਕੀਤਾ, ਆਖਿਆ ਜੀ ਆਪ ਦਾ ਨਾਂ ਜੰਗ ਸਿੰਘ ਹੈ । ਅੱਗੋਂ ਜੁਆਬ ਦਿੰਦਿਆਂ ਹੋਇਆਂ ਬੋਲੇ ਸਰਕਾਰ ਮੇਰਾ ਨਾਮ ਤਾਂ ਜੰਗ ਹੈ । ਥਾਣੇਦਾਰ ਸਰਕਾਰੀ ਰਿਪੋਟ ਵਲ ਵੇਖ ਕੇ ਆਖਿਆ ਤੂੰ ਕੂਕਿਆਂ ਨਾਲ ਵੀ ਜਾਂਦਾ ਹੈ । ਬਾਬਾ ਜੀ ਨੇ ਨਿਝੱਕ ਹੋ ਕੇ ਆਖਿਆ ਹਾਂ ਜੀ, ਕਦੇ-ਕਦੇ ਮੇਲ ਮੇਲਾ ਵੇਖਣ ਵਾਸਤੇ ਚਲਿਆ ਜਾਂਦਾ ਹਾਂ । ਨਾਮਧਾਰੀ ਬਹੁਤ ਬੰਦਗੀ ਕਰਦੇ ਹਨ । ਮੈਂ ਵੀ ਥੋੜ੍ਹੀ ਬਹੁਤੀ ਬੰਦਗੀ ਕਰਦਾ ਹਾਂ । ਜੀ ਮੈਨੂੰ ਸ਼ਬਦ ਪੜ੍ਹਨ ਦਾ ਵੀ ਸ਼ੌਂਕ ਹੈ ।

ਬੀਬੀ ਕੇਸਰ ਕੌਰ ਨੇ ਆਖਿਆ, ਦਾਰ ਜੀ ਸ਼ਬਦ ਕੀਰਤਨ ਕਰਨ ਨੂੰ ਆਖਦੇ ਹਨ । ਭਾਵ ਗੁਰੂ ਨਾਨਕ ਸਾਹਿਬ ਦੀ ਉਚਰੀ ਹੋਈ ਬਾਣੀ ਦਾ ਨਾਮ ਸ਼ਬਦ ਕੀਰਤਨ ਹੈ ।

ਸਾਰੇ ਲੋਕਾਂ ਨੇ ਆਖਿਆ, ਸਰਕਾਰ ਇਸ ਦਾ ਨਾਮ ਜੰਗੂ ਹੀ ਹੈ । ਹੁਣ ਹੀ ਇਸ ਨੂੰ ਜੰਗ ਸਿੰਘ ਆਖਣ ਲੱਗੇ ਹਾਂ ।

ਥਾਣੇਦਾਰ ਨੇ ਇਕ ਦੋ ਹੋਰ ਸੁਆਲ ਕੀਤੇ । ਬਾਬਾ ਜੀ ਨੇ ਆਪਣੇ ਲਹਿ ਮੁਤਾਬਿਕ ਸਿਧੇ ਸਾਧੇ ਉੱਤਰ ਦਿੰਦੇ ਗਏ । ਕੂਕਾ ਲਹਿਰ ਬਾਰੇ ਕੋਈ ਸੁਆਲ ਹੋਇਆ ਤੇ ਨਾ ਹੀ ਕੂਕਾ ਲਹਿਰ ਦਾ ਨਾਂ ਹੀ ਨਾ ਲਿਆ ਗਿਆ ।

ਥਾਣੇਦਾਰ ਬਾਬਾ ਜੀ ਦੀ ਸਾਦਗੀ ਵੇਖਕੇ ਹੈਰਾਨ ਰਹਿ ਗਿਆ ਸੀ । ਆਪਣੇ ਤਸ਼ਦਦ ਬਾਰੇ ਪਛਤਾਵਾ ਕਰ ਰਿਹਾ ਸੀ । ਥਾਣੇਦਾਰ ਨੇ ਆਪਣੇ ਬਚਾਅ ਵਾਸਤੇ ਆਖਿਆ, ਜੰਗ ਸਿੰਘ ਜੀ ਆਪ ਨੂੰ ਬਿਆਨ ਕਿਸੇ ਅਫਸਰ ਸਾਹਮਣੇ ਦੇਣੇ ਪਏ ਤਾਂ ਦੇ ਦਿਉਗੇ, ਬੀਬੀ ਕੇਸਰ ਕੌਰ ਪਹਿਲਾਂ ਹੀ ਬੋਲ ਪਈ ਦਾਰ ਜੀ ਜ਼ਰੂਰ ਦਿਆਂਗੇ । ਮੈਂ ਵੀ ਬਿਆਨ ਦਿਆਂਗੀ । ਮੇਰਾ ਸਹੁਰਾ ਬਿਸ਼ਨ ਸਿੰਘ ਬਿਆਨ ਨਹੀਂ ਦੇ ਸਕਦਾ । ਮੇਰੀ ਸਸ ਮਾਂ ਵਡੇਰੀ ਹੈ ਸਾਹਿਬ ਕੌਰ ਅਫਸਰਾਂ ਨੂੰ ਵੇਖ ਕੇ ਘਬਰਾ ਜਾਂਦੀ ਹੈ । ਆਪ ਨੂੰ ਇਹਨਾਂ ਦਾ ਤਜਰਬਾ ਹੋ ਹੀ ਗਿਆ ਹੈ । ਥਾਣੇਦਾਰ ਸੰਤੁਸ਼ਟ ਹੁੰਦਾ ਹੋਇਆ, ਬੜੇ ਨੰਗਲ ਵਲ ਨੂੰ ਤੁਰ ਗਿਆ ਸੀ । ਬਾਬਾ ਜੀ ਫਿਰ ਹੱਲ ਵਾਹੁਣ ਲਗ ਪਏ ਸੀ ਪਰੇ ਪੰਚਾਇਤ ਵਾਪਸ ਪਿੰਡ ਨੂੰ ਮੁੜ ਗਈ ਸੀ । ਬੁਧੂ ਸ਼ਾਹ ਫਕੀਰ ਚੌਂਕੀਦਾਰ ਬਾਬਾ ਜੀ ਕੋਲ ਰਿਹਾ ਅਤੇ ਏਧਰਲੀਆਂ ਉਧਰਲੀਆਂ ਗੱਲਾਂ ਸ਼ੁਰੂ ਕਰ ਦਿਤੀਆਂ ਸਨ ।

## ਕਾਂਡ—24

ਸ: ਗੁਰਦਿਆਲ ਸਿੰਘ ਜੀ ਬਾਬਾ ਨਿਹਾਲ ਸਿੰਘ ਜੀ ਸਾਹਿਬ ਬਾਬਾ ਜੰਗ ਸਿੰਘ ਜੀ ਸਾਹਿਬ ਦੀ ਡਿਊਟੀ ਮਾਲਵੇ ਦੀਆਂ ਸਿਖ ਰਿਆਸਤਾਂ ਵਿਚ ਸਾਥੀਆਂ ਸਮੇਤ ਲਗੀ ਹੋਈ ਸੀ। ਬਾਬਾ ਜੀ ਸਾਥੀਆਂ ਸਮੇਤ ਕੂਕਾ ਲਹਿਰ ਦਾ ਪ੍ਰਚਾਰ ਪਿੰਡਾਂ ਵਿਚ ਕਰ ਰਹੇ ਸਨ। ਸਿੱਖ ਰਿਆਸਤਾਂ ਵਿਚੋਂ ਕੂਕਾ ਲਹਿਰ ਨਾਲ ਬਹੁਤ ਸਾਥੀ ਜੁੜ ਰਹੇ ਸਨ। ਬਾਬਾ ਜੀ ਨੂੰ ਕੁਝ ਹਿੱਸਾ ਮੁਕਤਸਰ ਰੂਪਾਨੇ ਦਾ ਹਿੱਸਾ ਪ੍ਰਚਾਰ ਕਰਨ ਵਾਸਤੇ ਮਿਲਿਆ ਹੋਇਆ ਸੀ। ਰੂਪਾਨੇ ਦੇ ਸਾਥੀ ਵੀ ਬਹੁਤ ਸਰਗਰਮ ਹੋ ਰਹੇ ਸਨ। ਬਾਬਾ ਜੰਗ ਸਿੰਘ ਜੀ ਕਦੇ ਰੂਪਾਨੇ ਚਲੇ ਜਾਂਦੇ। ਕਦੇ ਕੋਟ-ਧਰਮੂ ਆ ਜਾਂਦੇ ਸਨ।

1933 ਈ: ਨੂੰ ਕੁਝ ਚਿਰ ਲਈ ਰੂਪਾਨੇ ਸ: ਬਿਕਰਮ ਸਿੰਘ ਨੰਬਰਦਾਰ ਮਾਤਾ ਖੇਮ ਕੌਰ ਦੇ ਪੁੱਤਰ ਬਣਕੇ ਕੂਕਾ ਲਹਿਰ ਦਾ ਪ੍ਰਚਾਰ ਕਰਦੇ ਰਹੇ ਸਨ। ਮੁਕਤਸਰ ਦੇ ਇਲਾਕੇ ਵਿਚ ਗੁਰੂ ਨਾਨਕ ਸਾਹਿਬ ਦੀ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਚਲਾਈ ਹੋਈ ਮਨੁੱਖੀ ਬਰਾਬਰਤਾ ਕੂਕਾ ਲਹਿਰ ਨੂੰ ਹੋਰ ਤੇਜ਼ ਕਰ ਰਹੇ ਸਨ। ਗੁਰੂਆਂ ਦੀ ਚਲਾਈ ਹੋਈ ਸਾਂਝੀਵਾਲਤਾ ਨੂੰ ਅੱਗੇ ਤੋਰਨ ਵਾਸਤੇ 1942 ਈ: ਤਕ ਪ੍ਰਚਾਰ ਕਰਦੇ ਰਹੇ ਸਨ।

ਬਾਬਾ ਜੰਗ ਸਿੰਘ ਜੀ ਸਾਹਿਬ ਦਾ ਸ: ਗੁਰਦਿਆਲ ਸਿੰਘ ਜੀ ਤੇ ਬੀਬੀ ਕਰਤਾਰ ਕੌਰ ਦੇ ਪ੍ਰਲੋਕ ਸੁਧਾਰਨ ਦਾ ਬਾਬਾ ਜੀ ਨੂੰ ਬਹੁਤ ਤਗੜਾ ਸਦਮਾ ਹੋਇਆ ਸੀ। ਬਾਬਾ ਜੀ ਨੂੰ ਕੂਕਾ ਲਹਿਰ ਵਿਚੋਂ ਬਹੁਤ ਖੁਰਿਆ-ਖੁਰਿਆ ਜਾਪਦਾ ਸੀ। ਉੱਨਾ ਉਤਸ਼ਾਹ ਨਹੀਂ ਸੀ ਰਿਹਾ ਜਿੰਨਾ ਉਹਨਾਂ ਦੇ ਹੁਕਮ ਤੋਂ ਅਤੇ ਜਿਊਂਦਿਆਂ ਹੁੰਦਾ ਸੀ। ਕੂਕਾ ਲਹਿਰ ਨੂੰ ਬਹੁਤ ਵੱਡੀ ਢਾਅ ਲਗ ਗਈ ਸੀ। ਹੌਲੀ ਹੌਲੀ ਪ੍ਰੋਗਰਾਮ ਢਿੱਲਾ ਪੈ ਰਿਹਾ ਸੀ। ਸ: ਗੁਰਦਿਆਲ ਸਿੰਘ ਜੀ ਸਾਹਿਬ ਨੂੰ ਅਤੇ ਬੀਬੀ ਕਰਤਾਰ ਕੌਰ ਨੂੰ ਕੂਕਾ ਲਹਿਰ ਦੀ। ਆਪ ਦੇ ਸਰਪ੍ਰਸਤ ਸਮਝਦੇ ਸਨ। ਬਾਬਾ ਜੀ ਦੇ ਜੀਵਨ ਦੀ ਘਾਟ ਸਾਰੀ ਉਮਰ ਪੂਰੀ ਨਾ ਹੋ ਸਕੀ।

ਇਸ ਤੋਂ ਬਾਅਦ ਜਦੋਂ ਵੀ ਬਾਬਾ ਨਿਹਾਲ ਸਿੰਘ ਦੇ ਸੱਦੇ ਤੇ ਲਾਹੌਰ ਜਾਂਦੇ ਸਨ। ਸ: ਗੁਰਦਿਆਲ ਸਿੰਘ ਬਾਰੇ ਅਤੇ ਬੀਬੀ ਕਰਤਾਰ ਕੌਰ ਬਾਰੇ ਭਾਵ ਦੋਵਾਂ ਪਤੀ ਪਤਨੀ ਦੇ ਸਿਦਕੀ ਸੁਭਾ ਬਾਰੇ ਅਤੇ ਪੂਰੇ ਲਗਨ ਦੀ ਜ਼ਰੂਰਤ ਬਾਰੇ ਗੱਲਾਂ-ਬਾਤਾਂ ਕਰਦੇ ਮੁੜ ਆਉਂਦੇ ਸਨ। ਕੋਟ ਧਰਮੂ ਜਾਂ ਰੂਪਾਨੇ ਪਿੰਡ ਵਿਚ ਆਪਣੇ ਸਾਥੀਆਂ ਦੀ ਨਿਗਰਾਨੀ ਹੇਠ ਰਹਿੰਦੇ ਸਨ। ਅਜ਼ਾਦੀ ਸੰਗਰਾਮ ਕਰਦਿਆਂ ਆਪਣਾ ਜੀਵਨ ਭਗਤੀ ਅਤੇ ਸ਼ਕਤੀ ਕਾਇਮ ਕਰਦਿਆਂ ਬਿਤਾ ਰਹੇ ਸਨ।

ਆਓ ਆਪਾਂ ਬਾਬਾ ਜੰਗ ਸਿੰਘ ਸਾਹਿਬ ਜੀ ਦੇ ਸਾਥੀਆਂ ਦੀ ਲਿਸਟ ਪੜ੍ਹਦੇ ਹਾਂ। ਮਾਲਵੇ ਦੇ ਇਹਨਾਂ ਪਿੰਡਾਂ ਦਾ ਪਾਇਆ ਯੋਗਦਾਨ ਬਾਰੇ ਜਾਣਕਾਰੀ ਕਰਦੇ ਹਾਂ, ਉਹ ਹੇਠ ਲਿਖੇ ਮੁਤਾਬਿਕ ਹੈ :—

1. ਸ: ਸਾਧੂ ਸਿੰਘ, ਪਿੰਡ ਚੰਨਾ, ਰਿਆਸਤ ਮਲੇਰਕੋਟਲਾ, ਸੰਗਰੂਰ (ਪੰਜਾਬ) ਅਜ ਪ੍ਰਵਾਰ ਤਲਵਾੜਾ (ਰਾਜਸਥਾਨ)।



Sri Satguru Jagjit Singh Ji Elibrary NamdhariElibrary@gmail.com

2. ਸੂ: ਨਰੈਣ ਸਿੰਘ, ਪਿੰਡ ਬਧੀਆਨਾ, ਜ਼ਿਲ੍ਹਾ ਮਾਨਸਾ (ਪੰਜਾਬ) ਆਜ ਪ੍ਰਵਾਰ ਜਗਜੀਤ ਨਗਰ, ਜ਼ਿਲ੍ਹਾ ਸਿਰਸਾ (ਹਰਿਆਣਾ)।
3. ਸੂ: ਬਖਸ਼ੀਸ਼ ਸਿੰਘ, ਪਿੰਡ ਬਪੀਆਣਾ, ਜ਼ਿਲ੍ਹਾ ਮਾਨਸਾ (ਪੰਜਾਬ)।
4. ਸੂ: ਅਵਤਾਰ ਸਿੰਘ, ਪਿੰਡ ਬਪੀਆਣਾ, ਜ਼ਿਲ੍ਹਾ ਮਾਨਸਾ (ਪੰਜਾਬ)।
5. ਸੂ: ਪ੍ਰੀਤਮ ਸਿੰਘ, ਪਿੰਡ ਕੋਟ ਧਰਮੂ, ਜ਼ਿਲ੍ਹਾ ਮਾਨਸਾ, ਆਜ ਪ੍ਰਵਾਰ ਦਮਦਮਾ ਜ਼ਿਲ੍ਹਾ ਸਿਰਸਾ (ਹਰਿਆਣਾ)।
6. ਸੂ: ਚਤਰ ਸਿੰਘ, ਪਿੰਡ ਕੋਟ ਧਰਮੂ, ਜ਼ਿਲ੍ਹਾ ਮਾਨਸਾ (ਪੰਜਾਬ)।
7. ਸੂ: ਗੁਰਦਿਤ ਸਿੰਘ, ਪਿੰਡ ਕੋਟ ਧਰਮੂ, ਜ਼ਿਲ੍ਹਾ ਮਾਨਸਾ (ਪੰਜਾਬ)।
8. ਸੂ: ਬਿਸ਼ਨ ਸਿੰਘ, ਪਿੰਡ ਕੋਟ ਧਰਮੂ, ਜ਼ਿਲ੍ਹਾ ਮਾਨਸਾ (ਪੰਜਾਬ)।
9. ਸੂ: ਜੀਊਣ ਸਿੰਘ, ਪਿੰਡ ਕੋਟ ਧਰਮੂ, ਜ਼ਿਲ੍ਹਾ ਮਾਨਸਾ (ਪੰਜਾਬ)।
10. ਸੂ: ਉਤਮ ਸਿੰਘ, ਪਿੰਡ ਕੋਟ ਧਰਮੂ, ਜ਼ਿਲ੍ਹਾ ਮਾਨਸਾ (ਪੰਜਾਬ।
11. ਸੂ: ਹਰਚੰਦ ਸਿੰਘ, ਪਿੰਡ ਕੋਟ ਧਰਮੂ, ਜ਼ਿਲ੍ਹਾ ਮਾਨਸਾ (ਪੰਜਾਬ)।
12. ਸੂ: ਇੰਦਰ ਸਿੰਘ (ਰਾਜਾ) ਕੋਟ ਧਰਮੂ, ਜ਼ਿਲ੍ਹਾ ਮਾਨਸਾ (ਪੰਜਾਬ)।
13. ਸੂ: ਕ੍ਰਿਪਾਲ ਸਿੰਘ, ਪਿੰਡ ਕੋਟ ਧਰਮੂ, ਜ਼ਿਲ੍ਹਾ ਮਾਨਸਾ (ਪੰਜਾਬ)।
14. ਸੂ: ਦੀਵਾਨ ਸਿੰਘ, ਪਿੰਡ ਕੋਟ ਧਰਮੂ, ਜ਼ਿਲ੍ਹਾ ਮਾਨਸਾ (ਪੰਜਾਬ)।
15. ਸੂ: ਬਖਤਾਵਰ ਸਿੰਘ, ਪਿੰਡ ਕੋਟ ਧਰਮੂ, ਜ਼ਿਲ੍ਹਾ ਮਾਨਸਾ (ਪੰਜਾਬ)।
16. ਸੂ: ਚਤਰ ਸਿੰਘ, ਕੋਟ ਧਰਮੂ, ਜ਼ਿਲ੍ਹਾ ਮਾਨਸਾ (ਪੰਜਾਬ)।
17. ਸੂ: ਕਰਤਾਰ ਸਿੰਘ, ਕੋਟ ਧਰਮੂ, ਜ਼ਿਲ੍ਹਾ ਮਾਨਸਾ (ਪੰਜਾਬ)।
18. ਸੂ: ਕਊਡਾ ਸਿੰਘ, ਕੋਟ ਧਰਮੂ, ਜ਼ਿਲ੍ਹਾ ਮਾਨਸਾ (ਪੰਜਾਬ)।
19. ਸੂ: ਨੌਧਾ ਸਿੰਘ, ਪਿੰਡ ਕੋਟ ਧਰਮੂ, ਜ਼ਿਲ੍ਹਾ ਮਾਨਸਾ (ਪੰਜਾਬ)।
20. ਸੂ: ਨਿਹਾਲ ਸਿੰਘ, ਪਿੰਡ ਕੋਟ ਧਰਮੂ, ਜ਼ਿਲ੍ਹਾ ਮਾਨਸਾ (ਪੰਜਾਬ)।
21. ਸੂ: ਜਗਤਾਰ ਸਿੰਘ, ਪਿੰਡ ਕੋਟ ਧਰਮੂ, ਜ਼ਿਲ੍ਹਾ ਮਾਨਸਾ (ਪੰਜਾਬ)।
22. ਸੂ: ਮੇਲਾ ਸਿੰਘ ਸੰਧੂ, ਪਿੰਡ ਕੋਟ ਧਰਮੂ, ਜ਼ਿਲ੍ਹਾ ਮਾਨਸਾ (ਪੰਜਾਬ)।
23. ਸੂ: ਸੇਵਾ ਸਿੰਘ ਸੰਧੂ, ਪਿੰਡ ਕੋਟ ਧਰਮੂ, ਜ਼ਿਲ੍ਹਾ ਮਾਨਸਾ (ਪੰਜਾਬ)।
24. ਸੂ: ਗੁਰਦਿਆਲ ਸਿੰਘ, ਪਿੰਡ ਕੋਟ ਧਰਮੂ, ਜ਼ਿਲ੍ਹਾ ਮਾਨਸਾ (ਪੰਜਾਬ)।
25. ਸੂ: ਹਮੀਰ ਸਿੰਘ, ਪਿੰਡ ਕੋਟ ਧਰਮੂ, ਜ਼ਿਲ੍ਹਾ ਮਾਨਸਾ (ਪੰਜਾਬ)।
26. ਸੂ: ਆਲਾ ਸਿੰਘ, ਪਿੰਡ ਲਕੜਾਂਵਾਲੀ, ਜ਼ਿਲ੍ਹਾ ਫਰੀਦਕੋਟ (ਪੰਜਾਬ)।
27. ਸੂ: ਸੁੰਦਰ ਸਿੰਘ ਬਾਠ, ਪਿੰਡ ਸਿਆਲਕੋਟ, ਜ਼ਿਲ੍ਹਾ ਲਾਹੌਰ (ਪਾਕਿਸਤਾਨ)।
28. ਸੂ: ਬਖਤਾਖਰ ਸਿੰਘ, ਪਿੰਡ ਕੋਟ ਧਰਮੂ, ਜ਼ਿਲ੍ਹਾ ਮਾਨਸਾ (ਪੰਜਾਬ)।
29. ਸੂ: ਜੰਗੀਰ ਸਿੰਘ, ਪਿੰਡ ਕੋਟ ਧਰਮੂ, ਜ਼ਿਲ੍ਹਾ ਮਾਨਸਾ (ਪੰਜਾਬ)।
30. ਫਕੀਰ ਬੁਧੂਸ਼ਾਹ ਚੌਕੀਦਾਰ, ਪਿੰਡ ਕੋਟ ਧਰਮੂ, ਜ਼ਿਲ੍ਹਾ ਮਾਨਸਾ (ਪੰਜਾਬ)।
31. ਸੂ: ਧਰਮ ਸਿੰਘ ਜੀ, ਪਿੰਡ ਦਿਆਲ ਸਿੰਘ ਵਾਲਾ ਕਾਮਰੇਟ, ਜ਼ਿਲ੍ਹਾ ਮਾਨਸਾ (ਪੰਜਾਬ)
32. ਸੂ: ਜੰਗੀਰ ਸਿੰਘ, ਪਿੰਡ ਜੋਗਾ, ਜ਼ਿਲ੍ਹਾ ਬਠਿੰਡਾ (ਪੰਜਾਬ)।

Sri Satguru Jagjit Singh Ji Elibrary NamdhariElibrary@gmail.com

33. ਸ੍ਰ: ਜੋਧ ਸਿੰਘ ਕਾਮਰੇਡ, ਪਿੰਡ ਲੌਂਗੋਵਾਲ, ਜ਼ਿਲ੍ਹਾ ਸੰਗਰੂਰ (ਪੰਜਾਬ)।
34. ਚੌਧਰੀ ਮਜੀਦ ਖਾਂ ਸੁਨਾਮ ਕਾਮਰੇਡ, ਜ਼ਿਲ੍ਹਾ ਸੰਗਰੂਰ (ਪੰਜਾਬ)।
35. ਚੌਧਰੀ ਬਰਕਤ ਖਾਂ, ਮਾਨਸਾ ਸ਼ਹਿਰ, ਜ਼ਿਲ੍ਹਾ ਮਾਨਸਾ (ਪੰਜਾਬ)।
36. ਸ੍ਰ: ਹਰਨਾਮ ਸਿੰਘ ਚਮਕ ਕਾਮਰੇਡ, ਰਿਆਸਤ ਮਲੇਰਕੋਟਲਾ (ਪੰਜਾਬ)।
37. ਸ੍ਰ: ਧਰਮ ਸਿੰਘ ਸਹੌਰ ਕਾਮਰੇਡ, ਜ਼ਿਲ੍ਹਾ ਸੰਗਰੂਰ (ਪੰਜਾਬ)।
38. ਸ੍ਰ: ਸੰਤੋਖ ਸਿੰਘ ਸਾਹੋਰ ਕਾਮਰੇਡ, ਜ਼ਿਲ੍ਹਾ ਸੰਗਰੂਰ (ਪੰਜਾਬ)।

1933 ਈ: ਨੂੰ ਕੁਝ ਕਾਮਰੇਡ ਕਮਿਊਨਿਸਟ ਪਾਰਟੀ ਦੇ ਮੈਂਬਰ ਹੋ ਗਏ ਸਨ।

39. ਸ੍ਰ: ਸ਼ੇਰ ਸਿੰਘ, ਪਿੰਡ ਪਿਥੋ, ਜ਼ਿਲ੍ਹਾ ਬਠਿੰਡਾ (ਪੰਜਾਬ)।
40. ਸ੍ਰ: ਗਜਣ ਸਿੰਘ, ਪਿੰਡ ਪਿਥੋ, ਜ਼ਿਲ੍ਹਾ ਬਠਿੰਡਾ (ਪੰਜਾਬ)।
41. ਸ੍ਰ: ਮੇਹਰ ਸਿੰਘ ਜਥੇਦਾਰ, ਪਿੰਡ ਸਿਆੜ, ਜ਼ਿਲ੍ਹਾ ਲੁਧਿਆਣਾ (ਪੰਜਾਬ)।
42. ਸ੍ਰ: ਇੰਦਰ ਸਿੰਘ, ਪਿੰਡ ਚਕ ਕੁਕਿਆ ਵਾਲਾ, ਜ਼ਿਲ੍ਹਾ ਸੰਗਰੂਰ (ਪੰਜਾਬ)।
43. ਸ੍ਰ: ਕ੍ਰਿਪਾਲ ਸਿੰਘ ਜੀ ਸੂਬਾ ਪਿੰਡ ਚਕ ਕੂਕਿਆਂ ਵਾਲਾ, ਜ਼ਿਲ੍ਹਾ ਸੰਗਰੂਰ (ਪੰਜਾਬ)।
44. ਸ੍ਰ: ਲਾਲ ਸਿੰਘ ਜੀ, ਪਿੰਡ ਮੋਠ ਢਿਲਵਾਂ, ਜ਼ਿਲ੍ਹਾ ਸੰਗਰੂਰ (ਪੰਜਾਬ)।
45. ਸ੍ਰ: ਬਿਸ਼ਨ ਸਿੰਘ ਜੀ, ਪਿੰਡ ਭਦੌੜ, ਜ਼ਿਲ੍ਹਾ ਫਰੀਦਕੋਟ (ਪੰਜਾਬ)।
46. ਸ੍ਰ: ਵਰਿਆਮ ਸਿੰਘ ਜੀ ਸੂਬਾ, ਪਿੰਡ ਗਹਿਲਾਂ, ਜ਼ਿਲ੍ਹਾ ਸੰਗਰੂਰ (ਪੰਜਾਬ)।
47. ਸ੍ਰ: ਸਰਵਣ ਸਿੰਘ ਜੀ ਮੱਲੀ, ਪਿੰਡ ਰਾਏਸਰ ਬਰਨਾਲਾ, ਜ਼ਿਲ੍ਹਾ ਸੰਗਰੂਰ (ਪੰਜਾਬ)।
48. ਬਾਬਾ ਮਸਤਾਨ ਸਿੰਘ ਜੀ, ਸੂਬਾ ਤੇ ਪਿੰਡ ਰਾਏਸਰ ਬਰਨਾਲਾ, ਜ਼ਿਲ੍ਹਾ ਸੰਗਰੂਰ (ਪੰਜਾਬ)।
49. ਸ੍ਰ: ਗੰਡਾ ਸਿੰਘ ਜੀ ਗਿਲ, ਪਿੰਡ ਰਾਏਸਰ ਬਰਨਾਲਾ, ਜ਼ਿਲ੍ਹਾ ਸੰਗਰੂਰ (ਪੰਜਾਬ)।
50. ਸ੍ਰ: ਭਾਗ ਸਿੰਘ ਜੀ ਧੰਜਲ, ਪਿੰਡ ਰਾਏਸਰ ਬਰਨਾਲਾ, ਜ਼ਿਲ੍ਹਾ ਸੰਗਰੂਰ (ਪੰਜਾਬ)।
51. ਸ੍ਰ: ਭਗਤ ਸਿੰਘ ਜੀ ਘਾਰੂ, ਪਿੰਡ ਰਾਏਸਰ ਬਰਨਾਲਾ ਜ਼ਿਲ੍ਹਾ ਸੰਗਰੂਰ (ਪੰਜਾਬ)।
52. ਸ੍ਰ: ਇੰਦਰ ਸਿੰਘ ਜੀ, ਪਿੰਡ ਗੁਰੂ ਕਾ ਕੋਠਾ, ਜ਼ਿਲ੍ਹਾ ਫ਼ਰੀਦਕੋਟ (ਪੰਜਾਬ)।
53. ਸ੍ਰ: ਸੇਵਾ ਸਿੰਘ ਜੀ ਜਥੇਦਾਰ, ਪਿੰਡ ਭਾਈ ਕਾ ਭਗਤਾ, ਜ਼ਿਲ੍ਹਾ ਫਰੀਦਕੋਟ (ਪੰਜਾਬ)।
54. ਸੰਤ ਰਲਾ ਰਾਮ ਜੀ ਪਿੰਡ ਮਾਈਸਰਖਾਨਾ, ਜ਼ਿਲ੍ਹਾ ਬਠਿੰਡਾ (ਪੰਜਾਬ)।
55. ਸ੍ਰ: ਹਰੀ ਸਿੰਘ ਜੀ ਪਿੰਡ ਮਾਈਸਰਖਾਨਾ, ਜ਼ਿਲ੍ਹਾ ਬਠਿੰਡਾ (ਪੰਜਾਬ)।
56. ਬਾਬਾ ਬਿਸ਼ਨ ਸਿੰਘ ਹਿਸਟੋਰੀਅਨ ਨੰਗਲ, ਜ਼ਿਲ੍ਹਾ ਲੁਧਿਆਣਾ (ਪੰਜਾਬ)।
57. ਸ੍ਰ: ਕਰਤਾਰ ਸਿੰਘ ਈਚੋਗਿਲੀਆ, ਜ਼ਿਲ੍ਹਾ ਲਾਹੌਰ (ਪਾਕਿਸਤਾਨ) ਅਜ ਪ੍ਰਵਾਰ ਸੰਤ ਨਗਰ ਸਿਰਸਾ (ਹਰਿਆਣਾ)।
58. ਸ੍ਰ: ਆਤਮਾ ਸਿੰਘ ਜੀ, ਪਿੰਡ ਕਰਾਈਵਾਲਾ, ਆਜ ਪ੍ਰਵਾਰ ਦਮਦਮਾ, ਜ਼ਿਲ੍ਹਾ ਸਿਰਸਾ (ਹਰਿਆਣਾ)।
59. ਸ੍ਰ: ਬਲਵੰਤ ਸਿੰਘ ਜੀ ਖੁਨਨਾਂਵਾਲਾ, ਆਜ ਪ੍ਰਵਾਰ, ਪਿੰਡ ਦਮਦਮਾ, ਜ਼ਿਲ੍ਹਾ ਸਿਰਸਾ (ਹਰਿਆਣਾ)।

Sri Satguru Jagjit Singh Ji Elibrary NamdhariElibrary@gmail.com

60. ਸੂ: ਮੰਗਲ ਸਿੰਘ ਜੀ ਖੂਨਨਾਂਵਾਲਾ, ਆਜ ਪ੍ਰਵਾਰ ਪਿੰਡ ਤਲਵਾੜਾ, ਜ਼ਿਲ੍ਹਾ ਗੰਗਾ ਨਗਰ (ਰਾਜਸਥਾਨ)।
61. ਸੂ: ਧੰਨਾ ਸਿੰਘ ਜੀ, ਆਜ ਪ੍ਰਵਾਰ ਬੇਰਵਾਲਾ (ਤਲਵਾੜਾ) ਜ਼ਿਲ੍ਹਾ ਗੰਗਾ ਨਗਰ (ਰਾਜਸਥਾਨ)।
62. ਸੂ: ਸ਼ਿੰਗਾਰਾ ਸਿੰਘ ਜੀ ਪਿੰਡ ਗਰਨੀ, ਜ਼ਿਲ੍ਹਾ ਸਿਰਸਾ (ਹਰਿਆਣਾ)।
63. ਸੂ: ਬਚਿੱਤਰ ਸਿੰਘ ਜੀ ਪਿੰਡ ਦਮਦਮਾ, ਜ਼ਿਲ੍ਹਾ ਸਿਰਸਾ (ਹਰਿਆਣਾ) ਆਜ ਪ੍ਰਵਾਰ ਗੁਗਾਮਾੜੀ, ਜ਼ਿਲ੍ਹਾ ਗੰਗਾ ਨਗਰ (ਰਾਜਸਥਾਨ)।
64. ਸੂ: ਗੁਰਦਿਆਲ ਸਿੰਘ ਜੀ ਪਿੰਡ ਅਬਲੂ, ਜ਼ਿਲ੍ਹਾ ਬਠਿੰਡਾ (ਪੰਜਾਬ)।
65. ਸੂ: ਗਿਆਨ ਸਿੰਘ ਜੀ ਪਿੰਡ ਬਲੋਂਵਾਲੀਐਂ (ਪੰਜਾਬ) ਆਜ ਪ੍ਰਵਾਰ (ਦਿੱਲੀ)।
66. ਸੂ: ਅਵਤਾਰ ਸਿੰਘ ਜੀ ਪਿੰਡ ਖੰਡੂਵਾਲਾ (ਪੰਜਾਬ) ਆਜ ਪ੍ਰਵਾਰ ਸ੍ਰੀ ਜੀਵਨ ਨਗਰ, ਜ਼ਿਲ੍ਹਾ ਸਿਰਸਾ (ਹਰਿਆਣਾ)।
67. ਸੂ: ਮਹਿੰਦਰ ਸਿੰਘ ਜੀ ਪਿੰਡ ਰੈਕੂ, ਆਜ ਪ੍ਰਵਾਰ ਦਿੱਲੀ (Delhi)।
68. ਸੂ: ਸੁਰੈਣ ਸਿੰਘ ਜੀ, ਆਜ ਪ੍ਰਵਾਰ ਦਿੱਲੀ (Delbi)।
69. ਸੂ: ਤਾਰਾ ਸਿੰਘ ਜੀ, ਆਜ ਪ੍ਰਵਾਰ ਟਿੱਬੀ, ਹਨੂੰਮਾਨਗੜ੍ਹ (ਰਾਜਸਥਾਨ)।

ਆਦਿ ਇਸ ਤੋਂ ਇਲਾਵਾ ਬਾਬਾ ਜੰਗ ਸਿੰਘ ਦੇ ਹੋਰ ਵੀ ਬਹੁਤ ਸਾਰੇ ਆਜ਼ਾਦੀ ਸੰਗਰਾਮੀਏ ਸਾਥੀ ਸਨ। ਇਸ ਤੋਂ ਇਲਾਵਾ ਹੋਰ ਬਹੁਤ ਨਾਮ ਮੈਂ ਸਮੇਂ ਦੀ ਥੁੜ੍ਹ ਕਾਰਨ ਨੋਟ ਨਹੀਂ ਕਰ ਸਕਿਆ, ਮਾਫ਼ੀ ਮੰਗਦਾ ਹਾਂ।

ਕਿਉਂਕਿ ਆਮ ਲੋਕਾਂ ਨੇ ਬਾਬਾ ਜੰਗ ਸਿੰਘ ਜੀ ਦੀ ਅਗਵਾਈ ਹੇਠ ਅਣਥਕ ਯੋਗਦਾਨ ਪਾਇਆ ਹੈ। ਮਾਲਵੇ ਦੇ ਲੋਕ ਵੀ ਆਪਣੇ ਬਜ਼ੁਰਗਾਂ ਦੇ ਰਿਣੀ ਰਹਿਣਗੇ। ਇਸ ਤੋਂ ਆਪਾਂ ਆਖ਼ਰ ਵਿਚ ਹੋਰ ਜਾਣਕਾਰੀ ਕਰਦੇ ਹਾਂ।

ਉਪਰਲੀ ਲਿਸਟ ਵਿਚ ਬਹੁਤ ਸਾਰੇ ਕੂਕਾ ਲਹਿਰ ਦੀ ਮੁੱਢਲੀ ਮੈਂਬਰਸ਼ਿਪ ਲਈ ਹੋਈ ਸੀ। ਕਈ ਨਵੀਂ ਪੀੜ੍ਹੀ ਦੇ ਨੌਜੁਆਨਾਂ ਕੂਕਾ ਲਹਿਰ ਦੇ ਪੈਰੋਕਾਰ ਅਤੇ ਦੇਸ਼ ਭਗਤਾਂ ਦੀ ਸੇਵਾ ਵਿਚ ਵਿਰਸੇ ਦੀ ਮਰਯਾਦਾ ਦੀ ਕਦਰ ਕਰਦੇ ਹਨ। ਬਾਬਾ ਜੰਗ ਸਿੰਘ ਜੀ ਸਾਹਿਬ ਦਾ ਤਨੋਂ-ਮਨੋਂ ਸਤਿਕਾਰ ਕਰਦੇ ਸਨ। ਆਪ ਦੇ ਜੀਵਨ ਵਿਚ ਸਮਾਜ ਸੁਧਾਰਕ ਲਹਿਰਾਂ ਵਿਚ ਯੋਗਦਾਨ ਪਾਉਂਦੇ ਸਨ। ਮੌਜੂਦਾ-ਹੁਣ ਗੁਰੂਆਂ ਦੀ ਸਾਂਝੀਵਾਲਤਾ ਦੇ ਕੰਮਾਂ ਵਿਚ ਯੋਗਦਾਨ ਪਾ ਰਹੇ ਹਨ। ਬਾਬਾ ਜੰਗ ਸਿੰਘ ਜੀ ਸਾਹਿਬ ਦੀ ਯਾਦ ਵਿਚ ਕੋਟ ਧਰਮੂ ਵਿਚ ਸਾਂਝੀਵਾਲਤਾ ਦਾ ਲੰਗਰ ਬਹੁਤ ਸਾਰੇ ਸ਼ਰਧਾਲੂ ਲੋਕਾਂ ਨੇ ਰਲ ਕੇ ਚਲਾਇਆ ਹੋਇਆ ਹੈ। ਬਹੁਤ ਸਾਰੇ ਨਿਸ਼ਕਾਮ ਸੇਵਾ ਕਰਦੇ ਦਿਖਾਈ ਦਿੰਦੇ ਸਨ।

ਸੂ: ਗੁਰਦਿਆਲ ਸਿੰਘ ਜੀ ਦੀ ਅਗਵਾਈ ਹੇਠ ਸੂ: ਮੇਲਾ ਸਿੰਘ ਸੰਧੂ, ਸੂ: ਸੇਵਾ ਸਿੰਘ ਜੀ ਸੰਧੂ, ਸੂ: ਮਿਠਾ ਸਿੰਘ ਜੀ ਸੰਧੂ (ਰਾਜਾ) ਹੋਰ ਵੀ ਸਾਂਝੀਵਾਲਤਾ ਦੇ ਲੰਗਰ ਨੂੰ ਚਲਾਉਣ ਦਾ ਵੱਲ ਸਿਖ ਰਹੇ ਹਨ। ਕੋਟ ਧਰਮੂ ਪਿੰਡ ਦਾ ਭਵਿੱਖ ਨਿਸ਼ਕਾਮ ਸੇਵਾ ਕਰਨ ਵੱਲ ਵਧ ਰਿਹਾ ਹੈ।

ਇਹ ਪਿੰਡ ਮਨੁੱਖੀ ਬਰਾਬਰਤਾ ਦਾ ਚਿੰਨ੍ਹ ਬਣਦਾ ਜਾ ਰਿਹਾ। ਉਸੇ ਤਰ੍ਹਾਂ ਭਜਨ ਬਾਣੀ ਦਾ ਪ੍ਰਵਾਹ ਕੀਰਤਨ ਚਲ ਰਿਹਾ ਹੈ। ਕਿਸੇ ਦਿਨ ਸਮਾਜ ਦੇ ਹੀਰੋ ਦਾ ਰੋਲ ਅਦਾ ਕਰੇਗਾ।

ਬਾਬਾ ਜੰਗ ਸਿੰਘ ਜੀ ਮਨੁੱਖੀ ਛੂਤ-ਛਾਤ ਦੇ ਖਿਲਾਫ ਸਨ। ਆਜ਼ਾਦ ਸੰਗਰਾਮ ਵਿਚ ਕੁਦਣ ਦਾ ਬਲ ਆਪਣੇ ਖਾਨਦਾਨੀ ਵਿਰਸੇ ਵਿਚੋਂ ਮਿਲਿਆ ਸੀ। ਮਾਤਾ ਸਾਹਿਬ ਕੌਰ ਜੀ, ਸ੍ਰ: ਬਿਸ਼ਨ ਸਿੰਘ ਜੀ ਨੇ ਕੂਕਾ ਲਹਿਰ ਦੀ ਮੁੱਢਲੀ ਮੈਂਬਰਸ਼ਿਪ ਵਿਚ ਸ਼ਾਮਲ ਸਨ। ਬਾਬਾ ਗੁਰਦਿਤ ਸਿੰਘ ਜੀ ਨੇ ਸਾਰੀ ਉਮਰ ਕੂਕਾ ਲਹਿਰ ਦੀ ਬੇਹਤਰੀ ਵਾਸਤੇ ਸੰਘਰਸ਼ਸ਼ੀਲ ਰਹੇ ਸਨ। ਅੰਗਰੇਜ਼ ਸਰਕਾਰ ਨੇ ਜ਼ਮੀਨ ਕੁਰਕ ਕਰ ਲਈ ਸੀ। ਕਿਸੇ ਨਾ ਕਿਸੇ ਰੂਪ ਵਿਚ ਸ੍ਰੀ ਭੈਣੀ ਸਾਹਿਬ ਹੀ ਰਹਿੰਦੇ ਰਹੇ ਸਨ। ਸ੍ਰ: ਬਿਸ਼ਨ ਸਿੰਘ ਜੀ ਬਾਬਾ ਗੁਰਦਿਤ ਸਿੰਘ ਦੇ ਸਪੁੱਤਰ ਸਨ। ਸ੍ਰ: ਹਰਚੰਦ ਸਿੰਘ ਜੀ ਤੇ ਬੀਬੀ ਕੇਸਰ ਕੌਰ ਜੀ ਦੀ ਪੱੜਰਿਓ ਨੂੰਹ ਸੀ।

ਮਾਤਾ ਸਾਹਿਬ ਕੌਰ ਨੇ ਕੂਕਾ ਲਹਿਰ ਦੀਆਂ ਕੁਰਬਾਨੀਆਂ ਦੀਆ ਕਹਾਂਣੀਆਂ ਸੁਣਾ ਸੁਣਾ ਬਾਬਾ ਜੰਗ ਸਿੰਘ ਜੀ ਕੂਕਾ ਲਹਿਰ ਨਾਲ ਮੁੜ ਜੋੜ ਦਿੱਤਾ ਸੀ। ਸ੍ਰ: ਬਿਸ਼ਨ ਸਿੰਘ ਕੂਕਾ ਲਹਿਰ ਦਾ ਨਿਸ਼ਕਾਮ ਸੇਵਾਦਾਰ ਸੀ। ਕਦੀ-ਕਦੀ ਹਫਤੇ ਘਰ ਨਹੀਂ ਸੀ ਆਉਂਦਾ। ਹਾੜੀ ਸਾਉਣੀ ਆਪਣੇ ਗੁਜ਼ਾਰੇ ਜੋਗੀ ਕਰ ਲੈਂਦੇ ਸਨ। ਭਾਵ ਪੂਰੀ ਬੁਧੀਜੀਵੀਏ ਸਨ।

ਬਾਬਾ ਜੰਗ ਸਿੰਘ ਜੀ ਸਾਹਿਬ ਕੂਕਾ ਰਾਜਨੀਤੀ ਦੀ ਇਨਕਲਾਬੀ ਲਹਿਰ ਵਿਚ ਵਿਸ਼ਵਾਸ ਰੱਖਦੇ ਸਨ। ਕਾਂਗਰਸ ਲਹਿਰ ਦੇ ਲੀਡਰਾਂ ਦਾ ਕੋਈ ਬਹੁਤਾ ਲੋਕ ਪੱਖੀ ਰੋਲ ਨਹੀਂ ਸੀ। ਕਾਂਗਰਸ ਲਹਿਰ ਨੂੰ ਲੀਡਰਸ਼ਿਪ ਆਪਣੇ ਹਿੱਤਾਂ ਵਾਸਤੇ ਬਲੈਕਮੇਲ ਕਰ ਜਾਂਦੇ ਸਨ। ਸਾਰੀਆਂ ਹੀ ਲਹਿਰਾਂ ਨੂੰ ਸਰਮਾਏਦਾਰੀ ਲੀਡਰਾਂ ਨੇ ਬਲੈਕਮੇਲ ਕੀਤਾ ਵੀ ਹੈ। ਇਹਨਾਂ ਦਾ ਕੋਈ ਬਹੁਤਾ ਲੋਕ ਪੱਖੀ ਰੋਲ ਨਹੀਂ ਸੀ। ਸਰਮਾਏਦਾਰ ਲੀਡਰ ਨਿੱਜੀ ਮਾਲਕੀ ਨੂੰ ਮੁੱਖ ਰੱਖਕੇ ਕੰਮ ਕਰਦੇ ਸਨ। ਬਾਬਾ ਜੀ ਨਿੱਜੀ ਮਾਲਕੀ ਦੇ ਦੋਗਲੀ ਪਾਲਿਸੀ ਦੇ ਭਾਵ ਸਰਮਾਏਦਾਰੀ ਨਿਜ਼ਾਮ ਦੇ ਕੱਟੜ ਵਿਰੋਧੀ ਸਨ। ਗੁਰੂਆਂ ਦੀ ਚਲਾਈ ਹੋਈ ਮਨੁੱਖੀ ਲਹਿਰ ਨੂੰ ਬਰਾਬਰਤਾ ਦੀ ਲਹਿਰ ਸਮਝਦੇ ਸਨ। ਰਾਤ ਦਿਨ ਇਕ ਕਰਕੇ ਕੂਕਾ ਲਹਿਰ ਨੂੰ ਆਪਣੇ ਪੈਰਾਂ ਤੇ ਖੜੀ ਕਰਨਾ ਚਾਹੁੰਦੇ ਸਨ।

ਬਾਬਾ ਜੰਗ ਸਿੰਘ ਜੀ ਮਾਤਾ ਸਾਹਿਬ ਕੌਰ ਜੀ ਦਾ ਬਹੁਤ-ਬਹੁਤ ਧੰਨਵਾਦ ਕਰਦੇ ਰਹਿੰਦੇ ਸਨ। ਜਿਹਨਾਂ ਨੇ ਬਚਪਨ ਦੀਆਂ ਲੋਰੀਆਂ ਦੇਣ ਸਮੇਂ ਗੁਰੂਆਂ ਦੀ ਸਾਂਝੀਵਾਲਤਾ ਚਲਾਈ ਹੋਈ ਲਹਿਰ ਬਾਰੇ ਮਨੁੱਖੀ ਬਰਾਬਰਤਾ ਵਾਸਤੇ ਲਗਨ ਪੂਰਵਕ ਕੀਤੀ ਸੀ। ਨਾਮ ਸਿਮਰਣ ਕਰਨ ਸਮੇਂ ਵੀ ਬਿਰਤੀ ਨੂੰ ਟਿਕਾ ਕੇ ਰੱਖਣਾ ਦੱਸਿਆ ਸੀ। ਆਪ ਵੀ ਸਿਮਰਨ ਕਰਦੇ ਹੋਏ ਬਾਬਾ ਜੀ ਨੂੰ ਆਪਣੇ ਗੋਡੇ ਮੁੱਢ ਬਿਠਾ ਕੇ ਰੱਖਦੇ ਸਨ। ਸੋਲਾਂ ਸਾਲ ਦੀ ਉਮਰ ਤੱਕ ਨਾਮ ਸਿਮਰਨ ਦਾ ਉਪਦੇਸ਼ ਦਿੰਦੇ ਰਹੇ ਸਨ।

ਜਦੋਂ ਬਾਬਾ ਜੀ ਨੌਜੁਆਨ ਉਮਰ ਵਿਚ ਵਧ ਰਹੇ ਸਨ। ਆਪਣੇ ਜੀਵਨ ਦੇ ਭਵਿੱਖ ਦਾ ਮਾਰਗ ਚੁਣ ਲਿਆ ਗਿਆ ਸੀ। ਆਪਣੇ ਜਨਮ ਪਿੰਡ ਕੋਟ ਧਰਮੂ ਨੂੰ ਹੀ ਮੰਨਦੇ ਹਨ। ਸ੍ਰੀ ਭੈਣੀ ਸਾਹਿਬ ਨੂ ਨਹੀਂ। ਉਂਝ ਤਾਂ ਮਾਤਾ ਫਤਹਿ ਕੌਰ ਤੇ ਮਾਤਾ ਜੀਵਨ ਕੌਰ ਤੋਂ ਬਹੁਤ ਮਮਤਾ ਦਾ ਪਿਆਰ ਮਿਲਿਆ ਹੋਇਆ ਸੀ। ਦੋਵਾਂ ਮਾਤਾਵਾਂ ਦਾ ਸਤਿਕਾਰ ਵੀ ਪੂਰਾ ਕਰਦੇ ਸਨ। ਬਾਬਾ ਪ੍ਰਤਾਪ ਸਿੰਘ ਜੀ ਸਾਹਿਬ ਦਾ ਗੁਰੂਆਂ ਵਾਂਗੂੰ ਹੁਕਮ ਮੰਨਦੇ ਸਨ। ਬਾਬਾ ਨਿਹਾਲ ਸਿੰਘ ਜੀ

Sri Satguru Jagjit Singh Ji Elibrary NamdhariElibrary@gmail.com

ਸਾਹਿਬ ਨਾਲ ਅਤੇ ਸ: ਗੁਰਦਿਆਲ ਸਿੰਘ ਜੀ ਨਾਲ ਬਹੁਤ ਪਿਆਰ ਕਰਦੇ ਸਨ। ਲਾਹੌਰ ਮੀਟਿੰਗਾਂ ਵਿਚ ਜੋ ਡਿਊਟੀ ਲੱਗਦੀ ਸੀ। ਉਸ ਨੂੰ ਪੂਰਾ ਕਰਨ ਲਈ ਆਪ ਆਪਣਾ ਮੁੱਖ ਫਰਜ਼ ਸਮਝਦੇ ਸਨ ਅਤੇ ਆਮ ਮਾਲਵੇ ਦੇ ਲੋਕਾਂ ਨਾਲ ਵੀ ਬਹੁਤ ਪਿਆਰ ਸੀ।

ਸ: ਗੁਰਦਿਆਲ ਸਿੰਘ ਜੀ ਦੀ ਬੇਵਕਤ ਮੌਤ ਹੋਣ ਦੇ ਕਾਰਣ ਬਹੁਤ ਹੀ ਆਤਮਾ ਨੂੰ ਧੱਕਾ ਲੱਗ ਗਿਆ ਸੀ। ਅਜ਼ਾਦੀ ਸੰਗਰਾਮ ਵਿਚ ਧਿਆਨ 1930 ਈ: ਤੱਕ ਜੁੜਿਆ ਰਿਹਾ ਸੀ। ਹੌਲੀ-ਹੌਲੀ ਰਾਜਸੀ ਲੀਡਰਾਂ ਦੀਆਂ ਗ਼ਲਤੀਆਂ ਕਰਨ ਤੋਂ ਮਗਰ-ਮਗਰ ਹਟਦੇ ਹਟ ਗਏ ਸਨ। ਜਿਵੇਂ ਸ: ਗੁਰਦਿਆਲ ਸਿੰਘ ਜੀ ਦੇ ਅਕਾਲ ਚਲਾਣੇ ਤੋਂ ਬਾਦ ਹੀ ਕੂਕਾ ਲਹਿਰ ਬੁੱਢੀ ਹੁੰਦੀ ਜਾ ਰਹੀ ਹੋਵੇ। ਕੂਕਾ ਲਹਿਰ ਦੀਆਂ ਸਰਗਰਮੀਆਂ ਇਕ-ਇਕ ਕਰਕੇ ਖਿੱਲਰਦੀਆਂ ਦਿਸਦੀਆਂ ਸਨ।

ਸਰਮਾਏਦਾਰੀ ਲੀਡਰਾਂ ਵਿਚ ਖ਼ੁਦਗਰਜ਼ੀ ਵਧ ਰਹੀ ਸੀ। ਬਾਬਾ ਜੰਗ ਸਿੰਘ ਜੀ ਸਾਹਿਬ ਆਪਣੀ ਮਿੱਜੀ ਦੇਸ਼ ਭਗਤੀ ਦਾ ਰੰਗ ਫਿੱਕਾ ਨਹੀਂ ਸੀ ਹੋਣ ਦੇਣਾ ਚਾਹੁੰਦੇ। ਬਾਬਾ ਜੰਗ ਸਿੰਘ ਜੀ ਪੂਰੇ ਗੁਰਸਿੱਖ ਸਨ। ਗੁਰੂ ਨਾਨਕ ਸਾਹਿਬ ਜੀ ਦੀ ਸਾਂਝੀਵਾਲਤਾ ਦੇ ਨਿਸ਼ਕਾਮ ਸੇਵਨ ਕਰਨ ਵਾਲੇ ਦੇਸ਼ ਭਗਤ ਸਨ। ਈਰਖਾ ਤੋਂ ਬਹੁਤ ਦੂਰ ਰਹਿਣਾ ਚਾਹੁੰਦੇ ਸਨ। ਕਾਂਗਰਸੀ ਮੁਖੀ ਲੀਡਰਾਂ ਵਿਚ ਈਰਖਾ ਆ ਚੁੱਕੀ ਸੀ।

ਅਜ਼ਾਦੀ ਸੰਗਰਾਮ ਲੜ ਰਹੀਆਂ ਸਾਰੀਆਂ ਹੀ ਲੋਕ ਲਹਿਰਾਂ ਨੇ ਅਤੇ ਕਾਂਗਰਸ ਲਹਿਰ ਨੇ 1933 ਈ: ਵਿਚ ਬਾਬੂ ਸੁਭਾਸ਼ ਚੰਦਰ ਬੋਸ ਜੀ ਨੂੰ ਸਰਬ ਸੰਮਤੀ ਨਾਲ ਆਲ ਇੰਡੀਆ ਪੱਧਰ ਦਾ ਪ੍ਰਧਾਨ ਚੁਣ ਲਿਆ ਸੀ। ਮਹਾਤਮਾ ਗਾਂਧੀ ਜੀ ਨੇ ਸੁਭਾਸ਼ ਚੰਦਰ ਬੋਸ ਜੀ ਨੂੰ ਦਿੱਤੀ ਪ੍ਰਧਾਨਗੀ ਤੋਂ ਰੁਸ ਕੇ ਮਰਨ ਵਰਤ ਰੱਖ ਲਿਆ ਸੀ। ਆਖਿਆ ਤੁਸੀਂ ਹਿੰਦੁਸਤਾਨ ਦਾ ਪ੍ਰਧਾਨ ਗ਼ਲਤ ਚੁਣਿਆ ਹੈ। ਉਸ ਨੇ ਖੂਨੀ ਇਨਕਲਾਬ ਦੇ ਮਨਸੂਬੇ ਕਾਇਮ ਕਰੇਗਾ। ਮੈਂ ਇਸ ਖ਼ੂਨੀ ਇਨ-ਕਲਾਬ ਤੋਂ ਪਹਿਲਾਂ ਹੀ ਮਰਨਾ ਚਹੁੰਦਾ ਹਾਂ। ਮੇਰੀ ਇੱਜ਼ਤ ਨਹੀਂ ਰਹੀ। ਇਸ ਤਰ੍ਹਾਂ ਅਜ਼ਾਦੀ ਬਿਲਕੁਲ ਨਹੀਂ ਆਵੇਗੀ। ਤੁਸੀਂ ਬਾਬੂ ਜੀ ਨੂੰ ਪ੍ਰਧਾਨ ਬਣਾ ਕੇ ਆ ਰਹੀ ਅਜ਼ਾਦੀ ਨੂੰ ਪਿਛਾਂਹ ਨੂੰ ਧੱਕ ਰਹੇ ਹੋ।

ਮਹਾਤਮਾ ਗਾਂਧੀ ਜੀ ਦੇ ਸਰਮਾਏਦਾਰ ਲੀਡਰ ਗਰੁੱਪਾਂ ਨੇ ਬਾਬੂ ਜੀ ਨੂੰ ਆਖਦਿਆਂ ਡਿਪਲੋ-ਮੇਸੀ ਦੇ ਘੇਰੇ ਵਿਚ ਲੈਂਦਿਆਂ, ਮਹਾਤਮਾ ਦੀ ਆਤਮ ਹੱਤਿਆ ਨੂੰ ਬਚਾਉਣ ਵਾਸਤੇ, ਲਿਲੜੀਆਂ ਲੈਂਦਿਆਂ ਰਜ਼ਾਮੰਦ ਕਰ ਲਿਆ ਸੀ।

ਬਾਬੂ ਜੀ ਸੁਭਾਸ਼ ਚੰਦਰ ਬੋਸ ਸਰਮਾਏਦਾਰੀ ਦੀ ਚਾਲ ਨੂੰ ਨਾ ਸਮਝ ਸਕੇ। ਉਹਨਾਂ ਦੀ ਕਠਪੁਤਲੀ ਬਣ ਗਈ ਸੀ। ਬਾਬੂ ਸੁਭਾਸ਼ ਚੰਦਰ ਬੋਸ ਜੀ ਮਹਾਨ ਗ਼ਲਤੀ ਕਰ ਬੈਠਾ ਸੀ। ਆਪਣੇ ਪ੍ਰਧਾਨਗੀ ਪਦ ਦਾ ਤਿਆਗ ਬਗੈਰ ਸਮਝਿਆਂ ਸੋਚਿਆਂ ਲਿਖਤੀ ਰੂਪ ਵਿਚ ਦੇ ਦਿੱਤਾ ਸੀ। ਆਖਿਆ ਮਹਾਤਮਾ ਗਾਂਧੀ ਜੀ ਆਪ ਮਰਨ ਵਰਤ ਛੱਡ ਦਿਓ। ਮੈਂ ਪ੍ਰਧਾਨਗੀ ਪਦ ਆਪਣੇ ਹਵਾਲੇ ਕਰਦਾ ਹਾਂ। ਤੁਸੀਂ ਰੁਸ ਕੇ ਆਪਣੀ ਆਤਮਹੱਤਿਆ ਨਾ ਕਰੋ। ਅਜੇ ਤਾਂ ਭਾਰਤ ਵਿਚ ਅਜ਼ਾਦੀ ਆਉਣ ਵਾਲੀ ਹੈ। ਆਪ ਪੂਰਨ ਅਜ਼ਾਦੀ ਦੀ ਮੰਗ ਕਰੋ। ਆਪ ਸਰਕਾਰ ਨਾਲ ਘਰੇਲੂ ਅਜ਼ਾਦੀ ਨਾਲ ਸਾਡੇ ਦੇਸ਼ ਵਾਸੀਆਂ ਨੂੰ ਬਰਾਬਰਤਾ ਨਹੀਂ ਮਿਲਣੀ। ਭਾਰਤ ਦਾ ਭਵਿੱਖ ਮੈਂ ਹੁਣ ਆਪ ਦੇ ਹਵਾਲੇ ਕਰਦਾ ਹਾਂ।

ਬਾਬੂ ਸੁਭਾਸ਼ ਚੰਦਰ ਜੀ ਬੋਸ ਨੇ ਆਪ ਹੁਦਰਾਂ ਕਰਕੇ ਮਹਾਨ ਗ਼ਲਤੀ ਕਰ ਬੈਠੇ ਸੀ। ਗਾਂਧੀ ਜੀ ਨੂੰ ਪ੍ਰਧਾਨਗੀ ਦੇਣੀ ਸਰਮਾਏਦਾਰਾਂ ਦੇ ਰਜਵਾੜਿਆਂ ਦੇ ਹੱਕ ਵਿਚ ਭੁਗਤ ਗਈ ਸੀ। ਗਰੀਬ ਲੋਕਾਂ ਦਾ ਭਵਿੱਖ ਜਾਗਦਾ-ਜਾਗਦਾ ਸੌਂ ਗਿਆ ਸੀ। ਮਹਾਤਮਾ ਗਾਂਧੀ ਜੀ ਨੇ ਧੜਾਧੜ ਗੱਦੀਆਂ ਸਾਂਭਣ ਵਾਸਤੇ ਕਾਂਗਰਸ ਦੀ ਕੌਮੀ ਕੌਂਸਲ ਸਰਮਾਏਦਾਰਾਂ ਦੀ ਚੁਣ ਲਈ ਸੀ। ਗਰੀਬ ਲੋਕਾਂ ਨੂੰ ਮੁੜ ਗਰੀਬੀ ਵੱਲ ਧਕੇਲ ਦਿੱਤਾ ਗਿਆ ਸੀ। ਮਹਾਤਮਾ ਗਾਂਧੀ ਹਰ ਮੋੜ ਤੇ ਅੰਗਰੇਜ਼ ਨਾਲ ਸਮਝੌਤਾ ਕਰਕੇ ਸਰਮਾਏਦਾਰਾਂ ਨੂੰ ਰਾਜ ਗੱਦੀਆਂ ਤੇ ਬਿਠਾਉਣ ਲਈ ਕਾਹਲ ਵਿਚ ਸੀ। ਸਰਮਾਏਦਾਰਾਂ ਨੇ ਕਾਂਗਰਸ ਤੇ ਆਪਣੀ ਜਕੜ ਕਾਇਮ ਕਰ ਲਈ ਸੀ।

ਜੇਕਰ ਸ੍ਰ: ਗੁਰਦਿਆਲ ਸਿੰਘ ਜੀ ਮੌਜੂਦ ਹੁੰਦੇ ਤਾਂ ਬਾਬੂ ਸੁਭਾਸ਼ ਚੰਦਰ ਬੋਸ ਨੂੰ ਪ੍ਰਧਾਨ ਬਨਾਉਣ ਦੀ ਥਾਂ ਸ੍ਰ: ਗੁਰਦਿਆਲ ਸਿੰਘ ਜੀ ਨੂੰ ਪ੍ਰਧਾਨ ਬਣਾਇਆ ਜਾਣਾ ਸੀ। ਕਿਉਂਕਿ ਕੂਕਾ ਲਹਿਰ ਦੀਆਂ ਬਹੁਤ ਜ਼ਿਆਦਾ ਕੁਰਬਾਨੀਆਂ ਸਨ। ਅਤੇ ਕੂਕਾ ਲਹਿਰ ਸਾਂਝੀਵਾਲਤਾ ਦੀ ਪ੍ਰਤੀਕ ਸੀ। ਲਹਿਰ ਦੇ ਆਗੂਆਂ ਨੂੰ ਪ੍ਰਧਾਨ ਬਣਾਉਣ ਵਾਸਤੇ ਸਾਰੀਆਂ ਲੋਕ ਲਹਿਰਾਂ ਨੇ ਪੰਜਾਬ ਦੀ ਕੂਕਾ ਲਹਿਰ ਦੀਆਂ ਵੱਧ ਕੁਰਬਾਨੀਆਂ ਦਾ ਇਤਿਹਾਸ ਵਾਰੀ-ਵਾਰੀ ਬੋਲਦਿਆਂ ਨੇ ਅੱਗੇ ਲਿਆਂਦਾ ਸੀ। ਪ੍ਰਧਾਨਗੀ ਦੇਣ ਦਾ ਨਾਂ ਕੂਕਾ ਲਹਿਰ ਦਾ ਤਜਵੀਜ਼ ਕਰ ਲਿਆ ਗਿਆ ਸੀ। ਵਾਰੀ-ਵਾਰੀ ਬੋਲਣ ਵਾਲੇ ਬੁਲਾਰਿਆਂ ਨੇ ਕੂਕਾ ਲਹਿਰ ਦੇ ਨੁਮਾਇੰਦਿਆਂ ਨੂੰ ਪ੍ਰਧਾਨ ਬਨਾਉਣ ਦੇ ਵਿਚਾਰ ਪੇਸ਼ ਕੀਤੇ ਗਏ ਸੀ।

ਇਸ ਕਰਕੇ ਬਾਬਾ ਜੰਗ ਸਿੰਘ ਜੀ ਸਾਹਿਬ ਕਿਸੇ ਲੀਡਰ ਉਪਰ ਟੀਕਾ ਟਿੱਪਣੀ ਕਾਰਣ ਵਾਸਤੇ ਤਿਆਰ ਨਹੀਂ ਸਨ। ਬਾਬਾ ਜੀ ਇਸ ਕਰਕੇ ਰਾਜਨੀਤੀ ਤੋਂ ਹੌਲੀ-ਹੌਲੀ ਮਗਰ ਹਟ ਗਏ ਸੀ। ਮਨੁੱਖੀ। ਬਰਾਬਰਤਾ ਦਾ ਪ੍ਰਚਾਰ ਲਗਾਤਾਰ ਕਰ ਰਹੇ ਸੀ ਕਿਉਂਕਿ ਬਾਬਾ ਨਿਹਾਲ ਸਿੰਘ ਜੀ ਸਾਹਿਬ ਦੀ 1942 ਈ: ਦੀਆਂ ਆਮ ਚੋਣਾਂ ਸਮੇਂ ਟਿਕਟ ਵੇਲੇ ਸਰਮਾਏਦਾਰ ਗੁੱਟ ਨੇ ਬਹੁਤ ਵਿਰੋਧਤਾ ਕੀਤੀ ਸੀ। ਮਾਸਟਰ ਤਾਰਾ ਸਿੰਘ ਜੀ ਨੂੰ ਵੀ ਸਰਮਾਏਦਾਰਾਂ ਨੇ ਖਰੀਦ ਕੇ ਟਿਕਟ ਦਿੱਤੀ ਸੀ। ਬਹੁਤ ਵੱਡੇ ਸਰਮਾਏਦਾਰ ਸ੍ਰ: ਬਲਦੇਵ ਸਿੰਘ ਨੂੰ ਟਿਕਟ ਦੇਣ ਸਮੇਂ ਸਮਰਥਣ ਕੀਤਾ ਸੀ। ਮਨੁੱਖੀ ਬਰਾਬਰਤਾ ਦੀ ਲੜਾਈ ਲੜਨ ਵਾਲਿਆਂ ਨੂੰ 1942 ਈ: ਦੇ ਇਲੈਕਸ਼ਨ ਵਿਚ ਟਿਕਟ ਨਹੀਂ ਸੀ ਦਿੱਤਾ। ਇਹ ਸਾਰੀ ਪਾਲਿਸੀ ਮਹਾਤਮਾ ਗਾਂਧੀ ਜੀ ਨੇ ਕਾਂਗਰਸ ਦੀ ਕੌਮੀ ਕੌਂਸਲ ਵਿਚ ਸਮਝੀ ਸੋਚੀ ਪਾਲਿਸੀ ਸੀ। ਆਪਣੀ ਤਾਕਤ ਇਕੱਠੀ ਕਰਕੇ ਅੰਗਰੇਜ਼. ਸਰਕਾਰ ਨਾਲ ਸੰਧੀਆਂ ਕਰ ਲਈਆਂ ਸਨ। ਇਹ ਵੀ ਗਾਂਧੀ ਜੀ ਨੇ 1934 ਈ: ਵਿਚ ਪਾਲਿਸੀ ਤਿਆਰ ਕਰਕੇ ਸਰਮਾਏਦਾਰ ਕੌਮੀ ਕੌਂਸਲ ਤੋਂ ਮਨਜ਼ੂਰੀ ਲੈ ਗਈ ਸੀ। ਤਲਗਾਨਾ, (ਆਂਧਰਾ ਪ੍ਰਦੇਸ਼) ਵਿਚ 1939 ਈ: ਦੇ ਲਗਭਗ ਰਿਆਸਤ ਨਿਜ਼ਾਮ ਹੈਦਰਾਬਾਦ ਰਾਜਨੀਤੀ ਘੋਲ ਮੁਜ਼ਾਰੇ, ਕਿਸਾਨ, ਮਜ਼ਦੂਰ ਲੜ ਰਹੇ ਸਨ। ਪਚਵੰਜਾ ਹਜ਼ਾਰ (55000) ਫੌਜ ਭੇਜ ਕੇ ਚਾਰ ਹਜ਼ਾਰ (4000) ਕੌਮਨਿਸਟਾਂ ਨੂੰ ਸ਼ਹੀਦ ਕਰ ਦਿੱਤਾ ਗਿਆ ਸੀ। ਸਰਮਾਏਦਾਰੀ ਕਾਂਗਰਸ ਨਵੀਂ ਸਰਕਾਰ ਦਾ ਗੱਦੀਆਂ ਤੇ ਬੈਠਣ ਸਮੇਂ ਚਾਰ ਹਜ਼ਾਰ (4000) ਮੌਤਾਂ ਦੇ ਇਨਾਮ ਵੰਡੇ ਸਨ। ਜਿਉਂ'ਦੀ ਮਨੁੱਖਤਾ ਤਲਾਗਾਨਾ ਦੇ ਜ਼ੁਲਮ ਤੋਂ ਸਹਿਮ ਗਈ ਸੀ। ਅੱਗੇ ਰਬੱਦਦ ਦਾ ਮੁਹਾਂਦਰਾ ਵਧਦਾ ਗਿਆ। ਇਹ ਕੌਮਨਿਸਟ ਦੇਸ਼ ਭਗਤਾਂ ਨੂੰ ਪਿਆਰ ਦਿੱਤਾ ਸੀ। ਕੀ ਇਸ ਨੂੰ ਅਜ਼ਾਦੀ ਆਖੀ ਜਾਵੇ?

Sri Satguru Jagjit Singh Ji Elibrary NamdhariElibrary@gmail.com

ਬਾਬਾ ਜੰਗ ਸਿੰਘ ਜੀ ਸਾਹਿਬ ਦਾ ਆਪਣੇ ਗਰੀਬ ਸਾਥੀਆਂ ਨੂੰ ਬਹੁਤ ਪਿਆਰ ਕਰਦੇ ਸਨ। ਆਪਣੀ ਸਲਾਹ ਦੇਣ ਦਾ ਪੂਰਾ ਮੌਕਾ ਦੇਂਦੇ ਸਨ। ਕੂਕਾ ਲਹਿਰ ਦੇ ਹੁਕਮ ਨੂੰ ਗੁਰੂਆਂ ਦਾ ਹੁਕਮ ਮੰਨਦੇ ਸਨ। ਅਜ਼ਾਦੀ ਸੰਗਰਾਮ ਵਿਚ ਵੀ ਹੁਕਮ ਮੰਨ ਕੇ ਕੁੱਦੇ ਸਨ।

ਜਿੰਨਾ ਚਿਰ ਜਿਊਂਦੇ ਰਹੇ, ਉੱਨਾ ਚਿਰ ਕੂਕਾ ਲਹਿਰ ਮਨੁੱਖੀ ਬਰਾਬਰਤਾ ਦਾ ਪ੍ਰਚਾਰ ਕਰਦੇ ਰਹੇ ਸਨ। ਬਾਬਾ ਜੀ ਆਪਣੀ ਜ਼ਿੰਦਗੀ ਦਾ ਸਫਰ 1965 ਈ: ਪੂਰਾ ਕਰਦੇ ਹੋਏ ਕੋਟ ਧਰਮੂ ਗੁਰਦੁਆਰਾ ਸਥਾਨ ਤੇ ਆਪਣੀ ਪੰਜ ਭੂਤਕ ਆਤਮਾ ਉਡਾਰੀ ਮਾਰ ਗਈ। ਸਿਰਫ ਪਿੰਜਰ ਹੀ ਬਾਕੀ ਰਿਹਾ। ਬਹੁਤ ਪਿਆਰੇ ਸਾਥੀਆਂ ਨੇ ਕੋਟ ਧਰਮੂ ਪਿੰਡ ਦੇ ਲਹਿੰਦੇ ਪਾਸੇ ਸਸਕਾਰ ਕਰ ਦਿੱਤਾ ਗਿਆ। ਅੱਜ ਸੂ: ਗੁਰਦਿਆਲ ਸਿੰਘ ਜੀ, ਸੂ: ਮੇਲਾ ਸਿੰਘ ਜੀ, ਸੂ: ਮੇਵਾ ਸਿੰਘ ਜੀ, ਸੂ: ਮਿਠਾ ਸਿੰਘ ਜੀ ਉਹਨਾਂ ਦੀ ਯਾਦ ਵਿਚ ਮਨੁੱਖੀ ਸਾਂਝੀਵਾਲਤਾ ਦੇ ਚਲਾਏ ਹੋਏ ਲੰਗਰ ਦੀ ਆਪਣੇ ਸਾਥੀਆਂ ਸਮੇਤ ਨਿਸ਼ਕਾਮ ਸੇਵਾ ਕਰਦੇ ਦੇਖੇ ਜਾ ਸਕਦੇ ਹਨ।

Sri Satguru Jagjit Singh Ji Elibrary NamdhariElibrary@gmail.com



ਲੇਖਕ : ਗੁਰਦਾਸ ਸਿੰਘ 'ਘਾਰੂ'

ਧਰਮ ਮਨੁੱਖ ਨੂੰ—ਮਨੁੱਖੀ ਬਰਾਬਰਤਾ ਸਿਖਾਉਂਦਾ ਹੈ ।

ਗੁਰੂ ਨਾਨਕ ਸਾਹਿਬ ! ਮਨੁੱਖੀ ਬਰਾਬਰਤਾ ਦਾ ਉਪਦੇਸ਼ ਫਰਮਾਉਂਦੇ ਹਨ ।

ਇਕ ਨੂਰ ਤੇ ਸਭ ਜਗੁ ਉਪਜਿਆ
ਕੌਣ ਭਲੇ ਕੌਣ ਮੰਦੇ ।

✠ ✠ ✠

(ਅੱਗੇ ਹੋਰ ਫਰਮਾਉਂਦੇ ਹਨ)

ਏਕੁ ਪਿਤਾ—ਏਕਸ ਕੇ ਹਮ ਬਾਰਿਕ—ਸੋਚਿਆ ਜਾਏ ਤਾਂ ਸਮੁੱਚੀ ਪੰਜਾਬੀ ਕੌਮ ਨੇ 1849 ਈਸਵੀ ਤਕ ਹਿੰਦੂ, ਮੁਸਲਮਾਨ, ਸਿਖ, ਈਸਾਈਆਂ ਉਪਰੋਕਤ ਤੁਕਾਂ ਉਤੇ ਅਮਲ ਕਰਦੇ ਰਹੇ ।

Sri Satguru Jagjit Singh Ji Elibrary NamdhariElibrary@gmail.com